ਰਾਮ :	ਇਹ ਕਿਹੜਾ ਪੰਛੀ ਹੈ ?	Which one is this bird ?
	ए केड़ा पंछी है ?	
	ਤੇ ਉਹ ਕਿਹੜਾ ਪੰਛੀ ਹੈ ?	And which one is that bird ?
	ते ओ केड़ा पंछी हैं ?	

ਅਧਿਆਪਕ :	ਇਹ ਕਾਂ ਹੈ । ਉਹ ਤੋਤਾ ए कां है । ओ तोता है। ਇਹ ਚਿੜੀ ਹੈ। ਉਹ है । ए चिड़ी है । ओ ਕੋਇਲ ਹੈ । कोइल है ।	This is a crow and that is a parrot. This is a sparrow and that is a cukoo.
	ਕੀ ਇਹ ਘੋੜਾ ਹੈ ? की ए घोड़ा है ?	Is it a horse ?
ਰਾਮ :	ਹਾਂ ਜੀ, ਇਹ ਘੋੜਾ ਹੈ। हाँ जी, ए घोड़ा है ।	Yes, it is a horse.
ਅਧਿਆਪਕ :	ਕੀ ਇਹ ਗਾਂ ਹੈ ? की ए गां है ?	Is it a cow ?
ਸ਼ਾਮ :	ਨਹੀਂ ਜੀ ਇਹ ਗਾਂ ਨਹੀਂ, नहीं जी ए गां नहीं, ਇਹ ਮੱਝ ਹੈ। ए मझ है ।	No, it is not a cow. It is a buffalow.
ਅਧਿਆਪਕ :	ਕੀ ਇਹ ਕੁੱਤਾ ਹੈ ? की ए कुत्ता है ?	Is it a dog ?
ਰਾਮ :	ਨਹੀਂ ਜੀ, ਇਹ ਕੁੱਤਾ ਨਹੀਂ नहीं जी ए कुत्ता नहीं ਇਹ ਕੁੱਤੀ ਹੈ। ए कुत्ती है ।	No it is not a dog. It is a bitch.
ਅਧਿਆਪਕ :	ਕੀ ਇਹ ਗੱਧਾ ਹੈ ? की ए गधा है ?	Is it a donkey ?
ਸ਼ਾਮ :	ਹਾਂ ਜੀ, ਇਹ ਗਧਾ ਹੈ। हाँ जी, ए गधा है ?	Yes, it is a donkey.
ਅਧਿਆਪਕ :	ਇਹ ਕੌਣ ਹੈ ? ए कोण है ?	Who is he ?
ਸ਼ਾਮ :	ਇਹ ਤਰਖਾਣ ਹੈ। ए तरखाण है । ਉਹ ਕੌਣ ਹੈ ? ओ कौण है ?	He is a carpenter. Who is he ?

ਅਧਿਆਪਕ : ਉਹ ਦਰਜੀ ਹੈ । He is a tailor.
ओ दर्जी है ।
ਕੀ ਇਹ ਮਜ਼ਦੂਰ ਹੈ ? Is he a labourer ?
की ए मज़दूर है ।

ਰਾਮ : ਹਾਂ ਜੀ, ਇਹ ਮਜ਼ਦੂਰ ਹੈ। Yes, he is a labourer.
हाँ जी, ए मजदूर है ।

ਅਧਿਆਪਕ : ਇਹ ਕੌਣ ਹਨ ? Who are they ?
ए कोण हन ?

ਰਾਮ : ਇਹ ਬੰਗਾਲੀ ਹਨ । They are Bengalis.
ए बंगाली हन ।

ਅਧਿਆਪਕ : ਮੈਂ ਕੌਣ ਹਾਂ ? Who am I ?
मैं कौण हां ।

ਸ਼ਾਮ : ਤੁਸੀਂ ਪੰਜਾਬੀ ਹੋ । Your are Punjabi.
तुसीं पंजाबी हो ।

ਅਧਿਆਪਕ : ਕੀ ਮੈਂ ਅਧਿਆਪਕ ਹਾਂ ? Am I a teacher ?
की मैं अध्यापक हां ?

ਰਾਮ : ਹਾਂ ਜੀ, ਤੁਸੀਂ ਅਧਿਆਪਕ ਹੋ। Yes, you are a teacher.
हाँ जीं, तुसीं अध्यापक हो ।

ਅਧਿਆਪਕ : ਕੀ ਉਹ ਵਿਦਿਆਰਥੀ ਹਨ ? Are they students ?
की ओ विद्यार्थी हन ।

ਸ਼ਾਮ : ਹਾਂ ਜੀ, ਉਹ ਵਿਦਿਆਰਥੀ ਹਨ । Yes, they are sudents.
हाँ जी, ओ विद्यार्थी हन ।
ਮੈਂ ਪੰਜਾਬੀ ਦੀ ਅਧਿਆਪਕਾ ਹਾਂ । I am a teacher of Punjabi.
मैं पंजाबी दी अध्यापका हां ।

ਅਧਿਆਪਕ : ਇਹ ਪੰਜਾਬੀ ਦੇ ਵਿਦਿਆਰਥੀ ਹਨ । They are students of Punjabi.
ए पंजाबी दे विद्यार्थी हन ।
ਉਹ ਕਸ਼ਮੀਰੀ ਦੀਆਂ ਵਿਦਿਆਰਥਣਾਂ ਹਨ । They are students of Kashmiri.
ओ कश्मीरी दीआं विद्यार्थण हन
ਇਹ ਕੌਣ ਹੈ ? Who is he ?
ए कौण है ?

ਰਾਮ :	ਇਹ ਉਰਦੂ ਦਾ ਵਿਦਿਆਰਥੀ ਹੈ। ए उर्दू दा विद्यार्थी है ।	He is a student of Urdu.
ਅਧਿਆਪਕ :	ਰੁਮਾਲ ਕਿਹੜਾ ਹੈ ਤੇ ਕਮੀਜ਼ ਕਿਹੜੀ ਹੈ ? रुमाल केड़ा है ते कमीज़ केड़ी है ?	Which is a handkerchief and which is a shirt ?
ਰਾਮ :	ਇਹ ਰੁਮਾਲ ਹੈ ਤੇ ਉਹ ਕਮੀਜ਼ ਹੈ। ए रुमाल है ते ओ कमीज़ है।	This is a handkerchief and that is a shirt.
ਅਧਿਆਪਕ :	ਬਾਰੀਆਂ ਕਿਹੜੀਆਂ ਹਨ ਤੇ ਬੂਹੇ ਕਿਹੜੇ ਹਨ ? बारीआं केड़ीआं हन ते बूहे केड़े हन ?	Which are the windows and which are the doors ?
ਸ਼ਾਮ :	ਇਹ ਬਾਰੀਆਂ ਹਨ ਤੇ ਉਹ ਬੂਹੇ ਹਨ। ए बारीआं हन ते ओ बूहे हन ।	These are windows and those are doors.

A. EXERCISES

1. Fill up the blanks with Punjabi equivalents.

(1) ਉਹ.....ਹਨ। (carpenters)
(2) ਇਹ.....ਹੈ। (Shirt)
(3) ਅਸੀਂ.....ਹਾਂ। (farmers)
(4) ਤੂੰ.....ਹੈਂ ? (who)
(5) ਇਹ.....ਹੈ। (tailor)
(6) ਉਹ.....ਹਨ। (sparrows)
(7) ਇਹ .....ਪੰਛੀ ਹੈ ? (which)
(8) ਉਹ..... ਹੈ ? (what)
(9) ਇਹ.....ਹਨ। (handkerchief)
(10) ਉਹ..... ਹੈ। (cukoo)
(11) ਇਹ..... ਹਨ। (baskets)
(12) ਇਹ..... ਹੈ। (watch)
(13) ਉਹ.....ਹਨ। (teachers)
(14) ਇਹ..... ਹੈ। (donkey)
(15) ਇਹ.....ਹੈ। (labourer)
(16) ਮੈਂ.....ਹਾਂ (Punjabi)

2. Fill up the blanks with suitable words.

(1) ਬਾਰੀਆਂ.....ਹਨ ਤੇ ਬੂਹੇ.....ਹਨ ?
(2) ਉਹ.....ਹੈ ?
(3) ਇਹ ਕੌਣ.....?
(4) ਕਮੀਜ਼.....ਹੈ ਤੇ ਰੁਮਾਲ..... ਹੈ ?
(5) .....ਅਧਿਆਪਕ ਹਾਂ।
(6) .....ਵਿਦਿਆਰਥੀ ਹੈਂ ।

(7) .....ਕੌਣ ਹੋ ?
(8) .....ਪੰਜਾਬੀ ਦਾ ਵਿਦਿਆਰਥੀ ਹਾਂ ।
(9) ਇਹ ਉਰਦੂ.....ਵਿਦਿਆਰਥਣ ਹੈ ।
(10) ਉਹ ਪੰਜਾਬੀ.....ਵਿਦਿਆਰਥੀ ਹਨ ।
(11) ਅਸੀਂ ਪੰਜਾਬੀ.....ਅਧਿਆਪਕਾਵਾਂ..... ।
(12) ਨਹੀਂ ਜੀ, ਇਹ ਗਾਂ.....ਇਹ ਮੱਝ..... ।

3. Write answers to the following questions.

(1) ਪੱਖਾ ਕਿਹੜਾ ਹੈ ? ਬਾਰੀ ਕਿਹੜੀ ਹੈ ?
(2) ਕੀ ਮੈਂ ਅਧਿਆਪਕ ਹਾਂ ?
(3) ਕੀ ਇਹ ਘੋੜਾ ਹੈ ?
(4) ਇਹ ਕੌਣ ਹੈ ?
(5) ਇਹ ਕੀ ਹਨ ?
(6) ਉਹ ਕੀ ਹੈ ?
(7) ਉਹ ਕੌਣ ਹਨ ?
(8) ਕੀ ਇਹ ਘੜੀ ਹੈ ?
(9) ਤੁਸੀਂ ਕੌਣ ਹੋ ?
(10) ਤੂੰ ਕੌਣ ਹੈਂ ?

4. Use the following words in your own sentences.

ਤਰਖਾਣ, ਮਜ਼ਦੂਰ, ਘੋੜਾ, ਘੜੀ, ਗੱਧਾ, ਤੋਤਾ, ਕਾਂ, ਕੋਇਲ, ਚਿੜੀ, ਰੁਮਾਲ, ਕਮੀਜ਼, ਬੂਹੇ, ਬਾਰੀਆਂ, ਅਧਿਆਪਕ, ਵਿਦਿਆਰਥੀ

5. Write down the plural forms of the following nouns.

ਪੱਖਾ	ਵਿਦਿਆਰਥਣ	ਰੁੱਖ	ਮਜ਼ਦੂਰ
ਘੋੜਾ	ਮਾਲਣ	ਚਿੜੀ	ਤਰਖਾਣ
ਹੱਥ	ਕਮੀਜ਼	ਘੜੀ	ਅਧਿਆਪਕਾ
ਕਮਰਾ	ਰੁਮਾਲ	ਗੱਧਾ	ਗਾਂ
ਪੰਛੀ	ਅੱਖ	ਮੱਝ	ਕਾਂ

B. VOCABULARY

ਕਮੀਜ਼	'shirt' (f)	ਮੱਝ	'buffalow'(f)
ਘੜੀ	'watch' (f)	ਕੁੱਤਾ	'dog'
ਰੁਮਾਲ	'handkerchief' (m)	ਕੁੱਤੀ	'bitch'
ਕੁੰਜੀ	'key' (f)	ਗੱਧਾ	'donkey'
ਟੋਕਰੀ	'basket' (f)	ਤਰਖਾਣ	'carpenter(s)' (m)
ਪੰਛੀ	'bird' m)	ਮਜ਼ਦੂਰ	'labourer(s)' (m)
ਕਾ	'crow' (m)	ਕਸ਼ਮੀਰੀ	'kashmiri'
ਤੋਤਾ	'parrot' (m)	ਉਰਦੂ	'Urdu'
ਚਿੜੀ	'sparrow' (f)		
ਕੋਇਲ	'cukoo' (f)		

UNIT III **Lesson 8**

What is your name ?

ਰਾਮ : ਤੁਹਾਡਾ ਕੀ ਨਾਂ ਹੈ ? तुआडा की नाँ है ?	What is your name ?
ਰੋਸ਼ਨ : ਮੇਰਾ ਨਾਂ ਰੋਸ਼ਨ ਲਾਲ ਹੈ। मेरा नाँ रोशन लाल है ।	My name is Roshan Lal.
ਰਾਮ : ਉਨ੍ਹਾਂ ਦਾ ਨਾਂ ਕੀ ਹੈ ? ओनाँ दा की नाँ है ?	What is his name ?
ਮੋਹਨ : ਉਨ੍ਹਾਂ ਦਾ ਨਾਂ ਭੂਸ਼ਨ ਲਾਲ ਹੈ। ओनाँ दा नाँ भूषण लाल है ।	His name is Bhushan Lal.
ਰਾਮ : ਉਹਦਾ ਕੀ ਨਾਂ ਹੈ ? ओदा की नां है ?	What is his name ?
ਮੋਹਨ : ਉਹਦਾ ਨਾਂ ਅਹਿਮਦ ਹੈ। ओदा नाँ अहमद है ।	His name is Ahmed.
ਰਾਮ : ਉਹਦਾ ਕੀ ਨਾਂ ਹੈ ? औदा की नाँ हैं ?	What is her name ?
ਮੋਹਨ : ਉਹਦਾ ਨਾਂ ਸਰਲਾ ਹੈ ओदा नाँ सरला है ।	Her name is Sarla.
ਰਾਮ : ਕ੍ਰਿਸ਼ਨ ਲਾਲ ਕਿਸ ਦਾ ਨਾਂ ਹੈ ? कृष्ण लाल किस दा नाँ है ?	Whose name is Krishan Lal ?
ਮੋਹਨ : ਇਨ੍ਹਾਂ ਦਾ ਨਾਂ ਕ੍ਰਿਸ਼ਨ ਲਾਲ ਹੈ। एनां दा नाँ कृष्ण लाल हैं ।	His name is Krishan Lal.
ਰਾਮ : ਮੋਤੀ ਲਾਲ ਕਿਸ ਦਾ ਨਾਂ ਹੈ ? मोती लाल किस दा नाँ है ?	Whose name is Moti Lal ?

ਮੋਹਨ : ਇਹਦਾ ਨਾਂ ਮੋਤੀ ਲਾਲ ਹੈ। एदा नां मोती लाल है ।	His name is Moti Lal.
ਰਾਮ : ਕਿਸ ਦਾ ਨਾਂ ਬਿਮਲਾ ਹੈ ? किस दां नाँ बिमला है ?	Whose name is Bimla ?
ਮੋਹਨ : ਇਨ੍ਹਾਂ ਦਾ ਨਾਂ ਬਿਮਲਾ ਹੈ। एनां दा नां बिमला है ।	Her name is Bimla.
ਰਾਮ : ਇਹ ਕੌਣ ਹੈ ? ए कौण है ?	Who is he ?
ਮੋਹਨ : ਇਹ ਡਾਕੀਆ ਹੈ। ए डाकीआ है ।	He is a postman.
ਰਾਮ : ਉਹ ਕੌਣ ਹੈ ? ओ कौण है ?	Who is he ?
ਮੋਹਨ : ਉਹ ਚੌਕੀਦਾਰ ਹੈ। ओ चौकीदार है ।	He is a night (village) attendant
ਰਾਮ : ਉਹਦਾ ਨਾਂ ਕੀ ਹੈ ? ओदा नां की है ?	What is his name?
ਮੋਹਨ : ਉਹਦਾ ਨਾਂ ਸੰਤਾ ਹੈ। औदा नां संता है ।	His name is Santa.
ਰਾਮ : ਉਹ ਕੌਣ ਹੈ ? ओ कौण है ?	Who is he?
ਮੋਹਨ : ਉਹ ਡਰੈਵਰ ਹੈ । ओ डरैवर है ।	He is a driver.
ਰਾਮ : ਤੁਸੀਂ ਕੌਣ ਹੋ ? ਤੁਹਾਡਾ ਨਾਂ ਕੀ ਹੈ ? तुसीं कौण हो ? तुआडा नां की है ?	Who are you? What is your name?
ਸ਼ਾਮ : ਮੈਂ ਡਾਕ ਕਲਰਕ ਹਾਂ । मैं डाक क्लर्क हां । ਮੇਰਾ ਨਾਂ ਸ਼ਾਮ ਲਾਲ ਹੈ। मेरा नां शाम लाल है ।	I am a despatcher. My name is Sham Lal.
ਰਾਮ : ਖਜਾਨਚੀ ਕੌਣ ਹੈ । ਉਨ੍ਹਾਂ ਦਾ ਕੀ ਨਾਂ ਹੈ। खज़ानची कौण है । ओनां दा की नां है।	Who is the Cashier? What is his name?

ਸ਼ਾਮ ਲਾਲ : ਉਨ੍ਹਾਂ ਦਾ ਨਾਂ ਮਹਿੰਦਰਪਾਲ ਹੈ। His name is Mohinderpal.
ਓਨਾਂ ਦਾ ਨਾਂ ਸਹਿੰਦਰਪਾਲ ਹੈ ।

A. DRILLS

1. Repetition Drill

ਮੇਰਾ ਕੀ ਨਾਂ ਹੈ ? ਇਹਦਾ ਨਾਂ ਕਮਲਾ ਹੈ ।
ਤੇਰਾ ਕੀ ਨਾਂ ਹੈ ? ਇਨ੍ਹਾਂ ਦਾ ਨਾਂ ਭੂਸ਼ਨ ਹੈ ।
ਰਾਮ ਕਿਸ ਦਾ ਨਾਂ ਹੈ ? ਉਨ੍ਹਾਂ ਦਾ ਨਾਂ ਬਿਮਲਾ ਹੈ।
ਤੁਹਾਡਾ ਕੀ ਨਾਂ ਹੈ ? ਮੇਰਾ ਨਾਂ ਸ਼ੀਲਾ ਹੈ ।

2. Substitution Drill

Model 1

ਮੇਰਾ ਨਾਂ ਰੋਸ਼ਨ ਲਾਲ ਹੈ। (ਭੂਸ਼ਨ ਲਾਲ)
ਮੇਰਾ ਨਾਂ ਭੂਸ਼ਨ ਲਾਲ ਹੈ।

(ਗੋਪਾਲ)
(ਰਵੀ)
(ਸਰਲਾ)

Model 2

ਮੇਰਾ ਨਾਂ ਰਾਮ ਲਾਲ ਹੈ। (ਉਨ੍ਹਾਂ ਦਾ)
ਉਨ੍ਹਾਂ ਦਾ ਨਾਂ ਰਾਮ ਲਾਲ ਹੈ।

(ਇਨ੍ਹਾਂ ਦਾ)
(ਤੁਹਾਡਾ)
(ਉਹਦਾ)

3, Response Drill

Model 1

ਤੁਹਾਡਾ ਕੀ ਨਾਂ ਹੈ ? (ਰੋਸ਼ਨ ਲਾਲ)
ਮੇਰਾ ਨਾਂ ਰੋਸ਼ਨ ਲਾਲ ਹੈ।

(1) ਤੁਹਾਡਾ ਕੀ ਨਾਂ ਹੈ ? (ਭੂਸ਼ਨ ਲਾਲ)
(2) ਤੁਹਾਡਾ ਕੀ ਨਾਂ ਹੈ ? (ਸ਼ਾਰਦਾ)
(3) ਤੁਹਾਡਾ ਕੀ ਨਾਂ ਹੈ ? (ਮੋਹਨ)

Model 2

ਮੇਰਾ ਨਾਂ ਕੀ ਹੈ ? (ਸ਼ਰਮਾ)
ਤੁਹਾਡਾ ਨਾਂ ਸ਼ਰਮਾ ਹੈ।

(1) ਮੇਰਾ ਨਾਂ ਕੀ ਹੈ ? (ਰਮਾ)
(2) ਮੇਰਾ ਨਾਂ ਕੀ ਹੈ ? (ਸਤਿੰਦਰ)
(3) ਮੇਰਾ ਨਾਂ ਕੀ ਹੈ ? (ਮਹਿੰਦਰ)

Model 3

ਉਨ੍ਹਾਂ ਦਾ ਨਾਂ ਕੀ ਹੈ ? (ਸੁਰੇਸ਼)
ਉਨ੍ਹਾਂ ਦਾ ਨਾਂ ਸੁਰੇਸ਼ ਹੈ।

(1) ਇਨ੍ਹਾਂ ਦਾ ਕੀ ਨਾਂ ਹੈ ? (ਰਵੀ)
(2) ਉਨ੍ਹਾਂ ਦਾ ਕੀ ਨਾਂ ਹੈ ? (ਸਰਲਾ)
(3) ਇਨ੍ਹਾਂ ਦਾ ਕੀ ਨਾਂ ਹੈ ? (ਬਿਮਲਾ ਜੀ)

4. Transformation Drill

Model 1

ਮੈਂ ਰੌਸ਼ਨ ਲਾਲ ਹਾਂ।
ਮੇਰਾ ਨਾਂ ਰੌਸ਼ਨ ਲਾਲ ਹੈ।

(1) ਮੈਂ ਸਰਲਾ ਹਾਂ।
(2) ਉਹ ਵਿਮਲਾ ਹੈ।
(3) ਉਹ ਗੋਪਾਲ ਹੈ।
(4) ਤੂ ਰੌਸ਼ਨ ਲਾਲ ਹੈਂ।
(5) ਉਹ ਵਿਮਲਾ ਜੀ ਹਨ।
(6) ਤੁਸੀਂ ਭੂਸ਼ਨ ਲਾਲ ਹੋ।
(7) ਇਹ ਸ਼ਰਮਾ ਜੀ ਹਨ।
(8) ਮੈਂ ਗੀਤਾ ਹਾਂ।

B. EXERCISES

1. Change the form of the words given in brackets appropriately and fill up the blanks.

(1) .....ਨਾਂ ਕੀ ਹੈ ? (ਤੁਸੀਂ)
(2) .....ਨਾਂ ਰਵੀ ਹੈ। (ਉਹ)
(3) .....ਨਾਂ ਸਰਲਾ ਹੈ। (ਉਹ)
(4) .....ਨਾਂ ਵਿਮਲਾ ਹੈ। (ਇਹ)
(5) .....ਨਾਂ ਰਮੇਸ਼ ਹੈ। (ਮੈਂ)
(6) .....ਨਾਂ ਸ਼ਰਮਾ ਹੈ। (ਇਹ)
(7) .....ਨਾਂ ਰੌਸ਼ਨ ਲਾਲ ਹੈ। (ਤੂੰ)
(8) .....ਨਾਂ ਭੂਸ਼ਨ ਲਾਲ ਹੈ ? (ਕੌਣ)

2. Write down the answer of the following questions.

(1) ਤੁਹਾਡਾ ਕੀ ਨਾਂ ਹੈ ?
(2) ਉਹਦਾ ਕੀ ਨਾਂ ਹੈ ?
(3) ਉਨ੍ਹਾਂ ਦਾ ਕੀ ਨਾਂ ਹੈ ?
(4) ਮੇਰਾ ਕੀ ਨਾਂ ਹੈ ?
(5) ਇਨ੍ਹਾਂ ਦਾ ਕੀ ਨਾਂ ਹੈ ?
(6) ਡਾਕਟਰ ਸਾਹਿਬ ਦਾ ਕੀ ਨਾਂ ਹੈ ?

3, Make as many sentences as possible using the words given in the table below.

ਤੁਹਾਡਾ		ਰਾਮ	
ਮੇਰਾ		ਕੀ	
ਉਹਦਾ		ਸ਼ੀਲਾ	
ਇਨ੍ਹਾਂ ਦਾ	ਨਾਂ	ਭੂਸ਼ਨ	ਹੈ
ਉਨ੍ਹਾਂ ਦਾ		ਰੌਸ਼ਨ	
ਕਿਸਦਾ		ਮੋਤੀ ਲਾਲ ਜੀ	
ਇਹਦਾ		ਬਿਮਲਾ ਜੀ	

C. VOCABULARY

ਤੁਹਾਡਾ	'your'	ਉਹਦਾ	'his, her' (non-hon.)
ਨਾਂ	'name' (m)	ਇਹਦਾ	'his, her' (non-hon.)
ਮੇਰਾ	'my'	ਤੇਰਾ	'your' (non-hon.)
ਉਨ੍ਹਾਂ ਦਾ	'his, her' (hon. sg.)	ਇਨ੍ਹਾਂ ਦਾ	'his, her' (hon, sg.)
		ਕਿਸ ਦਾ	'whose'
ਡਾਕੀਆ	(postman) (m)	ਚੌਂਕੀਦਾਰ	'a village night attendant' (m)
ਡਰੈਵਰ	'driver' (m)		
ਖਜਾਨਚੀ	'cashier' (m)	ਡਾਕ ਕਲਰਕ	'despatcher' (m)

UNIT III

Lesson 9

Our House

1	ਇਹ ਸਾਡਾ ਪਿੰਡ ਹੈ। ए साडा पिण्ड है ।	This is our village.
2	ਇਹ ਸਾਡਾ ਘਰ ਹੈ। ए साडा घर है ।	This is our house.
3	ਇਹ ਮੇਰਾ ਕਮਰਾ ਹੈ। ए मेरा कमरा हैं ।	This is my room.
4	ਇਹ ਮੇਰੀ ਅਲਮਾਰੀ ਹੈ। ए मेरी अलमारी है ।	This is my almirah.
5	ਇਹ ਸਾਡਾ ਵਿਹੜਾ ਹੈ। ए साडा बेहड़ा हैं ।	This is our compound,
6	ਇਹ ਸਾਡੀ ਰਸੋਈ ਹੈ। ए साडी रसोई है ।	This is our kitchen.
7	ਇਹ ਸਾਡੀ ਛੱਤ ਹੈ। ए साडी छत है ।	This is our roof.
8	ਇਹ ਸਾਡਾ ਗੁਸਲਖਾਨਾ ਹੈ। ए साडा गुसलखाना है ।	This is our bathroom.
9	ਤੁਹਾਡਾ ਮਕਾਨ ਦੁਮੰਜਲਾ ਹੈ। तुआडा मकान दुमंज़िला है ।	Your house is a two storeyed house.
10	ਸਾਡਾ ਮਕਾਨ ਤਿਮੰਜਿਲਾ ਹੈ। साडा मकान तिमंज़िला है ।	Our house is a three storeyed house.
11	ਇਹ ਮੇਰਾ ਸੌਣ ਦਾ ਕਮਰਾ ਹੈ। ए मेरा सौण दा कमरा है ।	This is my bed room.

12 ਇਹ ਤੁਹਾਡਾ ਕਮਰਾ ਹੈ। This is your room.
ए तुआडा कमरा है ।

13 ਇਹ ਤੇਰਾ ਮੰਜਾ ਹੈ। This is your cot.
ए तेरा मन्जा है ।

14 ਇਹ ਤੇਰੀ ਕੁਰਸੀ ਹੈ। This is your chair.
ए तेरी कुर्सी है ।

15 ਇਹ ਤੇਰਾ ਮੇਜ਼ ਹੈ। This is your table.
ए तेरा मेज़ है ।

16 ਉਹ ਸਾਡੀ ਬੈਠਕ ਹੈ। That is our drawing room.
ओ साडी बैठक है ।

17 ਉਹ ਬਾਬਾ ਜੀ ਦਾ ਕਮਰਾ ਹੈ। That is a prayer room.
ओ बाबा जी दा कमरा है ।

18 ਇਹ ਸਾਡਾ ਬਗੀਚਾ ਹੈ। This is our garden.
ए साडा बगीचा है ।

19 ਇਹ ਮੇਰੀ ਪੀਂਘ ਹੈ। This is my swing.
ए मेरी पींघ है ।

20 ਇਹ ਗੁਲਾਬ ਦੇ ਬੂਟੇ ਹਨ। These are plants of roses.
ए गुलाब दे बूटे हन ।

21 ਇਹ ਅੰਬ ਦੇ ਰੁੱਖ ਹਨ। These are mango trees.
ए अंब दे रुख हन ।

22 ਉਹ ਅੰਗੂਰ ਦੀਆਂ ਵੇਲਾਂ ਹਨ। Those are grapevines
ओ अंगूर दीआं वेलां हन ।

23 ਇਹ ਸਾਡਾ ਨੌਕਰ ਹੈ। He is our servant.
ए साडा नौकर है ।

24 ਇਹ ਮੇਰਾ ਭਰਾ ਹੈ। He is my brother.
ए मेरा भरा है ।

25 ਇਹ ਮੇਰੇ ਮਾਂ ਜੀ ਹਨ। She is my mother.
ए मेरे मां जी हन ।

26 ਉਹ ਮੇਰੀਆਂ ਭੈਣਾਂ ਹਨ। They (those) are my sisters,
ओ मेरीआं भैणां हन ।

27 ਇਹ ਮੇਰਾ ਦੋਸਤ ਹੈ। — He is my friend.
ਏ ਮੇਰਾ ਦੋਸ੍ਤ ਹੈ ।

28 ਉਹ ਇਹਦਾ ਘਰ ਹੈ। — That is his house.
ਓ ਏਦਾ ਘਰ ਹੈ ।

29 ਉਹ ਇਹਦੇ ਭਰਾ ਹਨ। — They (those) are his brothers
ਓ ਏਦੇ ਭੱਰਾ ਹਨ।

30 ਉਹ ਵੀ ਮਰੇ ਦੋਸਤ ਹਨ। — They are also my friends.
ਓ ਵੀ ਮੇਰੇ ਦੋਸ੍ਤ ਹਨ ।

31 ਇਹ ਉਨ੍ਹਾਂ ਦੀ ਭੈਣ ਹੈ। — She is their sister.
ਏ ਓਨਾਂ ਦੀ ਭੈਣ ਹੈ ।

32 ਇਹ ਮੇਰੀ ਭੈਣ ਦੀ ਸਹੇਲੀ ਹੈ। — She is my sister's friend.
ਏ ਮੇਰੀ ਭੈਣ ਦੀ ਸਹੇਲੀ ਹੈ ।

A. DRILLS

1 Repetition Drill

ਉਹ ਸਾਡਾ ਘਰ ਹੈ।
ਇਹ ਮੇਰੀ ਪੀਂਘ ਹੈ।
ਉਹ ਬਾਬਾ ਜੀ ਦਾ ਕਮਰਾ ਹੈ।
ਉਹ ਮੇਰੀ ਭੈਣ ਹੈ।
ਇਹ ਮੇਰਾ ਭਰਾ ਹੈ।
ਇਹ ਮੇਰਾ ਪਿੰਡ ਹੈ।
ਇਹ ਸਾਡਾ ਘਰ ਹੈ।
ਇਹ ਤੇਰਾ ਕਮਰਾ ਹੈ।

ਉਹ ਤੁਹਾਡਾ ਮੰਜਾ ਹੈ।
ਇਹ ਉਹਦਾ ਭਰਾ ਹੈ।
ਉਹ ਉਨ੍ਹਾਂ ਦਾ ਦੋਸਤ ਹੈ।
ਉਹ ਤੁਹਾਡਾ ਕਮਰਾ ਹੈ।
ਇਹ ਉਨ੍ਹਾਂ ਦੀ ਭੈਣ ਹੈ।
ਇਹ ਮੇਰੀ ਭੈਣ ਦੀ ਸਹੈਲੀ ਹੈ।
ਇਹ ਤੇਰਾ ਮੇਜ਼ ਹੈ।
ਉਹ ਇਹਦੇ ਭਰਾ ਹਨ ।

2 Substitution Drill

Model 1

ਇਹ ਮੇਰਾ ਪਿੰਡ ਹੈ। (ਉਹਦਾ)
ਇਹ ਉਹਦਾ ਪਿੰਡ ਹੈ।

(ਤੁਹਾਡਾ)
(ਇਨ੍ਹਾਂ ਦਾ)
(ਸਾਡਾ)
(ਤੇਰਾ)

Model 2

ਇਹ ਮੇਰੀ ਭੈਣ ਹੈ। (ਤੇਰੀ)
ਇਹ ਤੇਰੀ ਭੈਣ ਹੈ।

(ਸਾਡੀ)
(ਤੁਹਾਡੀ)
(ਉਹਦੀ)
(ਉਨ੍ਹਾਂ ਦੀ)

Model 3

ਉਹ ਤੇਰੇ ਦੋਸਤ ਹਨ। (ਮੇਰੇ)
ਉਹ ਮੇਰੇ ਦੋਸਤ ਹਨ।

(ਸਾਡੇ)
(ਤੁਹਾਡੇ)
(ਉਹਦੇ)
(ਉਨ੍ਹਾਂ ਦੇ)

Model 4

ਉਹ ਮੇਰੀਆਂ ਭੈਣਾਂ ਹਨ। (ਸਾਡੀਆਂ)
ਉਹ ਸਾਡੀਆਂ ਭੈਣਾਂ ਹਨ

(ਤੁਹਾਡੀਆਂ)
(ਉਹਦੀਆਂ)
(ਉਨ੍ਹਾਂ ਦੀਆਂ)
(ਤੇਰੀਆਂ)

3. Response Drill

Model 1

ਇਹ ਤੁਹਾਡੀ ਕਾਪੀ ਹੈ ?
ਹਾਂ ਜੀ, ਇਹ ਮੇਰੀ ਕਾਪੀ ਹੈ।

(1) ਇਹ ਉਹਦੀ ਭੈਣ ਹੈ ?
(2) ਇਹ ਤੁਹਾਡੀ ਸਹੇਲੀ ਹੈ ?
(3) ਇਹ ਤੁਹਾਡਾ ਦੋਸਤ ਹੈ ?
(4) ਉਹ ਉਨ੍ਹਾਂ ਦਾ ਘਰ ਹੈ ?

Model 2

ਇਹ ਤੁਹਾਡੀ ਕਲਮ ਹੈ ?
ਨਹੀਂ ਜੀ, ਇਹ ਮੇਰੀ ਕਲਮ ਨਹੀਂ।

(1) ਇਹ ਉਹਦੀ ਕਿਤਾਬ ਹੈ ?
(2) ਇਹ ਉਨ੍ਹਾਂ ਦੀਆਂ ਭੈਣਾਂ ਹਨ ?
(3) ਇਹ ਤੁਹਾਡਾ ਕਮਰਾ ਹੈ ?
(4) ਉਹ ਤੇਰੇ ਭਰਾ ਹਨ ?

B. EXERCISES

1. Changes the forms given in brackets to fill up the blanks.

(1) ਇਹ.....ਪਿੰਡ ਹੈ। (ਤੁਹਾਡਾ)
(2) ਇਹ.....ਭੈਣ ਹੈ। (ਤੁਹਾਡੀ)
(3) ਉਹ.....ਭਰਾ ਹੈ। (ਉਹਦਾ)
(4) ਉਹ.....ਕਿਤਾਬ ਹੈ। (ਮੇਰਾ)
(5) ਇਹ.....ਕੁਰਸੀ ਹੈ। (ਮੇਰਾ)
(6) ਉਹ.....ਰਸੋਈ ਹੈ। (ਸਾਡਾ)
(7) ਉਹ.....ਭੈਣਾਂ ਹਨ। (ਤੇਰਾ)
(8) ਇਹ.....ਭਰਾ ਹਨ। (ਉਨ੍ਹਾਂ ਦਾ)
(9) ਉਹ.....ਸਹੇਲੀਆਂ ਹਨ। (ਇਨ੍ਹਾਂ ਦਾ)
(10) ਇਹ.....ਕੁਰਸੀ ਹੈ। (ਉਹਦਾ)

2 Change the singular to plural in the following sentences according to the given model.

Model 1

ਇਹ ਮੇਰਾ ਘਰ ਹੈ।
ਇਹ ਮੇਰੇ ਘਰ ਹਨ।

(1) ਇਹ ਸਾਡਾ ਪਿੰਡ ਹੈ।
(2) ਇਹ ਤੁਹਾਡਾ ਕਮਰਾ ਹੈ।

Model 2

ਉਹ ਸਾਡੀ ਬੈਠਕ ਹੈ।
ਉਹ ਸਾਡੀਆਂ ਬੈਠਕਾਂ ਹਨ।

(1) ਇਹ ਮੇਰੀ ਪੀਂਘ ਹੈ।
(2) ਉਹ ਤੁਹਾਡੀ ਭੈਣ ਹੈ।

(3) ਉਹ ਮੇਰਾ ਦੋਸਤ ਹੈ।
(4) ਉਹ ਇਹਦਾ ਘਰ ਹੈ।

(3) ਇਹ ਉਹਦੀ ਸਹੇਲੀ ਹੈ।
(4) ਇਹ ਉਨ੍ਹਾਂ ਦੀ ਭੈਣ ਹੈ।

3 Answer the following questions according to the given model.

Model 1

ਇਹ ਤੁਹਾਡੀ ਕੁਰਸੀ ਹੈ ?
ਹਾਂ ਜੀ, ਇਹ ਮੇਰੀ ਕੁਰਸੀ ਹੈ।

(1) ਇਹ ਤੁਹਾਡੀ ਭੈਣ ਹੈ ?
(2) ਉਹ ਤੁਹਾਡੀ ਪੈਨਸਿਲ ਹੈ ?
(3) ਇਹ ਤੇਰੀ ਕਿਤਾਬ ਹੈ ?
(4) ਉਹ ਤੇਰਾ ਭਰਾ ਹੈ ?
(5) ਇਹ ਸਾਡਾ ਘਰ ਹੈ ?
(6) ਉਹ ਤੁਹਾਡਾ ਘਰ ਹੈ ?

Model 2

ਇਹ ਤੁਹਾਡੀ ਪੈਨਸਿਲ ਹੈ ?
ਨਹੀਂ ਜੀ, ਇਹ ਮੇਰੀ ਪੈਨਸਿਲ ਨਹੀਂ।

(1) ਇਹ ਉਹਦੀ ਕਿਤਾਬ ਹੈ ?
(2) ਇਹ ਰਾਮ ਦੀ ਕਾਪੀ ਹੈ ?
(3) ਉਹ ਇਨ੍ਹਾਂ ਦੀ ਸਾੜ੍ਹੀ ਹੈ ?
(4) ਇਹ ਇਹਦੀ ਭੈਣ ਹੈ ?
(5) ਉਹ ਉਹਦਾ ਭਰਾ ਹੈ ?
(6) ਇਹ ਤੁਹਾਡੀ ਕਲਮ ਹੈ ?

4 Match the following and then rewrite the sentences.

ਇਹ ਮੇਰੀ	ਭਰਾ	ਹਨ
ਉਹ ਤੁਹਾਡੇ	ਭੈਣ	ਹੈ
ਇਹ ਤੁਹਾਡੀਆਂ	ਕਿਤਾਬ	
ਉਹ ਸਾਡੀ	ਪੈਨਸਿਲਾਂ	
ਤੇਰੀਆਂ	ਦੋਸਤ	
ਇਹ ਉਹਦੇ	ਸਹੇਲੀਆਂ	
ਇਹ ਕਿਸ ਦੀਆਂ	ਕਲਮ	
ਇਹ ਉਨ੍ਹਾਂ ਦੀ	ਕਾਪੀਆਂ	

C. VOCABULARY

ਪਿੰਡ	'village' (m)	ਦੋਸਤ	'friend'
ਸਾਡਾ	'our' (m)	ਸਹੇਲੀ	'friend'
ਘਰ	'house, home' (m)	ਇਹਦਾ	'his/her'

ਮੰਜਾ	'cot' (m)	ਬਾਬਾ ਜੀ ਦਾ ਕਮਰਾ	'prayer room' in a house where the Guru Granth Sahib is kept, by Sikhs.
ਬੈਠਕ	'sitting room' (m)		
ਬਗੀਚਾ	'garden' (m)		
ਪੀਂਘ	'swing' (f)		
ਮਾਂ	'mother' (m)		
ਅੰਬ	'mango (s)' (m)		
ਸਾੜ੍ਹੀ	'sari' (f)	ਸੌਣ ਦਾ ਕਮਰਾ	'bed room'
ਪੈਨਸਿਲ	'pencil' (f)	ਅਲਮਾਰੀ	'Almirah' (f)
ਰਸੋਈ	'kitchen' (f)	ਵਿਹੜਾ	'compound' (m)
ਨੌਕਰ	'servant' (m)	ਛੱਤ	'roof' (f)
ਭਰਾ	'brother' (m)	ਗੁਲਾਬ	'rose'
ਭੈਣ	'sister'	ਬੂਟਾ	'plant' (m)
ਦੁਮੰਜਲਾ	'two storeyed, house'	ਵੇਲ	'creeper' (f)
		ਅੰਗੂਰ	'grape (s)' (m)
ਤਿਮੰਜਲਾ	'three storyed house'	ਗੁਸਲਖਾਨਾ	'bath room' (m

D. NOTES

Possessive Pronouns

In lessons 7 and 8 genitive (possessive) forms of the pronouns have been introduced. These forms agree in gender, number and case with the, following nouns.

	Masculine Direct case forms	Sg.		Pl.	
Ist Person	sg.	ਮੇਰਾ	'my'	ਸਾਡਾ	'our
	pl.	ਮੇਰੇ		ਸਾਡੇ	
IInd person	sg.	ਤੇਰਾ	'your'	ਤੁਹਾਡਾ	your'
	pl.	ਤੇਰੇ		ਤੁਹਾਡੇ	
IIIrd person (Remote)	sg.	ਉਹਦਾ	'his/her	ਉਨ੍ਹਾਂ ਦਾ	'their'
	pl.	ਉਹਦੇ		ਉਨ੍ਹਾਂ ਦੇ	

IIIrd person (proximate)	sg.	ਇਹਦਾ	'his/her'	ਇਨ੍ਹਾਂ ਦਾ	'their'
	Pl.	ਇਹਦੇ		ਇਨ੍ਹਾਂ ਦੇ	

Feminine Direct case forms

1st person	sg.	ਮੇਰੀ	ਸਾਡੀ
	pl.	ਮੇਰੀਆਂ	ਸਾਡੀਆਂ
IInd person	sg.	ਤੇਰੀ	ਤੁਹਾਡੀ
	pl.	ਤੇਰੀਆਂ	ਤੁਹਾਡੀਆਂ
IIIrd person (Remote)	sg.	ਉਹਦੀ	ਉਨ੍ਹਾਂ ਦੀ
	pl.	ਉਹ ਦੀਆਂ	ਉਨ੍ਹਾਂ ਦੀਆਂ
IIIrd person (proximate)	sg.	ਇਹਦੀ	ਇਨ੍ਹਾਂ ਦੀਆਂ
	pl.	ਇਹਦੀਆਂ	ਇਨ੍ਹਾਂ ਦੀਆਂ

Examples:

ਇਹ ਮੇਰਾ ਬਸਤਾ ਹੈ।	'This is my School bag'
ਇਹ ਮੇਰੀ ਕਾਪੀ ਹੈ।	'This is my notebook'
ਇਹ ਮੇਰੇ ਪੱਖੇ ਹਨ।	'These are my fans'
ਇਹ ਮੇਰੀਆਂ ਕਿਤਾਬਾਂ ਹਨ।	'These are my books'

ਕਿਸ ਦਾ 'whose' is the possessive form of the interrogative particle ਕੌਣ ਦਾ, agrees in gender, number and case with the following noun.

ਇਹ ਕਿਸ ਦਾ ਭਰਾ ਹੈ ?	'whose brother he is?'
ਇਹ ਕਿਸ ਦੀ ਭੈਣ ਹੈ ?	'whose sister she is?'

2nd person and 3rd person plural forms are used in honorific singulars as well.

ਤੁਹਾਡਾ ਨਾਂ ਕੀ ਹੈ ?	'What is your name?'
ਉਨ੍ਹਾਂ ਦਾ ਨਾਂ ਬਿਮਲਾ ਹੈ।	'Her name is Bimla'

UNIT III **Lesson 10**

Where is your Father ?

ਅਧਿਆਪਕ :	ਮੇਰਾ ਨਾਂ ਸ਼੍ਰੀਮਤੀ ਕਪੂਰ ਹੈ । मेरा नां श्रीमती कपूर है ।	My name is Mrs. Kapoor.
	ਤੁਹਾਡਾ ਕੀ ਨਾਂ ਹੈ ? तुआडा की नां है ?	What is your name ?
ਰਾਮ :	ਮੇਰਾ ਨਾਂ ਰਾਮ ਹੈ । मेरा नां राम है ।	My name is Ram.
ਅਧਿਆਪਕ :	ਤੁਹਾਡਾ ਕੀ ਨਾਂ ਹੈ ? तुआडा की नां है ।	What is your name ?
ਰਾਣੀ :	ਮੇਰਾ ਨਾਂ ਰਾਣੀ ਹੈ । मेरा नां रानी है ।	My name is Rani.
ਅਧਿਆਪਕ :	ਤੁਹਾਡੇ ਪਿਤਾ ਜੀ ਦਾ ਕੀ ਨਾਂ ਹੈ ? तुआडे पिता जी दा की नां है ?	What is the name of your father ?
ਰਾਮ :	ਮੇਰੇ ਪਿਤਾ ਜੀ ਦਾ ਨਾਂ ਸ਼੍ਰੀ ਰੋਸ਼ਨ ਲਾਲ ਹੈ। मेरे पिता जी दा नां श्री रोश नलाल है	My father's name is Shri Roshan Lal.
ਅਧਿਆਪਕ :	ਤੁਹਾਡੇ ਮਾਤਾ ਜੀ ਦਾ ਕੀ ਨਾਂ ਹੈ ? तुआडे माता जी दा की नां है ?	What is your mother's name ?
ਰਾਮ :	ਮੇਰੇ ਮਾਤਾ ਜੀ ਦਾ ਨਾਂ ਸ਼੍ਰੀਮਤੀ ਕਮਲਾ ਦੇਵੀ ਹੈ। मेरे माता जी दा नां श्रीमती कमला देवी है ।	My mother's name is Smt. Kamla Devi.
ਅਧਿਆਪਕ :	ਤੁਹਾਡੇ ਪਿਤਾ ਜੀ ਕਿੱਥੇ ਹਨ ? तुआडे पिता जी किथे हन ?	Where is your father ?
ਰਾਮ :	ਮੇਰੇ ਪਿਤਾ ਜੀ ਘਰ ਹਨ । मेरे पिता जी घर हन ।	My father is at home.

ਅਧਿਆਪਕ : ਤੁਹਾਡੇ ਮਾਤਾ ਜੀ ਕਿੱਥੇ ਹਨ ? तुआडे माता जी किथे हन ?	Where is your mother ?
ਰਾਮ : ਮੇਰੇ ਮਾਤਾ ਜੀ ਵੀ ਘਰ ਹਨ । मेरे माता जी वी घर हन ।	My mother is also at home.
ਅਧਿਆਪਕ : ਕਮਲਾ, ਤੁਹਾਡੇ ਪਤੀ ਕਿੱਥੇ ਹਨ ? कमला, तुआडे पती किथे हन ?	Kamla, where is your husband ?
ਕਮਲਾ : ਮੇਰੇ ਪਤੀ ਇੱਥੇ ਹਨ । मेरे पती इथे हन ।	My husband is here.
ਅਧਿਆਪਕ : ਤੁਹਾਡੇ ਬੱਚੇ ਵੀ ਇੱਥੇ ਹਨ ? तुआडे बच्चे वी इथे हन ?	Are your children also here ?
ਕਮਲਾ : ਹਾਂ ਜੀ, ਮੇਰੇ ਬੱਚੇ ਵੀ ਇੱਥੇ ਹਨ । हां जी, मेरे बच्चे वी इथे हन ।	Yes, my children are also here.
ਅਧਿਆਪਕ : ਰਾਮ ਤੁਹਾਡੀ ਵਹੁਟੀ ਤੇ ਬੱਚੇ ਕਿੱਥੇ ਹਨ ? राम तुआडी वोटी ते बच्चे किथे हन ?	Ram, where are your wife and children ?
ਰਾਮ : ਮੇਰੀ ਵਹੁਟੀ ਘਰ ਹੈ ਤੇ ਮੇਰੇ ਬੱਚੇ ਵੀ ਉੱਥੇ ਹਨ । मेरी वोटी घर है ते मेरे बच्चे वी उथे हन ।	My wife is at home and my children are also there.
ਅਧਿਆਪਕ : ਤੁਹਾਡੇ ਭਰਾ ਦਾ ਕੀ ਨਾਂ ਹੈ ? तुआडे भरा दा की नां है ?	What is the name of your brother ?
ਰਾਮ : ਮੇਰੇ ਭਰਾ ਦਾ ਨਾਂ ਮੋਹਨ ਹੈ । मेरे भरा दा ना मोहन है ।	The name of my brother is Mohan.
ਅਧਿਆਪਕ : ਤੁਹਾਡੀ ਭੈਣ ਦਾ ਕੀ ਨਾਂ ਹੈ ? तुआडी भैण दा की नां है ?	What is the name of your sister ?
ਰਾਮ : ਮੇਰੀ ਭੈਣ ਦਾ ਨਾਂ ਬਿਮਲਾ ਹੈ । मेरी भैण दा न बिमला है ।	The name of my sister is Bimla.
ਅਧਿਆਪਕ : ਰਾਮ ਇਹ ਕੌਣ ਹਨ ?	Ram, who are they ?
ਰਾਮ : ਮੈਡਮ, ਇਹ ਮੇਰੇ ਭਰਾ ਹਨ । मैडम, ए मेरे भरा हन ।	Madam, they are my brothers.

ਅਧਿਆਪਕ : ਤੁਹਾਡੇ ਭਰਾਵਾਂ ਦੇ ਕੀ ਨਾਂ ਹਨ ? What are the names of your brothers ?
ਤੁਆਡे ਭਰावां दे की नां हन ?

ਰਾਮ : ਮੇਰਿਆਂ ਭਰਾਵਾਂ ਦੇ ਨਾਂ ਮੋਤੀ ਤੇ ਸ਼ਾਮ ਹਨ। My brothers' name are Moti and Sham.
मेरे भरावां दे नां मोती ते शाम हन।

A. DRILLS

1. Repetition Drill

ਤੁਹਾਡਾ ਕੀ ਨਾਂ ਹੈ ?
ਮੇਰਾ ਨਾਂ ਸ੍ਰੀ ਰਾਮ ਹੈ।
ਤੁਹਾਡੇ ਪਿਤਾ ਜੀ ਦਾ ਕੀ ਨਾਂ ਹੈ ?
ਤੁਹਾਡੇ ਮਾਤਾ ਜੀ ਦਾ ਕੀ ਨਾਂ ਹੈ ?
ਮੇਰੇ ਪਿਤਾ ਜੀ ਦਾ ਨਾਂ ਸ੍ਰੀ ਵਿਜੈ ਸਿੰਘ ਹੈ।
ਮੇਰੀਆਂ ਭੈਣਾਂ ਦੇ ਨਾਂ ਸਰਲਾ ਦੇ ਕਮਲਾ ਹਨ।
ਤੁਹਾਡੇ ਪਿਤਾ ਜੀ ਕਿੱਥੇ ਹਨ ?
ਮੇਰੇ ਮਾਤਾ ਜੀ ਇੱਥੇ ਹਨ।
ਮੇਰੇ ਬੱਚੇ ਉੱਥੇ ਹਨ।
ਮੇਰੀ ਭੈਣ ਦਾ ਨਾਂ ਸ਼ੀਲਾ ਹੈ।
ਮੇਰਿਆਂ ਭਰਾਵਾਂ ਦੇ ਨਾਂ ਰਾਮ ਤੇ ਸ਼ਾਮ ਹਨ।
ਮੇਰੇ ਭਰਾ ਦਾ ਨਾਂ ਸੋਹਨ ਹੈ।

2. Substitution Drill

Model 1

1. ਤੁਹਾਡੇ ਪਿਤਾ ਜੀ ਦਾ ਕੀ ਨਾਂ ਹੈ ?
(ਤੁਹਾਡੇ ਮਾਤਾ ਜੀ)
ਤੁਹਾਡੇ ਮਾਤਾ ਜੀ ਦਾ ਕੀ ਨਾਂ ਹੈ ?
(ਤੁਹਾਡੇ ਭਰਾ)

(2) (ਇਨ੍ਹਾਂ)
(3) (ਉਹ)
(4) (ਇਹ)
(5) (ਤੁਹਾਡੀ ਭੈਣ)

3. Transformation Drill

Model 1

ਇਹ ਮੇਰਾ ਭਰਾ ਹੈ।
ਇਹ ਮੇਰੇ ਭਰਾ ਹਨ।

(1) ਇਹ ਸਾਡਾ ਬਸਤਾ ਹੈ।
(2) ਉਹ ਤੁਹਾਡਾ ਕਮਰਾ ਹੈ।
(3) ਉਹ ਮੇਰਾ ਦੋਸਤ ਹੈ।

Model 2

ਉਹ ਮੇਰੀ ਭੈਣ ਹੈ।
ਉਹ ਮੇਰੀਆਂ ਭੈਣਾਂ ਹਨ।

(1) ਇਹ ਮੇਰੀ ਪੀਂਘ ਹੈ।
(2) ਇਹ ਸਾਡੀ ਸਹੇਲੀ ਹੈ।
(3) ਇਹ ਤੁਹਾਡੀ ਕਾਪੀ ਹੈ।

B. EXERCISES

1. Fill up the blanks with Punjabi equivalents.

(1) ਮੇਰੇ ਪਿਤਾ ਜੀ ਦਾ----ਕੀ ਹੈ ? (name)
(2) ਤੁਹਾਡੇ ਪਿਤਾ ਜੀ-----ਹਨ ? (where)
(3) ----ਕੀ ਨਾਂ ਹੈ ? (his)

(4) ਮੇਰੇ-----ਘਰ ਹਨ । (brother)
(5) -----ਕੀ ਨਾਂ ਹੈ ? (your)
(6) -----ਨਾਂ ਰਾਣੀ ਹੈ । (my)
(7) ----ਭੈਣ ਦਾ ਨਾਂ ਬਿਮਲਾ ਹੈ । (my)
(8) -----ਕੀ ਨਾਂ ਹੈ ? (her)

2. Fill up the blanks with suitable words.

(1) ਤੁਹਾਡਾ ਕੀ -----ਹੈ ?
(2) ਮੇਰਾ ਨਾਂ-----।
(3) ਤੁਹਾਡੇ ਪਿਤਾ ਜੀ-----ਹਨ ?
(4) ਮੇਰੇ ਮਾਤਾ ਜੀ ਘਰ-----?
(5) ਮੇਰੀ ਭੈਣ-----ਨਾਂ-----ਹੈ ।
(6) ਮੇਰਿਆਂ ਭਰਾਵਾਂ--ਨਾਂ--ਤੇ---ਹਨ।
(7) ਮੇਰੇ ਭਰਾ-----ਨਾਂ-----ਹੈ ।
(8) ਇਹ ਮੇਰੇ ਭਰਾ-----
(9) ਇਹ-----ਹਨ ?
(10) ਇਨ੍ਹਾਂ-----ਕੀ ਨਾਂ ਹਨ ?

3. Write down the answers of the following questions.

(1) ਤੁਹਾਡੀ ਭੈਣ ਦਾ ਕੀ ਨਾਂ ਹੈ ?
(2) ਤੁਹਾਡੇ ਮਾਤਾ ਜੀ ਦਾ ਕੀ ਨਾਂ ਹੈ ?
(3) ਤੁਹਾਡੇ ਪਿਤਾ ਜੀ ਦਾ ਕੀ ਨਾਂ ਹੈ ?
(4) ਤੁਹਾਡਾ ਕੀ ਨਾਂ ਹੈ ?
(5) ਤੁਹਾਡੇ ਦੋਸਤ ਦਾ ਕੀ ਨਾਂ ਹੈ ?
(6) ਤੁਹਾਡੀ ਸਹੇਲੀ ਦਾ ਕੀ ਨਾਂ ਹੈ ?
(7) ਤੁਹਾਡੇ ਬੱਚਿਆਂ ਦੇ ਕੀ ਨਾਂ ਹਨ ?
(8) ਤੁਹਾਡੇ ਭਰਾਵਾਂ ਦੇ ਕੀ ਨਾਂ ਹਨ ?
(9) ਤੁਹਾਡੇ ਬੱਚੇ ਕਿੱਥੇ ਹਨ ?
(10) ਤੁਹਾਡੀ ਵਹੁਟੀ ਕਿੱਥੇ ਹੈ ?

C. VOCABULARY

ਨਾਂ	(m) 'name'	ਮੇਰੀ	'my' (fem. Sg.)
ਕਿੱਥੇ	'where'	ਮੇਰੀਆਂ	'my' (fem. Pl.)
ਮਾਤਾ	'mother'	ਭਰਾ	'brother, brothers'
ਪਿਤਾ	'father'	ਤੁਹਾਡੀ	'your' (Fem. Sg.)
ਤੁਹਾਡੇ	'your' (masc. Pl.)	ਪਤੀ	'husband'
ਮੇਰਾ	'my' (masc. Sg.)	ਵਹੁਟੀ	'wife'
ਮੇਰੇ	'my' (masc. Pl.)	ਬੱਚਾ	'child'
ਇੱਥੇ	'here'	ਉੱਥੇ	'there'

D. NOTES

Possessive pronouns

1. In this lesson possessive pronouns are used. Masculine plural forms are used for honorific singular as well.

ਤੁਹਾਡੇ ਪਿਤਾ ਜੀ ਕਿੱਥੇ ਹਨ ? 'Where is your father ?'

ਤੁਹਾਡੇ ਮਾਤਾ ਜੀ ਕਿੱਥੇ ਹਨ ? 'Where is your mother ? '

ਤੁਹਾਡੇ masculine plural has been used as honorific singular form with masculine and feminine nouns.

2. Possessive pronouns are used in oblique case followed by a post Position ਦਾ' of'

ਇਹ ਮੇਰਾ ਭਰਾ ਹੈ ।
'He is my brother.'
ਮੇਰੇ ਭਰਾ ਦਾ ਨਾਂ ਰਾਮ ਹੈ ।
'My brother's name is Ram'.

ਇਹ ਮੇਰੇ ਭਰਾ ਹਨ ।
'They are my brothers' .
ਮੇਰਿਆਂ ਭਰਾਵਾਂ ਦੇ ਨਾਂ ਮੋਤੀ ਤੇ ਸ਼ਾਮ ਹਨ ।
'My brothers' names are Ram and Sham.'

3. Possessive pronouns indicating feminine nouns remain unchanged.

Fem. Sg.	*Fem. Pl.*
ਇਹ ਮੇਰੀ ਭੈਣ ਹੈ ।	ਇਹ ਮੇਰੀਆਂ ਭੈਣਾਂ ਹਨ ।
'She is my sister. '	They are my sisters
ਮੇਰੀ ਭੈਣ ਦਾ ਨਾਂ ਸ਼ੀਲਾ ਹੈ ।	ਮੇਰੀਆਂ ਭੈਣਾਂ ਦੇ ਨਾਂ ਸ਼ੀਲਾ ਤੇ ਬਿਮਲਾ ਹਨ।
'My sister's name is Sheela'.	'My sisters' names are Sheela and Bimla. '

Interrogative adverb

1. Interrogative adverb ਕਿੱਥੇ 'where' has been introduced in this lesson. It does not change for number and Gender.

ਮੇਰੀ ਭੈਣ ਕਿੱਥੇ ਹੈ ? 'Where is my sister ? '
ਮੇਰੀਆਂ ਭੈਣਾਂ ਕਿੱਥੇ ਹਨ ? 'Where are my sisters ? '
ਤੁਹਾਡਾ ਭਰਾ ਕਿੱਥੇ ਹੈ ? 'Where is your brother ? '
ਤੁਹਾਡੇ ਭਰਾ ਕਿੱਥੇ ਹਨ ? 'Where are your brothers ?'

2. Corresponding to demonstrative pronouns there are two proximate and remote adverbs of place. ਇੱਥੇ 'here' and ਉੱਥੇ 'there'

UNIT III **Lesson 11**

That, the front one, is my house

ਰੋਸ਼ਨ :	ਤੁਹਾਡਾ ਘਰ ਕਿਹੜਾ ਹੈ ?	Which is your house ?
ਗੁਰਮੀਤ :	ਉਹ ਸਾਹਮਣੇ ਮੇਰਾ ਘਰ ਹੈ।	That, the front one, is my house.
ਰੋਸ਼ਨ :	ਤੁਹਾਡੀ ਦੁਕਾਨ ਕਿੱਥੇ ਹੈ ?	Where is your shop ?
ਗੁਰਮੀਤ :	ਮੇਰੀ ਦੁਕਾਨ ਨੇੜੇ ਹੈ ।	My shop is nearby.
ਰੋਸ਼ਨ :	ਕੀ ਤੁਹਾਡੀ ਦੁਕਾਨ ਦੇ ਪਿਛੇ ਸਕੂਲ ਹੈ ?	Is there a school at the back of your shop ?
ਗੁਰਮੀਤ :	ਹਾਂ ਜੀ ਮੇਰੀ ਦੁਕਾਨ ਦੇ ਪਿਛੇ ਸਕੂਲ ਹੈ ਤੇ ਖੱਬੇ ਪਾਸੇ ਡਾਕ ਖਾਨਾ ਵੀ ਹੈ।	Yes, there is a school at the backside of my shop and there is also a post office on the left side.
ਰੋਸ਼ਨ :	ਸੱਜੇ ਪਾਸੇ ਕੀ ਹੈ ?	What is at the right side ?
ਗੁਰਮੀਤ :	ਸੱਜੇ ਪਾਸੇ ਮੈਦਾਨ ਹੈ। ਤੇ ਅਗੇ ਮਕਾਨ ਹਨ।	There is a ground at the right side and after that there are houses.
ਰੋਸ਼ਨ :	ਤੇ ਇਹ ਕਿਸ ਦਾ ਘਰ ਹੈ ?	And whose house is this ?
ਗੁਰਮੀਤ :	ਇਹ ਗੁਰਨਾਮ ਦਾ ਘਰ ਹੈ।	This is Gurnam's house.
ਰੋਸ਼ਨ :	ਗੁਰਨਾਮ ਕੌਣ ਹੈ ?	Who is Gurnam ?
ਗੁਰਮੀਤ :	ਮੇਰੇ ਦੋਸਤ ਦਾ ਪੁੱਤਰ ਹੈ ।	He is my friend's son.
ਰੋਸ਼ਨ :	ਅੱਛਾ, ਉਹ ਤੁਹਾਡੇ ਦੋਸਤ ਦਾ ਪੁੱਤਰ ਹੈ।	I see, he is your friend's son.
ਗੁਰਨਾਮ :	ਨਮਸਤੇ ਜੀ, ਇਹ ਕੌਣ ਹਨ ?	Namaste, who is he ?

ਗੁਰਮੀਤ : ਇਹ ਮੇਰਾ ਦੋਸਤ ਹੈ ।	He is my friend.
ਇਹ ਕਸ਼ਮੀਰੀ ਹੈ ਅਤੇ ਪੰਜਾਬੀ ਦਾ ਵਿਦਿਆਰਥੀ ਹੈ ਇਹਦਾ ਨਾਂ ਰੋਸ਼ਨ ਹੈ ।	He is a Kashmiri and is a student of Punjabi. His name is Roshan.
ਰੋਸ਼ਨ : ਉਹ ਕੌਣ ਹਨ ?	Who is he (hon.rem.)?
ਗੁਰਮੀਤ : ਉਹ ਗੁਰਨਾਮ ਦੇ ਦਾਦਾ ਜੀ ਹਨ ।	He is Gurnam's grand father
ਉਨ੍ਹਾਂ ਦਾ ਨਾਂ ਸੁਰਜੀਤ ਸਿੰਘ ਹੈ ।	His name is Surjit Singh.
ਰੋਸ਼ਨ : ਇਹ ਗੁਰਨਾਮ ਦੇ ਦਾਦੀ ਜੀ ਹਨ ।	She is Gurnam's grand mother.
ਇਨ੍ਹਾਂ ਦਾ ਨਾਂ ਹਰਨਾਮ ਕੌਰ ਹੈ ।	Her name is Harnam Kaur.
ਇਹ ਗੁਰਨਾਮ ਦਾ ਕਮਰਾ ਹੈ ।	This is Gurnam's room.
ਰੋਸ਼ਨ : ਉੱਧਰ ਕੀ ਹੈ ?	What is there that side ?
ਗੁਰਮੀਤ : ਉੱਧਰ ਸਮਾਨ ਦਾ ਕਮਰਾ ਹੈ ।	That side is store room.
ਇਧੱਰ ਗੁਸਲਖਾਨਾ ਹੈ ।	This side is bathroom.
ਰੋਸ਼ਨ : ਇਨ੍ਹਾਂ ਦੀ ਰਸੋਈ ਕਿੱਥੇ ਹੈ ?	Where is their kitche ?
ਗੁਰਮੀਤ : ਇਨ੍ਹਾਂ ਦੀ ਰਸੋਈ ਉੱਤੇ ਹੈ ।	Their kitchen is at the top and
ਤੇ ਰਹਿਣ ਦੇ ਕਮਰੇ ਥੱਲੇ ਹਨ ।	their living rooms are down floor.
ਰੋਸ਼ਨ : ਇਹ ਕੌਣ ਹੈ ?	Who is she ?
ਗੁਰਮੀਤ : ਇਹ ਮੇਰੀ ਧੀ ਹੈ ।	She is my daughter.

A. DRILLS

1. Repetition Drill

ਉਹ ਸਾਹਮਣੇ ਮੇਰਾ ਘਰ ਹੈ ।
ਉਧੱਰ ਗੁਰਨਾਮ ਦਾ ਘਰ ਹੈ ।
ਇਧੱਰ ਗੁਸਲਖਾਨਾ ਹੈ ।
ਇਨ੍ਹਾਂ ਦਾ ਕਮਰਾ ਉੱਤੇ ਹੈ ।
ਮੇਰਾ ਕਮਰਾ ਥੱਲੇ ਹੈ ।
ਘਰ ਦੇ ਸੱਜੇ ਪਾਸੇ ਮੈਦਾਨ ਹੈ ।

ਖੱਬੇ ਪਾਸੇ ਡਾਕਖਾਨਾ ਹੈ ।
ਦੁਕਾਨ ਦੇ ਪਿੱਛੇ ਸਕੂਲ ਹੈ ।
ਅੱਗੇ ਮਕਾਨ ਹਨ ।
ਮੇਰੀ ਦੁਕਾਨ ਨੇੜੇ ਹੈ।
ਸਮਾਨ ਦਾ ਕਮਰਾ ਕਿਧੱਰ ਹੈ ?

2. Substitution Drill

Model 1 :

ਇਹ ਗੁਰਨਾਮ ਹੈ । (ਵਿਨੋਦ)
ਇਹ ਵਿਨੋਦ ਹੈ ।

(ਮੇਰਾ ਦੋਸਤ)
(ਸ਼ਰਮਾ)
(ਰੋਸ਼ਨ ਲਾਲ)

3. Response Drill

Model 1

ਇਹ ਕਿਸ ਦਾ ਘਰ ਹੈ ?
ਇਹ ਗੁਰਨਾਮ ਦਾ ਘਰ ਹੈ ।

(1) ਇਹ ਕਿਸ ਦਾ ਕਮਰਾ ਹੈ ?
(2) ਇਹ ਕਿਸ ਦਾ ਦੋਸਤ ਹੈ ?
(3) ਇਹ ਕਿਸ ਦਾ ਪੁੱਤਰ ਹੈ ?

Model 2

ਇਹ ਕਿਸ ਦੀ ਕਾਪੀ ਹੈ ?
ਇਹ ਮੇਰੀ ਕਾਪੀ ਹੈ ।

(1) ਇਹ ਕਿਸ ਦੀ ਪੈਨਸਿਲ ਹੈ ?
(2) ਇਹ ਕਿਸ ਦੀ ਭੈਣ ਹੈ ?
(3) ਇਹ ਕਿਸ ਦੀ ਧੀ ਹੈ ?

4. Transformation Drill

Model 1

ਇਹ ਗੁਰਨਾਮ ਦਾ ਘਰ ਹੈ ।
ਇਹ ਕਿਸ ਦਾ ਘਰ ਹੈ ?

(1) ਇਹ ਵਿਨੋਦ ਦਾ ਕਮਰਾ ਹੈ ।
(2) ਇਹ ਰੋਸ਼ਨ ਦਾ ਦੋਸਤ ਹੈ ।
(3) ਇਹ ਮੇਰੀ ਕਲਮ ਹੈ ।

Model 2

ਇਹ ਗੁਰਨਾਮ ਦੇ ਪਿਤਾ ਜੀ ਹਨ ।
ਇਹ ਕੌਣ ਹਨ ?

(1) ਇਹ ਵਿਨੋਦ ਦੇ ਮਾਤਾ ਜੀ ਹਨ ।
(2) ਉਹ ਪੰਜਾਬੀ ਦਾ ਵਿਦਿਆਰਥੀ ਹੈ ।
(3) ਇਹ ਅਧਿਆਪਕ ਹਨ ।

B. EXERCISES

1. Change the form of the words given in brackets appropriately and fill up the blanks.

(1) ਇਹ ਉਹਦੇ----(ਕਮਰਾ) ਹਨ ।
(2) ਇਹ ਗੁਰਨਾਮ ਦੇ ----(ਘਰ) ਹਨ ।
(3) ਇਹ (ਮੇਰਾ)----ਦੋਸਤ ਹਨ ।
(4) ਇਹ ਗੁਰਨਾਮ---(ਦਾ) ਮਾਤਾ ਜੀ ਹਨ ।
(5) ਉਹ ਪੰਜਾਬੀ---(ਦਾ) ਵਿਦਿਆਰਥੀ ਹਨ ।
(6) ਇਹ ਵਿਨੋਦ---(ਦਾ) ਕਿਤਾਬਾਂ ਹਨ ।
(7) ਇੰਦਰਾ ਜਵਾਹਰ ਲਾਲ ਨਹਿਰੂ ਜੀ----(ਦਾ) ਧੀ ਹੈ ।
(8) ਰਾਜੀਵ ਤੇ ਸੰਜੇ ਇੰਦਰਾ----(ਦਾ) ਪੁੱਤਰ ਹਨ ।

2. Answer the following questions as per the model given below.

Model 1

ਇਹ ਕਿਸ ਦਾ ਘਰ ਹੈ ?

ਇਹ ਮੇਰਾ ਘਰ ਹੈ ।

(1) ਇਹ ਕਿਸ ਦਾ ਦੋਸਤ ਹੈ ?

(2) ਇਹ ਕਿਸ ਦਾ ਕਮਰਾ ਹੈ ?

(3) ਇਹ ਕਿਸ ਦੀ ਕਲਮ ਹੈ ?

Model 2

2. ਇਹ ਕੌਣ ਹੈ ?

ਇਹ ਗੁਰਨਾਮ ਹੈ ।

(1) ਉਹ ਕੌਣ ਹੈ ?

(2) ਇਹ ਕੌਣ ਹਨ ?

(3) ਉਹ ਕੌਣ ਹਨ ?

3. Change the singular to plural of the following sentences.

(1) ਇਹ ਮੇਰਾ ਘਰ ਹੈ ।

(2) ਉਹ ਤੁਹਾਡਾ ਦੋਸਤ ਹੈ।

(3) ਉਹ ਮੇਰੀ ਭੈਣ ਹੈ ।

(4) ਉਹ ਸਾਡਾ ਭਰਾ ਹੈ ।

(5) ਉਹ ਪੰਜਾਬੀ ਦਾ ਵਿਦਿਆਰਥੀ ਹੈ ।

(6) ਇਹ ਗੁਰਨਾਮ ਦਾ ਕਮਰਾ ਹੈ ।

(7) ਉਹ ਤੇਰੀ ਕਿਤਾਬ ਹੈ ।

(8) ਉਹ ਉਹਦੀ ਸਹੇਲੀ ਹੈ ।

C. VOCABULARY

ਦੁਕਾਨ	'shop'	ਸਾਹਮਣੇ	'in the front'
ਨੇੜੇ	'nearby'	ਅੱਛਾ	'okay'
ਪਿੱਛੇ	'back side'	ਧੀ	'daughter'
ਅਗੇ	'front side'	ਪੁੱਤਰ	'son'
ਪਾਸਾ	'side' (m)	ਨਮਸਤੇ	'greeting'
ਖੱਬੇ ਪਾਸੇ	'left side'	ਦਾਦਾ	'father's father'
ਸੱਜੇ ਪਾਸੇ	'right side'	ਦਾਦੀ	'father's mother'
ਡਾਕ ਖਾਨਾ	'post office'	ਸਮਾਨ ਦਾ ਕਮਰਾ	'store room'
ਸਕੂਲ	'school'	ਰਹਿਣ ਦਾ ਕਮਰਾ	'living room'
ਮੈਦਾਨ	'ground'	ਕਿੱਧਰ	'which side'
ਉੱਧਰ	'that side'	ਉੱਤੇ	'at the top'
ਇੱਧਰ	'this side'	ਥੱਲੇ	'at the bottom'

D. NOTES

Adverbs

1. In this lesson adverbs of direction have been introduced. They do not change for number and gender. Corresponding to demonstrative pronouns there are two proximate and remote adverbs of direction ਇੱਧਰ 'this side' and ਉੱਧਰ 'that side' and interrogative adverb ਕਿੱਧਰ 'which side'

2. Adverbs ਸਾਹਮਣੇ 'in the front' ਨੇੜੇ 'near', etc. have also been introduced.

3. In the names used for Sikhs ਸਿੰਘ 'Singh' indicate the name of a male person and ਕੌਰ 'Kaur' indicates the name of a female.

UNIT III **Lesson 12**

He is my grand father

ਸੁਰਿਦਰ :	ਬਲਬੀਰ, ਇਹ ਕਿਸ ਦਾ ਘਰ ਹੈ ?	Balbir, whose house is this ?
ਬਲਬੀਰ :	ਮੇਰੀ ਸਹੇਲੀ ਦਾ ਹੈ।	My friend's house.
ਸੁਰਿਦਰ :	ਇਹ ਤੁਹਾਡੀ ਸਹੇਲੀ ਦੇ ਪਿਤਾ ਜੀ ਹਨ ?	Is he your friend's father ?
ਬਲਬੀਰ :	ਇਹ ਮੇਰੀ ਸਹੇਲੀ ਦੇ ਪਿਤਾ ਜੀ ਨਹੀਂ, ਇਹ ਮੇਰੀ ਸਹੇਲੀ ਦੇ ਨਾਨਾ ਜੀ ਹਨ।	He is not my friend's father, he is her grandfather (mother's father).
ਸੁਰਿਦਰ :	ਤੁਹਾਡੀ ਸਹੇਲੀ ਦਾ ਕੀ ਨਾਂ ਹੈ ?	What is the name of your friend ?
ਬਲਬੀਰ :	ਉਹਦਾ ਨਾਂ ਹਰਮੀਤ ਹੈ ।	Her name is Harmeet.
ਦਾਦਾ ਜੀ :	ਬਲਬੀਰ ਇਹ ਕੌਣ ਹੈ ?	Balbir, who is she ?
	ਕੀ ਇਹ ਤੇਰੀ ਸਹੇਲੀ ਹੈ ?	Is she your friend ?
ਬਲਬੀਰ :	ਹਾਂ ਨਾਨਾ ਜੀ, ਇਹ ਮੇਰੀ ਸਹੇਲੀ ਹੈ ।	Yes, grandfather, she is my friend.
	ਇਹ ਦਾ ਨਾਂ ਸੁਰਿੰਦਰ ਹੈ ।	Her name is Surinder.
ਨਾਨਾ ਜੀ :	ਅੱਛਾ, ਤੇਰਾ ਨਾਂ ਸੁਰਿੰਦਰ ਹੈ ?	I see, your name is Surinder ?
ਸੁਰਿਦਰ :	ਹਾਂ ਜੀ ।	Yes, Sir.
ਨਾਨਾ ਜੀ :	ਤੇਰੇ ਦਾਦਾ ਜੀ ਦਾ ਕੀ ਨਾਂ ਹੈ ?	What is the name of your grandfather ?
ਸੁਰਿਦਰ :	ਮੇਰੇ ਦਾਦਾ ਜੀ ਦਾ ਨਾਂ ਗੁਰਨਾਮ ਸਿੰਘ ਹੈ।	The name of my grandfather is Gurnam Singh.

ਨਾਨਾ ਜੀ : ਅੱਛਾ, ਕੀ ਤੂੰ ਗੁਰਨਾਮ ਸਿਘ ਦੀ ਪੋਤੀ ਹੈਂ ?	I see, are you Gurnam Singh's grand- daughter ?
ਸੁਰਿੰਦਰ : ਹਾਂ ਜੀ ।	Yes please.
ਨਾਨਾ ਜੀ : ਉਹ ਬੱਚਾ ਕੌਣ ਹੈ ?	Who is that child ?
ਸੁਰਿੰਦਰ : ਉਹ ਮੁੰਡਾ ਮੇਰਾ ਭਰਾ ਹੈ ।	That boy is my brother.
ਨਾਨਾ ਜੀ : ਤੇਰੇ ਦਾਦੀ ਜੀ ਕਿੱਥੇ ਹਨ ?	Where is your grand-mother ? (father's mother).
ਸੁਰਿੰਦਰ : ਮੇਰੇ ਦਾਦੀ ਜੀ ਵੀਰ ਜੀ ਦੇ ਘਰ ਹਨ ।	My grand-mother is at my brother's house.
ਨਾਨਾ ਜੀ, ਨਾਨੀ ਜੀ ਕਿੱਥੇ ਹਨ ?	Grand-father, where is grand-mother ?
ਨਾਨਾ ਜੀ : ਉਹ ਇੱਥੇ ਨਹੀਂ, ਪਿੰਡ ਹੈ ।	She is not here. She is in village.
ਸੁਰਿੰਦਰ : ਤੁਹਾਡਾ ਪਿੰਡ ਕਿਹੜਾ ਹੈ ?	Which is your village ?
ਨਾਨਾ ਜੀ : ਸਾਡਾ ਪਿੰਡ ਸੀਲ ਹੈ ।	Our village is Seal.
ਸੁਰਿੰਦਰ : ਉੱਥੇ ਕੌਣ ਕੌਣ ਹਨ ?	Who are there ?
ਨਾਨਾ ਜੀ : ਉਥੇ ਬਲਬੀਰ ਦੇ ਨਾਨੀ ਜੀ ਹਨ, ਮਾਮਾ ਜੀ ਹਨ, ਮਾਮੀ ਹੈ, ਮਾਸੀ ਹੈ । ਮੇਰੇ ਪੋਤੇ, ਪੋਤੀਆਂ ਹਨ ।	There is Balbir's grand-mother, her mother's brother, mother brother's wife, mother's sister and my grand children.

A. DRILLS

1. Repetition Drills

ਇਹ ਕਿਸ ਦਾ ਘਰ ਹੈ ?	ਉੱਧਰ ਕੌਣ ਹੈ ?
ਇਹ ਮੇਰੀ ਸਹੇਲੀ ਦਾ ਘਰ ਹੈ ।	ਇਹ ਮੇਰੀ ਸਹੇਲੀ ਦੇ ਦਾਦਾ ਜੀ ਹਨ ।
ਇਹ ਮੇਰੀ ਸਹੇਲੀ ਹੈ ।	ਇਹ ਤੇਰਾ ਦੋਸਤ ਹੈ ?
ਇਹ ਤੁਹਾਡੇ ਦੋਸਤ ਦੇ ਪਿਤਾ ਜੀ ਹਨ ?	ਇਹ ਤੇਰੀ ਸਹੇਲੀ ਹੈ ?
ਤੇਰਾ ਕੀ ਨਾਂ ਹੈ ਬੀਬਾ ?	ਬਲਬੀਰ ਇਹ ਕੌਣ ਹੈ ?
ਇਹ ਕੀ ਹੈ ?	ਕੀ ਤੂੰ ਗੁਰਨਾਮ ਸਿੰਘ ਦੀ ਪੋਤੀ ਹੈਂ ?

2. Substitution Drill

Model 1

ਇਹ ਮੇਰੇ ਪਿਤਾ ਜੀ ਹਨ। (ਦਾਦਾ ਜੀ)
ਇਹ ਮੇਰੇ ਦਾਦਾ ਜੀ ਹਨ।

(ਪੋਤੇ)
(ਮਾਤਾ ਜੀ)
(ਦੋਸਤ ਦੇ ਪਿਤਾ ਜੀ)
(ਮੇਰੀ ਸਹੇਲੀ ਦੇ ਨਾਨਾ ਜੀ)

Model 2

ਇਹ ਮੇਰੇ ਭਰਾ ਹਨ। (ਦੋਸਤ)
ਇਹ ਮੇਰੇ ਦੋਸਤ ਹਨ।

(ਮੁੰਡੇ)
(ਕਮਰੇ)
(ਤੁੱਲ)
(ਪੱਖੇ)

3. Transformation Drill

Model 1

ਇਹ ਰਾਮ ਦਾ ਘਰ ਹੈ।
ਇਹ ਕਿਸ ਦਾ ਘਰ ਹੈ ?

(1) ਇਹ ਮੇਰੇ ਦੋਸਤ ਦਾ ਘਰ ਹੈ।
(2) ਉਹ ਮੋਹਨ ਦਾ ਘਰ ਹੈ।
(3) ਇਹ ਗੁਰਨਾਮ ਸਿੰਘ ਦਾ ਪੋਤਾ ਹੈ।
(4) ਇਹ ਗੁਰਨਾਮ ਸਿੰਘ ਦੀ ਪੋਤੀ ਹੈ।
(5) ਇਹ ਰਾਮ ਦਾ ਦੋਸਤ ਹੈ।

Model 2

ਇਹ ਰਾਮ ਦੇ ਦਾਦਾ ਜੀ ਹਨ।
ਇਹ ਕਿਸ ਦੇ ਦਾਦਾ ਜੀ ਹਨ ?

(1) ਇਹ ਮੋਹਨ ਦੇ ਪਿਤਾ ਜੀ ਹਨ।
(2) ਇਹ ਮੋਹਨ ਦੇ ਮਾਤਾ ਜੀ ਹਨ।
(3) ਉਹ ਰਾਮ ਦੇ ਨਾਨਾ ਜੀ ਹਨ।
(4) ਇਹ ਬਲਬੀਰ ਦੇ ਦਾਦੀ ਜੀ ਹਨ।
(5) ਉਹ ਮੇਰੀ ਸਹੇਲੀ ਦੇ ਮਾਤਾ ਜੀ ਹਨ।

B. EXERCISES

1. Change the following sentences into interrogative sentences.

(1) ਇਹ ਮੇਰੇ ਦੋਸਤ ਦਾ ਘਰ ਹੈ।
(2) ਇਹ ਮੇਰੇ ਦੋਸਤ ਦੇ ਦਾਦਾ ਜੀ ਹਨ।
(3) ਉਹ ਦੇ ਦਾਦਾ ਜੀ ਦਾ ਨਾਂ ਗੁਰਨਾਮ ਸਿੰਘ ਹੈ।
(4) ਇਹਦੇ ਪਿਤਾ ਜੀ ਦਾ ਨਾਂ ਸੋਹਨ ਸਿੰਘ ਹੈ।
(5) ਇਹ ਮੇਰਾ ਦੋਸਤ ਹੈ।
(6) ਮੇਰਾ ਨਾਂ ਭੂਸ਼ਨ ਹੈ।

2. Change the following sentences as per the model given below.

Model 1

ਇਹ ਤੇਰਾ ਘਰ ਹੈ।
ਇਹ ਤੁਹਾਡਾ ਘਰ ਹੈ।

(1) ਇਹ ਤੇਰਾ ਦੋਸਤ ਹੈ।
(2) ਇਹ ਤੇਰਾ ਕਮਰਾ ਹੈ।

Model 2

ਇਹ ਮੇਰਾ ਘਰ ਹੈ।
ਇਹ ਸਾਡਾ ਘਰ ਹੈ।

(1) ਇਹ ਮੇਰਾ ਦੋਸਤ ਹੈ।
(2) ਇਹ ਮੇਰਾ ਕਮਰਾ ਹੈ।

(3) ਇਹ ਤੇਰਾ ਮੰਜਾ ਹੈ ।
(4) ਇਹ ਤੇਰਾ ਪੋਤਾ ਹੈ ।

(3) ਇਹ ਮੇਰਾ ਪਿੰਡ ਹੈ ।
(4) ਇਹ ਮੇਰਾ ਭਰਾ ਹੈ ।

Model 3

ਕੀ ਤੂੰ ਰਾਮ ਲਾਲ ਦਾ ਪੋਤਾ ਹੈਂ ?
ਹਾਂ ਜੀ, ਮੈਂ ਰਾਮ ਲਾਲ ਜੀ ਦਾ ਪੋਤਾ ਹਾਂ ।
(1) ਕੀ ਤੂੰ ਰਾਮ ਲਾਲ ਦਾ ਦੋਸਤ ਹੈਂ ?
(2) ਕੀ ਤੂੰ ਰਾਮ ਲਾਲ ਦਾ ਭਰਾ ਹੈਂ ?
(3) ਕੀ ਤੂੰ ਸ਼ੀਲਾ ਦੇਵੀ ਦਾ ਪੋਤਾ ਹੈਂ ?
(4) ਕੀ ਤੂੰ ਸਰਲਾ ਦੀ ਸਹੇਲੀ ਹੈਂ ?

3. Write down the answers of the following questions.

(1) ਤੇਰੇ ਦਾਦਾ ਜੀ ਦਾ ਕੀਨਾਂ ਹੈ ?
(2) ਤੁਹਾਡੇ ਪਿਤਾ ਜੀ ਦਾ ਕੀ ਨਾਂ ਹੈ ?
(3) ਤੇਰੇ ਦੋਸਤ ਦਾ ਕੀ ਨਾਂ ਹੈ ?
(4) ਤੁਹਾਡੇ ਮਾਮਾ ਜੀ ਦਾ ਕੀ ਨਾਂ ਹੈ ?
(5) ਤੁਹਾਡੇ ਦੋਸਤ ਦੇ ਪਿਤਾ ਜੀ ਦਾ ਕੀ ਨਾਂ ਹੈ ?
(6) ਇਹ ਕਿਸ ਦਾ ਘਰ ਹੈ ?
(7) ਇਹ ਕੌਣ ਹੈ ?
(8) ਇਹ ਕੌਣ ਹਨ ?
(9) ਤੁਹਾਡੀ ਸਹੇਲੀ ਦਾ ਕੀ ਨਾਂ ਹੈ ?
(10) ਤੇਰੀ ਸਹੇਲੀ ਦੇ ਦਾਦਾ ਜੀ ਦਾ ਕੀ ਨਾਂ ਹੈ ?

C. VOCABULARY

ਨਾਨਾ	'mother's father'	ਵੀਰ	'brother'
ਨਾਨੀ	'mother's mother	ਬੀਬਾ	'a form to address girls'
ਮਾਮਾ	'mother's brother'	ਪੋਤੀ	'son's daughter'
ਮਾਮੀ	'mother's brother's wife'	ਪੋਤਾ	Son's son'
ਮਾਸੀ	mother's sister		

D. NOTES

1. ਬੀਬਾ is generally used to address young ladies affectionately.

UNIT III — Lesson 13

A Review Lesson

ਅਧਿਆਪਕ :	ਮੈਂ ਪੰਜਾਬੀ ਹਾਂ ।	I am a Punjabi.
	ਪੰਜਾਬੀ ਮੇਰੀ ਮਾਤ ਭਾਸ਼ਾ ਹੈ ।	Punjabi is my mother tongue.
	ਤੁਸੀਂ ਕੌਣ ਹੋ ?	Who are you ?
ਮਨੋਹਰ :	ਮੈਂ ਆਂਧਰ ਪਰਦੇਸੀ ਹਾਂ ।	I am an Andhra.
ਅਧਿਆਪਕ :	ਤੁਹਾਡੀ ਮਾਤ ਭਾਸ਼ਾ ਕੀ ਹੈ ?	What is your mother tongue?
ਮਨੋਹਰ :	ਮੇਰੀ ਮਾਤ ਭਾਸ਼ਾ ਤੈਲਗੂ ਹੈ ।	My mother tongue is Telugu.
ਅਧਿਆਪਕ :	ਤੁਸੀਂ ਕੌਣ ਹੋ ?	Who are you ?
ਸਿਨਹਾ :	ਮੈਂ ਅਸਾਮੀ ਹਾਂ ।	I am an Assami.
ਅਧਿਆਪਕ :	ਉਹ ਕੌਣ ਹੈ ?	Who is he ?
ਸਿਨਹਾ :	ਉਹ ਕਸ਼ਮੀਰੀ ਹੈ ।	He is a Kashmiri.
ਅਧਿਆਪਕ :	ਤੁਸੀਂ ਕੌਣ ਹੋ ?	Who are you ?
ਜਗਦੀਸ਼ :	ਮੈਂ ਉੱਤਰ ਪਰਦੇਸੀ ਹਾਂ ।	I am from Uttar Pradesh.
	ਹਿੰਦੀ ਮੇਰੀ ਮਾਤ ਭਾਸ਼ਾ ਹੈ ।	Hindi is my mother tongue.
ਅਧਿਆਪਕ :	ਤੁਹਾਡਾ ਸ਼ਹਿਰ ਕਿਹੜਾ ਹੈ ?	To which city do you belong?
ਜਗਦੀਸ਼ :	ਹਾਥਰਸ	Hathras.
ਅਧਿਆਪਕ :	ਅੱਛਾ, ਤੁਸੀਂ ਕਾਕਾ ਹਾਥਰਸੀ ਦੇ ਸ਼ਹਿਰ ਦੇ ਹੋ ।	Oh, I see you are from Kaka Hathrasi's city.
	ਉਹ ਕੌਣ ਹੈ ?	Who is he ?
ਜਗਦੀਸ਼ :	ਉਹ ਸੁਨਾਰਾ ਹੈ ।	He is a goldsmith.

ਅਧਿਆਪਕ : ਕੀ ਇਹ ਕਿਰਸਾਨ ਹਨ ?	Are they farmers ?
ਜਗਦੀਸ਼ : ਹਾਂ ਜੀ ਇਹ ਕਿਰਸਾਨ ਹਨ ।	Yes, they are farmers.
ਅਧਿਆਪਕ : ਕੀ ਇਹ ਲੁਹਾਰ ਹੈ ?	Is he a blacksmith ?
ਜਗਦੀਸ਼ : ਨਹੀਂ ਜੀ ਇਹ ਲੁਹਾਰ ਨਹੀਂ, ਇਹ ਤਰਖਾਣ ਹੈ ।	No, he is not a blacksmith, he is a carpenter,
ਅਧਿਆਪਕ : ਉਹ ਕੌਣ ਹੈ ?	Who is he ?
ਜਗਦੀਸ਼ : ਉਹ ਮੋਚੀ ਹੈ ।	He is cobbler.
ਅਧਿਆਪਕ : ਕੀ ਇਹ ਨਾਈ ਹੈ ।	Is he a barber ?
ਜਗਦੀਸ਼ : ਹਾਂ ਜੀ ਇਹ ਨਾਈ ਹੈ ।	Yes, he is a barber.
ਅਧਿਆਪਕ : ਕੀ ਇਹ ਲੁਹਾਰ ਹੈ ?	Is he a blacksmith?
ਜਗਦੀਸ਼ : ਨਹੀਂ ਜੀ ਇਹ ਲੁਹਾਰ ਨਹੀਂ, ਇਹ ਮਿਸਤਰੀ ਹੈ ।	No, he is not a blacksmith, he is a mason.

A. EXERCISES

1. Change the forms of the pronouns given in brackets appropriately and fill up the blanks.

Model 1

ਉਹ ਕਿਤਾਬ ਹੈ । (ਮੈਂ)
ਉਹ ਮੇਰੀ ਕਿਤਾਬ ਹੈ ।

(1) ਇਹ——ਘੜੀ ਹੈ । (ਤੁਸੀਂ)
(2) ਉਹ — —ਕਾਪੀਆਂ ਹਨ । (ਅਸੀਂ)
(3) ਉਹ——ਅਧਿਆਪਕ ਜੀ ਹਨ । (ਅਸੀਂ)
(4) ਉਹ——ਦੋਸਤ ਹੈ । (ਤੂੰ)
(5) ਇਹ——ਪਿੰਡ ਹੈ । (ਮੈਂ)
(6) ਉਹ—ਪਿਤਾ ਜੀ ਹਨ ? (ਤੁਸੀਂ)

2. Fill up the blanks with suitable words.

(1) ਇਹ ---ਮੰਜੇ ਹਨ ?
(2) ---ਤੁਹਾਡੇ ਦੋਸਤ ਹਾਂ ।
(3) ---ਪੰਜਾਬੀ ਹਾਂ ।
(4) ਤੁਸੀਂ --- ਹੋ ?
(5) ਉਹ--- ਅਧਿਆਪਕ ਜੀ ਹਨ ।
(6) ਤੂੰ ਆਂਧਰ ਪਰਦੇਸੀ--- ।
(7) ਉਹ ਘਰ --- ।
(8) ਉਹ--- ਕਿਤਾਬ ਹੈ ।

3. Change the Singular to plural of the following sentences as per the model given below.

Model 1

ਉਹ ਅਧਿਆਕ ਹੈ।
ਉਹ ਅਧਿਆਪਕ ਹਨ।

(1) ਉਹ ਆਂਧਰ ਪਰਦੇਸੀ ਹੈ।
(2) ਇਹ ਕਸ਼ਮੀਰੀ ਹੈ।
(3) ਤੂੰ ਪੰਜਾਬੀ ਹੈਂ।
(4) ਤੂੰ ਉਨ੍ਹਾਂ ਦਾ ਦੋਸ਼ਤ ਹੈਂ ?
(5) ਮੈਂ ਤੁਹਾਡਾ ਦੋਸਤ ਹਾਂ।
(6) ਮੈਂ ਉਨ੍ਹਾਂ ਦਾ ਵਿਦਿਆਰਥੀ ਹਾਂ। 2
(7) ਇਹ ਕਿਰਸਾਨ ਹੈ।
(8) ਇਹ ਪੱਖਾ ਹੈ।
(9) ਮੈਂ ਪੰਜਾਬੀ ਹਾਂ।
(10) ਇਹ ਮਿਸਤਰੀ ਹੈ।
(11) ਉਹ ਮੇਰਾ ਦੋਸਤ ਹੈ।
(12) ਇਹ ਰਾਮ ਦਾ ਭਰਾ ਹੈ।
(13) ਉਹ ਤੁਹਾਡੀ ਧੀ ਹੈ।
(14) ਉਹ ਤੇਰਾ ਪੁੱਤਰ ਹੈ।
(15) ਉਹ ਸਾਡਾ ਬਸਤਾ ਹੈ।
(16) ਇਹ ਸਾਡੀ ਘੜੀ ਹੈ।
(17) ਉਹ ਉਹਦਾ ਬੱਚਾ ਹੈ।
(18) ਇਹ ਇਨ੍ਹਾਂ ਦੀ ਕੁੜੀ ਹੈ।

4. Write answers to the folloing questions.

(1) ਤੁਹਾਡਾ ਕੀ ਨਾਂ ਹੈ ?
(2) ਤੁਹਾਡੇ ਪਿਤਾ ਜੀ ਦਾ ਕੀ ਨਾਂ ਹੈ ?
(3) ਤੁਹਾਡੇ ਭਰਾ ਦਾ ਕੀ ਨਾਂ ਹੈ ?
(4) ਤੁਹਾਡੀ ਭੈਣ ਦਾ ਕੀ ਨਾਂ ਹੈ ?
(5) ਤੁਹਾਡੇ ਮਾਤਾ ਜੀ ਦਾ ਕੀ ਨਾਂ ਹੈ ?
(6) ਤੁਹਾਡੇ ਬੱਚੇ ਦਾ ਕੀ ਨਾਂ ਹੈ ?
(7) ਤੁਹਾਡੀ ਕੁੜੀ ਦਾ ਕੀ ਨਾਂ ਹੈ ?
(8) ਕਿਸ ਦਾ ਨਾਂ ਕਮਲਾ ਹੈ ?
(9) ਇਹਦਾ ਕੀ ਨਾਂ ਹੈ ?
(10) ਉਨ੍ਹਾਂ ਦਾ ਕੀ ਨਾਂ ਹੈ ?
(11) ਮੇਰਾ ਕੀ ਨਾਂ ਹੈ ?
(12) ਇਹ ਇਸ ਦੀਆਂ ਕਾਪੀਆਂ ਹਨ ?
(13) ਇਹ ਕਿਸ ਦੀ ਕਲਮ ਹੈ ?
(14) ਇਹ ਕਿਸ ਦਾ ਕਮਰਾ ਹੈ ?
(15) ਉਹ ਕਿਸ ਦੇ ਦੋਸਤ ਹਨ ?

5. Use the following words into sentences.

ਪੀਂਘ, ਬਗ਼ੀਚਾ, ਭੈਣ, ਪਿੰਡ, ਮੰਜਾ, ਇੱਧਰ, ਦੋਸਤ, ਸਹੇਲੀ, ਭਰਾਵਾਂ, ਮੇਰਿਆਂ, ਮੇਰੇ, ਕਿੱਥੇ।

6. Write Punjabi equivalents of the following kinship terms.

daughter
son
brother
sister
father
mother
father's father
mother's father
sons' son
son's daughter

D. VOCABULARY

ਮਾਤ ਭਾਸ਼ਾ	'mother tongue'	ਆਂਧਰਾ ਪਰਦੇਸੀ	'of Andhra'
ਸ਼ਹਿਰ	'city'	ਲੁਹਾਰ	'blacksmith (s)'(m)
ਤੈਲਗੂ	'Telugu'	ਨਾਈ	'barber(s)' (m)
ਉੱਤਰ ਪਰਦੇਸੀ	'of Uttar Pradesh'	ਮਿਸਤਰੀ	'mason(s)' (m)
ਸੁਨਾਰਾ	'goldsmith (m)	ਹਿੰਦੀ	'Hindi'

UNIT IV

Lesson 14

He is a good child

1. ਇਹ ਕਾਲਾ ਘੋੜਾ ਹੈ।	This is a black horse.
ਇਹ ਵੱਡਾ ਕਮਰਾ ਹੈ।	This is a large room.
ਇਹ ਚੰਗਾ ਬੱਚਾ ਹੈ।	He is a good child.
ਉਹ ਸੁਹਣਾ ਘਰ ਹੈ।	That is a beautiful house.
ਉਹ ਲੰਮਾ ਆਦਮੀ ਹੈ।	He is a tall man.
ਉਹ ਹਰਾ ਪਰਦਾ ਹੈ।	That is a green curtain.
ਉਹ ਚਿੱਟਾ ਕੁੜਤਾ ਹੈ।	That is a white shirt.
2. ਇਹ ਚਾਰ ਕਾਲੇ ਘੋੜੇ ਹਨ।	These are four black horses.
ਇਹ ਦੋ ਵੱਡੇ ਕਮਰੇ ਹਨ।	These are two big rooms.
ਇਹ ਚੰਗੇ ਬੱਚੇ ਹਨ।	These are good children.
ਉਹ ਸੁਹਣੇ ਮੁੰਡੇ ਹਨ।	Those (they) are beautiful boy
ਉਹ ਤਿੰਨ ਹਰੇ ਪਰਦੇ ਹਨ।	Those are three green-curtain
ਉਹ ਪੰਜ ਚਿੱਟੇ ਕੁੜਤੇ ਹਨ।	Those are five white shirts.
3. ਇਹ ਕਾਲੀ ਘੋੜੀ ਹੈ।	This is a black mare.
ਇਹ ਵੱਡੀ ਕੁਰਸੀ ਹੈ।	This is a big chair.
ਇਹ ਚੰਗੀ ਕੁੜੀ ਹੈ।	She is a good girl.
ਇਹ ਛੋਟੀ ਕਿਤਾਬ ਹੈ।	This is a small book.
ਉਹ ਸੁਹਣੀ ਸਾੜ੍ਹੀ ਹੈ।	That is a beautiful sari.
ਉਹ ਹਰੀ ਕਮੀਜ਼ ਹੈ।	That is a green shirt.
ਉਹ ਚਿੱਟੀ ਪੱਗ ਹੈ।	That is a white turban.
4. ਇਹ ਕਾਲੀਆਂ ਘੋੜੀਆਂ ਹਨ।	These are black mares.
ਇਹ ਤਿੰਨ ਵੱਡੀਆਂ ਕੁਰਸੀਆਂ ਹਨ।	These are three big chairs.
ਇਹ ਚੰਗੀਆਂ ਕੁੜੀਆਂ ਹਨ।	These are good girls.
ਉਹ ਸੁਹਣੀਆਂ ਸਾੜ੍ਹੀਆਂ ਹਨ।	Those are beautiful saris.
ਉਹ ਹਰੀਆਂ ਕਮੀਜ਼ਾਂ ਹਨ।	Those are green shirts.
ਉਹ ਚਿੱਟੀਆਂ ਪੱਗਾਂ ਹਨ।	Those are white turbans.

5. ਇਹ ਲਾਲ ਕੁੜਤਾ ਹੈ।	This is a red shirt
ਇਹ ਮੂਰੱਖ ਬੱਚਾ ਹੈ।	He is a foolish child.
ਉਹ ਸੁੰਦਰ ਸਾੜ੍ਹੀ ਹੈ।	That is a beautiful sari.
ਇਹ ਗੁਲਾਬੀ ਕਮੀਜ਼ ਹੈ।	This is a pink shirt.
ਉਹ ਬੁਧੀਮਾਨ ਔਰਤ ਹੈ।	She is a wise lady.
ਇਹ ਸਾਊ ਬੰਦਾ ਹੈ।	He is a noble person.
ਉਹ ਲਾਲ ਕੁੜਤੇ ਹਨ।	Those are red shirts.
ਉਹ ਮੂਰਖ ਬੱਚੇ ਹਨ।	They are foolish children.
ਉਹ ਸੁੰਦਰ ਪੈਨਸਿਲਾਂ ਹਨ।	Those are beautiful pencils.
ਇਹ ਗੁਲਾਬੀ ਕਮੀਜ਼ਾਂ ਹਨ।	These are pink shirts.
ਉਹ ਬੁਧੀਮਾਨ ਔਰਤਾਂ ਹਨ।	They are wise ladies.
ਇਹ ਸਾਊ ਬੰਦੇ ਹਨ।	They are noble persons.

A. DRILLS

1. Repetition Drill

ਇਹ ਕਾਲਾ ਘੋੜਾ ਹੈ।	ਇਹ ਚਿੱਟਾ ਕੁੜਤਾ ਹੈ।
ਇਹ ਕਾਲੀ ਘੋੜੀ ਹੈ।	ਇਹ ਚਿੱਟੇ ਕੁੜਤੇ ਹਨ।
ਉਹ ਕਾਲੇ ਘੋੜੇ ਹਨ।	ਉਹ ਚਿੱਟੀ ਸਾੜ੍ਹੀ ਹੈ।
ਉਹ ਕਾਲੀਆਂ ਘੋੜੀਆਂ ਹਨ।	ਉਹ ਚਿੱਟੀਆਂ ਸਾੜ੍ਹੀਆਂ ਹਨ।
ਇਹ ਲਾਲ ਕਮੀਜ਼ ਹੈ।	ਇਹ ਲਾਲ ਕਮੀਜ਼ਾਂ ਹਨ।
ਉਹ ਗੁਲਾਬੀ ਸਾੜ੍ਹੀ ਹੈ।	ਉਹ ਗੁਲਾਬੀ ਸਾੜ੍ਹੀਆਂ ਹਨ।
ਉਹ ਮੂਰਖ ਬੱਚਾ ਹੈ।	ਉਹ ਮੂਰਖ ਬੱਚੇ ਹਨ।

2. Substitution Drill

Model 1

ਇਹ ਚਿੱਟਾ ਘੋੜਾ ਹੈ। (ਸੁਹਣਾ)
ਇਹ ਸੁਹਣਾ ਘੋੜਾ ਹੈ।
(ਚੰਗਾ)
(ਸੁੰਦਰ)
(ਕਾਲਾ)

Model 2

ਇਹ ਚਿੱਟੀ ਸਾੜ੍ਹੀ ਹੈ। (ਹਰੀ)
ਇਹ ਹਰੀ ਸਾੜ੍ਹੀ ਹੈ।
(ਚੰਗੀ)
(ਸੁੰਦਰ)
(ਲਾਲ)

3. Transformation Drill

Model 1

ਇਹ ਕਾਲਾ ਘੋੜਾ ਹੈ।
ਇਹ ਕਾਲੇ ਘੋੜੇ ਹਨ।

Model 2

ਇਹ ਕਾਲੀ ਘੋੜੀ ਹੈ।
ਇਹ ਕਾਲੀਆਂ ਘੋੜੀਆਂ ਹਨ।

(1) ਇਹ ਚੰਗਾ ਆਦਮੀ ਹੈ।
(2) ਇਹ ਹਰਾ ਪਰਦਾ ਹੈ।
(3) ਉਹ ਵੱਡਾ ਕਮਰਾ ਹੈ।
(4) ਉਹ ਸੁਹਣਾ ਮੁੰਡਾ ਹੈ।

(1) ਇਹ ਚਿੱਟੀ ਸਾੜ੍ਹੀ ਹੈ।
(2) ਇਹ ਹਰੀ ਪੱਗ ਹੈ।
(3) ਉਹ ਚੰਗੀ ਕੁੜੀ ਹੈ।
(4) ਉਹ ਸੁਹਣੀ ਬੱਚੀ ਹੈ।

B. EXERCISES

1. Change the form of the words given in brackets appropriately and fill up the blanks.

(1) ਇਹ.....ਘੋੜਾ ਹੈ। (ਕਾਲਾ)
(2) ਉਹ.....ਮੁੰਡੇ ਹਨ। (ਚੰਗਾ)
(3) ਉਹ.....ਕੁੜੀਆਂ ਹਨ। (ਸੁਹਣਾ)
(4) ਉਹ.....ਸਾੜ੍ਹੀ ਹੈ (ਹਰਾ)
(5) ਇਹ.....ਬੱਚੀ ਹੈ। (ਮੂਰਖ)
(6) ਇਹ.....ਪੱਗ ਹੈ। (ਚਿੱਟਾ)
(7) ਉਹ.....ਆਦਮੀ ਹਨ। (ਬੁੱਧੀਮਾਨ)
(8) ਇਹ..... ਕਮੀਜ਼ ਹੈ। (ਲਾਲ)

2. Change the following sentences from singular to plural as per the model given below.

Model 1

ਉਹ ਚੰਗਾ ਮੁੰਡਾ ਹੈ।
ਉਹ ਚੰਗੇ ਮੁੰਡੇ ਹਨ।

(1) ਉਹ ਸੁਹਣੀ ਕੁੜੀ ਹੈ।
(2) ਉਹ ਹਰੀ ਕਮੀਜ਼ ਹੈ।
(3) ਇਹ ਚਿੱਟੀ ਸਾੜ੍ਹੀ ਹੈ।
(4) ਉਹ ਹਰਾ ਪਰਦਾ ਹੈ।
(5) ਇਹ ਸੁਹਣਾ ਕੁੜਤਾ ਹੈ।
(6) ਉਹ ਕਾਲਾ ਘੋੜਾ ਹੈ।

Model 2

ਉਹ ਮੂਰਖ ਬੱਚਾ ਹੈ।
ਉਹ ਮੂਰਖ ਬੱਚੇ ਹਨ।

(1) ਉਹ ਸੁੰਦਰ ਪੈਨਸਿਲ ਹੈ।
(2) ਇਹ ਲਾਲ ਕਮੀਜ਼ ਹੈ।
(3) ਇਹ ਬੁਧੀਮਾਨ ਅਧਿਆਪਕ ਹੈ।
(4) ਇਹ ਲਾਲ ਸਾੜ੍ਹੀ ਹੈ।
(5) ਇਹ ਸੁੰਦਰ ਘੋੜਾ ਹੈ।
(6) ਉਹ ਬੁਧੀਮਾਨ ਮੁੰਡਾ ਹੈ।

3. Change mesculine to feminine of the following sentences as per the model given below.

Model 1

ਇਹ ਕਾਲਾ ਘੋੜਾ ਹੈ।
ਇਹ ਕਾਲੀ ਘੋੜੀ ਹੈ।

(1) ਉਹ ਛੋਟਾ ਬੱਚਾ ਹੈ।
(2) ਉਹ ਚੰਗਾ ਮੁੰਡਾ ਹੈ।

4. Write down the answers of the following questions :

(1) ਇਹ ਕਿਸਦਾ ਘੋੜਾ ਹੈ ?
(2) ਇਹ ਕਿਸ ਦੀ ਕਮੀਜ਼ ਹੈ ?
(3) ਇਹ ਕਿਸ ਦੇ ਬੱਚੇ ਹਨ ?
(4) ਉਹ ਕਿਸ ਦੀਆਂ ਸਾੜ੍ਹੀਆਂ ਹਨ ?
(5) ਕੀ ਇਹ ਤੁਹਾਡਾ ਘੋੜਾ ਹੈ ?
(6) ਕੀ ਇਹ ਤੁਹਾਡੀ ਪੈਨਸਿਲ ਹੈ ?
(7) ਉਹ ਕਿਸ ਦੀਆਂ ਪੈਨਸਿਲਾਂ ਹਨ ?
(8) ਇਹ ਕਿਸ ਦੀ ਕਿਤਾਬ ਹੈ ?
(9) ਇਹ ਕਿਸ ਦੇ ਪਰਦੇ ਹਨ ?
(10) ਇਹ ਕਿਸ ਦੀਆਂ ਪੱਗਾਂ ਹਨ ?
(11) ਕੀ ਉਹ ਮੂਰਖ ਬੱਚਾ ਹੈ ?
(12) ਕੀ ਉਹ ਤੁਹਾਡਾ ਮੁੰਡਾ ਹੈ ?

C. VOCABULARY

ਕਾਲਾ	(adj. m.)	'black'	ਲੰਮਾ	(adj.m.)	'tall'
ਵੱਡਾ	(adj. m.)	'large, big, elder'	ਪਰਦਾ	(m.)	'curtain'
ਸੁਹਣਾ	(adj. m.)	'good'	ਚਿੱਟਾ	(adj. m.)	'white'
ਹਰਾ	(adj. m.)	'green'	ਦੋ		'two'
ਕੁੜਤਾ		'a shirt' (m)	ਪੰਜ		'five'
ਚਾਰ		'four'	ਪੱਗ	(f)	'turban'
ਤਿੰਨ		'three'	ਲਾਲ	(adj.)	'red'
ਛੋਟੀ		'small, short'	ਮੂਰਖ	(adj.)	'foolish'
ਸੁੰਦਰ	(adj.)	'beautiful'	ਬੁੱਧੀਮਾਨ	(adj.)	'wise'
ਔਰਤ		'woman'	ਗੁਲਾਬੀ	(adj.)	'pink'
ਘੋੜੀ		'mare'	ਸਾਊ	(adj.)	'noble'
ਚੰਗਾ	(adj.-m)	'good'	ਬੰਦਾ	(m)	'person'

D. NOTES

Adjectives

In this lesson adjectives have been introduced. Adjectives can be divided into two classes.

Class I. /a/ ending adjectives indicate mesculine gender. This class of adjectives agrees in number and gender with the following noun.

ਕਾਲਾ 'black'

	Sg.	Pl.
Masculine	ਕਾਲਾ ਘੋੜਾ	ਕਾਲੇ ਘੋੜੇ
Feminine	ਕਾਲੀ ਕਮੀਜ਼	ਕਾਲੀਆਂ ਕਮੀਜ਼ਾਂ

Class II. Adjectives other than those ending in /a/ fall under class II. They do not have gender and number markers. This category of adjectives remain the same.

ਲਾਲ 'red'

	Sg.	Pl.
Masculine	ਲਾਲ ਕੁੜਤਾ	ਲਾਲ ਕੁੜਤੇ
Feminine	ਮੂਰਖ ਬੱਚੀ	ਮੂਰਖ ਬੱਚੀਆਂ
	ਲਾਲ ਕਮੀਜ਼	ਲਾਲ ਕਮੀਜ਼ਾਂ

Adjectives normally precede the nouns they qualify.

ਉਹ ਚੰਗਾ ਮੁੰਡਾ ਹੈ। 'He is a good boy'
ਇਹ ਚੰਗਾ ਮੁੰਡਾ ਹੈ। 'This is a good boy'

In case an adjective is used in a predicative position, it follows the noun.

ਇਹ ਮੰਡਾ ਚੰਗਾ ਹੈ। 'This boy is good'

UNIT IV **Lesson 15**

How many chairs are these ?

ਅਧਿਆਪਕ :	ਇਹ ਇਕ ਕੁਰਸੀ ਹੈ।	This is a chair.
	ਉਹ ਦੋ ਕੁਰਸੀਆਂ ਹਨ।	Those are two chairs.
	ਇਹ ਕੁੱਲ ਕਿੰਨੀਆਂ ਕੁਰਸੀਆਂ ਹਨ ?	How many chairs are these in total ?
ਰੋਸ਼ਨ :	ਇਹ ਤਿੰਨ ਕੁਰਸੀਆਂ ਹਨ।	These are three chairs.
ਅਧਿਆਪਕ :	ਇਹ ਇੱਕ ਪੈਨਸਿਲ ਹੈ।	This is a pencil.
	ਉਹ ਤਿੰਨ ਪੈਨਸਿਲਾਂ ਹਨ।	Those are three pencils.
	ਇਹ ਕੁੱਲ ਕਿੰਨੀਆਂ ਪੈਨਸਿਲਾਂ ਹਨ ?	How many pencils are these in total ?
ਰੋਸ਼ਨ :	ਇਹ ਚਾਰ ਪੈਨਸਿਲਾਂ ਹਨ ।	These are four pencils.
ਅਧਿਆਪਕ :	ਤੁਹਾਡੇ ਕਮਰੇ ਵਿੱਚ ਦੱਸ ਵਿਦਿਆਰਥੀ ਹਨ।	There are ten students in your room.
	ਤੁਹਾਡੇ ਕਮਰੇ ਵਿਚ ਕਿੰਨੇ ਵਿਦਿਆਰਥੀ ਹਨ ?	How many students are there in your room ?
ਰੋਸ਼ਨ :	ਸਾਡੇ ਕਮਰੇ ਵਿੱਚ ਦੱਸ ਵਿਦਿਆਰਥੀ ਹਨ।	There are ten students in our room.
ਅਧਿਆਪਕ :	ਤੁਹਾਡੇ ਕਮਰੇ ਵਿਚ ਕਿਨੀਆਂ ਬਾਰੀਆਂ ਹਨ ?	How many windows are there in your room ?
ਰੋਸ਼ਨ :	ਸਾਡੇ ਕਮਰੇ ਵਿੱਚ ਪੰਜ ਬਾਰੀਆਂ ਹਨ।	There are five windows in our room.
ਅਧਿਆਪਕ :	ਤੁਹਾਡੇ ਕਮਰੇ ਵਿੱਚ ਕਿੰਨੇ ਪੱਖੇ ਹਨ ?	How many fans are there in your room ?

ਰੌਸ਼ਨ	: ਸਾਡੇ ਕਮਰੇ ਵਿੱਚ ਇੱਕ ਪੱਖਾ ਹੈ।	There is one fan in our room.
ਅਧਿਆਪਕ	: ਇਹ ਕਿੰਨੀਆਂ ਕਿਤਾਬਾਂ ਹਨ ?	How many books are there ?
ਰੌਸ਼ਨ	: ਇਹ ਛੇ ਕਿਤਾਬਾਂ ਹਨ।	These are six books.
ਅਧਿਆਪਕ	: ਇਹ ਕਿੰਨੇ ਪੈਨ ਹਨ ?	How many pens are there ?
ਰਸ਼ਨ	: ਇਹ ਸੱਤ ਪੈਨ ਹਨ।	These are seven pens.
ਅਧਿਆਪਕ	: ਇਹ ਕਿੰਨੀਆਂ ਕਾਪੀਆਂ ਹਨ ?	How many note books are these ?
ਰੌਸ਼ਨ	: ਇਹ ਅੱਠ ਕਾਪੀਆਂ ਹਨ।	These are eight note books.
ਅਧਿਆਪਕ	: ਇਹ ਕਿੰਨੀਆਂ ਕਾਪੀਆਂ ਹਨ ?	How many note books are these ?
ਰੌਸ਼ਨ	: ਇਹ ਇਕ ਕਾਪੀ ਹੈ ।	This is a note book.
ਅਧਿਆਪਕ	: ਇਹ ਕੁੱਲ ਕਿੰਨੀਆਂ ਕਾਪੀਆਂ ਹਨ ?	How many note books are these in total ?
ਰੌਸ਼ਨ	: ਇਹ ਕੁੱਲ ਨੌਂ ਕਾਪੀਆਂ ਹਨ ।	In total these are nine note books ?

A. DRILLS

1. Repetition Drill

ਇਹ ਕਿੰਨੇ ਵਿਦਿਆਰਥੀ ਹਨ ?
ਤੁਹਾਡੇ ਕਮਰੇ ਵਿਚ ਕਿੰਨੀਆਂ ਕੁਰਸੀਆਂ ਹਨ ?
ਤੁਹਾਡੇ ਕਮਰੇ ਵਿੱਚ ਕਿੰਨੇ ਪੱਖੇ ਹਨ।
ਇਹ ਕੁੱਲ ਕਿੰਨੀਆਂ ਪੈਨਸਿਲਾਂ ਹਨ ?
ਸਾਡੇ ਕਮਰੇ ਵਿੱਚ ਇੱਕ ਪੱਖਾ ਹੈ ।
ਇਹ ਕੁੱਲ ਨੌਂ ਕਾਪੀਆਂ ਹਨ ।

2. Substitution Drill

1 ਇਹ ਪੰਜ ਕੰਧਾਂ ਹਨ। (ਪੰਜ ਕੰਧਾਂ)
(ਤਿੰਨ ਕੁਰਸੀਆਂ)
(ਦੋ ਬਰੀਆਂ)
(ਚਾਰ ਪੈਨਸਿਲਾਂ)

2 ਇਹ ਦੋ ਬਸਤੇ ਹਨ। (ਦੋ ਬਸਤੇ)
(ਚਾਰ ਬੂਹੇ)
(ਪੰਜ ਕਮਰੇ)
(ਦੋ ਪੱਖੇ)

3. Build up and Expansion Drill.

1 ਕੁਰਸੀ
ਇੱਕ ਕੁਰਸੀ
ਇੱਕ ਕੁਰਸੀ ਹੈ।
ਇਹ ਇੱਕ ਕੁਰਸੀ ਹੈ।

2 ਪੱਖਾ
ਦੋ ਪੱਖੇ
ਦੋ ਪੱਖੇ ਹਨ।
ਕੁੱਲ ਦੋ ਪੱਖੇ ਹਨ।
ਇਹ ਕੁੱਲ ਦੋ ਪੱਖੇ ਹਨ।

3. ਕਿਤਾਬਾਂ
ਕਿੰਨੀਆਂ ਕਿਤਾਬਾਂ
ਕਿੰਨੀਆਂ ਕਿਤਾਬਾਂ ਹਨ ?
ਕੁੱਲ ਕਿੰਨੀਆਂ ਕਿਤਾਬਾਂ ਹਨ ?
ਇਹ ਕੁੱਲ ਕਿੰਨੀਆਂ ਕਿਤਾਬਾਂ ਹਨ ?

4. Response Drill

Model 1

ਇਹ ਕਿੰਨੀਆਂ ਕੁਰਸੀਆਂ ਹਨ ? (ਤਿੰਨ)
ਇਹ ਤਿੰਨ ਕੁਰਸੀਆਂ ਹਨ।

(1) ਉਹ ਕਿੰਨੇ ਬੂਹੇ ਹਨ ? (ਤਿੰਨ)
(2) ਇਹ ਕਿੰਨੀਆਂ ਕੰਧਾਂ ਹਨ ? (ਚਾਰ)
(3) ਉਹ ਕਿੰਨੀਆਂ ਕੁਰਸੀਆਂ ਹਨ ? (ਇੱਕ)
(4) ਇਹ ਕਿੰਨੇ ਵਿਦਿਆਰਥੀ ਹਨ। (ਪੰਜ)
(5) ਇਹ ਕਿੰਨੀਆਂ ਕਿਤਾਬਾਂ ਹਨ ? (ਛੇ)
(6) ਇਹ ਕਿੰਨੇ ਪੈਨ ਹਨ ? (ਸੱਤ)
(7) ਇਹ ਕਿੰਨੇ ਬਸਤੇ ਹਨ ? (ਅੱਠ)
(8) ਇਹ ਕਿੰਨੀਆਂ ਬਾਰੀਆਂ ਹਨ ? (ਨੌਂ)

5. Transformation Drill

Model 1

ਉਹ ਇੱਕ ਬੂਹਾ ਹੈ।
ਉਹ ਕਿੰਨੇ ਬੂਹੇ ਹਨ ?

(1) ਇਹ ਚਾਰ ਪੈਨ ਹਨ।
(2) ਇਹ ਤਿੰਨ ਪੱਖੇ ਹਨ।
(3) ਇਹ ਦੋ ਬੱਚੇ ਹਨ।

Model 2

ਉਹ ਦੋ ਕੁਰਸੀਆਂ ਹਨ।
ਉਹ ਕਿੰਨੀਆਂ ਕੁਰਸੀਆਂ ਹਨ ?

(1) ਉਹ ਚਾਰ ਕਮੀਜ਼ਾਂ ਹਨ।
(2) ਉਹ ਇੱਕ ਕੰਧ ਹੈ।
(3) ਉਹ ਤਿੰਨ ਬਾਰੀਆਂ ਹਨ।

B. EXERCISES

1. Change the following sentences from Singular to plural.

(1) ਇਹ ਬਾਰੀ ਹੈ।
(2) ਇਹ ਪੱਖਾ ਹੈ।
(3) ਇਹ ਬਸਤਾ ਹੈ।
(4) ਇਹ ਕੰਧ ਹੈ।
(5) ਇਹ ਰੁੱਖ ਹੈ।
(6) ਇਹ ਵੁੱਲ ਹੈ।
(7) ਇਹ ਅੱਖ ਹੈ।
(8) ਇਹ ਕੁਰਸੀ ਹੈ।

2. Write the plural forms of the following words and use them into your own sentences.

ਪੱਖਾ
ਅੱਖ
ਬਾਰੀ
ਕਮੀਜ਼
ਹੱਥ
ਕੰਨ
ਬੂਹਾ

3. Form at least 12 sentences from the following table making necessary changes in the nouns given in the third column.

ਇਹ	ਇੱਕ ਦੋ ਕਿੰਨੇ ਪੰਜ ਕਿੰਨੀਆਂ	ਕੁਰਸੀ ਬਾਰੀ ਕਮਰਾ ਬੂਹਾ ਕੰਧ	ਹੈ ਹਨ

4. Complete the following sentences as per model given below.

Model 1 ਦੋ + ਤਿੰਨ = ਪੰਜ

(1) ਪੰਜ + ਚਾਰ =
(2) ਤਿੰਨ + ਤਿੰਨ =
(3) ਚਾਰ + ਛੇ =
(4) ਤਿੰਨ + ਚਾਰ =
(5) ਛੇ + ਦੋ =
(6) ਇੱਕ + ਇੱਕ =
(7) ਇੱਕ + ਦੋ =

C. VOCABULARY

ਇੱਕ	'one'	ਅੱਠ	'eight'
ਦੋ	two'	ਨੌਂ	'nine'
ਤਿੰਨ	'three'	ਦੱਸ	'ten'
		ਪੈਨ	'pen (s)' (m)
ਚਾਰ	'four'	ਕੁੱਲ	'in total'
ਪੰਜ	'five'	ਕਿੰਨੇ	'how many' (m)
ਛੇ	'six'	ਕਿੰਨੀਆਂ	'how many' (f)
ਸੱਤ	'seven'	ਵਿੱਚ	'in'

D. NOTES

In this lesson numerals from 1 to 10 have been introduced.

Interrogative particles ਕਿੰਨੇ/ਕਿੰਨੀਆਂ 'how many' have been introduced.

/ਕਿੰਨੇ/ indicate the masculine nouns and /ਕਿੰਨੀਆਂ/ indicates feminine nouns.

ਇੱਥੇ ਕਿੰਨੇ ਵਿਦਿਆਰਥੀ ਹਨ ? How many students are here ?
ਇੱਥੇ ਕਿੰਨੀਆਂ ਕੁਰਸੀਆਂ ਹਨ ? How many chairs are here ?

(ਕੁੱਲ) 'in total' has no gender distinction.

ਇਹ ਕੁੱਲ ਚਾਰ ਕੁਰਸੀਆਂ ਹਨ।	These are four chairs in total.
ਇਹ ਕੁੱਲ ਚਾਰ ਵਿਦਿਆਰਥੀ ਹਨ।	These are four students in total.

Possessive pronouns are used in oblique case followed by a post position. It has an agreement with the noun in gender, number and case.

ਤੁਹਾਡੇ ਕਮਰੇ ਵਿੱਚ	'In your room'
ਤੁਹਾਡੇ ਕਮਰਿਆਂ ਵਿਚ	'in your rooms'

Nouns ending in —a are inflected for oblique case when followed by a post position as follows :

Masc. Sg. oblique case	Masc. Pl. oblique case
ਕਮਰੇ ਵਿਚ	ਕਮਰਿਆਂ ਵਿੱਚ

Nouns ending in other than —a

ਹੱਥ ਵਿੱਚ	ਹੱਥਾਂ ਵਿੱਚ

—ਆਂ suffix changes to —ਵਾਂ after – ਆਂ ending words

ਭਰਾ ਦਾ	ਭਰਾਵਾਂ ਦਾ

See Notes in Lesson : 9

Post position ਵਿੱਚ 'in' has been used in this lesson.

UNIT IV — Lesson 16

Birth day

ਰਵਿੰਦਰ : ਗੁਰਨਾਮ, ਤੇਰਾ ਜਨਮ ਦਿਨ ਕਦੋਂ ਹੈ ? ਮੇਰਾ ਜਨਮ ਦਿਨ ਸੱਤ ਨੂੰ ਹੈ। ਇਹ ਮੇਰੇ ਜਨਮ ਦਿਨ ਦਾ ਸੂਟ ਹੈ। ਚੰਗਾ ਹੈ ਨਾਂ ?	When is your birth day ? Gurnam ? My birth day is on seventh. This is my suit for my birthday. Is it good ?
ਗੁਰਨਾਮ : ਬਹੁਤ ਅੱਛਾ ਹੈ ਪਰ ਮੇਰਾ ਜਨਮ ਦਿਨ ਤਾਂ ਬਹੁਤ ਦੂਰ ਹੈ। ਕਿਹੜਾ ਦਿਨ ਹੈ ਸੱਤ ਤਰੀਕ ਨੂੰ।	It is very good, but my birth day is very far. Which day is on the seventh ?
ਰਵਿੰਦਰ : ਮੰਗਲਵਾਰ	Tuesday.
ਗੁਰਨਾਮ : ਅੱਜ ਐਤਵਾਰ ਹੈ ਕਲ੍ਹ ਸੋਮਵਾਰ ਤੇ ਪਰਸੋਂ ਮੰਗਲਵਾਰ ਹੈ। ਤਦ ਤੇਰਾ ਜਨਮ ਦਿਨ ਪਰਸੋਂ ਹੈ ?	Today is Sunday, tomorrow is Monday and day after tomorrow is Tuesday. Then your birthday is on day after tomorrow ?
ਰਵਿੰਦਰ : ਗੁਰਨਾਮ, ਤੇਰਾ ਜਨਮ ਦਿਨ ਦੂਰ ਹੈ ਪਰ ਮਹੀਨਾ ਤੇ ਤਰੀਕ ਕੀ ਹੈ ?	Gurnam, your birthday is far off but what is the date and the month ?
ਗੁਰਨਾਮ : ਮੇਰਾ ਜਨਮ ਦਿਨ ਅਗਸਤ ਦੀ ਪੰਜ ਤਰੀਕ ਨੂੰ ਹੈ। ਪਰ ਮੇਰੀ ਭੈਣ ਦਾ ਜਨਮ ਦਿਨ ਤੇਰੇ ਜਨਮ ਦਿਨ ਤੋਂ ਅਗਲੇ ਦਿਨ ਹੈ।	My birthday is on the fifth of August. But my sister's birth day is on the next day of your birth day.
ਰਵਿੰਦਰ : ਅੱਛਾ, ਕੀ ਉਹ ਬੁੱਧਵਾਰ ਹੈ ?	I see. Is that on Wednesday ?
ਗੁਰਨਾਮ : ਹਾਂ, ਜੀ, ਇਸ ਮਹੀਨੇ ਦੀ ਅੱਠ ਨੂੰ। ਪਰ ਤੇਰੇ ਭਰਾ ਦਾ ਜਨਮ ਦਿਨ ਕਦੋਂ ਹੈ ?	Yes, on the eighth of this month. When is your brother's birthday ?
ਰਵਿੰਦਰ : ਮੇਰੇ ਭਰਾ ਦਾ ਜਨਮ ਦਿਨ ਤਾਂ ਕੱਲ੍ਹ ਸੀ।	My brother's birthday was yesterday.

ਗੁਰਨਾਮ : ਤੇਰੇ ਭਰਾ ਦਾ ਜਨਮ ਦਿਨ ਕੱਲ੍ਹ ਸੀ ਤਾਂ ਮਠਿਆਈ ਕਿੱਥੇ ਹੈ ?	If your brother's birthday was on Yesterday, then where are the sweets ?
ਰਵਿੰਦਰ : ਆਹ ਵੇਖ !	Here are these !
ਗੁਰਨਾਮ : ਬਹੁਤ ਅੱਛੀ ਮਠਿਆਈ ਹੈ ! ਕੀ ਪੂਨਮ ਦਾ ਜਨਮ ਦਿਨ ਵੀਰਵਾਰ ਹੈ ?	Very good sweets. Is Puam's birthday on Thursday ?
ਰਵਿੰਦਰ : ਨਹੀਂ ਪੂਨਮ ਦਾ ਜਨਮ ਦਿਨ ਸ਼ੁਕਰਵਾਰ ਹੈ। ਉਸ ਦਿਨ ਛੁੱਟੀ ਹੈ। ਸ਼ਨੀਚਰ ਵਾਰ ਪਾਰਟੀ ਹੈ ਪੂਨਮ ਦੇ ਜਨਮ ਦਿਨ ਦੀ ।	No, Punam's birthday is on Friday. That day is a holiday. Punam's birthday party is on Saturday.

Numerals from 11 to 20

ਗਿਆਰਾਂ/ਯਾਰਾਂ	'eleven'	ਸੋਲਾਂ	'sixteen'
ਬਾਰਾਂ	'twelve'	ਸਤਾਰਾਂ	'seventeen'
ਤੇਰਾਂ	'thirteen'	ਅਠਾਰਾਂ	'eighteen'
ਚੌਦਾਂ	'fourteen'	ਉੱਨੀਂ	'nineteen'
ਪੰਦਰਾਂ	'fifteen'	ਵੀਹ	'twenty'

A. DRILLS

1 Repetition Drill

ਅੱਜ ਕਿਹੜਾ ਦਿਨ ਹੈ।
ਅੱਜ ਮੰਗਲਵਾਰ ਹੈ।
ਕੱਲ੍ਹ ਸੋਮਵਾਰ ਸੀ।
ਪਰਸੋਂ ਐਤਵਾਰ ਸੀ।

ਅੱਜ ਦੋ ਤਰੀਕ ਹੈ।
ਕੱਲ੍ਹ ਤਿੰਨ ਤਰੀਕ ਹੈ।
ਪਰਸੋਂ ਚਾਰ ਤਰੀਕ ਹੈ।

2 Build up and Expansion Drill

1 ਜਨਮ ਦਿਨ
ਰਵਿੰਦਰ ਦਾ ਜਨਮ ਦਿਨ।
ਰਵਿੰਦਰ ਦਾ ਜਨਮ ਦਿਨ ਹੈ।
ਰਵਿੰਦਰ ਦਾ ਜਨਮ ਦਿਨ ਸੱਤ ਤਰੀਕ ਨੂੰ ਹੈ।

2 ਕਦੋਂ
ਕਦੋਂ ਹੈ ?
ਜਨਮ ਦਿਨ ਕਦੋਂ ਹੈ ?
ਤੇਰਾ ਜਨਮ ਦਿਨ ਕਦੋਂ ਹੈ ?

3 ਪੰਜ ਤਰੀਕ
ਪੰਜ ਤਰੀਕ ਨੂੰ
ਅਗਸਤ ਦੀ ਪੰਜ ਤਰੀਕ ਨੂੰ।
ਅਗਸਤ ਦੀ ਪੰਜ ਤਰੀਕ ਨੂੰ ਹੈ।
ਮੇਰਾ ਜਨਮ ਦਿਨ ਅਗਸਤ ਦੀ ਪੰਜ ਤਰੀਕ ਨੂੰ ਹੈ

3. Substitution Drill

Model 1

ਅੱਜ ਚਾਰ ਤਰੀਕ ਹੈ। (ਛੇ)
ਅੱਜ ਛੇ ਤਰੀਕ ਹੈ।

(ਨੌ)
(ਪੰਜ)
(ਅੱਠ)
(ਤਿੰਨ)
(ਸੱਤ)

Model 2

ਅੱਜ ਸੋਮਵਾਰ ਹੈ। (ਮੰਗਲਵਾਰ)
ਅੱਜ ਮੰਗਲਵਾਰ ਹੈ।

(ਬੁੱਧਵਾਰ)
(ਵੀਰਵਾਰ)
(ਸ਼ੁਕਰਵਾਰ)
(ਸ਼ਨਿੱਚਰਵਾਰ)
(ਐਤਵਾਰ)

4. Response Drill

Model 1

ਤੇਰੇ ਪੈਨ ਕਿਹੜੇ ਹਨ ?
ਇਹ ਮੇਰੇ ਪੈਂਨ ਹਨ।

(1) ਬਲਬੀਰ ਦੇ ਪੈਨ ਕਿਹੜੇ ਹਨ ?
(2) ਗੁਰਨਾਮ ਦੇ ਪੱਖੇ ਕਿਹੜੇ ਹਨ ?
(3) ਸਾਡੇ ਪੈਨ ਕਿਹੜੇ ਹਨ ?

Model 2

ਬਲਬੀਰ ਦੀਆਂ ਪੈਨਸਿਲਾਂ ਕਿਹੜੀਆਂ ਹਨ।
ਉਹ ਬਲਬੀਰ ਦੀਆਂ ਪੈਨਸਿਲਾਂ ਹਨ।

(1) ਗੁਰਨਾਮ ਦੀਆਂ ਕੁਰਸੀਆਂ ਕਿਹੜੀਆਂ ਹਨ ?
(2) ਤੁਹਾਡੀਆਂ ਘੜੀਆਂ ਕਿਹੜੀਆਂ ਹਨ ?
(3) ਉਹਦੀਆਂ ਕਿਤਾਬਾਂ ਕਿਹੜੀਆਂ ਹਨ ?

B. EXERCISES

1. Write answers to the following questions.

(1) ਅੱਜ ਕਿਹੜੀ ਤਰੀਕ ਹੈ ?
(2) ਪਰਸੋਂ ਕਿਹੜੀ ਤਰੀਕ ਸੀ ?
(3) ਮੇਰਾ ਜਨਮ ਦਿਨ ਬੁੱਧਵਾਰ ਨੂੰ ਹੈ, ਮੇਰੇ ਜਨਮ ਦਿਨ ਦੇ ਅਗਲੇ ਦਿਨ ਕੀ ਵਾਰ ਹੈ ?
(4) ਕੱਲ੍ਹ ਕੀ ਵਾਰ ਹੈ ?
(5) ਕੱਲ੍ਹ ਕੀ ਵਾਰ ਸੀ ?

2. Change the form of the words given in brackets appropriately and fill up the blanks.

(1) ਪਰਸੋਂ.....(ਕਿਹੜਾ) ਦਿਨ ਸੀ ?
(2) ਕੱਲ੍ਹ.....(ਕਿਹੜੀ) ਤਰੀਕ ਸੀ ?
(3) ਕੱਲ੍ਹ.....(ਕਿਹੜਾ) ਵਾਰ ਹੈ ?
(4) ਮੰਗਲਵਾਰ.....(ਕਿਹੜੀ) ਤਰੀਕ ਹੈ ?
(5) ਤੁਹਾਡੇ ਪੈੱਨ.....(ਕਿਹੜਾ) ਹਨ ?
(6) ਤੁਹਾਡੀਆਂ ਪੈਨਸਿਲਾਂ.....(ਕਿਹੜਾ) ਹਨ ?
(7) ਸਾਡੇ ਪੱਖੇ.....(ਕਿਹੜਾ) ਹਨ ?
(8) ਉਨ੍ਹਾਂ ਦੀ ਸਾੜ੍ਹੀ.....(ਕਿਹੜਾ) ਹੈ ?

3. Change the following sentences in to question sentences as per the model given below.

Model

ਇਹ ਤੁਹਾਡੀਆਂ ਕੁਰਸੀਆਂ ਹਨ।
ਸਾਡੀਆਂ ਕੁਰਸੀਆਂ ਕਿਹੜੀਆਂ ਹਨ ?

(1) ਇਹ ਤੁਹਾਡੀਆਂ ਕਾਪੀਆਂ ਹਨ।
(2) ਉਹ ਤੁਹਾਡੀਆਂ ਕਿਤਾਬਾਂ ਹਨ।
(3) ਇਹ ਤੁਹਾਡੀ ਪੈਨਸਿਲ ਹੈ।
(4) ਇਹ ਤੁਹਾਡੇ ਘਰ ਹਨ।
(5) ਇਹ ਤੁਹਾਡਾ ਪੈਨ ਹੈ।
(6) ਇਹ ਤੁਹਾਡੇ ਬਸਤੇ ਹਨ।

4. Frame questions for each statement given below.

(1) ਅੱਜ ਐਤਵਾਰ ਹੈ।
(2) ਕੱਲ੍ਹ ਗਿਆਰਾਂ ਤਰੀਕ ਹੈ।
(3) ਉਹਦਾ ਜਨਮ ਦਿਨ ਪਰਸੋਂ ਹੈ।
(4) ਕੱਲ੍ਹ ਮੰਗਲਵਾਰ ਸੀ।

5. Write down in Punjabi the names of the days.
6. Write down the numerals in words from 1 to 20 in Punjabi.

C. VOCABULARY

ਜਨਮ ਦਿਨ	'birthday'		
ਸੱਤ ਨੂੰ	'on seventh'	ਇਸ	'this'
ਬਹੁਤ	'very'	ਛੁੱਟੀ	'holiday'
ਬਹੁਤ ਅੱਛਾ	'very nice'	ਪਾਰਟੀ	'party'
ਦੂਰ	'far'	ਕਦੋਂ	'when'
ਬਹੁਤ ਦੂਰ	'very far'	ਸੂਟ	'suit'
ਤਰੀਕ	'date'	ਪਰ	'but'
ਸੋਮਵਾਰ	'Monday'	ਤਾਂ	'emphatic particle'
ਮੰਗਲਵਾਰ	'Tuesday'	ਦਿਨ	'day'
ਬੁੱਧਵਾਰ	'Wednesday'	ਅੱਜ	'today'
ਵੀਰਵਾਰ	'Thursday'	ਕੱਲ੍ਹ	'tomarrow, yesterday'
ਸ਼ੁਕਰਵਾਰ	'Friday'	ਪਰਸੋਂ	'day after tomorrow
ਸ਼ਨੀਚਰਵਾਰ	'Saturday'	ਅਗਲੇ ਦਿਨ	'next day'
ਐਤਵਾਰ	'Sunday'	ਸੀ	'was'
ਤੱਦ	'then'	ਆਹ	'this'
ਮਹੀਨਾ	'month'	ਤੋਂ	'from'
ਅਗਸਤ	'August'	ਮਠਿਆਈ	'sweet'
		ਦੇਖ	'see'
		ਉਸ	'that'

D. NOTES

In this lesson days of the week and dates have been introduced. The post position ਨੂੰ is used after names of days or dates.

ਸੱਤ	'seven'
ਸੱਤ ਨੂੰ	'on the seventh'
ਸੱਤ ਤਰੀਕ ਨੂੰ	'On the seventh day of the month

Interrogative adverb ਕਦੋਂ 'when has been introduced.

Conjuction ਪਰ 'but' and ਤੇ 'and' have been used to conjoin two words. An emphatic particle ਤਾਂ has also been used

ਸੀ 'was' past auxiliary has been used.

ਕੱਲ੍ਹ 'tomorrow, yesterday' is used for both past and future time. The context determines the meaning of the word.

UNIT-IV **Lesson 17**

How much it costs ?

ਹਰਪ੍ਰੀਤ : ਇਹ ਕਿਸ ਦੀ ਕਿਤਾਬ ਹੈ ?	Whose book is this ?
ਪਰਮਜੀਤ : ਕਿਹੜੀ ਕਿਤਾਬ ?	Which book ?
ਹਰਪ੍ਰੀਤ : ਇਹ ਨਵੀਂ ਕਿਤਾਬ ?	This new book ?
ਪਰਮਜੀਤ : ਇਹ ਸੁਰਜੀਤ ਦੀ ਕਿਤਾਬ ਹੈ।	This is Surjit's book.
ਹਰਪ੍ਰੀਤ : ਤੇ ਇਹ ਨਵਾਂ ਥੈਲਾ ਕਿਸ ਦਾ ਹੈ ? ਬੜਾ ਸੁਹਣਾ ਥੈਲਾ ਹੈ।	And whose is this new bag ? It is a very beautiful bag.
ਪਸਮਜੀਤ : ਇਹ ਥੈਲਾ ਮੇਰਾ ਹੈ।	This bag is mine.
ਹਰਪ੍ਰੀਤ : ਇਹਦੀ ਕੀਮਤ ਕੀ ਹੈ ?	What is its cost ?
ਪਰਮਜੀਤ : ਅਠਾਰਾਂ ਰੁਪਏ।	Eighteen rupees.
ਹਰਪ੍ਰੀਤ : ਸੁਰਜੀਤ ਦਾ ਥੈਲਾ ਕਿਹੜਾ ਹੈ ?	Which one is Surjit's bag ?
ਪਰਮਜੀਤ : ਉਹ ਪੁਰਾਣਾ ਥੈਲਾ ਸੁਰਜੀਤ ਦਾ ਹੈ। ਉਹਦੀ ਕੀਮਤ ਬਾਰਾਂ ਰੁਪਏ ਸੀ।	That old one is Surjit's bag. Its cost was twelve rupees.
ਹਰਪ੍ਰੀਤ : ਉਹ ਸੂਟਕੇਸ ਕਿੰਨੇ ਦਾ ਹੈ ?	How much does that suitcase cost.
ਪਰਮਜੀਤ : ਇਹ ਵੀਹ ਰੁਪਏ ਦਾ ਹੈ।	It is worth twenty rupees.
ਹਰਪ੍ਰੀਤ : ਬੜਾ ਸਸਤਾ ਹੈ।	It is very cheap.
ਪਰਮਜੀਤ : ਹਾਂ ਸਸਤਾ ਵੀ ਹੈ ਤੇ ਹਲਕਾ ਵੀ।	Yes it is cheap and light (in weight) also.

Numerals from 21 to 40.

ਇੱਕੀ	'twenty one'	ਇਕੱਤੀ	'thirty one'
ਬਾਈ	'twenty two'	ਬੱਤੀ	'thirty two'
ਤੇਈ	'twenty three''	ਤੇਤੀ	'thirty three'
ਚੌਵੀ	'twenty four'	ਚੌਤੀ	'thirty four'
ਪੱਚੀ/ਪੰਝੀ	'twenty five'	ਪੈਂਤੀ	'thirty five'
ਛੱਬੀ	'twenty six'	ਛੱਤੀ,	'thirty six'

ਸਤਾਈ	'twenty seven'	ਸੈਂਤੀ	'thirty seven'
ਅਠਾਈ	'twenty eight'	ਅਠੱਤੀ	'thirty eight'
ਉਨੱਤੀ	'twenty nine'	ਉਨਤਾਲੀ	'thirty nine'
ਤੀਹ	'thirty'	ਚਾਲੀ	'forty'

A. DRILL

1. Repetition Drill

ਇਹ ਕਿਤਾਬ ਸੁਰਜੀਤ ਦੀ ਹੈ।
ਅੱਜ ਕੱਲ੍ਹ ਹਰ ਚੀਜ਼ ਮਹਿੰਗੀ ਹੈ।
ਉਹ ਪੁਰਾਣਾ ਥੈਲਾ ਸੁਰਜੀਤ ਦਾ ਹੈ
ਬੜਾ ਸੁਹਣਾ ਥੈਲਾ ਹੈ।
ਇਹ ਨਵਾਂ ਥੈਲਾ ਕਿਸ ਦਾ ਹੈ ?

ਇਹ ਨਵੀਂ ਕਿਤਾਬ ਕਿਸ ਦੀ ਹੈ ?
ਇਸ ਕਿਤਾਬ ਦੀ ਕੀਮਤ ਕੀ ਹੈ ?
ਤੁਹਾਡੇ ਥੈਲੇ ਦੀ ਕੀਮਤ ਕੀ ਹੈ ?
ਬੜਾ ਮਹਿੰਗਾ ਹੈ।
ਉਹ ਸੂਟਕੇਸ ਕਿਸ ਦਾ ਹੈ ?

2. Build up Drill

1 ਮੇਰਾ
ਮੇਰਾ ਹੈ।
ਥੈਲਾ ਮੇਰਾ ਹੈ।
ਪੁਰਾਣਾ ਥੈਲਾ ਮੇਰਾ ਹੈ।
ਉਹ ਪੁਰਾਣਾ ਥੈਲਾ ਮੇਰਾ ਹੈ।

2 ਰੁਪਏ
ਦਸ ਰੁਪਏ।
ਕੀਮਤ ਦਸ ਰੁਪਏ ਹੈ।
ਥੈਲੇ ਦੀ ਕੀਮਤ ਦਸ ਰੁਪਏ ਹੈ।

3. Substitution Drill

Model 1

ਇਹ ਤੇਰੀ ਕਿਤਾਬ ਹੈ (ਮੇਰੀ)
ਇਹ ਮੇਰੀ ਕਿਤਾਬ ਹੈ।

(ਨਵੀਂ)
(ਪੁਰਾਣੀ)
(ਉਨ੍ਹਾਂ ਦੀ)

Model 2

ਇਹ ਥੈਲਾ ਰਾਮ ਦਾ ਹੈ। (ਲੀਲਾ ਦਾ)
ਇਹ ਥੈਲਾ ਲੀਲਾ ਦਾ ਹੈ

(ਤੁਹਾਡਾ)
(ਸਾਡਾ)
(ਉਨ੍ਹਾਂ ਦਾ)

Model 3

ਇਹ ਸਾੜ੍ਹੀਆਂ ਮੇਰੀਆਂ ਹਨ (ਸਾਡੀਆਂ)
ਇਹ ਸਾੜ੍ਹੀਆਂ ਸਾਡੀਆਂ ਹਨ

(ਉਹਦੀਆਂ)
(ਉਨ੍ਹਾਂ ਦੀਆਂ)
(ਸ਼ੀਲਾ ਦੀਆਂ)

Model 4

ਇਹ ਪੱਖੇ ਰਾਮ ਦੇ ਹਨ। (ਮੇਰੇ)
ਇਹ ਪੱਖੇ ਮੇਰੇ ਹਨ।

(ਤੁਹਾਡੇ)
(ਉਨ੍ਹਾਂ ਦੇ)
(ਸਾਡੇ)

4. Transformation Drill

Model 1

ਇਹ ਥੈਲਾ ਮੇਰਾ ਹੈ।
ਕਿਹੜਾ ਥੈਲਾ ਤੇਰਾ ਹੈ ?
(1) ਉਹ ਘਰ ਰਵੀ ਦਾ ਹੈ।
(2) ਇਹ ਘੜੀ ਮੇਰੀ ਹੈ।
(3) ਉਹ ਕਮਰਾ ਪ੍ਰਿੰਸੀਪਲ ਸਾਹਿਬ ਦਾ ਹੈ।
(4) ਉਹ ਕਿਤਾਬ ਸਾਡੀ ਹੈ।

B. EXERCISES

1. Change the form of the words given in brackets appropriately and fill up the blanks.

(1) ਇਹ ਕਿਤਾਬ.....,...ਹੈ। (ਤੁਸੀਂ)
(2) ਉਹ ਘੜੀਆਂ.....ਹਨ। (ਅਸੀਂ)
(3) ਇਹ ਪੈਨ..... ਹੈ। (ਮੈਂ)
(4) ਉਹ ਕੁਰਸੀ..... ਹੈ। (ਤੂੰ)
(5) ਇਹ ਪੱਖੇ.....ਹਨ। (ਉਹ)
(6) ਉਹ ਥੈਲੇ..... ਹਨ। (ਉਹ)
(7) ਇਹ ਪੈਨਸਿਲਾਂ..... ਹਨ। (ਕ੍ਰਿਸ਼ਨ)
(8) ਇਹ ਸਾੜ੍ਹੀ..... ਹੈ। (ਰਮਾ)

2. Write down the answers of the following questions.

(1) ਇਹ ਕਿਸ ਦੀ ਘੜੀ ਹੈ ?
(2) ਤੁਹਾਡੇ ਪੈਨ ਦੀ ਕੀ ਕੀਮਤ ਹੈ ?
(3) ਇਹ ਥੈਲਾ ਤੁਹਾਡਾ ਹੈ ?
(4) ਉਹ ਕੁਰਸੀ ਕਿਸ ਦੀ ਹੈ ?
(5) ਇਹ ਕਿਤਾਬਾਂ ਕਿਸ ਦੀਆਂ ਹਨ ?
(6) ਇਹ ਥੋਲਾ ਕਿੰਨੇ ਦਾ ਹੈ ?

3. Write down the numerals in words from 21 to 40 in Punjabi.

4. Make as many sentences as possible using the word given in the following table.

ਇਹ	ਕੁਰਸੀ	ਮੇਰੀ	
	ਕਿਤਾਬ	ਤੇਰਾ	
	ਥੈਲਾ	ਤੁਹਾਡੀ	
ਉਹ	ਘੜੀ	ਰਵੀ ਦੀ	ਹੈ
	ਪੈਨ	ਉਹਦਾ	

5. After matching the following rewrite the sentences.

A		B	
(1)	ਇਹ ਕਿਤਾਬਾਂ	ਕਿਸ ਦੇ ਹਨ ?	( )
(2)	ਉਹ ਸਾੜ੍ਹੀਆਂ	ਸੀਲਾ ਦੀ ਹੈ	( )
(3)	ਉਹ ਪੱਖਾ	ਰਾਮ ਦੇ ਹਨ	( )
(4)	ਇਹ ਥੈਲੇ	ਰਮਾਂ ਦੀਆਂ ਹਨ।	( )
(5)	ਇਹ ਬਸਤੇ	ਰਾਮ ਦਾ ਹੈ।	( )
(6)	ਇਹ ਘੜੀ	ਸੁਰਜੀਤ ਦਾ ਹੈ।	( )
(7)	ਉਹ ਪੈਨ	ਸੀਤਾ ਦੀਆਂ ਹਨ।	( )
(8)	ਇਹ ਕਾਪੀ	ਉਹਦੀ ਹੈ।	( )

C. VOCABULARY

ਨਵੀਂ	'new'	ਥੈਲਾ	'bag' (m)
ਬੜਾ	'very'	ਮਹਿੰਗਾ	'costly' (m)
ਬੜਾ ਸੁਹਣਾ	'very beautiful'	ਚੀਜ਼	'thing'
ਕੀਮਤ	'cost, price'	ਹਰ ਚੀਜ਼	'every thing'
ਅੱਜ ਕੱਲ੍ਹ	'now a days'	ਹਰ	'every'
ਪੁਰਾਣਾ	'old'	ਹਲਕਾ	'light' (in weight)
		ਸਸਤਾ	'cheap'

D. NOTES

In this lesson ਬੜਾ 'very' is used to compliment the adjective.

It changes for gender and number according to the adjective, which agrees with the noun.

ਥੈਲਾ ਬੜਾ ਮਹਿੰਗਾ ਹੈ।	'The bag is very costly'.
ਹਰ ਚੀਜ਼ ਬੜੀ ਮਹਿੰਗੀ ਹੈ।	'Everything is very costly'.

UNIT V **Lesson 18**

I was in the hostel.

ਅਧਿਆਪਕ : ਕੱਲ੍ਹ ਕਲਾਸ ਵਿਚ ਵੀਹ ਕੁਰਸੀਆਂ ਸਨ, ਅੱਜ ਸਤਾਰਾਂ ਕੁਰਸੀਆਂ ਹਨ। ਤਿੰਨ ਕੁਰਸੀਆਂ ਕਿੱਥੇ ਹਨ ?	There were twenty chairs in the class yesterday, there are seventeen today, Where are the other three chairs ?
ਵਿਦਿਆਰਥੀ : ਉਹ ਤਿੰਨ ਕੁਰਸੀਆਂ ਦਫ਼ਤਰ ਵਿੱਚ ਹਨ।	Those three chairs are in the office.
ਅਧਿਆਪਕ : ਰਾਮ, ਤੁਸੀਂ ਕੱਲ੍ਹ ਕਿੱਥੇ ਸੋ ?	Where were you yesterday, Ram ?
ਰਾਮ : ਕੱਲ੍ਹ ਮੈਂ ਹੋਸਟਲ ਵਿੱਚ ਸਾਂ।	I was in the hostel yesterday.
ਅਧਿਆਪਕ : ਕੀ ਗੱਲ ਸੀ, ਬਿਮਾਰ ਸੋ ?	What was the matter ? Were you sick ?
ਰਾਮ : ਹਾਂ ਜੀ, ਮੈਂ ਬੀਮਾਰ ਸਾਂ।	Yes, I was sick.
ਅਧਿਆਪਕ : ਹੁਣ ਤੁਹਾਡਾ ਕੀ ਹਾਲ ਹੈ, ਠੀਕ ਹੋ ?	How are you now ? Are you alright ?
ਰਾਮ : ਹਾਂ ਜੀ, ਹੁਣ ਮੈਂ ਠੀਕ ਹਾਂ।	Yes, now I am alright.
ਅਧਿਆਪਕ : ਕਮਲਾ, ਤੂੰ ਵੀ ਕੱਲ੍ਹ ਕਲਾਸ ਵਿੱਚ ਨਹੀਂ ਸੈਂ, ਤੂੰ ਵੀ ਬੀਮਾਰ ਸੈਂ ?	Kamla, you were also not present in the class yesterday, were you also sick ?
ਕਮਲਾ : ਨਹੀਂ ਜੀ, ਮੈਂ ਬੀਮਾਰ ਨਹੀਂ ਸਾਂ, ਮੈਂ ਲਾਇਬ-ਰੇਰੀ ਵਿੱਚ ਸਾਂ।	No, I was not sick, I was in the library.
ਅਧਿਆਪਕ : ਤੁਸੀਂ ਸਾਰੇ ਵਿਦਿਆਰਥੀ ਸਵੇਰੇ ਕਿੱਥੇ ਸੋ ?	Where were you all the student in the morning ?
ਵਿਦਿਆਰਥੀ : ਅਸੀਂ ਲਾਇਬਰੇਰੀ ਵਿੱਚ ਸਾਂ।	We were in the library.
ਅਧਿਆਪਕ : ਤੁਸੀਂ ਕਿੱਥੇ ਸੋ ?	Where were you ?
ਸ਼ੀਲਾ : ਮੈਂ ਦਫ਼ਤਰ ਵਿੱਚ ਸਾਂ।	I was in the office.

ਅਧਿਆਪਕ : ਕੱਲ੍ਹ ਬੜੀ ਠੰਢ ਸੀ।	Yesterday it was very cold.
ਵਿਦਿਆਰਥੀ : ਹਾਂ ਜੀ, ਕੱਲ ਬੜੀ ਠੰਢ ਸੀ। ਅੱਜ ਮੌਸਮ ਚੰਗਾ ਹੈ।	Yes, yesterday it was very cold Today the weather is good.
ਅਧਿਆਪਕ : ਹਾਂ ਅੱਜ ਅਸਮਾਨ ਸਾਫ਼ ਹੈ। ਬੱਦਲ ਨਹੀਂ ਹਨ। ਹਵਾ ਵੀ ਨਹੀਂ ਹੈ।	Yes, today the sky is clear. There are no clouds. There is no wind also.
ਰਾਮ : ਕੱਲ੍ਹ ਬਹੁਤ ਹਵਾ ਸੀ। ਮੈਂ ਸਾਰਾ ਦਿਨ ਕਮਰੇ ਵਿੱਚ ਸਾਂ।	Yesterday it was very windy. I was in the room the whole day.
ਅਧਿਆਪਕ : ਅੱਜ ਤਾਂ ਠੀਕ ਹੈ।	It is alright today.
ਰਾਮ : ਹਾਂ ਜੀ, ਅੱਜ ਠੀਕ ਹੈ।	Yes, it is alright today.
ਅਧਿਆਪਕ : ਸਾਰੀਆਂ ਕੁੜੀਆਂ ਕਿੱਥੇ ਹਨ।	Where are all the girls ?
ਰਾਮ : ਉਹ ਲਾਇਬਰੇਰੀ ਵਿੱਚ ਹਨ।	They are all in the Library.

A. DRILLS

1. Repetition Drill

ਮੈਂ ਹੋਸਟਲ ਵਿੱਚ ਸਾਂ।	ਉਹ ਬੀਮਾਰ ਸੀ।
ਅਸੀਂ ਕਮਰੇ ਵਿੱਚ ਸਾਂ।	ਉਹ ਦਫ਼ਤਰ ਵਿੱਚ ਸਨ।
ਤੂੰ ਕਿੱਥੇ ਸੈਂ ?	ਉਹ ਸਾਰੇ ਲਾਇਬਰੇਰੀ ਵਿੱਚ ਸਨ।
ਤੁਸੀਂ ਕਿੱਥੇ ਸੋ ?	ਉਹ ਸਾਰੀਆਂ ਕੁੜੀਆਂ ਕਲਾਸ ਵਿੱਚ ਸਨ।

2. Response Drill

Model 1

ਤੁਸੀਂ ਕੱਲ੍ਹ ਕਿੱਥੇ ਸੋ ? (ਹੋਸਟਲ)
ਮੈਂ ਕੱਲ੍ਹ ਹੋਸਟਲ ਵਿੱਚ ਸਾਂ।

(1) ਤਿੰਨ ਕੁਰਸੀਆਂ ਕਿੱਥੇ ਹਨ ? (ਕਮਰੇ ਵਿੱਚ)
(2) ਤੁਸੀਂ ਸਵੇਰੇ ਕਿੱਥੇ ਸੋ ? (ਲਾਇਬਰੇਰੀ)
(3) ਤੁਹਾਡੀ ਕਾਪੀ ਕਿੱਥੇ ਹੈ ? (ਘਰ)
(4) ਤੁਹਾਡਾ ਘਰ ਕਿੱਥੇ ਹੈ ? (ਸ਼ਹਿਰ)
(5) ਤੁਸੀਂ ਬੀਮਾਰ ਸੋ ? (ਹਾਂ ਜੀ)
(6) ਹੁਣ ਤੁਹਾਡਾ ਕੀ ਹਾਲ ਹੈ। (ਠੀਕ)

3. Transformation Drill

Model 1

ਕੱਲ੍ਹ ਕਲਾਸ ਵਿੱਚ ਵੀਹ ਕੁਰਸੀਆਂ ਸਨ ।
ਕੱਲ੍ਹ ਕਲਾਸ ਵਿੱਚ ਵੀਹ ਕੁਰਸੀਆਂ ਨਹੀਂ ਸਨ ।

(1) ਉਹ ਬੀਮਾਰ ਸੀ ।
(2) ਮੈਂ ਲਾਇਬਰੇਰੀ ਵਿੱਚ ਸਾਂ ।
(3) ਅਸੀਂ ਕਲਾਸ ਵਿੱਚ ਸਾਂ।
(4) ਤੂੰ ਬੀਮਾਰ ਸੈਂ ।

Model 2

ਮੈਂ ਬੀਮਾਰ ਹਾਂ ।
ਮੈਂ ਬੀਮਾਰ ਨਹੀਂ ।

(1) ਅਸੀਂ ਠੀਕ ਹਾਂ ।
(2) ਤੂੰ ਬੀਮਾਰ ਹੈਂ।
(3) ਤੁਸੀਂ ਹੋਸਟਲ ਵਿੱਚ ਹੋ।
(4) ਉਹ ਘਰ ਹੈ।
(5) ਉਹ ਦਫ਼ਤਰ ਵਿੱਚ ਹਨ।

B. EXERCISES

1. Fill in the blanks using appropriate past tense auxiliaries.

(1) ਮੈਂ ਠੀਕ ----
(2) ਅਸੀਂ ਬੀਮਾਰ----
(3) ਅਸੀਂ ਲਾਇਬਰੇਰੀ ਵਿੱਚ ----
(4) ਮੈਂ ਘਰ ----
(ੳ) ਉਹ ਘਰ ----
(6) ਵਿਦਿਆਰਥੀ ਦਫ਼ਤਰ ਵਿੱਚ ----
(7) ਤੁਸੀਂ ਬੀਮਾਰ ----
(8) ਉੱਥੇ ਕੌਣ ----?
(9) ਤੂੰ ਘਰ ----
(10) ਉਹ ਕਲਾਸ ਵਿੱਚ ----
(11) ਮੁੰਡੇ ਕਲਾਸ ਵਿੱਚ ----
(12) ਕੁੜੀਆਂ ਹੋਸਟਲ ਵਿਚ ----

2. Change the past auxiliaries into present auxiliaries and re-write the sentences.

(1) ਮੈਂ ਬੀਮਾਰ ਸਾਂ ।
(2) ਅਸੀਂ ਠੀਕ ਸਾਂ ।
(3) ਤੂੰ ਹੋਸਟਲ ਵਿੱਚ ਸੈਂ ।
(4) ਤੁਸੀਂ ਲਾਇਬਰਰੀ ਵਿੱਚ ਸੋ ।
(5) ਉਹ ਠੀਕ ਹੈ ।
(6) ਏਥੇ ਕਲਾਸ ਵਿੱਚ ਵੀਹ ਕੁਰਸੀਆਂ ਸਨ ।

3. Use the following words/phrases in your own sentence

ਕੱਲ, ਉੱਥੇ, ਇੱਥੇ, ਕਿੱਥੇ, ਅੱਜ, ਬੀਮਾਰ, ਵੀਹ, ਲਾਇਬਰੇਰੀ, ਵਿੱਚ, ਕਮਰੇ ਵਿੱਚ, ਕਿਤਾਬਾਂ।

C. VOCABULARY

ਸਾਂ	'(I) was (we) were (sg. hon.)	ਸਾਰਾ	'whole'
ਸੈਂ	'(you) were'	ਅਸਮਾਨ	'sky'
ਸੋ	'(you pl.) were (sg. hon.)'	ਬੱਦਲ	'clouds'
ਸੀ	'was'	ਦਫ਼ਤਰ	'office'
ਸਨ	'were'	ਬੀਮਾਰ	'sick'

ਹੁਣ 'now'
ਕੀ ਗੱਲ 'what was the matter'
ਸੀ ?
ਠੀਕ ਹੋ 'are you alright'
ਸਾਰੇ 'all' (m. pl.)
ਸਾਰੀਆਂ 'all' (f. pl.)
ਹਵਾ 'wind'
ਬਹੁਤ 'to much'
ਤੁਹਾਡਾ ਕੀ 'how are you ?'
ਹਾਲ ਹੈ ?
ਸਵੇਰੇ in the morning'
ਲਾਇਬਰੇਰੀ library'
ਠੰਡ 'cold'
ਮੌਸਮ 'weather'
ਸਾਫ਼ 'clear'

D. NOTES

In this lesson past tense auxiliary forms are introduced. They are inflected for person and number and agree with the subject in person and number. These forms are found in literary Punjabi and spoken Majhi dialect of Punjabi. The forms are as follows :

Ist Person	ਸਾਂ	'(I) was'	ਸਾਂ	'(we) were'
IInd person	ਸੈਂ	'(you) were'	ਸੋ	'(you) were'
IIIrd Person	ਸੀ	(he/she) was'	ਸਨ	'(they) were'

Negative particle 'not' is added before the past tense auxiliary verb.

ਮੈਂ ਘਰ ਸਾਂ 'I was at home'.

ਮੈਂ ਘਰ ਨਹੀਂ ਸਾਂ I was not at home'.

UNIT V **Lesson 19**

Both were here.

ਰੋਸ਼ਨ : ਇਹ ਕੁੜੀ ਕੰਣ ਹੈ ?	Who is this girl ?
ਭੂਸ਼ਨ : ਇਹ ਮੇਰੀ ਧੀ ਹੈ ।	She is my daughter.
ਇਹਦਾ ਨਾਂ ਸਰਲਾ ਹੈ ।	Her name is Sarla.
ਰੋਸ਼ਨ : ਕੱਲ ਤੁਹਾਡੇ ਨਾਲ ਕੌਣ ਸੀ ?	Who was with you, yesterday ?
ਭੂਸ਼ਨ : ਉਹ ਮੇਰਾ ਛੋਟਾ ਭਰਾ ਸੀ।	He was my younger brother.
ਰੋਸ਼ਨ : ਕੱਲ ਤੁਹਾਡੀ ਵਹੁਟੀ ਦੇ ਨਾਲ ਵੀ ਕੋਈ ਕੁੜੀ ਸੀ ?	There was a girl with your wife yesterday ?
ਭੂਸ਼ਨ : ਹਾਂ ਉਹ ਮੇਰੀ ਭੈਣ ਸੀ ।	Yes, she was my sister.
ਕੱਲ ਮੇਰਾ ਭਰਾ ਤੇ ਭੈਣ ਦੋਵੇਂ ਇੱਥੇ ਸਨ ।	Yesterday my brother and sister, both were here.
ਰੋਸ਼ਨ : ਸਰਲਾ ਤੇਰੇ ਹੱਥ ਵਿੱਚ ਕੀ ਹੈ ?	What is in your hand Sarla ?
ਸਰਲਾ : ਮੇਰੇ ਹੱਥ ਵਿੱਚ ਖਿਡੌਣਾ ਹੈ ।	It is a toy in my hand.
ਰੋਸ਼ਨ : ਇਹ ਕਿਹੜਾ ਖਿਡੌਣਾ ਹੈ ?	What is this toy! ?
ਸਰਲਾ : ਇਹ ਹਾਥੀ ਹੈ ।	This is an elephant.
ਰੋਸ਼ਨ : ਭੂਸ਼ਨ ਤੁਹਾਡੀ ਕੁੜੀ ਬਹੁਤ ਪਿਆਰੀ ਹੈ ।	Bhushan! your daughter is very sweet.
ਭੂਸ਼ਨ : ਹਾਂ ਜੀ ਇਹ ਬੜੀ ਸਿਆਣੀ ਵੀ ਹੈ।	Yes, she is very wise also.
ਰੋਸ਼ਨ : ਇਸ ਦੀ ਸਿਹਤ ਕਮਜ਼ੋਰ ਹੈ।	Her health is weak.
ਜੀ ਕਿਹੜੀ ਕਲਾਸ ਵਿੱਚ ਹੈ ?	She is in which Class ?
ਭੂਸ਼ਨ . ਇਹ ਨਰਸਰੀ ਵਿੱਚ ਹੈ।	She is in Nursery.
ਰੋਸ਼ਨ : ਇਹਦਾ ਸਕੂਲ ਕਿੱਥੇ ਹੈ ?	Where is her school ?
ਭੂਸ਼ਨ : ਸਾਡੇ ਘਰ ਤੋਂ ਬਹੁਤੀ ਦੂਰ ਨਹੀਂ ।	It is not very far off from our house.

Numerals from 41 to 50

ਇਕਤਾਲੀ	forty one	ਛਤਾਲੀ	forty six
ਬਿਆਲੀ	forty two	ਸੰਤਾਲੀ	forty seven
ਤਰਤਾਲੀ	forty three	ਅਠਤਾਲੀ	forty eight
ਚੁਤਾਲੀ	forty four	ਉਨੱਜਾ	forty nine
ਪੰਜਤਾਲੀ	forty five	ਪੰਜਾਹ	fifty

A. DRILLS

1. Repetition Drill

ਇਹ ਮੇਰੀ ਧੀ ਹੈ ।
ਕੱਲ ਤੁਹਾਡੇ ਨਾਲ ਕੌਣ ਸੀ ?
ਕੱਲ ਤੁਹਾਡੀ ਵਹੁਟੀ ਦੇ ਨਾਲ ਵੀ ਕੋਈ ਕੁੜੀ ਸੀ ?
ਸਾਡੇ ਘਰ ਤੋਂ ਬਹੁਤ ਦੂਰ ਨਹੀਂ ।
ਇਸ ਦੀ ਸਿਹਤ ਦਾ ਕਮਜ਼ੋਰ ਹੈ।
ਮੇਰਾ ਭਰਾ ਤੇ ਭੈਣ ਦੋਵੇਂ ਇੱਥੇ ਹਨ ।
ਤੇਰੇ ਹੱਥ ਵਿੱਚ ਕੀ ਹੈ ?
ਇਹ ਕਿਹੜਾ ਖਿਡੌਣਾ ਹੈ ?

2. Substitution Drill

odel 1

ਤੇਰੇ ਹੱਥ ਵਿੱਚ ਕੀ ਹੈ ? (ਕਮਰਾ)
ਤੇਰੇ ਕਮਰੇ ਵਿਚ ਕੀ ਹੈ ? (ਬਸਤਾ)
(ਥੈਲਾ)

Model 2

ਤੁਹਾਡੀ ਵਹੁਟੀ ਦੇ ਨਾਲ ਕੌਣ ਸੀ ? (ਕੁੜੀ)
ਤੁਹਾਡੀ ਕੁੜੀ ਦੇ ਨਾਲ ਕੌਣ ਸੀ ? (ਧੀ)
(ਸਹੇਲੀ)

3. Build up and Expansion Drill

1. ਕੌਣ ?
ਮੁੰਡਾ ਕੌਣ ਹੈ ?
ਇਹ ਮੁੰਡਾ ਕੌਣ ਹੈ ?
ਰਵੀ ਇਹ ਮੁੰਡਾ ਕੌਣ ਹੈ ?

2. ਕੌਣ ਹੈ ?
ਕੁੜੀ ਕੌਣ ਹੈ ?
ਉਹ ਕੁੜੀ ਕੌਣ ਹੈ ?
ਰਵੀ ਜੀ ਉਹ ਕੁੜੀ ਕੌਣ ਹੈ ?

3. ਖਿਡੌਣਾ
ਕਿਹੜਾ ਖਿਡੌਣਾ ?
ਇਹ ਕਿਹੜਾ ਖਿਡੌਣਾ ਹੈ ?
ਗੁੱਡੀ ਇਹ ਕਿਹੜਾ ਖਿਡੌਣਾ ਹੈ ?

4. Response Drill

Model 1

ਤੁਹਾਡੀ ਕਿਤਾਬ ਕਿਹੜੀ ਹੈ ? (ਇਹ)
ਇਹ ਮੇਰੀ ਕਿਤਾਬ ਹੈ ।
(1) ਤੁਹਾਡੇ ਦੋਸਤ ਦਾ ਘਰ ਕਿਹੜਾ ਹੈ ? (ਉਹ)
(2) ਉਨ੍ਹਾਂ ਦੇ ਪਿਤਾ ਜੀ ਦਾ ਕਮਰਾ ਕਿਹੜਾ ਹੈ ? (ਇਹ)
(3) ਰਾਮ ਦੀ ਕੁਰਸੀ ਕਿਹੜੀ ਹੈ ? (ਵੱਡੀ)
(4) ਰਾਜੂ ਦੀ ਕਿਤਾਬ ਕਿਹੜੀ ਹੈ ? (ਨੀਲੀ)
(5) ਸਤਿੰਦਰ ਦਾ ਪੈਨ ਕਿਹੜਾ ਹੈ ? (ਕਾਲਾ)

Model 2

ਉਹ ਕਿਹੜਾ ਖਿਡੌਣਾ ਹੈ ?
ਉਹ ਸ਼ੇਰ ਦਾ ਖਿਡੌਣਾ ਹੈ।
(1) ਉਹ ਕਿਹੜੀ ਕਿਤਾਬ ਹੈ ? (ਪੰਜਾਬੀ)
(2) ਇਹ ਕਿਹੜੀ ਪਿਕਚਰ ਹੈ ? (ਹਿੰਦੀ)
(3) ਇਹ ਕਿਹੜਾ ਖਿਡੌਣਾ ਹੈ ? (ਬਾਂਦਰ)
(4) ਉਹ ਕਿਹੜੀ ਕਿਤਾਬ ਹੈ ? (ਤੈਲੁਗੂ)

B. EXERCISES

1. Change the form of the words given in brackets appropriately and fill up the blanks.

(1) ----ਨਾਂ ਸਤਿੰਦਰ ਹੈ । (ਮੈਂ)
(2) ----ਨਾਂ ਰਵਿੰਦਰ ਹੈ। (ਉਹ)
(3) ----ਨਾਂ ਕੀ ਹੈ ? (ਤੁਸੀਂ)
(4) ----ਨਾਂ ਕੀ ਹੈ ? (ਤੂੰ)
(5) ----ਕਮਰਾ ਕਿਹੜਾ ਹੈ ? (ਅਸੀਂ)
(6) ਤੇਰੀਆਂ ਕਾਪੀਆਂ ---ਹਨ ? (ਕਿਹੜਾ)
(7) ਇਹ---ਘੋੜੇ ਹਨ । (ਕਾਲਾ)
(8) ਇਨ੍ਹਾਂ---ਵਿੱਚ ਪੱਖੇ ਨਹੀਂ । (ਕਮਰਾ)

2. Change the following words into plural and use them in your own sentences.

ਕੁੜੀ, ਕਮਰਾ, ਧੀ, ਮੁੰਡਾ, ਭੈਣ, ਵਹੁਟੀ, ਖਿਡੌਣਾ, ਹਾਥੀ ।

3. Write down the answers of the following questions.

(1) ਉਸ ਦਾ ਨਾਂ ਕੀ ਹੈ ?
(2) ਤੁਹਾਡੇ ਬੱਚੇ ਦਾ ਖਿਡੌਣਾ ਕਿਹੜਾ ਹੈ ?
(3) ਉਸ ਦਾ ਖਿਡੌਣਾ ਕਿੱਥੇ ਹੈ ?
(4) ਉਹ ਦੇ ਨਾਲ ਕੌਣ ਸੀ ?
(5) ਤੁਹਾਡੇ ਨਾਲ ਕੌਣ ਸੀ ?

4. Fill up the blanks.

(1) ਤੁਹਾਡੇ ਹੱਥ----ਕੀ ਹੈ ?
(2) ਤੁਹਾਡੇ ----ਕੱਲ੍ਹ ਕੌਣ ਸੀ ?
(3) ਮੇਰਾ ਭਰਾ ਤੇ ਭੈਣ----ਇੱਥੇ ਹਨ।
(4) ----ਕੋਈ ਨਹੀਂ ।
(5) ਤੇਰਾ ਮੁੰਡਾ----ਹੈ ?

C. VOCABULARY

ਦੋਵੇਂ	'both'	ਨਾਲ	'with'
ਤਿੰਨੇ	'all the three'	ਵਹੁਟੀ	'wife'
ਚਾਰੇ	'all the four'	ਕੋਈ	'some, someone'
ਪੰਜੇ	'all the five'	ਖਿਡੌਣਾ	'toy, doll'
ਹਾਥੀ	'elephant(s) (m)	ਮਿਆਰੀ	'sweet'
ਬਾਂਦਰ	'monkey(s) (m)	ਬਹੁਤੀ ਦੂਰ	'very far'
ਸ਼ੇਰ	'lion(s)' (m)	ਨਰਸਰੀ	'nursery'
ਸਿਹਤ	'health' (f)	ਸਿਆਣੀ	'wise' (f)
ਕਮਜ਼ੋਰ	'weak'		

D. NOTES

In this lesson post position ਵਿੱਚ 'in', ਤੋਂ 'from' and ਨਾਲ 'with' have been introduced. These occur after the nouns they qualify.

Aggregative numeral ਦੋਵੇਂ 'both' has been introduced. Aggregatives for othernumerals are formed with ਏ suffix.

ਦੋਵੇਂ	'both'
ਤਿੰਨੇ	'all the three'
ਚਾਰੇ	'all the four'
ਪੰਜੇ	'all the five'
ਸੱਤੇ	'all the seven'
ਅੱਠੇ	'all the eight'

UNIT V

Lesson 20

In the Hostel

ਵਾਰਡਨ : ਕੀ ਤੁਸੀਂ ਸਾਰੇ ਕੱਲ੍ਹ ਹੋਸਟਲ ਵਿੱਚ ਸੀ ?	Were you all there in the hostel yesterday ?
ਰਾਮ : ਨਹੀਂ ਜੀ, ਕਿਉਂ ਕੀ ਗੱਲ ਹੈ ?	No Sir, what is the matter ?
ਵਾਰਡਨ : ਕੁੱਝ ਨਹੀਂ, ਭੂਸ਼ਨ ਨੂੰ ਮਿਲਣਾ ਸੀ ।	Nothing special, we want to see Bhushan.
ਰਾਮ : ਗੁਰਦੁਆਰੇ ਵਿਚ ਸੰਗੀਤ ਪ੍ਰੋਗਰਾਮ ਸੀ। ਅਸੀਂ ਸਾਰੇ ਉੱਥੇ ਸਾਂ ।	There was a music programme in the Gurdwara yesterday. We were all there.
ਵਾਰਡਨ : ਸੰਗੀਤ ਪ੍ਰੋਗਰਾਮ ਕਿਹੜੇ ਗੁਰਦੁਆਰੇ ਵਿਚ ਸੀ ?	In which Gurdwara the Music Programme was ?
ਸੁਰਜੀਤ : ਵੱਡੇ ਗੁਰਦੁਆਰੇ ਵਿਚ ਸੀ ।	It was in the big gurdwara.
ਵਾਰਡਨ : ਪ੍ਰੋਗਰਾਮ ਕਿੰਨੇ ਵਜੇ ਸੀ ?	At what time was the programme ?
ਸੁਰਜੀਤ : ਸੱਤ ਵਜੇ ।	At seven O'clock.
ਵਾਰਡਨ : ਰੋਸ਼ਨ ਤੁਸੀਂ ਵੀ ਗੁਰਦਵਾਰੇ ਵਿੱਚ ਸੀ ?	Roshan, were you too in the Gurdwara ?
ਰੋਸ਼ਨ : ਨਹੀਂ ਜੀ ਮੈਂ ਤਾਂ ਆਪਣੇ ਕਮਰੇ ਵਿੱਚ ਸੀ।	No Sir, I was in my room only.
ਵਾਰਡਨ : ਨਹੀਂ ਇਹ ਝੂਠ ਹੈ, ਤੁਸੀਂ ਆਪਣੇ ਕਮਰੇ ਵਿਚ ਨਹੀਂ ਸੀ ।	No. It is a lie, you were not in your room.
ਸ਼ਰਮਾ : ਰੋਸ਼ਨ ਮੇਰੇ ਨਾਲ ਸੀ ।	Roshan was with me.
ਵਾਰਡਨ : ਤਾਂ ਫਿਰ ਭੂਸ਼ਨ ਕਿਥੇ ਸੀ ?	Where was Bhushan then ?
ਰੋਸ਼ਨ : ਸ਼ਾਇਦ ਉਹ ਆਪਣੇ ਦੋਸਤ ਦੇ ਨਾਲ ਸੀ ।	Perhaps he was with his friend.

Numbers fro 51 to 70

ਇਕਵੰਜਾ	fifty one	ਇਕਾਹਠ	sixty one
ਬਵੰਜਾ	ffty two	ਬਾਹਠ	sixty two
ਤਰਵੰਜਾ	fifty three	ਤਰੇਠ	sixty three
ਚੁਰੰਜਾ	fifty four	ਚੌਂਹਠ	sixty four
ਪਚਵੰਜਾ	fifty five	ਪੈਂਹਠ	sixty five
ਛਪੰਜਾ	fifty six	ਛਿਹਾਠ	sixty six
ਸਤਵੰਜਾ	fifty seven	ਸਤਾਹਠ	sixty seven
ਅੱਠਵੰਜਾ	fifty eight	ਅਠਾਹਠ	sixty eight
ਉਨਾਠ	fifty nine	ਉਨੱਤਰ	sixty nine
ਸੱਠ	sixty	ਸੱਤਰ	seventy

A. DRILLS

1. Repetition Drill

ਮੈਂ ਆਪਣੇ ਕਮਰੇ ਵਿੱਚ ਸੀ ।
ਅਸੀਂ ਆਪਣੇ ਕਮਰੇ ਵਿੱਚ ਸੀ ।
ਤੂੰ ਆਪਣੇ ਕਮਰੇ ਵਿੱਚ ਨਹੀਂ ਸੀ

ਤੁਸੀਂ ਸਾਰੇ ਕੱਲ੍ਹ ਸ਼ਾਮੀ ਹੋਸਟਲ ਵਿੱਚ ਸੀ ।
ਸ਼ਾਇਦ ਉਹ ਆਪਣੇ ਦੋਸਤ ਦੇ ਨਾਲ ਸੀ।
ਉਹ ਸਾਰੇ ਮੁੰਡੇ ਆਪਣੀ ਕਲਾਸ ਵਿੱਚ ਨਹੀਂ ਸਨ।

2. Substitution Drill

Model 1

ਤੁਸੀਂ ਪਰਸੋਂ ਸ਼ਾਮੀ ਬਸ ਅੱਡੇ ਤੇ ਸੀ। (ਕੱਲ੍ਹ ਸ਼ਾਮੀ)
ਤੁਸੀਂ ਕੱਲ੍ਹ ਸ਼ਾਮੀ ਬਸ ਅੱਡੇ ਤੇ ਸੀ ।

(ਪਰਸੋਂ ਸਵੇਰੇ)
(ਕੱਲ ਸਵੇਰੇ)
(ਅੱਜ ਸਵੇਰੇ)

Model 2

ਅਸੀਂ ਕੱਲ੍ਹ ਇੱਥੇ ਸੀ । (ਤੂੰ)
ਤੂੰ ਕੱਲ੍ਹ ਇੱਥੇ ਸੀ ।

(ਮੈਂ)
(ਤੁਸੀਂ)
(ਉਹ)

3. Build up and Expansion Drill

1. ਵਿਦਿਆਰਥੀ
ਸਾਰੇ ਵਿਦਿਆਰਥੀ
ਅਸੀਂ ਸਾਰੇ ਵਿਦਿਆਰਥੀ
ਅਸੀਂ ਸਾਰੇ ਵਿਦਿਆਰਥੀ ਹਾਂ ।

2. ਵਿਦਿਆਰਥਣ
ਸਾਰੀਆਂ ਵਿਦਿਆਰਥਣਾਂ
ਤੁਸੀਂ ਸਾਰੀਆਂ ਵਿਦਿਆਰਥਣਾਂ
ਤੁਸੀਂ ਸਾਰੀਆਂ ਵਿਦਿਆਰਥਣਾਂ ਹੋ ।

4. Response Drill

Model 1

ਤੁਸੀਂ ਪਰਸੋਂ ਸ਼ਾਮੀ ਘਰ ਸੀ ? (ਕਾਲਜ)
ਮੈਂ ਪਰਸੋਂ ਸ਼ਾਮੀ ਘਰ ਨਹੀਂ ਸੀ ਕਾਲਜ ਵਿੱਚ ਸੀ।

(1) ਤੁਸੀਂ ਕੱਲ੍ਹ ਪਟਿਆਲੇ ਵਿੱਚ ਸੀ ? (ਰਾਜ ਪੁਰਾ)
(2) ਤੁਸੀਂ ਮਾਰਚ ਬਾਰਾਂ ਤਰੀਖ ਨੂੰ ਆਗਰੇ ਵਿੱਚ ਸੀ ? (ਦਿੱਲੀ)
(3) ਕਮਲਾ ਤੁਸੀਂ ਕੱਲ੍ਹ ਪਟਿਆਲੇ ਵਿੱਚ ਸੀ ? (ਦਿੱਲੀ)

Model 2

ਮੈਂ ਦੱਸ ਤਰੀਕ ਨੂੰ ਤੁਹਾਡੇ ਘਰ ਸੀ ? (ਆਪਣੇ ਘਰ ਸੀ)
ਤੁਸੀਂ ਦਸ ਤਰੀਕ ਨੂੰ ਸਾਡੇ ਘਰ ਨਹੀਂ ਸੀ ਆਪਣੇ ਘਰ ਸੀ।

(1) ਮੈਂ ਵੀਹ ਤਰੀਕ ਨੂੰ ਪਟਿਆਲੇ ਵਿੱਚ ਸੀ। (ਅੰਮ੍ਰਿਤਸਰ)
(2) ਮੈਂ ਪਰਸੋਂ ਸ਼ਾਮੀ ਰੋਸ਼ਨ ਦੇ ਘਰ ਸੀ। (ਹੋਸਟਲ)
(3) ਕੱਲ੍ਹ ਸ਼ਾਮੀ ਮੈਂ ਤੁਹਾਡੇ ਕਮਰੇ ਵਿੱਚ ਸੀ। (ਆਪਣੇ ਕਮਰੇ)

B. EXERCISES

1. Fill up the blanks with past tense auxiliaries.

(1) ਮੈਂ ਮੈਸੂਰ ਵਿੱਚ ----
(2) ਮੈਂ ਅੱਜ ਘਰ ----
(3) ਅਸੀਂ ਕਾਲਜ ਵਿੱਚ ----
(4) ਤੂੰ ਕੱਲ੍ਹ ਘਰ ----
(5) ਤੁਸੀਂ ਅਧਿਆਪਕ ----
(6) ਉਹ ਕਮਰੇ ਵਿੱਚ ----
(7) ਉਹ ਕਾਲਜ ਵਿੱਚ ----
(8) ਸਾਰੇ ਮੁੰਡੇ ਕਲਾਸ ਵਿੱਚ ----

2. Answer the following questions in the negative as per the model given below :

Model 1

ਤੁਸੀਂ ਕੱਲ੍ਹ ਸ਼ਾਮੀ ਘਰ ਸੀ ?
ਮੈਂ ਕੱਲ੍ਹ ਸ਼ਾਮੀ ਘਰ ਨਹੀਂ ਸੀ।

(1) ਅਸੀਂ ਪਰਸੋਂ ਸ਼ਾਮੀ ਦਿੱਲੀ ਵਿੱਚ ਸੀ ?
(2) ਤੁਸੀਂ ਕੱਲ੍ਹ ਸ਼ਾਮੀ ਹੋਸਟਲ ਵਿੱਚ ਸੀ ?
(3) ਉਹ ਕੱਲ੍ਹ ਸਵੇਰੇ ਕਲਾਸ ਵਿੱਚ ਸੀ ?
(4) ਤੁਸੀਂ ਅੱਜ ਸਵੇਰੇ ਲਾਇਬਰੇਰੀ ਵਿੱਚ ਸੀ ?

3. Answer the following questions as per the model given below.

Model 1

ਸ਼ਰਮਾ ਕਿੱਥੇ ਹੈ ? (ਘਰ)
ਸ਼ਾਇਦ ਘਰ ਹੈ।
(1) ਰਵੀ ਦਾ ਭਰਾ ਕਿੱਥੇ ਹੈ ? (ਕਾਲਜ)
(2) ਉਸ ਦੀ ਪਤਨੀ ਕਿੱਥੇ ਹੈ ? (ਘਰ)
(3) ਸਰਲਾ ਕਿੱਥੇ ਹੈ ? (ਕਲਾਸ)

Model 2

ਰਵੀ ਦੇ ਪਿਤਾ ਜੀ ਕਿੱਥੇ ਹਨ ? (ਦਫ਼ਤਰ)
ਸ਼ਾਇਦ ਦਫਤਰ ਵਿੱਚ ਹਨ ।
(1) ਮਾਸਟਰ ਜੀ ਕਿੱਥੇ ਹਨ ? (ਕਲਾਸ)
(2) ਭਜਨ ਲਾਲ ਜੀ ਕਿੱਥੇ ਹਨ ? (ਕਮਰਾ)
(3) ਵਾਰਡਨ ਜੀ ਕਿੱਥੇ ਹਨ ? (ਹੌਸਟਲ)

C. VOCABULARY

ਸਾਰੇ 'all'
ਸ਼ਾਮੀ 'in the evening'
ਵਿੱਚ 'in'
ਕਿਉਂ 'why'
ਕੀ ਗੱਲ ਹੈ ? 'what is the matter ?'
ਕੁੱਝ ਨਹੀਂ 'nothing'
ਮਿਲਣਾ 'to meet'
ਗੁਰਦੁਆਰਾ 'Temple' (Holy place of Sikhs where they worship Guru Granth Sahib, Holy Scripture of Sikh Religion)
ਸੰਗੀਤ 'music'
ਪ੍ਰੋਗ੍ਰਾਮ 'programme'
ਉੱਥੇ 'there'
ਦੇ ਨੇੜੇ 'near'
ਜੋ 'which' (relative pronoun)
ਝੂਠ 'lie'
ਸ਼ਾਇਦ 'perhaps'
ਆਪਣਾ 'own'

D. NOTES

Generally the past tense auxiliary form ਸੀ is used with all pronouns except IIIrd person plural subjects where a distinction is retained only in number.

ਮੈਂ ਘਰ ਸੀ 'I was at home'
ਤੂੰ ਘਰ ਸੀ 'you were at home'
ਉਹ ਘਰ ਸੀ 'he/she was at home'
ਅਸੀਂ ਘਰ ਸੀ 'we were at home'
ਤੁਸੀਂ ਘਰ ਸੀ 'you were at home'
ਉਹ ਘਰ ਸਨ 'They were at home'

UNIT V

Lesson 21

A Review Lesson

ਰਾਮ : ਇਹ ਮੇਰਾ ਕਮਰਾ ਹੈ ।	This is my room.
ਸ਼ਾਮ : ਇਸ ਕਮਰੇ ਵਿੱਚ ਪੱਖਾ ਨਹੀਂ ਹੈ।	There is no fan in this room.
ਮੇਰੇ ਕਮਰੇ ਵਿੱਚ ਪੱਖਾ ਹੈ ।	There is a fan in my room.
ਰਾਮ : ਇਨ੍ਹਾਂ ਸਾਰਿਆਂ ਕਮਰਿਆਂ ਵਿੱਚ ਪੱਖੇ ਨਹੀਂ ਹਨ।	There are no fans in all these rooms.
ਇਹ ਮੇਰੇ ਬੱਚੇ ਦਾ ਕਮਰਾ ਹੈ ।	This is my child's room.
ਮੇਰੇ ਬੱਚੇ ਦੇ ਕਮਰੇ ਵਿੱਚ ਮੇਜ਼ ਹੈ ।	There is a table in my child's room.
ਇਹ ਉਸ ਦੀ ਕਲਮ ਹੈ ।	This is his pen.
ਇਹ ਉਹਦੀਆਂ ਕਿਤਾਬਾਂ ਹਨ ।	These are his books.
ਇਹ ਉਸ ਦੇ ਪੈਨ ਹਨ ।	These are his pens.
ਸ਼ਾਮ : ਉਸਦਿਆਂ ਖਿਡੌਣਿਆਂ ਵਿੱਚ ਮੇਰਾ ਖਿਡੌਣਾ ਹੈ।	There is mine toy in his toys
ਰਾਮ : ਤੁਹਾਡਾ ਘਰ ਕਿੱਥੇ ਹੈ ?	Where is your home ?
ਸ਼ਾਮ : ਮੇਰਾ ਘਰ ਆਸਾਮ ਵਿੱਚ ਹੈ ।	My home is in Assam.
ਰਾਮ : ਅੱਜ ਕੀ ਵਾਰ ਹੈ ?	What day is today ?
ਸ਼ਾਮ : ਅੱਜ ਮੰਗਲਵਾਰ ਹੈ।	Today is Tuesday.
ਰਾਮ : ਕੱਲ੍ਹ ਕੀ ਵਾਰ ਸੀ ?	What day was yesterday ?
ਸ਼ਾਮ : ਕੱਲ੍ਹ ਸੋਮਵਾਰ ਸੀ ।	Yesterday, it was Monday.
ਰਾਮ : ਕੱਲ੍ਹ ਕੀ ਵਾਰ ਹੈ ?	What day is tomorrow ?
ਸ਼ਾਮ : ਕੱਲ੍ਹ ਬੁੱਧਵਾਰ ਹੈ।	Tomorrow, it is Wednesday.
ਰਾਮ : ਇਹ ਕਿਹੜਾ ਮਹੀਨਾ ਹੈ ?	What month is it ?
ਸ਼ਾਮ : ਇਹ ਜੁਲਾਈ ਦਾ ਮਹੀਨਾ ਹੈ ।	This is a month of July.
ਰਾਮ : ਅੱਜ ਕੀ ਤਰੀਕ ਹੈ ?	What is the date today ?
ਸ਼ਾਮ : ਅੱਜ ਸੱਤ ਤਰੀਕ ਹੈ ।	Today is the seventh.

ਰਾਮ : ਇਹ ਕਿਸ ਦਾ ਥੈਲਾ ਹੈ ?	Whose bag is this ?
ਸ਼ਾਮ : ਇਹ ਮੇਰਾ ਥੈਲਾ ਹੈ ।	This is my bag.
ਰਾਮ : ਇਹ ਬਹੁਤ ਸੁਹਣਾ ਥੈਲਾ ਹੈ ।	This is a very beautiful bag.
ਇਸ ਥੈਲੇ ਵਿੱਚ ਕੀ ਹੈ ?	What is in this bag ?
ਸ਼ਾਮ : ਥੈਲੇ ਵਿਚ ਕਿਤਾਬਾਂ ਹਨ ।	There are books in the bag.

EXERCISES

1. Change the following sentences as per the model given below.

Model 1

ਇਹ ਕਾਲਾ ਘੋੜਾ ਹੈ ।
ਇਹ ਕਾਲੇ ਘੋੜੇ ਹਨ।
(1) ਉਹ ਹਰਾ ਪਰਦਾ ਹੈ ।
(2) ਇਹ ਚਿੱਟਾ ਕੁੜਤਾ ਹੈ ।
(3) ਉਹ ਸੁਹਣਾ ਘਰ ਹੈ ।
(4) ਉਹ ਚੰਗਾ ਬੱਚਾ ਹੈ।
(5) ਇਹ ਲਾਲ ਪੈਨ ਹੈ।
(6) ਇਹ ਸਾਊ ਬੰਦਾ ਹੈ ।

Model 2

ਇਹ ਚੰਗੀ ਕੁੜੀ ਹੈ ।
ਇਹ ਚੰਗੀਆਂ ਕੁੜੀਆਂ ਹਨ।
(1) ਇਹ ਛੋਟੀ ਕਿਤਾਬ ਹੈ ।
(2) ਇਹ ਵੱਡੀ ਕੁਰਸੀ ਹੈ ।
(3) ਇਹ ਗੁਲਾਬੀ ਸਾੜ੍ਹੀ ਹੈ।
(4) ਇਹ ਕਾਲੀ ਘੋੜੀ ਹੈ ।
(5) ਇਹ ਬੁਧੀਮਾਨ ਔਰਤ ਹੈ।
(6) ਇਹ ਮੂਰਖ ਬੱਚੀ ਹੈ ।

2. Change the form of the words given in brackets appropriately and fill up the blanks.

1. ਤੁਹਾਡੇ---ਵਿੱਚ ਕਿੰਨੇ ਵਿਦਿਆਰਥੀ ਹਨ ? (ਕਮਰਾ)
2. ---ਬਸਤੇ ਵਿੱਚ ਕਿਤਾਬਾਂ ਹਨ । (ਸਾਡਾ)
3. ---ਘਰ ਵਿੱਚ ਕੌਣ ਹੈ ? (ਤੁਹਾਡਾ)
4. ਕੱਲ੍ਹ---ਤਰੀਕ ਹੈ ? (ਕਿਹੜਾ)
5. ਮੇਰੇ ਪੈਨ---ਹਨ ? (ਕਿਹੜਾ)
6. ਤੁਹਾਡੀਆਂ ਕਿਤਾਬਾਂ----ਹਨ ? (ਕਿਹੜਾ)
7. ਇਹ---ਪੈਨਸਿਲਾਂ ਹਨ ? (ਕਿਸ ਦਾ)
8. ---ਕੀਮਤ ਕੀ ਹੈ ? (ਉਹ ਦਾ)
9. ਇਹ---ਕਿਤਾਬ ਕਿਸ ਦੀ ਹੈ ? (ਨਵਾਂ)
10. ਇਨ੍ਹਾਂ---ਵਿੱਚ ਪੱਖੇ ਨਹੀਂ ਹਨ। (ਕਮਰਾ)

3. Change the past tense auxiliaries into present tense auxiliaries and re-write the sentences.

ਉਹ ਘਰ ਸੀ।	ਅਸੀਂ ਠੀਕ ਸਾਂ ।
ਮੈਂ ਬੀਮਾਰ ਸਾਂ ।	ਤੁਸੀਂ ਕਿੱਥੇ ਸੌ ?
ਉਹ ਕਿੱਥੇ ਸਨ ?	ਤੂੰ ਕਮਰੇ ਵਿੱਚ ਸੈਂ ?

4. Change the following affirmative sentences in negative sentences.

1. ਉਹ ਕਮਰੇ ਵਿੱਚ ਹੈ।
2. ਅਸੀਂ ਠੀਕ ਹਾਂ ।
3. ਤੁਸੀਂ ਘਰ ਸੌ ।
4. ਉਹ ਕਮਰਿਆਂ ਵਿੱਚ ਹਨ।
5. ਉਹ ਘਰ ਸੀ ।
6. ਉਹ ਹੋਸਟਲ ਵਿੱਚ ਸਨ।

5. Write down the answers of the following questions.

1. ਅੱਜ ਕੀ ਵਾਰ ਹੈ ?
2. ਤੁਹਾਡਾ ਕੀ ਨਾਂ ਹੈ ?
3. ਤੁਹਾਡੇ ਨਾਲ ਕੱਲ੍ਹ ਕੌਣ ਸੀ ?
4 ਤੁਹਾਡਾ ਭਰਾ ਕਿੱਥੇ ਹੈ ?
5. ਤੁਹਾਡੀ ਕਿਤਾਬ ਕਿੱਥੇ ਹੈ ?
6. ਕਿਹੜੀ ਕਿਤਾਬ ਤੁਹਾਡੀ ਹੈ ?
7. ਸਾਰੇ ਵਿਦਿਆਰਥੀ ਕਿੱਥੇ ਹਨ ?
8. ਕਲਾਸ ਵਿੱਚ ਕਿੰਨੇ ਵਿਦਿਆਰਥੀ ਹਨ ?
9. ਤੁਹਾਡੀ ਕਲਾਸ ਵਿੱਚ ਕਿੰਨੀਆਂ ਬਾਰੀਆਂ ਹਨ ?
10. ਤੁਹਾਡੀ ਕਮੀਜ਼ ਦਾ ਰੰਗ ਕਿਹੜਾ ਹੈ ?

6. Write down the numerals in words from 1 to 50 in Punjabi.

7. Use the following words in your own sentences.

ਬੜਾ, ਪੁਰਾਣਾ, ਮਹਿੰਗਾ, ਬਹੁਤ, ਬੱਦਲ, ਸਾਰੀਆਂ, ਸਿਹਤ, ਵਹੁਟੀ, ਖਿਡੌਣਾ, ਸਿਆਣਾ, ਦੋਵੇਂ, ਸ਼ਾਇਦ, ਆਪਣਾ, ਨੇੜੇ, ਝੂਠ, ਕਦੋਂ ।

8. Write down the plural form of the following noun phrases and use them in your own sentences.

ਹੱਥ ਵਿੱਚ, ਕਮਰੇ ਵਿੱਚ, ਭਰਾ ਦਾ, ਭੈਣ ਦੀ, ਬਸਤੇ ਵਿੱਚ, ਘਰ ਵਿੱਚ, ਬੱਚੇ ਦਾ, ਮੁੰਡੇ ਦੀਆਂ, ਇਸ ਬੱਚੀ ਦਾ, ਕਿਸ ਦੀ ਕੁਰਸੀ

UNIT VI **Lesson 22**

In the Class Room

ਅਧਿਆਪਕ : ਰਾਮ ਏਥੇ ਆ। ਬਲੈਕ ਬੋਰਡ ਤੇ ਇਹ ਅੱਖਰ ਲਿਖ ।	Ram, come here. Write down these letters on the black board.
ਰਾਮ : ਅੱਛਾ ਜੀ ।	Right, sir/madam.
ਅਧਿਆਪਕ : ਕਮਲਾ ਤੁਹਾਡੀ ਕਾਪੀ ਦਫ਼ਤਰ ਵਿੱਚ ਮੇਰੀ ਮੇਜ਼ ਉੱਤੇ ਹੈ, ਜਾਓ ਲੈ ਆਓ।	Kamla, your note book is on my table in the office, please go and bring it.
ਕਮਲਾ : ਅੱਛਾ ਜੀ ।	Right, sir/madam.
ਅਧਿਆਪਕ : ਸ਼ਾਮ ਤੁਹਾਡੀ ਕਿਤਾਬ ਕਿੱਥੇ ਹੈ ?	Sham, where is your book ?
ਸ਼ਾਮ : ਮੇਰੀ ਕਿਤਾਬ ਤੁਹਾਡੇ ਕਮਰੇ ਵਿੱਚ ਹੈ।	My book is in your room.
ਅਧਿਆਪਕ : ਜਾਓ, ਲੈ ਆਓ ।	Please go and bring it.
ਸ਼ਾਮ : ਅੱਛਾ ਜੀ, ਲਿਆਉਨਾ ਆਂ ।	Right, sir/madam I will bring it.
ਅਧਿਆਪਕ : ਕਮਲਾ ਇਹ ਅੱਖਰ ਪੜ੍ਹੋ।	Kamla, please read these letters.
ਕਮਲਾ : ਅੱਛਾ ਜੀ, ਪੜ੍ਹਨੀ ਆਂ ।	Right, sir/madam, I will read it.
ਅਧਿਆਪਕ : ਹੁਣ ਮੈਂ ਬੋਲਨੀ ਹਾਂ ਧਿਆਨ ਨਾਲ ਸੁਣੋ ਤੇ ਫਿਰ ਲਿਖੋ ।	Now I speak, listen carefully. and write it down.
ਕਮਲਾ : ਤੁਸੀਂ ਇਹ ਅੱਖਰ ਜ਼ਰਾ ਫਿਰ ਬੋਲੋ।	Please repeat this letter again
ਅਧਿਆਪਕ : ਮੈਂ ਫਿਰ ਬੋਲਦੀ ਹਾਂ ਧਿਆਨ ਨਾਲ ਸੁਣੋ।	I say it again; listen carefully
ਕਮਲਾ ਹੁਣ ਧਿਆਨ ਨਾਲ ਸੁਣੀਂ ਤੇ ਠੀਕ ਲਿਖੀਂ ।	Kamla, please listen carefully now and write it down correctly.
ਕਮਲਾ : ਅੱਛਾ ਜੀ, ਮੈਡਮ ਤੁਸੀਂ ਵੀ ਜ਼ਰਾ ਹੌਲੀ ਹੌਲੀ ਬੋਲਿਓ ।	O.K., you please say it a little slowly.
ਅਧਿਆਪਕ : ਠੀਕ ਹੈ	Alright.

Numerals from 71 to 80 :

ਇਕੱਤਰ	seventy one	ਛਿਅੱਤਰ	seventy six
ਬਹੱਤਰ	seventy two	ਸਤੱਤਰ	seventy seven
ਤਿਹੱਤਰ	seventy three	ਅੱਠਤਰ	seventy eight
ਚੁਹੱਤਰ	seventy four	ਉਨਾਸੀ	seventy nine
ਪਚੱਤਰ	seventy five	ਅੱਸੀ	eighty

A. DRILLS

1. Repetition Drill

ਰਾਮ ਏਥੇ ਆ ।
ਬਲੈਕ ਬੋਰਡ ਤੇ ਇਹ ਅੱਖਰ ਲਿਖ ।
ਜਾ, ਲੈ ਆ ।
ਜਾਓ, ਲੈ ਆਓ ।
ਤੁਸੀਂ ਏਥੇ ਆਓ ।
ਤੁਸੀਂ ਇਹ ਅੱਖਰ ਲਿਖੋ ।
ਤੁਸੀਂ ਇਹ ਅੱਖਰ ਫਿਰ ਬੋਲਿਓ ।
ਹੁਣ ਧਿਆਨ ਨਾਲ ਸੁਣੀਂ ਤੇ ਠੀਕ ਲਿਖੀਂ ।
ਅੱਛਾ ਜੀ, ਤੁਸੀਂ ਵੀ ਜ਼ਰਾ ਹੌਲੀ ਹੌਲੀ ਬੋਲਿਓ ।
ਅੱਜ ਸਾਡੇ ਘਰ ਆਈਂ ।
ਅੱਜ ਸਾਡੇ ਘਰ ਆਇਓ ।

2. Substitution Drill

Model 1 ਕਿਤਾਬ ਪੜ੍ਹ (ਲਿਆ)
ਕਿਤਾਬ ਲਿਆ ।
(ਲੈ ਆ)
(ਦੇ)

Model 2 ਚਿੱਠੀ ਪੜ੍ਹੋ । (ਲਿਖੋ)
ਚਿੱਠੀ ਲਿਖੋ ।
(ਸੁਣੋ)
(ਲਇਓ)

Model 3 ਕਿਤਾਬ ਪੜ੍ਹ । (ਲੈ ਆਈਂ)
ਕਿਤਾਬ ਲੈ ਆਈਂ
(ਲਿਆਈਂ)
(ਦੇ ਆਈਂ)

Model 4 ਕਿਤਾਬ ਪੜਿਓ (ਲਆਇਓ)
ਕਿਤਾਬ ਲਿਆਇਓ
(ਲੈ ਆਇਓ)
(ਲੈ ਲਇਓ)

3. Response Drill

Model 1

ਤੁਹਾਡੀ ਕਿਤਾਬ ਕਿੱਥੇ ਹੈ ? (ਕਮਰਾ)
ਮੇਰੀ ਕਿਤਾਬ ਕਮਰੇ ਵਿੱਚ ਹੈ ।

(1) ਉਹਦੀ ਕਾਪੀ ਕਿੱਥੇ ਹੈ ? (ਹੋਸਟਲ)
(2) ਤੁਹਾਡੀ ਕਲਮ ਕਿੱਥੇ ਹੈ ? (ਦਫ਼ਤਰ)
(3) ਮੇਰਾ ਪੈਂਨ ਕਿੱਥੇ ਹੈ ? (ਜੇਬ)
(4) ਤੁਹਾਡਾ ਬਸਤਾ ਕਿੱਥੇ ਹੈ ? (ਅਲਮਾਰੀ)

B. EXERCISES

1. Fill in he blanks with appropriate words.

(1) ਤੁਹਾਡੀ ਕਾਪੀ ਦਫ਼ਤਰ ਵਿੱਚ ਮੇਰੀ ਮੇਜ਼ ———— ਹੈ ।

(2) ਤੁਹਾਡੀ ਕਿਤਾਬ ———————— ਹੈ ।

(3) ਤੁਸੀਂ ਮੇਰੇ ———————— ਆਓ ।

(4) ਮੈਂ ਬੋਲਦੀ ਹਾਂ, ਧਿਆਨ ਨਾਲ ————

(5) ਮੇਰੀ ਕਿਤਾਬ ਤੁਹਾਡੇ ਕਮਰੇ ———— ਹੈ ।

(6) ਬਲੈਕ ਬੋਰਡ ———— ਇਹ ਅੱਖਰ ਲਿਖ ।

2. Change the following sentences from singular to plural as per the model given below.

Model 1 ਏਥੇ ਆ ।
ਏਥੇ ਆਓ ।

(1) ਜਾ ਲੈ ਆ ।

(2) ਧਿਆਨ ਨਾਲ ਸੁਣ ।

(3) ਇਹ ਪੜ੍ਹ ।

(4) ਕਿਤਾਬ ਲਿਆ ।

Model 2 ਏਥੇ ਆਈਂ ।
ਏਥੇ ਆਇਓ ।

(1) ਇਹ ਅੱਖਰ ਲਿਖੀਂ ।

(2) ਧਿਆਨ ਨਾਲ ਬੋਲੀਂ ।

(3) ਧਿਆਨ ਨਾਲ ਪੜ੍ਹੀਂ ।

(4) ਕਿਤਾਬ ਲਿਆਈਂ ।

3. Write down the answers of the following questions.

(1) ਤੁਹਾਡੀ ਕਿਤਾਬ ਕਿੱਥੇ ਹੈ ?

(2) ਤੁਹਾਡਾ ਭਰਾ ਕਿੱਥੇ ਹੈ ?

(3) ਤੁਹਾਡੇ ਬੱਚੇ ਕਿੱਥੇ ਹਨ ?

(4) ਤੁਹਾਡਾ ਪੈਨ ਕਿੱਥੇ ਹੈ ?

4. Change the Masculine to Feminine of the following sentences as per the model given below.

Model 1 ਮੈਂ ਲਿਆਉਨਾ ਹਾਂ ।
ਮੈਂ ਲਿਆਉਨੀ ਹਾਂ ।

(1) ਮੈਂ ਪੜ੍ਹਨਾ ਹਾਂ ।

(2) ਮੈਂ ਲਿਖਨਾ ਹਾਂ ।

(3) ਮੈਂ ਜਾਨਾ ਹਾਂ ।

(4) ਮੈਂ ਬੋਲਨਾ ਹਾਂ ।

C. VOCABULARY

ਏਥੇ (ਇੱਥੇ)	'here'	ਪੜ੍ਹਨਾ	'to read'
ਆਉਣਾ	'to come'	ਧਿਆਨ ਨਾਲ	'carefully'
ਤੇ, ਉੱਤੇ	'on'	ਫਿਰ	'again'
ਲੈ ਆਉ'ਣਾ	to go and bring'	ਬੋਲਣਾ	'to speak'
ਲਿਖਣਾ	'to write'	ਸੁਣਨਾ	'to listen'
ਅੱਖਰ	'letter(s)'	ਠੀਕ	'correct'
ਜਾਣਾ	'to go'	ਹੌਲੀ ਹੌਲੀ	'slowly'
ਲਿਆਓਣਾ	'to bring'	ਜੇਬ	'pocket (f)'
ਦੇ ਆਉਣਾ	'to go and give'	ਬਲੈਕ ਬੋਰਡ	'black-board'

Open your books

ਅਧਿਆਪਕ : ਵਿਦਿਆਰਥੀਓ ! ਤੁਸੀਂ ਆਪਣੀਆਂ ਕਿਤਾਬਾਂ ਖੋਲ੍ਹੋ ਤੇ ਆਪਣਾ ਪਾਠ ਪੜ੍ਹੋ। ਹੁਣ ਕਿਤਾਬਾਂ ਬੰਦ ਕਰੋ ਤੇ ਮੇਰਿਆਂ ਪ੍ਰਸ਼ਨਾਂ ਦਾ ਉੱਤਰ ਦਿਓ :	Students ! please open your books and read your lesson. Now, close the books and answer my questions.
ਵਿਦਿਆਰਥੀ : ਅੱਛਾ ਜੀ ! ਪੁੱਛੋ।	Right, Sir ! Please ask.
ਅਧਿਆਪਕ : ਏਥੇ ਆ, ਬਲੈਕ ਬੋਰਡ ਤੇ ਇਹ ਅੱਖਰ ਲਿਖ।	Come here and write down these words on the black-board.
ਮਹਿੰਦਰ ਤੁਸੀਂ ਦਫ਼ਤਰ ਵਿੱਚ ਜਾਓ ਤੇ ਚਾਕ ਲੈ ਆਓ।	Mohinder, you go to the office and bring chalks.
ਮਹਿੰਦਰ : ਅੱਛਾ ਜੀ ! ਲਿਆਉਨਾ ਆਂ।	Right sir, I will bring.
ਅਧਿਆਪਕ : ਕਮਲਾ, ਤੁਹਾਡੀ ਕਾਪੀ ਮੇਰੀ ਮੇਜ਼ ਉੱਤੇ ਹੈ, ਜਾਓ ਲੈ ਆਓ।	Kamla your note book is on my table, go and bring it.
ਕਮਲਾ : ਅੱਛਾ ਜੀ ! ਜਾਨੀ ਆਂ।	Right sir, I go.
ਅਧਿਆਪਕ : ਰਾਮ, ਇਹ ਅੱਖਰ ਪੜ੍ਹੋ।	Ram, you read these letters.
ਰਾਮ : ਅੱਛਾ ਜੀ ਪੜ੍ਹਨਾ ਆਂ।	O.K. Sir.
ਅਧਿਆਪਕ : ਅੱਜ ਬਾਜ਼ਾਰ ਜਾਈਂ ਤਾਂ ਮੇਰੇ ਲਈ ਵੀ ਕਾਪੀ ਲੈ ਆਈਂ।	Go to bazar today and brin a note book for me.
ਰਾਮ : ਅੱਛਾ ਜੀ !	Right sir.
ਅਧਿਆਪਕ : ਤੁਸੀਂ ਵੀ ਅੱਜ ਬਾਜ਼ਾਰ ਜਾਇਓ ਤੇ ਕਾਪੀ ਜ਼ਰੂਰ ਲੈ ਆਇਓ।	You too must go to bazar today and bring your note books.

ਵਿਦਿਆਰਥੀ : ਅੱਛਾ ਜੀ।	Right sir.
ਅਧਿਆਪਕ : ਹੁਣ ਮੈਂ ਕੁਝ ਸ਼ਬਦ ਬੋਲਨੀ ਹਾਂ, ਤੁਸੀਂ ਪਹਿਲਾਂ ਧਿਆਨ ਨਾਲ ਸੁਣੋ ਤੇ ਫਿਰ ਲਿਖੋ।	Now I speak a few words, first you listen to them carefully and then write.
ਵਿਦਿਆਰਥੀ : ਇਹ ਸ਼ਬਦ ਜ਼ਰਾ ਫਿਰ ਬੋਲਿਓ।	Please say these words again.
ਅਧਿਆਪਕ : ਤੁਸੀਂ ਛੁੱਟੀ ਵਾਲੇ ਦਿਨ ਇੱਥੇ ਹੋ ?	Are you here on holiday ?
ਰਾਮ : ਹਾਂ ਜੀ! ਮੈਂ ਇੱਥੇ ਹਾਂ।	Yes sir, I am here.
ਅਧਿਆਪਕ : ਤਾਂ ਫਿਰ ਤੁਸੀਂ ਐਤਵਾਰ ਸ਼ਾਮੀਂ ਚਾਰ ਵੱਜੇ ਸਾਡੇ ਘਰ ਆਇਓ।	Then you come to our home on Sunday at 4 p.m.
ਰਾਮ : ਅੱਛਾ ਜੀ! ਮਿਹਰਬਾਨੀ।	O.K. thank you, sir.
ਅਧਿਆਪਕ : ਸ਼ਾਮ, ਤੂੰ ਵੀ ਇਨ੍ਹਾਂ ਨਾਲ ਆਈਂ।	Sham, you also come with him.
ਸ਼ਾਮ : ਅੱਛਾ ਜੀ!	O.K. sir.
ਅਧਿਆਪਕ : ਤੁਸੀਂ ਬਾਜ਼ਾਰ ਜਾਓ। ਆਪਣੀ ਕਿਤਾਬ ਲੈ ਆਓ।	You go to bazar. Bring your book.
ਸ਼ਾਮ : ਅੱਛਾ ਜੀ!	Right sir.
ਅਧਿਆਪਕ : ਰਾਮ, ਅੱਜ ਹੋਸਟਲ ਨਾ ਜਾਓ, ਮੇਰੇ ਨਾਲ ਘਰ ਆਓ।	Ram you don't go to the hostel today, come home with me.
ਰਾਮ : ਅੱਛਾ ਜੀ, ਠੀਕ ਹੈ, ਮਿਹਰਬਾਨੀ।	Alright sir, thank you.

A. DRILLS

1. Repetition Drill

ਤੂੰ ਘਰ ਜਾ।	ਆਪਣੇ ਪੱਖੇ ਸਾਫ਼ ਕਰ।
ਤੁਸੀਂ ਘਰ ਜਾਓ।	ਆਪਣੀਆਂ ਕਮੀਜ਼ਾਂ ਅਲਮਾਰੀ ਵਿੱਚ ਰੱਖੋ।
ਤੂੰ ਅਲਮਾਰੀ ਖੋਲ੍ਹ।	ਆਪਣੇ ਬੱਚੇ ਨੂੰ ਲੈ ਆਓ।
ਤੁਸੀਂ ਅਲਮਾਰੀ ਨਾ ਖੋਲ੍ਹੋ।	ਆਪਣੇ ਕਮਰੇ ਨੂੰ ਸਾਫ਼ ਕਰ।
ਕਿਤਾਬ ਬੰਦ ਕਰ।	ਤੂੰ ਸ਼ਾਮੀਂ ਚਾਰ ਵੱਜੇ ਸਾਡੇ ਘਰ ਆਈਂ।
ਕਿਤਾਬ ਬੰਦ ਕਰੋ।	ਤੁਸੀਂ ਕਲ੍ਹ ਸਵੇਰੇ ਦਫ਼ਤਰ ਆਇਓ।
ਆਪਣਾ ਬਸਤਾ ਲੈ ਆ।	ਤੂੰ ਠੰਡਾ ਖਾਣਾ ਨਾ ਖਾਈਂ।
ਆਪਣੀ ਕਿਤਾਬ ਪੜ੍ਹ।	ਤੁਸੀਂ ਕੱਲ੍ਹ ਬਸਤਾ ਨਾ ਲਿਆਇਓ।

2. Substitution Drill

Model 1

ਤੁਸੀਂ ਸਕੂਲ ਜਾਓ । (ਦਫ਼ਤਰ)
ਤੁਸੀਂ ਦਫ਼ਤਰ ਜਾਓ
(ਪਿੰਡ)
(ਆਪਣੇ ਕਮਰੇ ਵਿੱਚ)
(ਰਾਮ ਨਾਲ)

Model 2

ਤੁਸੀਂ ਆਪਣੀ ਕਾਪੀ ਲੈ ਆਓ । (ਪੈਨਸਿਲ)
ਤਸੀਂ ਆਪਣੀ ਪੈਨਸਿਲ ਲੈ ਆਓ ।
(ਆਪਣਾ ਬਸਤਾ)
(ਆਪਣੇ ਬਸਤੇ)
(ਆਪਣੀਆਂ ਕਾਪੀਆਂ)

Model 3

ਤੁਸੀਂ ਸਾਡੇ ਘਰ ਜਾਇਓ (ਕਾਪੀ ਲੈ ਆਇਓ)
ਤੁਸੀਂ ਸਾਡੇ ਘਰ ਕਾਪੀ ਲੈ ਆਇਓ ।
(ਕਿਤਾਬ ਲਿਆਇਓ)
(ਖਾਣਾ ਖਾਇਓ)

Model 4

ਤੂੰ ਸਾਡੇ ਘਰ ਕਾਪੀ ਲੈ ਆਈਂ (ਜਾਈਂ)
ਤੂੰ ਸਾਡੇ ਘਰ ਜਾਈਂ !
(ਕੰਮ ਕਰੀਂ)
(ਖਾਣਾ ਖਾਈਂ)

3. Transformation Drill

Model 1

ਘਰ ਜਾ
ਘਰ ਜਾਓ
(1) ਖਾਣਾ ਖਾ
(2) ਚਾਹ ਪੀ
(3) ਕੰਮ ਕਰ
(4) ਕਿਤਾਬ ਪੜ੍ਹ
(5) ਏਥੇ ਆ ।

Model 2

ਮੈਂ ਜਾਨਾ ਹਾਂ ।
ਮੈਂ ਜਾਨੀ ਹਾਂ ।
(1) ਮੈਂ ਲਿਆਉਨਾ ਹਾਂ ।
(2) ਮੈਂ ਆਨੀ ਹਾਂ ।
(3) ਮੈਂ ਖਾਨੀ ਹਾਂ ।
(4) ਮੈਂ ਪੜ੍ਹਨਾ ਹਾਂ ।
(5) ਮੈਂ ਲਿਖਨਾ ਹਾਂ ।

B. EXERCISES

1. Change the following sentences from singular to plural.

(1) ਮੈਂ ਜਾਨਾ ਹਾਂ ।
(2) ਤੂੰ ਖਾਣਾ ਖਾ ।
(3) ਕਾਪੀ ਲੈ ਆਈਂ ।
(4) ਮੇਰੇ ਮੇਜ਼ ਉੱਤੇ ਕਾਪੀ ਹੈ, ਲੈ ਲੈ ।
(5) ਮੈਂ ਲਿਖਨੀ ਹਾਂ ।
(6) ਕਿਤਾਬ ਲੈ ਆ ।
(7) ਮੇਰੇ ਲਈ ਵੀ ਕਿਤਾਬ ਲਿਆਈਂ ।
(8) ਦਫ਼ਤਰ ਜਾ ।

2. Fill in the blanks.

(1) ਦਫ਼ਤਰ ਵਿੱਚ ਜਾਓ ਤੇ ਚਾਕ ਲੈ ——
(2) ਆਪਣੀ ——ਖੋਲ੍ਹੋ ।
(3) ਆਪਣੇ ਘਰ ——
(4) ਤੁਹਾਡੀ—— ਮੇਜ਼ ਉੱਤੇ ਹੈ ।
(5) ਤੁਹਾਡਾ ਪੈਨ ਮੇਜ਼ —— ਹੈ ।
(5) ਕਮਰੇ ਵਿੱਚ ਜਾਓ ਕਾਪੀ ਮੇਜ਼—— ਹੈ ਲੈ ——
(6) ਆਪਣਾ—— ਲਿਖੋ ।
(7) ਕਿਤਾਬ ਬੰਦ —— ।
(8) ਮੇਰੇ —— ਆਓ ।

3. Transform the following affirmative sentences into negative sentences as per the model given below.

Model 1

ਆਪਣੀ ਕਿਤਾ3 ਖੋਲ੍ਹੋ ।
ਆਪਣੀ ਕਿਤਾਬ ਨਾ ਖੋਲ੍ਹੋ ।
(1) ਪਾਠ ਪੜ੍ਹੋ ।
(2) ਇਹ ਅੱਖਰ ਲਿਖੋ ।
(3) ਕਾਪੀ ਲੈ ਆਓ ।
(4) ਅੱਜ ਬਾਜ਼ਾਰ ਜਾਈਂ ।
(5) ਅੱਜ ਸਾਡੇ ਘਰ ਆਇਓ ।
(6) ਅੱਜ ਮੇਰੇ ਹੋਸਟਲ ਆਇਓ ।
(7) ਅੱਜ ਰੋਟੀ ਸਾਡੇ ਘਰ ਖਾਇਓ ।
(8) ਕਿਤਾਬ ਪੜ੍ਹ ।
(9) ਦਫ਼ਤਰ ਜਾ ।
(10) ਕਾਪੀ ਦਿਓ ।

C. VOCABULARY

ਆਪਣਾ	'own'	ਪਹਿਲਾਂ	'first'
ਬੰਦ ਕਰਨਾ	'to close, to shut'	ਕੰਮ ਕਰਨਾ	'to work'
ਪ੍ਰਸ਼ਨ	'question' (m)	ਪੀਣਾ	'to drink'
ਉੱਤਰ ਦੇਣਾ	'to answer'	ਛੁੱਟੀ ਵਾਲਾ ਦਿਨ	'holiday'
ਚਾਕ	'chalk'	ਠੰਡਾ	'cold'
ਪੁੱਛਣਾ	'to ask'	ਮਿਹਰਬਾਨੀ	'thank you'
ਖਾਣਾ ਖਾਣਾ	'to eat food'	ਚਾਹ	'tea' (f)
ਜ਼ਰੂਰ	'definitely'	ਜਦੋਂ	'when'
ਖਾਣਾ	'food'	ਨਾ	'do not'
ਰੋਟੀ	'food'	ਦੇਣਾ	'to give'
ਸ਼ਬਦ	'word(s)' (m)	ਰੱਖਣਾ	'to keep'
ਪਾਠ	'lesson(s)' (m)	ਬਾਜ਼ਾਰ	'bazar'
		ਕੁੱਝ	'a few'
		ਸਾਫ਼ ਕਰਨਾ	'to clean'

NOTES

Verb roots and Imperative forms

In lessons 20 and 21 imperative forms have been introduced. There are four imperative forms as follows :

	Singular	*Plural*
Ordinary	ਖਾ	ਖਾਓ
Polite	ਖਾਈਂ	ਖਾਇਓ

The infinitives in Punjabi end in ਣਾ as ਲਿਖਣਾ 'to write' ਪੜ੍ਹਨਾ 'to read', etc. The root is obtained by dropping the ਣਾ of the infinitive as in ਲਿਖ, ਪੜ੍ਹ, etc. The imperative suffixes are as follows.

	Singular	*Plural*
Ordinary	–	–ੋ
Polite	–ੀਂ	–ਿਓ

ਲਿਖਣਾ 'to write'

	Singular	*Plural*
Ordinary	ਲਿਖ	ਲਿਖੋ
Polite	ਲਿਖੀਂ	ਲਿਖਿਓ

1. ੋ becomes ੱ after ੋ and –ਅ

Infinitive		*Stem*	*Imperative*
ਲੈਣਾ	'to take'	ਲੈ	ਲਵੋ
ਰਹਿਣਾ	'to live'	ਰਹਿ	ਰਵ੍ਹੋ
ਢਹਿਣਾ	'to fall'	ਢਹਿ	ਢਵ੍ਹੋ
ਹੋਣਾ	'to be'	ਹੋ	ਹੋਵੋ

2. –ੀਂ become –ੱਵੀਂ in –ੀ ending ਪੀ+ੀ=ਪੀਵੀਂ
–ਿਓ becomes –ੋ after stems ending in –ੀ ਪੀ+ਿਓ=ਪੀਓ
Occurrence of stem alternants

ਔਂ becomes –ਅੰ

		Ordinary		*Polite*	
		Sg.	Pl.	Sg.	Pl
ਭੌਂਣਾ	'to wander'	ਭੌਂ	ਭੰਵੋ	ਭੰਵੀਂ	ਭੰਵਿਓ
ਸੌਂਣਾ	'to sleep'	ਸੌਂ	ਸੰਵੋ	ਸੰਵੀਂ	ਸੰਵਿਓ

ਐ becomes –ਅ See examples in number 1.

ਇਉ becomes ਈ

ਸਿਉਂਣਾ	'to sew'		
ਸਿਉਂ	ਸੀਓ	ਸੀਵੀਂ	ਸੀਓ

Stem ending in ਐ drop the vowel before ਇਓ
ਲਇਓ, ਰਹਿਓ

3. The negative particle ਨਾ is used with the imperative forms of the verbs and precede them,

ਰੋਟੀ ਖਾ ਰੋਟੀ ਨਾ ਖਾ

4. Plural forms are used in honorific singular sense.

5. Present Indefinite Tense

Present indefinite tense is formed by adding ਨਾ to the verb root.

ਪੜ੍ਹ + ਨਾ = ਪੜ੍ਹਨਾ

Present tense form with ਨਾ suffix denotes a little more immediate time and it is used only with 1st person singular and plural and Second person singular subjects. It agrees with the subject in gender and number. It is followed by present auxiliary verb agreeing in person and number with the subject.

6. Vocative Case

In Vocative case ੳ suffix is added in the plural.

Vocative	*Plural*
ਵਿਦਿਆਰਥੀ	ਵਿਦਿਆਰਥੀਓ

7. Masculine nouns which have the same form in direct case for singular and plural will be inflected for plural in oblique case.

	sg.	*pl.*
Direct case	ਪ੍ਰਸ਼ਨ	ਪ੍ਰਸ਼ਨ
Oblique case	ਮੇਰੇ ਪ੍ਰਸ਼ਨ ਦਾ	ਮੇਰਿਆਂ ਪ੍ਰਸ਼ਨਾਂ ਦੇ

8. Reflexive pronoun

Reflexive pronoun ਆਪਣਾ is introduced. It agrees with the noun in gender, number and case.

ਇਹ ਮੇਰਾ ਆਪਣਾ ਪੈਨ ਹੈ।	'It is my own pen.'
ਇਹ ਮੇਰੀ ਆਪਣੀ ਕਿਤਾਬ ਹੈ।	'It is my own book.'
ਇਹ ਉਹ ਆਪਣੇ ਪੱਖੇ ਹਨ।	'These are his/her own fans.'
ਇਹ ਉਹਦੀਆਂ ਆਪਣੀਆਂ ਸਾੜ੍ਹੀਆਂ ਹਨ।	These are his/her own saries.'

UNIT VI

Lesson 24

He has fever

ਅਧਿਆਪਕ : ਸ਼ਾਮ, ਅੱਜ ਰਮੇਸ਼ ਕਿੱਥੇ ਹੈ।	Sham, where is Ramesh today ?
ਸ਼ਾਮ : ਉਹ ਹੋਸਟਲ ਵਿੱਚ ਹੈ।	He is in the hostel.
ਉਹਨੂੰ ਬੁਖ਼ਾਰ ਹੈ।	He has fever.
ਤੁਸੀਂ ਮੈਨੂੰ ਵੀ ਛੁੱਟੀ ਦਿਓ।	You please give me leave also.
ਅਧਿਆਪਕ : ਕੀ ਗੱਲ ਹੈ ? ਤੁਹਾਨੂੰ ਕੁਝ ਕੰਮ ਹੈ ?	What is the matter ? Do you have some work ?
ਸ਼ਾਮ : ਨਹੀਂ ਜੀ, ਮੈਨੂੰ ਢਿੱਡ ਪੀੜ ਹੈ।	No, I have stomachache.
ਅਧਿਆਪਕ : ਅੱਛਾ ਠੀਕ ਹੈ। ਜਾਓ। ਆਰਾਮ ਕਰੋ। ਡਿਸਪੈਂਨਸਰੀ ਤੋਂ ਦਵਾਈ ਵੀ ਲੈ ਜਾਓ।	Alright, go and take rest. Take the medicine from the dispensary also.
ਰਾਮ : ਸ਼ਾਮ, ਸਾਨੂੰ ਆਪਣੀ ਕਿਤਾਬ ਦੇ ਜਾ। ਮੇਰੀ ਕਿਤਾਬ ਰਮੇਸ਼ ਕੋਲ ਹੈ।	Sham, you give your book to us. My book is with Ramesh.
ਸ਼ਾਮ : ਲੈ ਲਓ।	Take it.
ਅਧਿਆਪਕ : ਤੁਸੀਂ ਪਾਠ ਅੱਠ ਖੋਲ੍ਹੋ। ਯਾਦ ਕਰੋ ਤੇ ਪ੍ਰਸ਼ਨਾਂ ਦੇ ਉੱਤਰ ਲਿਖੋ। ਮੈਨੂੰ ਕੁਝ ਕੰਮ ਹੈ ਦਫ਼ਤਰ ਵਿੱਚ। ਮੈਂ ਹੁਣੇ ਆਨੀ ਹਾਂ ਤੇ ਤੁਹਾਡਾ ਕੰਮ ਵੇਖਨੀ ਹਾਂ।	You open lesson eight. Remember it and write down the answers of the questions. I have some work in the office. I (will) come right now and check your work.
ਸੀਤਾ : ਮੇਰੇ ਕੋਲ ਕਿਤਾਬ ਨਹੀਂ ਹੈ।	I don't have the book.
ਅਧਿਆਪਕ : ਤੁਸੀਂ ਰਾਮ ਦੀ ਕਿਤਾਬ ਵੇਖ ਲਓ।	Yes see Ram's book.
ਤੁਸੀਂ ਸਾਰੇ ਚੁਪਚਾਪ ਆਪਣਾ ਕੰਮ ਕਰਿਓ।	You please do your work quietly.
ਸ਼ੋਰ ਨਾ ਕਰਿਓ।	Please don't make noise.

A. DRILLS

1. Repetition Drill.

ਮੈਨੂੰ ਕੰਮ ਹੈ।
ਸਾਨੂੰ ਛੁੱਟੀ ਦਿਓ।
ਤੈਨੂੰ ਬੁਖ਼ਾਰ ਹੈ ?
ਤੁਹਾਨੂੰ ਕੀ ਕੰਮ ਹੈ ?
ਉਹਨੂੰ ਢਿੱਡ ਪੀੜ ਹੈ।
ਉਨ੍ਹਾਂ ਨੂੰ ਕੁਝ ਕੰਮ ਹੈ।

ਤੂੰ ਉਹਨੂੰ ਕਿਤਾਬ ਦੇ ਦੇ।
ਤੁਸੀਂ ਮੈਨੂੰ ਆਪਣੀ ਕਿਤਾਬ ਦੇ ਜਾਓ।
ਤੂੰ ਉਨ੍ਹਾਂ ਨੂੰ ਇਹ ਕਿਤਾਬ ਦੇ ਆ।
ਤੁਸੀਂ ਸਾਨੂੰ ਆਪਣੀ ਕਾਪੀ ਦਿਓ।
ਸਾਨੂੰ ਜ਼ੁਕਾਮ ਹੈ।
ਇਨ੍ਹਾਂ ਨੂੰ ਪੈਨਸਿਲਾਂ ਦਿਓ।

2. Substitution Drill

Model 1

ਮੈਨੂੰ ਸਿਰ ਪੀੜ ਹੈ। (ਉਨ੍ਹਾਂ ਨੂੰ)
ਉਨ੍ਹਾਂ ਨੂੰ ਸਿਰ ਪੀੜ ਹੈ।
(ਉਹਨੂੰ)
(ਇਨ੍ਹਾਂ ਨੂੰ)
(ਸਾਨੂੰ)

Model 2

ਮੈਨੂੰ ਕੰਮ ਹੈ। (ਉਹਨੂੰ)
ਉਹਨੂੰ ਕੰਮ ਹੈ।
(ਸਾਨੂੰ)
(ਉਨ੍ਹਾਂ ਨੂੰ)
(ਇਹਨੂੰ)

Model 3

ਤੈਨੂੰ ਕੀ ਕੰਮ ਹੈ ? (ਇਹਨੂੰ)
ਇਹਨੂੰ ਕੀ ਕੰਮ ਹੈ ? (ਤੁਹਾਨੂੰ)
(ਉਹਨੂੰ)
(ਉਨ੍ਹਾਂ ਨੂੰ)

Model 4

ਇਨ੍ਹਾਂ ਨੂੰ ਕਿਤਾਬ ਦੇ ਜਾਓ। (ਉਨ੍ਹਾਂ ਨੂੰ)
ਉਨ੍ਹਾਂ ਨੂੰ ਕਿਤਾਬ ਦੇ ਜਾਓ। (ਸਾਨੂੰ)
(ਮੈਨੂੰ)
(ਉਹਨੂੰ)

3. Transformation Drill

Model 1

ਮਨੂੰ ਕਿਤਾਬ ਦੇ।
ਮੈਨੂੰ ਕਿਤਾਬ ਦਿਓ।

(1) ਉਹਨੂੰ ਆਪਣੇ ਨਾਲ ਲੈ ਜਾ।
(2) ਉਨ੍ਹਾਂ ਨੂੰ ਪੈਨ ਦੇ।
(3) ਸਾਨੂੰ ਕਾਪੀ ਦੇ ਜਾ।
(4) ਰਾਮ ਨੂੰ ਪੈਨਸਿਲ ਦੇ ਆ।

Model 2

ਰਾਮ ਨੂੰ ਕਾਪੀ ਦੇ ਆਈਂ।
ਰਾਮ ਨੂੰ ਕਾਪੀ ਦੇ ਆਇਓ।

(1) ਮੈਨੂੰ ਕਾਪੀ ਦੇ ਜਾਈਂ।
(2) ਉਹਨੂੰ ਅਖ਼ਬਾਰ ਦੇ ਆਈਂ।
(3) ਉਨ੍ਹਾਂ ਨੂੰ ਪੈਨ ਦੇ ਦਈਂ।
(4) ਸਾਨੂੰ ਆਪਣੇ ਨਾਲ ਲੈ ਜਾਈਂ।

B. EXERCISES

1. Change the form of the words given in brackets appropriately and fill up the blanks.

(1)——ਬੁਖ਼ਾਰ ਹੈ। (ਮੈਂ)
(2) ——ਢਿਡ ਪੀੜ ਹੈ। (ਅਸੀਂ)
(3) —— ਕੀ ਹੈ ? (ਤੂੰ)
(4) ——ਜ਼ੁਕਾਮ ਹੈ ? (ਤੁਸੀਂ)
(5) —— ਕੁਝ ਕੰਮ ਹੈ। (ਉਹ)
(6) —— ਕਿਤਾਬ ਦੇ ਜਾਓ। (ਉਹ)
(7) ਤੁਸੀਂ ਮੈਨੂੰ ਆਪਣੀ ਕਿਤਾਬ—— (ਦੇ)
(8) ਤੁਸੀਂ ਉਹਨੂੰ ਪੈਨ—— (ਦੇ ਆ)
(9) ਤੁਸੀਂ ਆਪਣਾ ਬਸਤਾ—— (ਲੈ ਆ)
(10) ਤੁਸੀਂ ਉਹਦੇ ਨਾਲ ——(ਜਾ)
(11) ਤੁਸੀਂ ਆਪਣਾ ਕੰਮ—— (ਕਰ)
(12) ਤੁਸੀਂ ਆਪਣਾ ਪਾਠ—— (ਪੜ੍ਹ)।

2. Change the following sentences from singular to plural as per the model given below.

Model 1

ਮੈਨੂੰ ਕੰਮ ਹੈ।
ਸਾਨੂੰ ਕੰਮ ਹੈ।

(1) ਮੈਨੂੰ ਬੁਖ਼ਾਰ ਹੈ।
(2) ਉਹਨੂੰ ਜ਼ੁਕਾਮ ਹੈ।
(3) ਇਹਨੂੰ ਢਿਡ ਪੀੜ ਹੈ।
(4) ਤੈਨੂੰ ਕੀ ਕੰਮ ਹੈ ?

Model 2

ਮੈਨੂੰ ਕਿਤਾਬ ਦੇ।
ਮੈਨੂੰ ਕਿਤਾਬ ਦਿਓ।

(1) ਉਹਨੂੰ ਪੈਨ ਦੇ ਆ।
(2) ਉਹਦੇ ਨਾਲ ਜਾ।
(3) ਮੇਰੇ ਨਾਲ ਜਾਈਂ।
(4) ਆਪਣਾ ਕੰਮ ਕਰੀਂ।

3 Answer the following question.

(1) ਤੁਹਾਨੂੰ ਕੀ ਹੈ ?
(3) ਤੈਨੂੰ ਕੀ ਹੈ ?
(3) ਤੁਹਾਡਾ ਪੈਨ ਕਿੱਥੇ ਹੈ ?
(4) ਰਾਮ ਕਿੱਥੇ ਹੈ ?
(5) ਤੁਸੀਂ ਹੁਣ ਠੀਕ ਹੋ ?
(6) ਤੁਹਾਡਾ ਨਾਂ ਕੀ ਹੈ ?
(7) ਰਾਮ ਤੂੰ ਕੱਲ੍ਹ ਕਿੱਥੇ ਸੀ ?
(8) ਤੁਸੀਂ ਅੱਜ ਸਵੇਰੇ ਕਿੱਥੇ ਸੋ ?

C. VOCABULARY

ਮੈਨੂੰ	'to me'	ਦਵਾਈ	'medicine'
ਸਾਨੂੰ	'to us'	ਕੋਲ	'with'
ਤੈਨੂੰ	'to you'	ਯਾਦ ਕਰਨਾ	'to learn, to remember'
ਤੁਹਾਨੂੰ	'to you'	ਉੱਤਰ ਲਿਖਣਾ	'to write answer'
ਉਹਨੂੰ	'to him/her'	ਹੁਣੇ	'just now'
ਉਨ੍ਹਾਂ ਨੂੰ	'to them'	ਵੇਖਣਾ	'to see, to look'
ਬੁਖ਼ਾਰ	'fever'	ਚੁਪਚਾਪ	'quietly'
ਕੁੱਝ	'some'	ਸ਼ੋਰ	'noise'
ਢਿੱਡ ਪੀੜ	'tomachache	ਸ਼ੋਰ ਕਰਨਾ	'to make a noise'
ਆਰਾਮ ਕਰਨਾ	'to take rest'	ਜ਼ੁਕਾਮ	'cold'
ਇਹਨੂੰ	'to him/her'	ਸਿਰ ਪੀੜ	'headache'
ਇਨ੍ਹਾਂ ਨੂੰ	'to them'	ਅਖ਼ਬਾਰ	'newspaper'
ਡਿਸਪੈਂਨਸਰੀ	'dispensary'		

D. NOTES

In this lesson dative case forms of the pronouns have been introduced.

	Dative		*Dative*
ਮੈਂ	ਮੈਨੂੰ	ਅਸੀਂ	ਸਾਨੂੰ
ਤੂੰ	ਤੈਨੂੰ	ਤੁਸੀਂ	ਤੁਹਾਨੂੰ
ਉਹ	ਉਹਨੂੰ	ਉਹ	ਉਨ੍ਹਾਂ ਨੂੰ
ਇਹ	ਇਹਨੂੰ	ਇਹ	ਇਨ੍ਹਾਂ ਨੂੰ

These forms are used as subjects in sentences like

ਮੈਨੂੰ ਕੰਮ ਹੈ।
'I have work.'

ਮੈਨੂੰ ਬੁਖ਼ਾਰ ਹੈ।
'I have fever'

These forms are used as objects with imperative.

(ਤੂੰ) ਮੈਨੂੰ ਕਿਤਾਬ ਦੇ।
'You give me the book'.

ਤੁਸੀਂ ਸਾਨੂੰ ਆਪਣਾ ਪੈਨ ਦਿਓ।
'You give us your pen.'

UNIT VII

Lesson 25

What do you study ?

ਅਧਿਆਪਕ : ਮੈਂ ਏਥੇ ਪੰਜਾਬੀ ਪੜ੍ਹਾਉਂਦੀ ਹਾਂ ।	I teach Punjabi here.
ਤੁਸੀਂ ਏਥੇ ਕੀ ਪੜ੍ਹਦੇ ਹੋ ?	What do you study here ?
ਵਿਦਿਆਰਥੀ : ਅਸੀਂ ਏਥੇ ਪੰਜਾਬੀ ਪੜ੍ਹਦੇ ਹਾਂ।	We study Punjabi here.
ਅਧਿਆਪਕ : ਮੈਂ ਪਟਿਆਲੇ ਰਹਿੰਦੀ ਹਾਂ।	I live in Patiala.
ਤੁਸੀਂ ਕਿੱਥੇ ਰਹਿੰਦੇ ਹੋ ?	Where do you live ?
ਰਾਮ : ਮੈਂ ਆਸਾਮ ਵਿੱਚ ਰਹਿੰਦਾ ਹਾਂ।	I live in Assam.
ਅਧਿਆਪਕ : ਤੂੰ ਕਿੱਥੇ ਰਹਿੰਦਾ ਹੈਂ ?	Where do you live ?
ਕ੍ਰਿਸ਼ਨ : ਮੈਂ ਕਲਕੱਤੇ ਰਹਿੰਦਾ ਹਾਂ।	I live in Calcutta ?
ਅਧਿਆਪਕ : ਤੁਸੀਂ ਕਿੱਥੇ ਕੰਮ ਕਰਦੇ ਹੋ ?	Where do you work ?
ਕ੍ਰਿਸ਼ਨ : ਮੈਂ ਸਰਕਾਰੀ ਸਕੂਲ ਵਿੱਚ ਪੜ੍ਹਾਉਂਦਾ ਹਾਂ।	I teach in Government School.
ਅਧਿਆਪਕ : ਤੁਸੀਂ ਕੀ ਕਰਦੇ ਹੋ ?	What are you doing ?
ਸੀਤਾ : ਮੈ ਦਫਤਰ ਵਿੱਚ ਕੰਮ ਕਰਦੀ ਹਾਂ।	I work in an office.
ਅਧਿਆਪਕ : ਮੈਂ ਸਵੇਰੇ ਪੰਜ ਵਜੇ ਉੱਠਦੀ ਹਾਂ।	I get up at 5 in the morning.
ਤੁਸੀਂ ਕਿੰਨੇ ਵੱਜੇ ਉੱਠਦੇ ਹੋ ?	What time do you get up ?
ਕ੍ਰਿਸ਼ਨ : ਮੈਂ ਸਵੇਰੇ ਸਾਢੇ ਛੇ ਵੱਜੇ ਉੱਠਦਾ ਹਾਂ।	I get up at 6.30 in the morning
ਅਧਿਆਪਕ : ਏਥੇ ਕਿੰਨੇ ਵੱਜੇ ਆਉਂਦੇ ਹੋ ?	What time do you come here?
ਕ੍ਰਿਸ਼ਨ : ਏਥੇ ਪੌਣੇ ਦੱਸ ਵੱਜੇ ਆਉਂਦਾ ਹਾਂ।	I come here at quarter to ten.
ਅਧਿਆਪਕ : ਮੈਂ ਨਾਸ਼ਤੇ ਵਿੱਚ ਪਰੌਂਠਾ ਖਾਂਦੀ ਹਾਂ ਤੇ ਦੁੱਧ ਪੀਂਦੀ ਹਾਂ।	I eat *parontha* and drink milk for my breakfast.
ਤੁਸੀਂ ਨਾਸ਼ਤੇ ਵਿੱਚ ਕੀ ਲੈਂਦੇ ਹੋ ?	What do you take for break fast ?
ਕ੍ਰਿਸ਼ਨ : ਅਸੀਂ ਪਰੌਂਠਾ ਖਾਂਦੇ ਹਾਂ ਤੇ ਚਾਹ ਪੀਂਦੇ ਹਾਂ।	We take *parontha* and we drink tea.
ਅਧਿਆਪਕ : ਰਾਮ, ਤੂੰ ਸਵੇਰੇ ਕੀ ਖਾਂਦਾ ਹੈਂ ?	Ram, what do you take in the morning ?
ਰਾਮ : ਮੈਂ ਸਵੇਰੇ ਕੁਝ ਨਹੀਂ ਖਾਂਦਾ ।	I don't eat anything in the morning.

ਅਧਿਆਪਕ : ਮਹਿੰਦਰ, ਤੁਸੀਂ ਆਪਣੇ ਕਮਰੇ ਵਿੱਚ ਕਿੰਨੇ ਘੰਟੇ ਪੜ੍ਹਦੇ ਹੋ ?	Mohinder, for how many hours do you read in your room ?
ਮਹਿੰਦਰ : ਮੈਂ ਆਪਣੇ ਕਮਰੇ ਵਿੱਚ ਦੋ ਘੰਟੇ ਪੜ੍ਹਦਾ ਹਾਂ।	I read for two hours in my room.
ਅਧਿਆਪਕ : ਤੁਹਾਡਾ ਸਕੂਲ ਕਿੰਨੇ ਵੱਜੇ ਲੱਗਦਾ ਹੈ ?	What time does your school start ?
ਮਹਿੰਦਰ : ਸਾਡਾ ਸਕੂਲ ਸਵਾ ਅੱਠ ਵੱਜੇ ਲਗਦਾ ਹੈ।	Our school starts at 8.15.
ਅਧਿਆਪਕ : ਤੁਹਾਡੇ ਸਕੂਲ ਵਿੱਚ ਛੁੱਟੀ ਕਿੰਨੇ ਵੱਜੇ ਹੁੰਦੀ ਹੈ।	At what time does your school close ?
ਮਹਿੰਦਰ : ਸਾਡੇ ਸਕੂਲ ਵਿੱਚ ਛੁੱਟੀ ਢਾਈ ਵੱਜੇ ਹੁੰਦੀ ਹੈ।	Our school closes at 2.30.
ਅਧਿਆਪਕ : ਸ਼ੀਲਾ, ਤੂੰ ਕੀ ਲਿਖਦੀ ਹੈਂ ?	Sheela, what do you write ?
ਸ਼ੀਲਾ : ਮੈਂ ਵਾਕ ਲਿਖਦੀ ਹਾਂ।	I write sentences.
ਅਧਿਆਪਕ : ਸ਼ੀਲਾ, ਉਹ ਕੀ ਪੜ੍ਹਦਾ ਹੈ ?	Sheela, what does he read?
ਸ਼ੀਲਾ : ਉਹ ਕਿਤਾਬ ਪੜ੍ਹਦਾ ਹੈ।	He reads the book.
ਅਧਿਆਪਕ : ਤੁਸੀਂ ਸ਼ਾਮ ਵੇਲੇ ਹੋਸਟਲ ਵਿੱਚ ਕੀ ਕਰਦੇ ਹੋ ?	What do you do in the evening in the hostel ?
ਸ਼ੀਲਾ : ਮੈਂ ਸ਼ਾਮ ਵੇਲੇ ਕੁੜੀਆਂ ਨਾਲ ਸੈਰ ਲਈ ਜਾਂਦੀ ਹਾਂ। ਕਦੇ ਕਿਤਾਬ ਪੜ੍ਹਦੀ ਹਾਂ ਤੇ ਕਦੇ ਕੁੱਝ ਲਿਖਦੀ ਹਾਂ।	I go for evening walk with girls. Sometimes I read a book and sometimes I write something.
ਅਧਿਆਪਕ : ਰਾਮ, ਤੁਸੀਂ ਸ਼ਾਮ ਨੂੰ ਕੀ ਕਰਦੇ ਹੋ ?	Ram, what do you do in the evening ?
ਰਾਮ : ਮੈਂ ਦੋ ਘੰਟੇ ਖੇਡਦਾ ਹਾਂ, ਫਿਰ ਆਰਾਮ ਕਰਦਾ ਹਾਂ। ਖਾਣਾ ਖਾਂਦਾ ਹਾਂ ਤੇ ਸੌਂ ਜਾਂਦਾ ਹਾਂ।	I play for two hours, then take rest, eat food and go to sleep.
ਅਧਿਆਪਕ : ਤੁਸੀਂ ਪੜ੍ਹਦੇ ਨਹੀਂ ?	Don't you study ?
ਰਾਮ : ਮੈਂ ਸਵੇਰੇ ਪੜ੍ਹਦਾ ਹਾਂ।	I study in the morning.
ਅਧਿਆਪਕ : ਉਹ ਕੁੜੀਆਂ ਕੀ ਕਰਦੀਆਂ ਹਨ ?	What do those girls do ?
ਵਿਦਿਆਰਥੀ : ਉਹ ਕੁੜੀਆਂ ਫੁੱਲ ਵੇਖਦੀਆਂ ਹਨ।	Those girls are looking at flowers.
ਅਧਿਆਪਕ : ਤੁਸੀਂ ਦੁਪਹਿਰ ਦਾ ਖਾਣਾ ਕਿੰਨੇ ਵੱਜੇ ਖਾਂਦੇ ਹੋ ?	What time do you take your lunch ?
ਵਿਦਿਆਰਥੀ : ਅਸੀਂ ਦੁਪਹਿਰ ਦਾ ਖਾਣਾ ਡੇੜ੍ਹ ਵੱਜੇ ਖਾਂਦੇ ਹਾਂ।	We take our lunch at 1.30.

A. DRILLS

1. Repetition Drill

ਅਸੀਂ ਦੱਸ ਵੱਜੇ ਇੱਥੇ ਆਉਂਦੇ ਹਾਂ।
ਤੂੰ ਕਿੰਨੇ ਵਜੇ ਹੋਸਟਲ ਜਾਂਦਾ ਹੈਂ ?
ਤੁਸੀਂ ਸ਼ਾਮ ਨੂੰ ਕੀ ਕਰਦੇ ਹੋ ?
ਉਹ ਡੇੜ੍ਹ ਵੱਜੇ ਖਾਣਾ ਖਾਂਦਾ ਹੈ।
ਮੁੰਡੇ ਕਿਤਾਬ ਨਹੀਂ ਲਿਆਉਂਦੇ ।
ਮੈਂ ਸਵੇਰੇ ਪੰਜ ਵੱਜੇ ਉੱਠਦਾ ਹਾਂ।
ਮੈਂ ਦੋ ਘੰਟੇ ਪੜ੍ਹਦੀ ਹਾਂ।
ਅਸੀਂ ਸ਼ਾਮ ਨੂੰ ਨਹੀਂ ਪੜ੍ਹਦੀਆਂ।
ਤੂੰ ਕੀ ਲਿਖਦੀ ਹੈਂ ?
ਤੁਸੀਂ ਸ਼ਾਮ ਨੂੰ ਕੀ ਕਰਦੀਆਂ ਹੋ ?
ਸ਼ੀਲਾ ਢਾਈ ਵੱਜੇ ਆਉਂਦੀ ਹੈ।
ਸ਼ੀਲਾ ਤੇ ਬਿਮਲਾ ਪਰੌਂਠਾ ਨਹੀਂ ਖਾਂਦੀਆਂ।

2. Substitution Drill

Model 1

ਮੈਂ ਪੰਜਾਬੀ ਪੜ੍ਹਦੀ ਹਾਂ। (ਪੜ੍ਹਾਉਂਦੀ)
ਮੈਂ ਪੰਜਾਬੀ ਪੜ੍ਹਾਉਂਦੀ ਹਾਂ।
(ਲਿਖਦੀ)
(ਬੋਲਦੀ)

Model 2

ਅਸੀਂ ਖਾਣਾ ਖਾਂਦੇ ਹਾਂ। (ਮਿਠਿਆਈ)
ਅਸੀਂ ਮਿਠਿਆਈ ਖਾਂਦੇ ਹਾਂ।
(ਨਾਸ਼ਤਾ)
(ਪਰੌਂਠਾ)

Model 3

ਤੁਸੀਂ ਕਿੰਨੇ ਵੱਜੇ ਉੱਠਦੇ ਹੋ ? (ਸੌਂਦੇ)
ਤੁਸੀਂ ਕਿੰਨੇ ਵੱਜੇ ਸੌਂਦੇ ਹੋ ?
(ਆਉਂਦੇ)
(ਜਾਂਦੇ)

Model 4

ਤੂੰ ਕਿੰਨੇ ਘੰਟੇ ਪੜ੍ਹਦਾ ਹੈਂ ? (ਲਿਖਦਾ)
ਤੂੰ ਕਿੰਨੇ ਘੰਟੇ ਲਿਖਦਾ ਹੈਂ ?
(ਸੌਂਦਾ)
(ਪੜ੍ਹਾਉਂਦਾ)

3. Completion Drill

(1) ਅਸੀਂ ਏਥੇ ਪੰਜਾਬੀ ਪੜ੍ਹਦੇ -- ।
(2) ਮੈਂ ਪਟਿਆਲੇ ਰਹਿੰਦੀ-- ।
(3) ਤੁਸੀਂ ਕੀ ਪੜ੍ਹਦੇ -- ?
(4) ਕਮਲਾ ਕੀ ਲਿਖਦੀ--- ?
(5) ਮੁੰਡੇ ਸੈਰ ਨੂੰ ਜਾਂਦੇ-- ।
(6) ਕੁੜੀਆਂ ਕਿੱਥੇ ਜਾਂਦੀਆਂ-- ?
(7) ਤੁਸੀਂ ਕਿੱਥੇ ਰਹਿੰਦੇ -- ?
(8) ਤੂੰ ਕੀ ਲਿਖਦੀ --- ?
(9) ਉਹ ਕੀ ਲਿਖਦਾ--- ?
(10) ਰਾਮ ਕੀ ਖਾਂਦਾ -- ?
(11) ਮੈਂ ਕੁੜੀਆਂ ਨਾਲ ਸੈਰ ਲਈ ਜਾਂਦੀ --।
(12) ਤੁਸੀਂ ਇੱਥੇ ਕਿੰਨੇ ਵਜੇ ਆਉਂਦੇ-- ?

4. Transformation Drill

Model 1

ਮੈਂ ਏਥੇ ਪੰਜਾਬੀ ਪੜ੍ਹਦਾ ਹਾਂ ।
ਮੈਂ ਪੰਜਾਬੀ ਏਥੇ ਪੜ੍ਹਦੀ ਹਾਂ।

Model 2

ਅਸੀਂ ਏਥੇ ਪੰਜਾਬੀ ਪੜ੍ਹਾਉਂਦੇ ਹਾਂ।
ਅਸੀਂ ਏਥੇ ਪੰਜਾਬੀ ਪੜ੍ਹਾਉਂਦੀਆਂ ਹਾਂ ।

(1) ਮੈਂ ਨਾਸ਼ਤੇ ਵਿੱਚ ਪਰੌਂਠਾ ਖਾਂਦਾ ਹਾਂ।
(2) ਮੈਂ ਦੁੱਧ ਪੀਂਦਾ ਹਾਂ।
(3) ਉਹ ਵਾਕ ਲਿਖਦਾ ਹੈ।
(4) ਉਹ ਸਵੇਰੇ ਪਜ ਵਜੇ ਉੱਠਦਾ ਹੈ।

(1) ਅਸੀਂ ਏਥੇ ਪੰਜਾਬੀ ਪੜ੍ਹਦੇ ਹਾਂ।
(2) ਤੁਸੀਂ ਸਵੇਰੇ ਪਰੌਂਠਾ ਖਾਂਦੇ ਹੋ ?
(3) ਉਹ ਸਵੇਰੇ ਪੰਜ ਵਜੇ ਉੱਠਦੇ ਹਨ।
(4) ਮੁੰਡੇ ਕਿਤਾਬ ਪੜ੍ਹਦੇ ਹਨ।

Model 3

ਮੈਂ ਸਕੂਲ ਦੱਸ ਵੱਜੇ ਜਾਂਦਾ ਹਾਂ।
ਮੈਂ ਸਕੂਲ ਦੱਸ ਵੱਜੇ ਨਹੀਂ ਜਾਂਦਾ।

(1) ਤੁਸੀਂ ਸਵੇਰੇ ਪਰੌਂਠਾ ਖਾਂਦੇ ਹੋ।
(2) ਉਹ ਦੁੱਧ ਪੀਂਦਾ ਹੈ।
(3) ਉਹ ਸਵੇਰੇ ਪੰਜ ਵੱਜੇ ਉੱਠਦੇ ਹਨ।
(4) ਕੁੜੀਆਂ ਕਿਤਾਬ ਪੜ੍ਹਦੀਆਂ ਹਨ।

Model 4

ਤੂੰ ਪਾਠ ਪੜ੍ਹ।
ਤੁਸੀਂ ਪਾਠ ਪੜ੍ਹੋ।

(1) ਤੂੰ ਰੋਟੀ ਖਾ।
(2) ਤੂੰ ਪਾਠ ਲਿਖ।
(3) ਤੂੰ ਘਰ ਜਾ।
(4) ਤੂੰ ਕਿਤਾਬ ਲਿਆ।

B. EXERCISES

1. Change the form of the words given in brackets appropriately and fill up the blanks.

(1) ਮੈਂ---- ਹਾਂ (ਦੁੱਧ ਪੀ–)
(2) ਤੁਸੀਂ ਕੀ ਕੰਮ---- ਹੋ ? (ਕਰ--)
(3) ਅਸੀਂ ਸਵੇਰੇ ਪੰਜ ਵੱਜੇ---- ਹਾਂ। (ਉੱਠ--)
(4) ਕੁੜੀਆਂ ਖਾਣਾ --- ਹਨ। (ਖਾ---)
(5) ਅਸੀਂ ਸਕੂਲ ਵਿੱਚ---ਹਾਂ। (ਪੜ੍ਹ ---)
(6) ਮੈਂ --- ਹਾਂ। (ਚਾਹ ਪੀ---)
(7) ਮੁੰਡੇ ਸਕੂਲ--- ਹਨ। (ਜਾ---)
(8) ਮੈਂ ਪੰਜਾਬੀ--- ਹਾਂ। (ਲਿਖ---)
(9) ਤੁਸੀਂ ਪੰਜਾਬੀ--- ਹੋ। (ਪੜ੍ਹਾ---)
(10) ਮੈਂ ਕਲਕੱਤੇ--- ਹਾਂ। (ਰਹਿ---)
(11) ਅਸੀਂ ਦੱਸ ਵੱਜੇ ਏਥੇ --- ਹਾਂ (ਆ-)
(12) ਅਸੀਂ ਫੁੱਲ---ਹਾਂ। (ਵੇਖ--)

2. Fill in the blanks with appropriate words.

(1) ---ਖਾਣਾ ਖਾਂਦੇ ਹਾਂ।
(2) ---ਦੁੱਧ ਪੀਂਦਾ ਹੈ।
(3) ---ਚਾਹ ਪੀਂਦੇ ਹੋ।
(4) --- ਕਿਤਾਬ ਪੜ੍ਹਦਾ ਹਾਂ।
(5) --- ਵਾਕ ਲਿਖਦੀ ਹਾਂ।
(6) --- ਕੀ ਕਰਦੇ ਹੋ ?
(7) --- ਕੰਮ ਕਰਦੀਆਂ ਹਨ।
(8) ---ਫੁੱਲ ਵੇਖਦੇ ਹਨ।
(9) --- ਪੰਜਾਬੀ ਪੜ੍ਹਾਉਂਦੇ ਹਨ।
(10) --- ਪੰਜਾਬੀ ਪੜ੍ਹਦੀ ਹੈ।
(11) --- ਸਕੂਲ ਜਾਂਦੀਆਂ ਹੋ।
(12) ---ਕਿੰਨੇ ਵੱਜੇ ਉੱਠਦੇ ਹੋ ?
(13) ---ਕਿੱਥੇ ਰਹਿੰਦਾ ਹੈਂ ?
(14) ---ਇੱਥੇ ਰਹਿੰਦੀਆਂ ਹਾਂ।
(15) ---ਏਥੇ ਹੋਸਟਲ ਵਿੱਚ ਰਹਿਦੀ ਹਾਂ।
(16) ---ਸਕੂਲ ਕਿੰਨੇ ਵਜੇ ਜਾਂਦੀ ਹੈਂ ?

3. Fill up the blanks with Punjabi equivalents.

(1) ਸਾਡੇ ਸਕੂਲ ਵਿੱਚ ਛੁੱਟੀ ---ਹੁੰਦੀ ਹੈ। (3.30 p.m.)
(2) ਸਾਡੀ ਦੁਪਹਿਰ ਦੀ ਕਲਾਸ ---- ਲਗਦੀ ਹੈ। (2.30 p.m.)
(3) ਅਸੀਂ ਦੁਪਹਿਰ ਦਾ ਖਾਣਾ---- ਖਾਂਦੇ ਹਾਂ। (1.30 p.m.)
(4) ਸਾਡਾ ਸਕੂਲ ---- ਲਗਦਾ ਹੈ। (7.45 a.m.)
(5) ਸਾਡਾ ਸਕੂਲ---- ਲਗਦਾ ਹੈ। (8.30. a.m.)
(6) ਅਸੀਂ---- ਉੱਠਦੇ ਹਾਂ। (6.15 a.m.)
(7) ਤੁਸੀਂ ਹੋਸਟਲ----ਜਾਂਦੇ ਹੋ। (4.30 p.m.)
(8) ਅਸੀਂ ਏਥੇ ---- ਆਉਂਦੇ ਹਾਂ। (9.45 a.m.)
(9) ਮੈਂ ਏਥੇ ---- ਆਉਂਦਾ ਹਾਂ। (2.30 p.m.)
(10) ਮੈ ਹੋਸਟਲ----ਜਾਂਦਾ ਹਾਂ। (1.30 p.m.)
(11) ਮੈਂ---- ਪੜ੍ਹਦਾ ਹਾਂ। (2.00 p.m.)
(12) ਤੁਸੀਂ---- ਉੱਠਦੇ ਹੋ। (6.15 a.m.)

4. Write down the answers of the following questions.

(1) ਤੁਸੀਂ ਏਥੇ ਕੀ ਪੜ੍ਹਦੇ ਹੋ ?
(2) ਤੁਸੀਂ ਕਿੱਥੇ ਰਹਿੰਦੇ ਹੋ ?
(3) ਤੁਸੀਂ ਕਿੱਥੇ ਕੰਮ ਕਰਦੇ ਹੋ ?
(4) ਤੁਸੀਂ ਕਿੰਨੇ ਵੱਜੇ ਉੱਠਦੇ ਹੋ ?
(5) ਏਥੇ ਕਿੰਨੇ ਵੱਜੇ ਆਉਂਦੇ ਹੋ ?
(6) ਤੁਸੀਂ ਨਾਸ਼ਤੇ ਵਿੱਚ ਕੀ ਖਾਂਦੇ ਹੋ ?
(7) ਤੁਸੀਂ ਕਿੰਨੇ ਘੰਟੇ ਪੜ੍ਹਦੇ ਹੋ ?
(8) ਤੁਸੀਂ ਸ਼ਾਮ ਵੇਲੇ ਕੀ ਕਰਦੇ ਹੋ ?
(9) ਤੁਸੀਂ ਕੀ ਲਿਖਦੇ ਹੋ ?
(10) ਤੁਹਾਡਾ ਘਰ ਕਿੱਥੇ ਹੈ ?
(11) ਤੁਹਾਡੀ ਕਲਾਸ ਵਿੱਚ ਕਿੰਨੇ ਵਿਦਿਆਰਥੀ ਹਨ ?

C. VOCABULARY

ਪੜ੍ਹਾਉਣਾ	'to teach'	ਸਰਕਾਰੀ	'government'
ਰਹਿਣਾ	'to live'	ਕਿੰਨੇ ਵੱਜੇ	'at what time'
ਉੱਠਣਾ	'to get up, to wake up'	ਪਰੌਂਠਾ	'parontha'
		ਦੁੱਧ	'milk'
ਨਾਸ਼ਤਾ	'breakfast'	ਘੰਟਾ	'hour'
ਲੱਗਣਾ	'to start'	ਸ਼ਾਮ ਵੇਲੇ	'in evening time'
ਵਾਕ	'sentence(s)'	ਸੈਰ	'walk'
ਪੌਣਾ	'one quarter less than'	ਲਈ	'for'
		ਕਦੇ	'sometime'
ਸਵਾ	'one quarter more than'	ਸ਼ਾਮ ਨੂੰ	'in the evening'
		ਸੌਂਣਾ	'to sleep'
ਡੇੜ੍ਹ	'one and a half'	ਸੌਂ ਜਾਣਾ	'to go to sleep'
ਢਾਈ	'two and a half'	ਹੋਣਾ	'to be'
ਸਾਢੇ ਤਿੰਨ	'three and a half'	ਖੇਡਣਾ	'to play'
ਪੌਣੇ ਤਿੰਨ	'two and three quarters'	ਦੁਪਹਿਰ ਦਾ ਖਾਣਾ	'lunch'

D. NOTES

In this lesson present participle forms of the verbs have been introduced. The present participle form is formed from the root by adding ਦ after vowel ending roots and ਦ after consonant ending roots. The number and gender suffixes are added after ਦ or ਦ which are as follows:

ਆਂ ਆ/ਈ ਏ ਈਆਂ

	Masculine		Feminine	
	Sg.	Pl.	Sg.	Pl.
Consonant ending roots	ਕਰਦਾ	ਕਰਦੇ	ਕਰਦੀ	ਕਰਦੀਆਂ
Vowel ending roots	ਖਾਂਦਾ	ਖਾਂਦੇ	ਖਾਂਦੀ	ਖਾਂਦੀਆਂ

Note that present participle form agrees with the subject of the sentence in gender and number. Note also that the copula verb agrees with the subject in person and number.

The present tense is formed by the present participle form and the present auxiliary verb.

Structure of the sentence

Subject + object + present participle form of the verb + Auxiliary coupla verb.

ਮੈਂ ਕਿਤਾਬ ਪੜ੍ਹਦਾ ਹਾਂ	'I read the book'
ਉਹ ਕਿਤਾਬ ਪੜ੍ਹਦੀ ਹੈ	'She reads the book'

Verb auxiliar'es

In spoken Punjabi the following are in free variation.

	Sg.	Pl.
Ist person	ਆਂ/ਹਾਂ	ਆਂ/ਹਾਂ
IInd person	ਏਂ/ਹੈਂ	ਓ/ਹੋ
IIIrd person	ਏ/ਹੈ	ਨੇ/ਹਨ

All roots ending in ਆ except ਖਾ 'eat' and ਜਾ 'go' form their present participle forms by adding ਉ before ਦ suffix nd ਆ+ਉ is pronounced as ਔ changing to ਆਉ ਔ For Example ਆਉਂਦਾ ਔਂਦਾ, ਪੜ੍ਹਾਉਂਦਾ ਪੜੌਂਦਾ

5. The second person form ਤੁਸੀਂ is used as a form of address for both masculine and feminine honorific singular subjects. In both cases the verb remains in masculine plural form.

ਤੁਸੀਂ ਰੋਜ਼ ਦਫਤਰ ਜਾਂਦੇ ਹੋ ?	'Do you (honorific, singular) go to office daily ?
ਤੁਸੀਂ ਰੋਜ਼ ਦਫਤਰ ਜਾਂਦੀਆਂ ਹੋ ?	'Do you (feminine plural) go to office everyday ?

The masculine plural form may also be used by a woman.

ਅਸੀਂ ਰੋਜ਼ ਜਾਂਦੇ ਹਾਂ ।	'we go daily!

The negative of the present indefinite tense is formed by prefixing to the main verb. The auxiliary verb is usually dropped.

ਉਹ ਰੋਜ਼ ਪਾਠ ਪੜ੍ਹਦਾ ਹੈ।	'He reads the lesson daily.'
ਉਹ ਰੋਜ਼ ਪਾਠ ਨਹੀਂ ਪੜ੍ਹਦਾ ।	'He does not read the lesson daily.'

UNIT VII

Lesson 26

I am the eldest.

ਸੁਰਿੰਦਰ : ਤੁਸੀਂ ਕਿੰਨੇ ਭੈਣ ਭਰਾ ਹੋ ?	How many brothers and sisters are you ?
ਜਗਜੀਤ : ਅਸੀਂ ਤਿੰਨ ਭੈਣ ਭਰਾ ਹਾਂ।	We are three brothers and sisters.
ਸੁਰਿੰਦਰ : ਕੀ ਤੁਸੀਂ ਸਭ ਤੋਂ ਵੱਡੇ ਹੋ ?	Are you the eldest ?
ਜਗਜੀਤ : ਹਾਂ ਮੈਂ ਸਭ ਤੋਂ ਵੱਡਾ ਹਾਂ।	Yes, I am the eldest.
ਮੇਰੀਆਂ ਦੋ ਛੋਟੀਆਂ ਭੈਣਾਂ ਹਨ।	I have two younger sisters.
ਸੁਰਿੰਦਰ : ਕੀ ਤੁਹਾਡੀਆਂ ਭੈਣਾਂ ਇੱਥੇ ਹਨ ?	Are your sisters here ?
ਜਗਜੀਤ : ਨਹੀਂ, ਮੇਰੀਆਂ ਭੈਣਾਂ ਇੱਥੇ ਨਹੀਂ ਰਹਿੰਦੀਆਂ	No, my sisters are not here.
ਉਹ ਅੰਮ੍ਰਿਤਸਰ ਰਹਿੰਦੀਆਂ ਹਨ।	They live in Amritsar.
ਸੁਰਿੰਦਰ : ਉੱਥੇ ਕਿਸਦੇ ਕੋਲ ਰਹਿੰਦੀਆਂ ਹਨ।	With whom do they live there ?
ਜਗਜੀਤ : ਉਹ ਮੇਰੇ ਤਾਇਆ ਜੀ ਦੇ ਕੋਲ ਰਹਿੰਦੀਆਂ ਹਨ।	They are with my father's elder brother.
ਸੁਰਿੰਦਰ : ਕੀ ਤੁਹਾਡੇ ਤਾਇਆ ਜੀ ਦੇ ਬੱਚੇ ਨਹੀਂ ਹਨ ?	Does your uncle have no children ?
ਜਗਜੀਤ : ਉਨ੍ਹਾਂ ਦੇ ਪੁੱਤਰ ਹਨ ਪਰ ਧੀ ਕੋਈ ਨਹੀਂ।	He has sons, but no daughters.
ਸੁਰਿੰਦਰ : ਤੁਹਾਡੀਆਂ ਭੈਣਾਂ ਦੀ ਉਮਰ ਕੀ ਹੈ ?	How old are your sisters ?
ਜਗਜੀਤ : ਮੇਰੀ ਤੋਂ ਛੋਟੀ ਅੱਠਾਰਾਂ ਵਰ੍ਹਿਆਂ ਦੀ ਹੈ ਤੇ ਉਸ ਤੋਂ ਛੋਟੀ ਚੌਦਾਂ ਸਾਲਾਂ ਦੀ। ਦੋਵੇਂ ਉੱਥੇ ਪੜ੍ਹਦੀਆਂ ਹਨ।	The one who is younger to me is eighteen years old and the other is fourteen years old. Both of them are studying there.
ਸੁਰਿੰਦਰ : ਤੁਹਾਡੇ ਮਾਤਾ ਜੀ ਕੀ ਕਰਦੇ ਹਨ ?	What does your mother do?
ਜਗਜੀਤ : ਉਹ ਇਕ ਪਿੰਡ ਦੇ ਸਕੂਲ ਵਿਚ ਪੜ੍ਹਾਉਂਦੇ ਹਨ ਤੇ ਛੁੱਟੀਆਂ ਵਿਚ ਅੰਮ੍ਰਿਤਸਰ ਆ ਜਾਂਦੇ ਹਨ। ਮੈਂ ਵੀ ਮਿਲ ਆਉਂਦਾ ਹਾਂ।	She teaches in a school in village and she comes to Amritsar during vacations, I too go to see them.

Numerals from 81 to 90

ਇਕਾਸੀ	eighty-one	ਛਿਆਸੀ	eighty-six
ਬਿਆਸੀ	eighty-two	ਸਤਾਸੀ	eighty-seven
ਤਰਿਆਸੀ	eighty-three	ਅਠਾਸੀ	eighty-eight
ਚੁਰਾਸੀ	eighty-four	ਉਨਾਨਵੇਂ	eighty-nine
ਪਚਾਸੀ	eighty-five	ਨੱਬੇ	ninety

A. DRILLS

1. Repetition Drill

ਮੇਰੀਆਂ ਛੋਟੀਆਂ ਭੈਣਾਂ ਨਹੀਂ ਹਨ।
ਮੇਰੇ ਛੋਟੇ ਭਰਾ ਨਹੀਂ ਹਨ।
ਕੀ ਤੁਸੀਂ ਸਭ ਤੋਂ ਵੱਡੇ ਹੋ ?

ਮੇਰੇ ਤੋਂ ਛੋਟੀ ਇਕ ਭੈਣ ਹੈ।
ਮੈਂ ਸੱਭ ਤੋਂ ਵੱਡਾ ਹਾਂ।
ਮੇਰੇ ਤੋਂ ਛੋਟੀ ਭੈਣ ਦੀ ਉਮਰ ਅੱਠਾਰਾਂ ਵਰ੍ਹਿਆਂ ਦੀ ਹੈ ਤੇ ਉਸ ਤੋਂ ਛੋਟੀ ਦੀ ਉਮਰ ਚੌਦਾਂ ਸਾਲਾਂ ਦੀ ਹੈ।

ਇਹ ਮੇਰੇ ਤੋਂ ਛੋਟਾ ਹੈ।
ਰਾਮ ਸਭ ਤੋਂ ਲਾਇਕ ਹੈ।
ਮਾਤਾ ਜੀ ਛੁੱਟੀਆਂ ਵਿਚ ਅੰਮ੍ਰਿਤਸਰ ਆ ਜਾਂਦੇ ਹਨ।
ਤਾਇਆ ਜੀ ਦੇ ਕੋਲ ਰਹਿੰਦੀਆਂ ਹਨ।
ਮੇਰੇ ਚਾਚਾ ਜੀ ਅੰਮ੍ਰਿਤਸਰ ਰਹਿੰਦੇ ਹਨ।
ਇਹ ਕਮਰਾ ਮੇਰੇ ਕਮਰੇ ਤੋਂ ਛੋਟਾ ਹੈ।

2. Substitution Drill

Model 1

ਉਹ ਸਭ ਤੋਂ ਵੱਡਾ ਹੈ। (ਚੰਗੀ)
ਉਹ ਸਭ ਤੋਂ ਚੰਗਾ ਹੈ।
(ਛੋਟਾ)
(ਸੁਹਣਾ)

Model 2

ਇਹ ਕਮੀਜ਼ ਤੇਰੀ ਕਮੀਜ਼ ਤੋਂ ਚੰਗੀ ਹੈ। (ਛੋਟੀ)
ਇਹ ਕਮੀਜ਼ ਤੇਰੀ ਕਮੀਜ਼ ਤੋਂ ਛੋਟੀ ਹੈ।
(ਵੱਡੀ)
(ਸੁਹਣੀ)

Model 3

ਇਹ ਕਮਰਾ ਇਸ ਕਮਰੇ ਤੋਂ ਛੋਟਾ ਹੈ। (ਵੱਡਾ)
ਇਹ ਕਮਰਾ ਇਸ ਕਮਰੇ ਤੋਂ ਵੱਡਾ ਹੈ।
(ਸੁਹਣਾ)
(ਸਾਫ)

Model 4

ਇਹ ਕਮਰੇ ਉਨ੍ਹਾਂ ਕਮਰਿਆਂ ਤੋਂ ਛੋਟੇ ਹਨ। (ਵੱਡੇ)
ਇਹ ਕਮਰੇ ਉਨ੍ਹਾਂ ਕਮਰਿਆਂ ਤੋਂ ਵੱਡੇ ਹਨ।
(ਸਾਫ)
(ਚੰਗੇ)

3. Build up and Expansion Drill

1 ਭੈਣਾਂ ?
ਕਿਨੀਆਂ ਭੈਣਾਂ ?
ਤੁਸੀਂ ਕਿਨੀਆਂ ਭੈਣਾਂ ਹੋ ?
ਇੱਥੇ ਤੁਸੀਂ ਕਿਨੀਆਂ ਭੈਣਾਂ ਹੋ ?

2 ਬੱਚੇ।
ਬੱਚੇ ਨਹੀਂ ਹਨ।
ਚਾਚੇ ਦੇ ਬੱਚੇ ਨਹੀਂ ਹਨ।
ਤੁਹਾਡੇ ਚਾਚੇ ਦੇ ਬੱਚੇ ਨਹੀਂ ਹਨ।

3 ਘਰ।
ਘਰ ਹੈ।
ਤਾਇਆ ਜੀ ਦੇ ਘਰ ਹੈ।
ਤੁਹਾਡੇ ਤਾਇਆ ਜੀ ਦੇ ਘਰ ਹੈ।
ਉਹ ਤੁਹਾਡੇ ਤਾਇਆ ਜੀ ਦੇ ਘਰ ਹੈ।

4 ਵੱਡਾ
ਸਭ ਤੋਂ ਵੰਡਾ
ਉਹ ਸਭ ਤੋਂ ਵੰਡਾ ਭਰਾ ਹੈ।
ਉਹ ਮੇਰਾ ਸਭ ਤੋਂ ਵੱਡਾ ਭਰਾ ਹੈ।

4. Response Drill

Model 1

ਸੀਤਾ ਕਾਲਜ ਵਿੱਚ ਹੈ ?
ਸੀਤਾ ਕਾਲਜ ਵਿਚ ਨਹੀਂ ਹੈ।

(1) ਗੀਤਾ ਘਰ ਹੈ।
(2) ਤੁਹਾਡੀ ਵੱਡੀ ਭੈਣ ਉਸ ਕਮਰੇ ਵਿੱਚ ਹੈ ?
(3) ਰਮਾ ਤੇ ਉਮਾ ਕਾਲਜ ਵਿੱਚ ਹਨ ?
(4) ਰਵੀ ਤੇ ਰਘੂ ਦਿੱਲੀ ਵਿੱਚ ਹਨ ?

Model 2

ਰਵੀ ਘਰ ਹੈ ? (ਕਾਲਜ)
ਰਵੀ ਘਰ ਵਿੱਚ ਨਹੀਂ ਹੈ, ਕਾਲਜ ਵਿੱਚ ਹੈ।

(1) ਗੋਪੀ ਘਰ ਹੈ ? (ਕਲਾਸ)
(2) ਸ਼ਰਮਾ ਜੀ ਘਰ ਹਨ ? (ਕਾਲਜ)
(3) ਤੁਹਾਡੇ ਮਾਤਾ ਜੀ ਘਰ ਹਨ ? (ਦਿੱਲੀ)
(4) ਸੁਰਿੰਦਰ ਘਰ ਹੈ ? (ਦਫਤਰ)

5. Transformation Drill

Model 1

ਮੇਰੀਆਂ ਭੈਣਾਂ ਇੱਥੇ ਰਹਿੰਦੀਆਂ ਹਨ ?
ਮੇਰੀਆਂ ਭੈਣਾਂ ਇੱਥੇ ਨਹੀਂ ਰਹਿੰਦੀਆਂ।

(1) ਮੇਰੀ ਭੈਣ ਕਾਲਜ ਵਿਚ ਪੜ੍ਹਦੀ ਹੈ।
(2) ਦੋਵੇਂ ਸਕੂਲ ਵਿਚ ਕੰਮ ਕਰਦੀਆਂ ਹਨ।
(3) ਉਹ ਅੰਮ੍ਰਿਤਸਰ ਰਹਿੰਦੀ ਹੈ।
(4) ਉਹ ਪਿੰਡ ਦੇ ਸਕੂਲ ਵਿੱਚ ਪੜ੍ਹਾਉਂਦੇ ਹਨ।

Model 2

ਗੋਪੀ ਘਰ ਹੈ। ਸਰਲਾ ਘਰ ਹੈ।
ਗੋਪੀ ਤੇ ਸਰਲਾ ਘਰ ਹਨ।

(1) ਸਾਡੇ ਮਾਤਾ ਜੀ ਦਿੱਲੀ ਵਿੱਚ ਹਨ।
ਸਾਡੇ ਪਿਤਾ ਜੀ ਦਿੱਲੀ ਵਿੱਚ ਹਨ।
(2) ਮੇਰਾ ਛੋਟਾ ਭਰਾ ਕਾਲਜ ਵਿੱਚ ਹੈ।
ਮੇਰੀ ਛੋਟੀ ਭੈਣ ਕਾਲਜ ਵਿੱਚ ਹੈ।
(3) ਸਰਲਾ ਕਲਾਸ ਵਿੱਚ ਹੈ। ਰਵੀ ਕਲਾਸ ਵਿੱਚ ਹੈ।

B. EXERCISES

1. Write down the answers of the following questions as per the model given below.

Model 1

ਰਵੀ ਇੱਥੇ ਰਹਿੰਦਾ ਹੈ ?
ਰਵੀ ਇੱਥੇ ਨਹੀਂ ਰਹਿੰਦਾ।

(1) ਤੁਹਾਡਾ ਵੱਡਾ ਭਰਾ ਤੁਹਾਡੇ ਚਾਚਾ ਜੀ ਦੇ ਘਰ ਰਹਿੰਦਾ ਹੈ ?
(2) ਸਰਲਾ ਤੁਹਾਡੀ ਚਾਚੀ ਜੀ ਦੇ ਘਰ ਰਹਿੰਦੀ ਹੈ ?
(3) ਸੁਰਿੰਦਰ ਜੀ ਪਿੰਡ ਵਿੱਚ ਰਹਿੰਦੇ ਹਨ ?
(4) ਤੁਹਾਡਾ ਛੋਟਾ ਭਰਾ ਤੇ ਛੋਟੀ ਭੈਣ ਲੁਧਿਆਣੇ ਰਹਿੰਦੇ ਹਨ ?
(5) ਰਵੀ ਤੇ ਮਨੋਹਰ ਤੁਹਾਡੀ ਕਲਾਸ ਵਿੱਚ ਹਨ ?
(6) ਕਮਲਾ ਤੇ ਵਿਮਲਾ ਆਪਣੇ ਤਾਇਆ ਜੀ ਦੇ ਘਰ ਰਹਿੰਦੀਆਂ ਹਨ ?

2. Fill up the blanks with present participle form of the verb given in brackets.

(1) ਗੋਪਾਲ ਦੀ ਛੋਟੀ ਭੈਣ ਸਾਡੇ ਦਫਤਰ ਵਿੱਚ ਨੌਕਰੀ..... (ਕਰ–)
(2) ਸਰਲਾ ਦਾ ਛੋਟਾ ਭਰਾ ਜਲੰਧਰ ਵਿੱਚ ... (ਰਹਿ–)
(3) ਪ੍ਰਿੰਸੀਪਲ ਸਾਹਿਬ ਤੁਹਾਡੇ ਘਰ..... (ਆ...)
(4) ਕਮਲਾ ਅਤੇ ਵਿਮਲਾ ਆਪਣੀ ਚਾਚੀ ਦੇ ਘਰ.....(ਰਹਿ...)
(5) ਸਾਡੇ ਅਧਿਆਪਕ ਜੀ ਕਿੱਥੇ..... (ਰਹਿ...)
(6) ਤੁਸੀਂ ਮੇਰੀ ਕਿਤਾਬ..... (ਪੜ੍ਹ...)
(7) ਤੁਹਾਡਾ ਪੈਨ ਠੀਕ..... (ਲਿਖ...)

3. Choose ਨਹੀਂ ਹੈ or ਨਹੀਂ ਹਨ appropriately and fill up the blanks.

(1) ਸਾਡੇ ਘਰ ਚਿੱਟੇ ਕਾਗਜ਼.....
(2) ਮੇਰੇ ਕੋਲ ਤੁਹਾਡੀ ਕਿਤਾਬ.....
(3) ਗੋਪੀ ਸਾਡੇ ਚਾਚਾ ਜੀ ਦੇ ਘਰ.....
(4) ਤੁਹਾਡੇ ਤਾਈ ਜੀ ਘਰ ਵਿੱਚ.....
(5) ਕਮਲਾ ਤੇ ਸੀਤਾ ਕਲਾਸ ਵਿੱਚ.....
(6) ਸੁਸ਼ੀਲਾ ਤੇ ਕਮਲਾ ਕਮਰੇ ਵਿੱਚ.....
(7) ਮਨੋਹਰ ਤੇ ਮਲਿਕ ਪਿੰਡ ਵਿੱਚ.....
(8) ਰਵੀ ਤੇ ਮੋਹਨ ਕਮਰੇ ਵਿੱਚ.....

4. Transform the following sentences as per the model given below.

Model 1

ਇਹ ਕਮਰਾ ਮੇਰੇ ਕਮਰੇ ਤੋਂ ਛੋਟਾ ਹੈ।
ਇਹ ਕਮਰਾ ਮੇਰਿਆਂ ਕਮਰਿਆਂ ਤੋਂ ਛੋਟਾ ਹੈ।

(1) ਤੇਰਾ ਭਰਾ ਮੇਰੇ ਭਰਾ ਤੋਂ ਵੱਡਾ ਹੈ।
(2) ਉਹਦਾ ਘਰ ਇਸ ਘਰ ਤੋਂ ਸੁਹਣਾ ਹੈ ।
(3) ਮੇਰੀ ਭੈਣ ਤੇਰੀ ਭੈਣ ਤੋਂ ਸਿਆਣੀ ਹੈ।
(4) ਉਹਦਾ ਪੱਖਾ ਸਾਡੇ ਪੱਖੇ ਤੋਂ ਸਸਤਾ ਹੈ।
(5) ਤੇਰੀ ਇਹ ਸਾੜੀ ਉਸ ਸਾੜੀ ਤੋਂ ਚੰਗੀ ਹੈ।
(6) ਮੇਰੀ ਇਹ ਕਮੀਜ਼ ਤੇਰੀ ਇਸ ਕਮੀਜ ਤੋਂ ਮਹਿੰਗੀ ਹੈ।

Model 2

ਮੇਰਾ ਪੈਨ ਤੇਰੇ ਪੈਨ ਤੋਂ ਸੁਹਣਾ ਹੈ ।
ਮੇਰਾ ਪੈਨ ਸਭ ਤੋਂ ਸੁਹਣਾ ਹੈ।

(1) ਸਾਡਾ ਘਰ ਤੇਰੇ ਘਰ ਤੋਂ ਵੱਡਾ ਹੈ।
(2) ਉਹਦਾ ਭਰਾ ਤੇਰੇ ਭਰਾ ਤੋਂ ਲਾਇਕ ਹੈ।
(3) ਤੇਰਾ ਬਸਤਾ ਮੇਰੇ ਬਸਤੇ ਤੋਂ ਭਾਰਾ ਹੈ।
(4) ਮੇਰਾ ਦੋਸਤ ਤੁਹਾਡੇ ਦੋਸਤ ਤੋਂ ਸਿਆਣਾ ਹੈ।
(5) ਮੇਰੀ ਸਾੜ੍ਹੀ ਤੇਰੀ ਸਾੜ੍ਹੀ ਤੋਂ ਸੁਹਣੀ ਹੈ।
(6) ਮੇਰੀ ਘੜੀ ਤੇਰੀ ਘੜੀ ਤੋਂ ਚੰਗੀ ਹੈ।

C. VOCABULARY

ਤਾਇਆ	'father's elder brother'	ਉਮਰ	'age'
ਚਾਚਾ	'father's younger brother	ਸਭ	'all'
ਤਾਈ	'father's elder brother's wife'	ਮੇਰੇ ਤੋਂ ਵੱਡਾ	'elder than me'
ਚਾਚੀ	'father's younger brother's wife'	ਨੌਕਰੀ	'service'
		ਸਭ ਤੋਂ ਵੱਡਾ	'eldest'
ਵਰ੍ਹਾ	'year'	ਭਾਰਾ	'heavy

D. NOTES

1. In this lesson ਸਭ ਤੋਂ has been used to denote superlative degree and ਤੋਂ is used to compare two things. e.g.,

ਉਹ ਸਭ ਤੋਂ ਵੱਡਾ ਹੈ।	'He is the eldest one'
ਉਹ ਮੇਰੇ ਤੋਂ ਛੋਟਾ ਹੈ।	'He is younger than me' .

2. ਇਸ, ਉਸ are oblique singular forms of the pronouns ਇਹ and ਉਹ

ਇਸ ਕਮਰੇ ਵਿੱਚ	'In this room'
ਉਸ ਕਮਰੇ ਵਿੱਚ	'In that room'

UNIT VII **Lesson 27**

I used to learn Punjabi

ਰਾਮ : ਤੁਸੀਂ ਪਟਿਆਲੇ ਕੀ ਕਰਦੇ ਸੀ ?	What you used to do at Patiala ?
ਰਮੇਸ਼ : ਮੈਂ ਪਟਿਆਲੇ ਵਿੱਚ ਪੰਜਾਬੀ ਸਿੱਖਦਾ ਸੀ।	I used to learn Punjabi at Patiala.
ਰਾਮ : ਤੁਸੀਂ ਪੰਜਾਬੀ ਕਿੱਥੇ ਸਿੱਖਦੇ ਸੀ ?	Where did you use to learn Punjabi ?
ਰਮੇਸ਼ : ਮੈਂ ਐਨ. ਆਰ. ਐਲ. ਸੀ. ਵਿੱਚ ਪੰਜਾਬੀ ਸਿੱਖਦਾ ਸਾਂ। ਇਹ ਕੇਂਦਰ ਪੰਜਾਬੀ ਯੂਨੀਵਰਸਿਟੀ ਵਿੱਚ ਹੈ।	I used to learn Punjabi at N.R.L.C. This Centre is in Punjabi University.
ਰਾਮ : ਤੁਸੀਂ ਰਹਿੰਦੇ ਕਿੱਥੇ ਸੀ ?	Where do you used to live ?
ਰਮੇਸ਼ : ਅਸੀਂ ਹੋਸਟਲ ਵਿਚ ਰਹਿੰਦੇ ਸਾਂ।	We used to live in hostel.
ਰਾਮ : ਤੁਹਾਡੀ ਕਲਾਸ ਕਿੰਨੇ ਘੰਟੇ ਲਗਦੀ ਸੀ ?	How many hours your class used to run ?
ਰਮੇਸ਼ : ਸਾਡੀ ਕਲਾਸ ਸਵੇਰੇ ਦਸ ਤੋਂ ਇੱਕ ਵਜੇ ਤੱਕ ਤੇ ਫਿਰ ਦੋ ਤੋਂ ਸਾਢੇ ਚਾਰ ਵਜੇ ਤਕ ਲਗਦੀ ਸੀ ।	Our class used torun from ten to one and then again from two to four thirty.
ਰਾਮ : ਪੰਜਾਬ ਵਿੱਚ ਦੁੱਧ ਚੰਗਾ ਮਿਲਦਾ ਹੈ ਤੇ ਹੋਰ ਚੀਜ਼ਾਂ ਵੀ ਚੰਗੀਆਂ ਮਿਲਦੀਆਂ ਹਨ।	You get good milk in Punjab and other good things are also available.
ਰਮੇਸ਼ : ਹਾਂ ਮੈਂ ਉੱਥੇ ਰੋਜ਼ ਦੁੱਧ ਪੀਂਦਾ ਸਾਂ ਤੇ ਹੋਰ ਚੀਜ਼ਾਂ ਵੀ ਬਹੁਤ ਖਾਂਦਾ ਸਾਂ। ਮਿਠਿਆਈਆਂ ਵੀ ਬਹੁਤ ਚੰਗੀਆਂ ਮਿਲਦੀਆਂ ਸਨ ।	Yes I used to drink milk daily there and other things also I used to eat. Very good sweets are also available.
ਰਾਮ : ਉੱਥੇ ਤੁਸੀਂ ਰੋਟੀ ਖਾਂਦੇ ਸੀ ਜਾਂ ਚੌਲ ?	You used to eat chappatis or rice ?
ਰਮੇਸ਼ : ਚੌਲ ਹਫ਼ਤੇ ਵਿ ੱ ਤਿੰਨ ਦਿਨ ਮਿਲਦੇ ਸਨ।	We used to get rice only three days a week.

A. DRILLS

1. Repetition Drill

ਮੈਂ ਪਟਿਆਲੇ ਵਿੱਚ ਪੰਜਾਬੀ ਸਿੱਖਦਾ ਸਾਂ/ਸੀ।
ਅਸੀਂ ਹੋਸਟਲ ਵਿੱਚ ਰਹਿੰਦੇ ਸਾਂ/ਸੀ।
ਤੂੰ ਉੱਥੇ ਕੀ ਕਰਦਾ ਸੈਂ/ਸੀ।
ਤੁਸੀਂ ਪੰਜਾਬੀ ਕਿੰਨੇ ਘੰਟੇ ਪੜਦੇ ਸੋ/ਸੀ।
ਉਹ ਮਠਿਆਈ ਬਹੁਤ ਖਾਂਦਾ ਸੀ।
ਉਹ ਚੌਲ ਨਹੀਂ ਸਨ ਖਾਂਦੇ।
ਉਹ ਰੋਟੀ ਖਾਂਦੇ ਸਨ।
ਮੈਂ ਉੱਥੇ ਰੋਜ਼ ਦੁੱਧ ਪੀਂਦੀ ਸਾਂ/ਸੀ।

2. Substitution Drill

Model 1

ਮੈਂ ਉੱਥੇ ਰੋਜ਼ ਦੁੱਧ ਪੀਂਦਾ ਸਾਂ। (ਲੱਸੀ)
ਮੈਂ ਉੱਥੇ ਰੋਜ਼ ਲੱਸੀ ਪੀਂਦਾ ਸਾਂ
(ਸ਼ਰਬਤ)
(ਚਾਹ)

Model 2

ਅਸੀਂ ਰੋਜ਼ ਰੋਟੀ ਖਾਂਦੇ ਸਾ। (ਚਲ)
ਅਸੀਂ ਰੋਜ਼ ਚੌਲ ਖਾਂਦੇ ਸਾਂ।
(ਮਿਠਿਆਈ)
(ਮਲਾਈ)

3. Transformation Drill.

Model 1

ਮੈਂ ਚਾਹ ਪੀਂਦਾ ਸਾਂ।
ਮੈਂ ਚਾਹ ਨਹੀਂ ਸਾਂ ਪੀਂਦਾ।

(1) ਮੈਂ ਦੁੱਧ ਲੈਂਦਾ ਸਾਂ।
(2) ਅਸੀਂ ਰੋਟੀ ਖਾਂਦੇ ਸਾਂ।
(3) ਉਹ ਲੱਸੀ ਪੀਂਦਾ ਸੀ।
(4) ਮੈਂ ਹੋਸਟਲ ਵਿੱਚ ਰਹਿੰਦਾ ਸਾਂ।
(5) ਉਹ ਉਰਦੂ ਪੜ੍ਹਦੇ ਸਨ।
(6) ਤੁਸੀਂ ਚੌਲ ਖਾਂਦੀਆਂ ਸੀ।

Model 2

ਮੈਂ ਚਾਹ ਪੀਂਦਾ ਹਾਂ।
ਮੈਂ ਚਾਹ ਨਹੀਂ ਪੀਂਦਾ।

(1) ਉਹ ਰੋਟੀ ਖਾਂਦਾ ਹੈ।
ਕਾਫ਼ੀ	'Cofee'	ਜੇ	'if'
ਚਲਾਉਣਾ	'to on something'	ਟਿਕਟ	'ticket'
ਵਕਤ	'time'		

UNIT IX **Lesson 38**

Abcut a magic show

ਸ਼ਰਮਾ : ਰਵੀ ਅੱਜ ਸ਼ਾਮ ਨੂੰ ਜਾਦੂ ਦਾ ਤਮਾਸ਼ਾ ਹੋਵੇਗਾ। ਉਹਦੇ ਲਈ ਇੰਤਜ਼ਾਮ ਕਰਾਂਗੇ। ਕੀ ਤੁਸੀਂ ਮੇਰੀ ਥੋੜ੍ਹੀ ਮਦਦ ਕਰੋਗੇ ?	Ravi, there will be a magic show here this evening. We will make arrangements for that. Will you help me a little ?
ਰਵੀ : ਮੈਂ ਘਰ ਜਾਵਾਂਗਾ ਮੇਰੇ ਪਿਤਾ ਜੀ ਨਰਾਜ਼ ਹੋਣਗੇ।	I will go home. My father will be angry with me.
ਸ਼ਰਮਾ : ਉਹ ਕਿਉਂ ਤੇਰੇ ਨਾਲ ਨਰਾਜ਼ ਹੋਣਗੇ। ਮੈਂ ਤੁਹਾਡੇ ਪਿਤਾ ਜੀ ਨੂੰ ਕਹਿ ਦਿਆਂਗਾ।	Why should he be angry with you ? I will speak to your father.
ਰਵੀ : ਠੀਕ ਹੈ, ਮੈਂ ਤੁਹਾਡੀ ਮਦਦ ਕਰਾਂਗਾ।	Alright, I will help you.
ਸ਼ਰਮਾ : ਮੈਂ ਇਹ ਮੇਜ ਬਾਹਰ ਕੱਢਾਂਗਾ, ਤੁਸੀਂ ਪਕੜੋ ਠੀਕ ਹੈ ? ਉਹ ਗਲਾਸ ਇੱਧਰ ਰੱਖੋ। ਇਹ ਕੁਰਸੀ ਉੱਧਰ ਖਿਸਕਾਉ, ਉਸ ਬਰਤਨ ਨੂੰ ਉਨ੍ਹਾਂ ਦੋਹਾਂ ਮੇਜ਼ਾਂ ਦੇ ਵਿਚਕਾਰ ਰੱਖੋ। ਉਸ ਬਰਤਨ ਨੂੰ ਇਸ ਕਪੜੇ ਨਾਲ ਢੱਕ ਦਿਉ। ਉਸ ਕੁਰਸੀ ਨੂੰ ਇਸ ਤਰਫ ਮੋੜੋ।	I will push this table out, you hold it. Okay ? Keep that tumbler this side. Push this chair to that side. Keep that pot between those two tables. Cover that pot with this cloth. Turn that chair to this side.
ਰਵੀ : ਮੈਂ ਮੋੜ ਰਿਹਾ ਹਾਂ।	I am turning it.
ਸ਼ਰਮਾ : ਠਹਿਰੋ ਮੈਂ ਮੋੜਾਂਗਾ। ਤੁਸੀਂ ਇਹ ਸ਼ੀਸ਼ਾ ਉਸ ਪਾਸੇ ਪਰੇ ਰੱਖ ਦਿਉ।	Hold it. I will turn it. You put this mirror on that side.
ਰਵੀ : ਅੱਛਾ ਮੈਂ ਰੱਖ ਦਿੰਦਾ ਹਾਂ।	Okay, I am keeping it.
ਸ਼ਰਮਾ : ਇਹ ਧਾਗਾ ਲਉ ਤੇ ਉਸ ਲਕੜੀ ਦੀ ਸੋਟੀ ਤੇ ਲਪੇਟ ਦਿਉ।	Take this thread and wind it up on that wooden piece.

ਰਵੀ : ਇਸ ਵੱਡੀ ਸੋਟੀ ਨੂੰ ?

On this big wooden piece (stick) ?

ਸ਼ਰਮਾ : ਨਹੀਂ ਛੋਟੀ ਸੋਟੀ ਤੇ ਲਪੇਟੋ। ਵੱਡੀ ਸੋਟੀ ਤੇ ਰੱਸੀ ਲਪੇਟਾਂਗੇ।

No, you wind it up on the smaller one. We will put a rope around the big stick.

ਰਵੀ : ਠੀਕ ਹੈ।

Okay.

ਸ਼ਰਮਾ : ਸ਼ਾਮ ਨੂੰ ਮਦਦ ਲਈ ਤੁਸੀਂ ਦੋ ਮੁੰਡੇ ਆਪਣੇ ਨਾਲ ਲੈ ਆਉਣਾ।

I need two men for my work in the evening. You bring two boys with you for help in the evening.

ਰਵੀ : ਠੀਕ ਹੈ। ਪਰ ਦੋ ਮੁੰਡੇ ਨਹੀਂ ਮਿਲਣਗੇ। ਮੈਂ ਇਕ ਲੈ ਆਵਾਂਗਾ।

Alright. But it will not be possible to get two boys, I will bring one.

ਸ਼ਰਮਾ : ਠੀਕ ਹੈ ਤੁਸੀਂ ਸ਼ਾਮ ਨੂੰ ਪੰਜ ਵਜੇ ਆ ਜਾਣਾ। ਦੇਰ ਨਾ ਕਰਨਾ। ਆਪਣੇ ਦੋਸਤਾਂ ਨੂੰ ਵੀ ਇਸ ਪ੍ਰੋਗਰਾਮ ਬਾਰੇ ਦੱਸ ਦੇਣਾ।

Okay, you come at 5-0' O'clock in the evening. Don't be late, inform your friends also about this programme.

A. DRILLS

1. Repetition Drill

ਰਵੀ ਕਿਤਾਬ ਉਰੇ ਰੱਖੇਗਾ, ਤੁਸੀਂ ਪਰੇ ਰੱਖੋ।
ਮੈਂ ਤੁਹਾਨੂੰ ਪਾਠ ਪੜ੍ਹਾਵਾਂਗਾ, ਤੁਸੀਂ ਰਵੀ ਨੂੰ ਪੜ੍ਹਾਉ।
ਰਵੀ ਕੁਰਸੀ ਲਿਆਏਗਾ, ਤੂੰ ਮੇਜ਼ ਲਿਆ।
ਮੈਂ ਇਹ ਪੱਖਾ ਚਲਾਵਾਂਗਾ, ਉਹ ਉਹ ਪੱਖਾ ਚਲਾਏਗਾ।
ਰਮਾ ਇਹ ਕੰਮ ਕਰੇਗੀ, ਤੁਸੀਂ ਉਹ ਕੰਮ ਕਰੋ।
ਸਰਲਾ ਅੰਬ ਕੱਟੇਗੀ, ਤੂੰ ਸਿਉਂ ਕੱਟ।
ਇਨ੍ਹਾਂ ਦੋਹਾਂ ਕੁਰਸੀਆਂ ਦੇ ਵਿਚਕਾਰ ਮੇਜ਼ ਰੱਖ ਦੇ।
ਉਨ੍ਹਾਂ ਚਾਰਾਂ ਪਰਦਿਆਂ ਨੂੰ ਅਲਮਾਰੀ ਵਿੱਚ ਰੱਖ ਦਿਓ।

2. Build up and Expansion Drill

1. ਇੰਤਜ਼ਾਮ ਕਰਨਾ।
ਉਹਦੇ ਨਹੀਂ ਇੰਤਜ਼ਾਮ ਕਰਨਾ।
ਅੱਜ ਤੁਸੀਂ ਉਹਦੇ ਲਈ ਇੰਤਜ਼ਾਮ ਕਰਨਾ।
ਅੱਜ ਤੁਸੀਂ ਉਹਦੇ ਲਈ ਇੰਤਜ਼ਾਮ ਜ਼ਰੂਰ ਕਰਨਾ।

2. ਹਟਾਵਾਂਗਾ।
ਪਰੇ ਹਟਾਵਾਂਗਾ।
ਮੇਜ਼ ਨੂੰ ਪਰੇ ਹਟਾਵਾਂਗਾ।
ਉਸ ਮੇਜ਼ ਨੂੰ ਪਰੇ ਹਟਾਵਾਂਗਾ।
ਮੈਂ ਉਸ ਮੇਜ਼ ਨੂੰ ਪਰੇ ਹਟਾਵਾਂਗਾ।

3. Substitution Drill

Model 1

ਰਵੀ ਬੂਹਾ ਬੰਦ ਕਰੇਗਾ। (ਖੋਲ੍ਹ)
ਰਵੀ ਬੂਹਾ ਖੋਲ੍ਹੇਗਾ।

(1) ਅਨੀਤਾ ਪੱਖਾ ਬੰਦ ਕਰੇਗੀ। (ਚਲਾ)
(2) ਰਮਾ ਤੇ ਉਮਾ ਫੁੱਲ ਤੋੜਨਗੀਆਂ। (ਚੁਣ)
(3) ਸ਼ਰਮਾ ਖਤ ਪੜ੍ਹੇਗਾ। (ਲਿਖ)
(4) ਰਮਾ ਤਸਵੀਰ ਖਿੱਚੇਗੀ। (ਵੇਖ)

Model 2

ਸਨਤੋਸ਼, ਉਹ ਕੁਰਸੀ ਉੱਥੇ ਰੱਖੋ।
ਸਨਤੋਸ਼ ਉਹ ਕੁਰਸੀ ਇੱਥੇ ਰੱਖੋ (ਇੱਥੇ)
(ਉਰੇ)
(ਉਸ ਤਰਫ)
(ਕਲਾਸ ਵਿੱਚ)
(ਪਰੇ)

Model 3

ਤੁਸੀਂ ਦੋਹਾਂ ਕੁਰਸੀਆਂ ਦੀ ਮੁਰੰਮਤ ਕਰ ਦਿਓ। (ਤਿੰਨਾਂ)
ਤੁਸੀਂ ਤਿੰਨਾਂ ਕੁਰਸੀਆਂ ਦੀ ਮੁਰੰਮਤ ਕਰ ਦਿਓ
(ਚਾਰਾਂ)
(ਪੰਜਾਂ)

Model 4

ਤੁਸੀਂ ਦੋਵੇਂ ਇੱਥੇ ਬੈਠੋ। (ਤਿੰਨੇ)
ਤੁਸੀਂ ਤਿੰਨੇ ਇੱਥੇ ਬੈਠੋ।
(ਚਾਰੇ)
(ਪੰਜੇ)

4. Response Drill

Model

ਅਧਿਆਪਕ ਜੀ ਕੀ ਕਰਨਗੇ ? (ਪਾਠ ਪੜ੍ਹਾ)
ਅਧਿਆਪਕ ਜੀ ਪਾਠ ਪੜ੍ਹਾਉਣਗੇ।

(1) ਸ਼ਰਮਾ ਕੀ ਕਰੇਗਾ ? (ਚਿੱਠੀ ਲਿੱਖ)
(2) ਸਰਲਾ ਕੀ ਕਰੇਗੀ ? (ਕਹਾਣੀ ਦੱਸ)
(3) ਕਮਲਾ ਕੀ ਕਰੇਗੀ ? (ਖਾਣਾ ਖਾ)
(4) ਪਵਨ ਕੀ ਕਰੇਗਾ ? (ਬਾਜ਼ਾਰ ਜਾ)

B. EXERCISES

1. Change the form of words given in brackets to future tense appropriately and fill up the blanks.

(1) ਸ਼ਰਮਾ, ਰਵੀ ਕੱਲ੍ਹ--(ਆ-)
(2) ਗੋਪੀ, ਸੀਤਾ ਪਰਸੋਂ---(ਜਾ-)
(3) ਸੁਨੀਤਾ, ਤੁਹਾਡੇ ਮਾਤਾ ਜੀ ਕਦ ਘਰ--(ਹੋ-)
(4) ਗੋਪਾਲ, ਸ਼ਰਮਾ ਪੱਖਾ--(ਚਲਾ)
(5) ਮੈਂ ਇਕ ਤਸਵੀਰ-- (ਖਿੱਚ)
(6) ਤੁਸੀਂ ਉਸ ਬੰਦੇ ਨੂੰ--(ਪੜ੍ਹਾ)
(7) ਸ਼ਰਮੇ ਕੋਲੋਂ ਅਸੀਂ ਦਸ ਰੁਪਏ --(ਮੰਗ)
(8) ਅਸੀਂ ਤੁਹਾਡੇ ਕੋਲੋਂ ਕੁਝ ਨਹੀਂ— (ਲੈ)

2. Change the forms of the words given in brackets appropriately and fill up the blanks.

(1) ਮੈਂ ਪੈਨ—ਗਾ। (ਖਰੀਦ-)
(2) ਤੁਸੀਂ ਕੀ—ਗੇ ? (ਲਿਖ-)
(3) ਉਹ ਕਾਪੀ—ਗੇ। (ਲੈ-)
(4) ਅਸੀਂ ਤੁਹਾਡੇ ਘਰ—ਗੀਆਂ। (ਆ-)
(5) ਤੂੰ ਕੀ—ਗੀ ? (ਲੈ)
(6) ਰਾਮ ਨਵੀਂ ਕਮੀਜ਼—ਗਾ। (ਖਰੀਦ-)

3. Conjugate the following verbs for future tense with all the subject pronouns.

ਜਾ, ਦੱਸ, ਕੱਟ, ਧੱਕਾ ਦੇ, ਲੈ।

4. Fill up the blanks.

(1) —ਅੱਜ ਘਰ ਜਾਵਾਂਗਾ।
(2) —ਕਾਪੀ ਲਵਾਂਗੀ।
(3) —ਕੱਲ੍ਹ ਘਰ ਜਾਵਾਂਗੇ।
(4) —ਪੱਖਾ ਖਰੀਦੇਗਾ।
(5) —ਪੈਨਸਿਲਾਂ ਨਾਲ ਲਿਖਣਗੇ।
(6) —ਪੈਨਸਿਲਾਂ ਨਾਲ ਲਿਖਣਗੀਆਂ।
(7) —ਕਿਤਾਬ ਪੜ੍ਹਾਂਗੇ।
(8) —ਕੁੱਝ ਨਹੀਂ ਖਰੀਦਾਂਗੇ।
(9) —ਕੀ ਲਏਂਗਾ।
(10) —ਸਾੜ੍ਹੀਆਂ ਖਰੀਦਾਂ ਗੀਆਂ।

5. Write answers to the following questions.

(1) ਤੁਸੀਂ ਕਦੋਂ ਘਰ ਜਾਓਗੇ ?
(2) ਤੁਸੀਂ ਕਿੱਥੇ ਰਹੋਗੇ ?
(3) ਕੀ ਉਹ ਇਸ ਹਫ਼ਤੇ ਘਰ ਜਾਏਗਾ ?
(4) ਕੀ ਉਹ ਕੱਲ੍ਹ ਤੁਹਾਡੇ ਘਰ ਆਵੇਗਾ ?
(5) ਤੁਸੀਂ ਕੀ ਖਰੀਦੋਗੇ ?
(6) ਉਹ ਅੱਜ ਬਜ਼ਾਰ ਜਾਣਗੇ ?
(7) ਕੀ ਅਸੀਂ ਵੀ ਤੁਹਾਡੇ ਘਰ ਆਵਾਂਗੇ ?
(8) ਤੁਸੀਂ ਕਿਸ ਦੇ ਨਾਲ ਬਾਹਰ ਜਾਓਗੇ ?

6. Use the following words/phrases into your own sentences.

ਖਿਸਕਾਉਣਾ, ਕੱਢਣਾ, ਮੋੜਨਾ, ਵਿਚਕਾਰ, ਦੋਹਾਂ, ਦੋਵੇਂ, ਨਾਰਾਜ਼, ਮੱਦਦ ਕਰਨਾ, ਇੰਤਜ਼ਾਮ ਕਰਨਾ, ਧਾਗਾ, ਸੋਟੀ, ਲਪੇਟਣਾ।

C. VOCABULARY

ਜਾਦੂ ਦਾ ਤਮਾਸ਼ਾ	'magic show'	ਕੱਢਣਾ	'to take out'
ਨਾਰਾਜ਼ ਹੋਣਾ	'to be angry'	ਪਕੜਨਾ	'to hold'
ਖਿਸਕਾਉਣਾ	' to push'	ਕਹਿ ਦੇਣਾ	'to tell'
ਹਟਾਉਣਾ	'to remove'	ਬਰਤਨ	'pot'
ਢੱਕ ਦੇਣਾ	'to cover'	ਵਿਚਕਾਰ	'between'
ਤਰਫ਼	'side'	ਮੋੜਨਾ	'to turn'
ਤਸਵੀਰ ਖਿੱਚਣਾ	'to take photograph'	ਸ਼ੀਸ਼ਾ	'looking glass'
ਲਪੇਟ ਦੇਣਾ	'to wind'	ਧਾਗਾ	'thread'
ਰੱਸੀ	'rope'	ਲਕੜੀ	'wood'
ਉਰੇ	'this side'	ਸੋਟੀ	'stick'
ਪਰੇ	'that side'	ਲਪੇਟਣਾ	'to wind'
ਇੰਤਜ਼ਾਮ ਕਰਨਾ	'to make arrangement'	ਦੱਸ ਦੇਣਾ	'to tell'
ਮੱਦਦ ਕਰਨਾ	'to help'	ਸਿਉ	'apple'

D. NOTES

1. Cardinal numerals are used as adjectives. Those from ਦੋ 'two' onwards are inflected for case but not for gender.

ਦੋ ਆਦਮੀ	'two men'
ਤਿੰਨ ਕੁੜੀਆਂ	'three girls'

ਦੋਆਂ/ਦੋਹਾਂ ਆਦਮੀਆਂ ਨੂੰ	'to the two men'
ਤਿੰਨਾਂ ਕੁੜੀਆਂ ਨੂੰ	'to the three girls'

UNIT IX — Lesson 39

A Review Lesson

1. ਮੈਂ ਘਰ ਜਾਵਾਂਗਾ।	I will go home.
ਅਸੀਂ ਪਰਸੋਂ ਤੁਹਾਡੇ ਘਰ ਆਵਾਂਗੇ।	We will come to your house day after tomorrow.
ਤੂੰ ਅੱਜ ਕਿੱਥੇ ਰਵ੍ਹੇਂ/ਰਹੇਂਗਾ ?	Where will you stay today ?
ਤੁਸੀਂ ਸਾਡੇ ਨਾਲ ਚਲੋਗੇ ?	Will you come with us ?
ਉਹ ਘਰ ਨਹੀਂ ਜਾਵੇਗਾ।	He will not go home.
ਉਹ ਅੱਜ ਨਹੀਂ ਖੇਡਣਗੇ।	They will not play today.
ਸਾਰੇ ਮੁੰਡੇ ਸਾਡੇ ਨਾਲ ਆਉਣਗੇ।	All the boys will come with us.
ਉਹ ਮੁੰਡਾ ਤੁਹਾਡੀ ਗੱਲ ਨਹੀਂ ਸੁਣੇਗਾ।	That boy will not listen to you.
ਤੂੰ ਮੇਰੇ ਨਾਲ ਆਏਂਗਾ।	You will come with me.
ਪਿਤਾ ਜੀ ਮੇਰੇ ਨਾਲ ਚੱਲਣਗੇ।	Father will come with me.
ਉਹਦੇ ਵੀਰ ਜੀ ਕੀ ਕਹਿਣਗੇ ?	What his brother will say?
2. ਮੈਂ ਕੱਲ੍ਹ ਘਰ ਆਵਾਂਗੀ।	I will come home tomorrow.
ਅਸੀਂ ਤਹਾਡੇ ਨਾਲ ਨਹੀਂ ਜਾਵਾਂਗੀਆਂ।	We will not go with you.
ਤੂੰ ਕੀ ਖੇਡੇਂਗੀ ?	What will you play ?
ਤੁਸੀਂ ਹੁਣ ਕੀ ਪੜ੍ਹੋਗੇ ?	What will you study now?
ਉਹ ਅੱਜ ਘਰ ਨਹੀਂ ਆਏਗੀ। ਸਾਡੇ ਨਾਲ ਰਹੇਗੀ।	She will not come home today. She will stay with us.
ਉਹ ਸਾਰੀਆਂ ਕੁੜੀਆਂ ਇੱਥੇ ਰਹਿਣਗੀਆਂ।	All those girls will stay here.
ਮਾਤਾ ਜੀ ਤੁਹਾਨੂੰ ਕੀ ਕਹਿਣਗੇ।	What mother will say to you.
ਭੈਣ ਜੀ ਤਹਾਨੂੰ ਗੁੱਸੇ ਹੋਣਗੇ।	Sister will scold you.
ਮੈਡਮ ਜੀ ਵੀ ਸਾਡੇ ਨਾਲ ਚੱਲਣਗੇ।	Madam will also come with us.
ਤੁਸੀਂ ਸਾਡੇ ਨਾਲ ਖੇਡੋਗੇ ?	Will you play with us ?

A. EXERCISES

1. Transform the following sentences from masculine to feminine.

(1) ਤੂੰ ਕੀ ਖਾਏਂਗਾ ?
(2) ਤੁਸੀਂ ਕੀ ਲਿਖੋਗੇ ?
(3) ਮੈਂ ਪਾਠ ਪੜ੍ਹਾਂਗਾ ।
(4) ਅਸੀਂ ਕਵਿਤਾ ਦਾ ਸਾਰ ਲਿਖਾਂਗੇ ।
(5) ਉਹ ਕੀ ਕਹੇਗਾ ?
(6) ਉਹ ਕਿੱਥੇ ਰਹਿਣਗੇ ।
(7) ਮੈਂ ਤੁਹਾਡੇ ਨਾਲ ਜਾਵਾਂਗਾ ।
(8) ਅਸੀਂ ਖਾਣਾ ਬਣਾਵਾਂਗੇ ।
(9) ਉਹ ਆਪਣੇ ਕਪੜੇ ਆਪ ਧੋਵੇਗਾ ।
(10) ਉਹ ਸਾਡੇ ਨਾਲ ਚਾਹ ਨਹੀਂ ਪੀਣਗੇ ।
(11) ਤੂੰ ਕਿੱਥੇ ਰਹੇਂਗਾ ?
(12) ਤੁਸੀਂ ਸਾਡੇ ਨਾਲ ਚਲੋਗੇ ?

2. Transform the following sentences from singular to plural.

(1) ਮੈਂ ਇਥੇ ਰਵ੍ਹਾਂਗਾ ।
(2) ਤੂੰ ਅੱਜ ਪਾਠ ਜ਼ਰੂਰ ਯਾਦ ਕਰੇਂਗਾ ।
(3) ਉਹ ਮੇਰੇ ਨਾਲ ਗੁੱਸੇ ਹੈ ਗੱਲ ਨਹੀਂ ਕਰੇਗਾ।
(4) ਮੈਂ ਤੁਹਾਡੀ ਗੱਲ ਮੰਨਾਂਗੀ ।
(5) ਤੂੰ ਮੇਰੇ ਕਪੜੇ ਧੋਏਂ/ਧੋਵੇਂਗੀ ?
(6) ਉਹ ਟੈਸਟ ਨਹੀਂ ਦੇਵੇ/ਦਏਗੀ ।
(7) ਮੈਂ ਆਪਣਾ ਪਾਠ ਲਿਖਾਂਗਾ ।
(8) ਤੂੰ ਮੇਰੇ ਘਰ ਆਏਂਗਾ ?
(9) ਉਹ ਮੇਰੇ ਨਾਲ ਜਾਏਗੀ ।
(10) ਤੂੰ ਉਹਦੇ ਨਾਲ ਬੋਲੇਂਗਾ ?
(11) ਉਹ ਮੈਨੂੰ ਜ਼ਰੂਰ ਬੁਲਾਏਗੀ ।
(12) ਮੈਂ ਗਾਣਾ ਸਣਾਵਾਂਗੀ ।

3. Fill in the blanks.

(1) ਕੁੜੀ ਮੇਰੇ ਨਾਲਖਾਣਾ--ਗੀ ।
(2) ਮੁੰਡੇ ਤਹਾਡੇ ਨਾਲ ਜਾਣ--
(3) ਮੈਂ ਉਹਦੇ ਨਾਲ ਗੱਲ ਨਹੀਂ ਕਰਾਂ --
(4) ਰਾਮ ਮੇਰੇ ਨਾਲ ਸੰਵੇ--
(5) ਸ਼ੀਲਾ ਤੁਹਾਡੇ ਨਾਲ ਚਲੇ --
(6) ਕੁੜੀਆਂ ਸਾਡੇ ਨਾਲ ਨਹੀਂ ਖੇਡਣ--
(7) ਪਿਤਾ ਜੀ ਮੇਰੇ ਨਾਲ ਰਹਿਣ --
(8) ਮਾਤਾ ਜੀ ਤੁਹਾਡੇ ਨਾਲ ਚੱਲਣ--
(9) ਤੂੰ ਮੇਰਾ ਗਾਣਾ --ਗਾ ।
(10) ਤੁਸੀਂ ਮੇਰੀ ਗੱਲ ਮੰਨੋ --

4. Replace ਮੈਂ by ਅਸੀਂ ਤੂੰ, ਤੁਸੀਂ ਉਹ (sg.) and ਉਹ (pl.) and rewrite the following sentences making other necessary changes.

ਮੈਂ ਉਹਦੇ ਨਾਲ ਆਵਾਂਗਾ ।
ਮੈਂ ਖਾਣਾ ਖਾਵਾਂਗਾ ।
ਮੈਂ ਕਿਤਾਬ ਪੜ੍ਹਾਂਗੀ ।
ਮੈਂ ਘਰ ਚਿੱਠੀ ਲਿਖਾਂਗੀ ।

5. Change the following sentences into future tense.

1. ਮੈਂ ਕਿਤਾਬ ਪੜ੍ਹਦਾ ਹਾਂ।
2. ਅਸੀਂ ਏਥੇ ਕੰਮ ਕਰਦੇ ਹਾਂ।
3. ਤੂੰ ਕੀ ਲਿਖਦਾ ਹੈਂ ?
4. ਤੁਸੀਂ ਕਿੰਨੇ ਘੰਟੇ ਖੇਡਦੇ ਹੋ ?
5. ਉਹ ਸਾਡੇ ਨਾਲ ਰਹਿੰਦਾ ਹੈ।
6. ਉਹ ਸਾਡੇ ਘਰ ਆਉਂਦੇ ਹਨ।
7. ਮੈਂ ਸਵਾ ਚਾਰ ਵਜੇ ਘਰ ਜਾਂਦੀ ਹਾਂ।
8. ਕੁੜੀਆਂ ਖੇਡ ਰਹੀਆਂ ਹਨ।
9. ਮੁੰਡੇ ਪੜ੍ਹ ਰਹੇ ਹਨ।
10. ਅਸੀਂ ਸਫ਼ਾਈ ਕਰਦੀਆਂ ਹਾਂ।
11. ਤੁਸੀਂ ਪੜ੍ਹਾਈ ਕਰ ਰਹੀਆਂ ਹੋ ?
12. ਮੈਂ ਸਵੇਰੇ ਦੁੱਧ ਪੀਂਦੀ ਹਾਂ।

VOCABULARY

ਗੁੱਸੇ ਹੋਣਾ	'to be angry'
ਸਾਰ	'gist'
ਆਪ	'oneself'
ਟੈਸਟ	'test'
ਮੰਨਣਾ	'to agree'
ਸਫ਼ਾਈ ਕਰਨਾ	'to do cleanliness'
ਪੜ੍ਹਾਈ ਕਰਨਾ	'to do study'

UNIT X

Lesson 40

I have to go to station.

ਸੁਰਜੀਤ : ਸੁਣਾ ਬਈ, ਕਿਧਰ ਦੀਆਂ ਤਿਆਰੀਆਂ ਨੇ ?	Hello, where are you up to ?
ਅਮਰ : ਸਟੇਸ਼ਨ ਤੇ ਜਾਣਾ ਹੈ।	I have to go to the station.
ਸੁਰਜੀਤ : ਕਿਉਂ ?	Why?
ਅਮਰ : ਵੀਰ ਜੀ ਨੇ ਆਉਣਾ ਹੈ।	My brother has to come.
ਸੁਰਜੀਤ : ਕਿਥੋਂ ?	From where ?
ਅਮਰ : ਕਾਨਪੁਰ ਤੋਂ।	From Kanpur.
ਸੁਰਜੀਤ : ਉੱਥੇ ਉਹ ਕੀ ਕਰਦੇ ਹਨ ?	What does he do there ?
ਅਮਰ : ਉਨ੍ਹਾਂ ਦੀ ਕਪੜੇ ਦੀ ਦੁਕਾਨ ਹੈ।	He has a cloth shop.
ਸੁਰਜੀਤ : ਗੱਡੀ ਕਿੰਨੇ ਵਜੇ ਆਉਣੀ ਹੈ।	At what time train is to come ?
ਅਮਰ : ਦਸ ਪੰਜਾਹ ਤੇ।	At ten fifty.
ਸੁਰਜੀਤ : ਹਾਲੇ ਤਾਂ ਬਹੁਤ ਵਕਤ ਹੈ, ਨੌਂ ਵਜੇ ਹਨ।	There is lot of time yet, it is nine O'clock only.
ਅਮਰ : ਮੈਂ ਸਾਈਕਲ ਤੇ ਨਹੀਂ ਜਾਣਾ, ਪੈਦਲ ਹੀ ਜਾਣਾ ਹੈ।	I do not have to go on cycle, I have to walk.
ਸੁਰਜੀਤ : ਕਿਉਂ ?	Why ?
ਅਮਰ : ਠੰਡਾ ਮੌਸਮ ਹੈ ਹੌਲੀ ਹੌਲੀ ਸੈਰ ਕਰਦਾ ਸਟੇਸ਼ਨ ਤੇ ਜਾਵਾਂਗਾ, ਆਉਣ ਵੇਲੇ ਵੀਰ ਜੀ ਨਾਲ ਰਿਕਸ਼ੇ ਜਾਂ ਟਾਂਗੇ ਤੇ ਆਉਣਾ ਹੀ ਹੈ।	The weather is cool. I will go to the station walking slowly, while coming back I have to come by *riksha* or *tonga* with my brother.
ਸੁਰਜੀਤ : ਉਹ ਇਕੱਲੇ ਆ ਰਹੇ ਹਨ ?	Is he coming alone ?

ਅਮਰ : ਨਹੀਂ ਭਾਬੀ ਜੀ ਤੇ ਬੱਚੇ ਵੀ ਆ ਰਹੇ ਹਨ।

No. my brother's wife (sister-in-law) and their children are also coming.

ਸੁਰਜੀਤ : ਉਨ੍ਹਾਂ ਨੇ ਇੱਥੇ ਕਿੰਨੇ ਦਿਨ ਰਹਿਣਾ ਹੈ ?

How many days they have to stay here ?

ਅਮਰ : ਉਹ ਦੋ ਤਿੰਨ ਦਿਨ ਰਹਿਣਗੇ। ਕੁੱਝ ਸਮਾਨ ਖਰੀਦਣਾ ਹੈ। ਕਿਉਂਕਿ ਉਨ੍ਹਾਂ ਨੇ ਪਿੰਡ ਵਿਆਹ ਤੇ ਜਾਣਾ ਹੈ।

They will stay two three days. They will have to purchase a few things because they have to go to village to attend a marriage.

ਸੁਰਜੀਤ : ਸੋਨੇ ਦੇ ਗਹਿਣੇ ਲੈਣੇ ਹਨ ਤਾਂ ਮੈਨੂੰ ਦੱਸਣਾ। ਸੁਨਾਰਾ ਮੇਰੀ ਜਾਣ ਪਛਾਣ ਦਾ ਹੈ। ਲੈ ਦਿਆਂਗਾ। ਠੀਕ ਭਾਅ ਲਾਏਗਾ। ਚੀਜ਼ ਵੀ ਚੰਗੀ ਦਏਗਾ।

If you have to buy gold ornaments, tell me. There is a goldsminth known to me. I will help you to take. He will charge the right rate. He will give good stuff also.

ਅਮਰ : ਠੀਕ ਹੈ, ਪੁੱਛਾਂਗਾ, ਲੈਣੇ ਹੋਣਗੇ ਤਾਂ ਦੱਸ ਦਿਆਂਗਾ।

Alright I will ask them. If they have to take then I will tell you.

ਸੁਰਜੀਤ : ਚੰਗਾ ਭਈ, ਤਾਂ ਤੂੰ ਤਿਆਰ ਹੋ ਸਟੇਸ਼ਨ ਜਾਣ ਲਈ। ਮੈਂ ਚਲਦਾ ਹਾਂ।

Alright, then, you should get ready to go tothe station. I go now.

ਅਮਰ : ਅੱਛਾ, ਸਤਿ ਸ੍ਰੀ ਅਕਾਲ।

Alright, sat siri akal.

A. DRILLS

1. Repetition Drill

ਮੈਂ ਸਟੇਸ਼ਨ ਤੇ ਪਹੁੰਚਣਾ ਹੈ।
ਅਸੀਂ ਜਲਦੀ ਜਾਣਾ ਹੈ।
ਤੂੰ ਕਿੱਥੇ ਰਹਿਣਾ ਹੈ।
ਤੁਸੀਂ ਅੱਜ ਸਾਡੇ ਘਰ ਆਉਣਾ ਹੈ।
ਉਹਨੇ ਟਾਂਗੇ ਤੇ ਜਾਣਾ ਹੈ।
ਉਨ੍ਹਾਂ ਨੇ ਸਾਡੇ ਘਰ ਆਉਣਾ ਹੈ।

ਮੈਂ ਸੋਨੇ ਦਾ ਹਾਰ ਲੈਣਾ ਹੈ।
ਮੈਂ ਸੋਨੇ ਦੀਆਂ ਵਾਲੀਆਂ ਲੈਣੀਆਂ ਹਨ।
ਉਹਨੇ ਮੁਕੈਸ਼ ਵਾਲੀ ਸਾੜ੍ਹੀ ਲੈਣੀ ਹੈ।
ਉਨ੍ਹਾਂ ਨੇ ਕਢਾਈ ਵਾਲੀਆਂ ਸ਼ਾਲਾਂ ਖਰੀਦਣੀਆਂ ਹਨ।

2. Substitution Drill

1. ਤੂੰ ਤਿਆਰ ਹੋ ਸਟੇਸ਼ਨ ਜਾਣ ਲਈ। (ਸਟੇਸ਼ਨ)
(ਘਰ)
(ਮੇਰੇ ਨਾਲ)
(ਦਫ਼ਤਰ)

2. ਮੈਂ ਉਹਦੇ ਨਾਲ ਜਾਣਾ ਹੈ। (ਉਹਦੇ)
(ਤੇਰੇ)
(ਉਨ੍ਹਾਂ)
(ਤੁਹਾਡੇ)

3. ਮੈਂ ਰੋਟੀ ਖਾਣੀ ਹੈ। (ਮੈਂ
(ਅਸੀਂ)
(ਤੂੰ)
(ਤੁਸੀਂ)
(ਉਨ੍ਹਾਂ ਨੇ)

4. ਹਾਲੇ ਤਾਂ ਬਹੁਤ ਵਕਤ ਹੈ। (ਬਹੁਤ ਵਕਤ)
(ਨੌਂ ਵੱਜੇ)
(ਅੱਠ ਵੱਜੇ)
(ਸੱਤ ਵੱਜੇ)
(ਪੰਜ ਵੱਜੇ)

3. Transformation Drill

Model 1

ਮੈਂ ਚਲਦਾ ਹਾਂ
ਮੈਂ ਚਲਣਾ ਹੈ।

(1) ਮੈਂ ਦਫ਼ਤਰ ਟਾਂਗੇ ਤੇ ਜਾਂਦਾ ਹਾਂ।
(2) ਮੈਂ ਦੋ ਘੰਟੇ ਪੜ੍ਹਦਾ ਹਾਂ।
(3) ਮੈਂ ਘਰ ਪੈਦਲ ਆਉਂਦਾ ਹਾਂ।
(4) ਮੈਂ ਹੋਸਟਲ ਵਿੱਚ ਰਹਿੰਦਾ ਹਾਂ।

Model 2

ਤੂੰ ਇਕੱਲਾ ਹੀ ਆ ਰਿਹਾ ਹੈਂ ?
ਤੂੰ ਇਕੱਲਾ ਹੀ ਆਉਣਾ ਹੈ।

(1) ਤੂੰ ਇਕੱਲਾ ਹੀ ਅੰਬ ਖਾ ਰਿਹਾ ਹੈਂ ?
(2) ਤੂੰ ਇਕੱਲਾ ਹੀ ਏਥੇ ਰਹਿ ਰਿਹਾ ਹੈਂ ?
(3) ਤੂੰ ਇਕੱਲਾ ਹੀ ਜਾ ਰਿਹਾ ਹੈਂ ?
(4) ਤੂੰ ਇਕੱਲਾ ਹੀ ਪੜ੍ਹ ਰਿਹਾ ਹੈਂ ?

B. EXERCISES

1. Change the following sentences into negative sentences as per the model given below.

Model 1

ਮੈਂ ਖਾਣਾ ਖਾਣਾ ਹੈ ।
ਮੈਂ ਖਾਣਾ ਨਹੀਂ ਖਾਣਾ ।

(1) ਮੈਂ ਸਟੇਸ਼ਨ ਤੇ ਜਾਣਾ ਹੈ ।
(2) ਉਹਨੇ ਖਾਣਾ ਬਣਾਉਣਾ ਹੈ ।
(3) ਉਨ੍ਹਾਂ ਨੇ ਕਪੜੇ ਧੋਣੇ ਹਨ ।
(4) ਉਨ੍ਹਾਂ ਨੇ ਸਿੱਧੇ ਲਾਇਬਰੇਰੀ ਪਹੁੰਚਣਾ ਹੈ ।
(5) ਮੈਂ ਦਵਾਈ ਲੈਣੀ ਹੈ।
(6) ਮੈਂ ਤੁਹਾਡੇ ਨਾਲ ਚਲਣਾ ਹੈ।

2. Replace ਮੈਂ by ਅਸੀਂ, ਤੂੰ ਤੁਸੀਂ, ਉਹ (sg.) ਉਹ (pl) and rewrite the following sentences making other necessary changes.

ਮੈਂ ਬਜ਼ਾਰ ਜਾਣਾ ਹੈ।
ਮੈਂ ਰੋਟੀ ਖਾਣੀ ਹੈ।

3. Use the following words, and phrases in your own sentences.

ਹੌਲੀ ਹੌਲੀ, ਕਿੰਨੇ ਵੱਜੇ, ਕਿਧਰ, ਮੌਸਮ, ਠੰਡਾ,
ਤਿਆਰ ਹੋਣਾ, ਆਉਣ ਵੇਲੇ, ਪੈਦਲ।

4. Answer the following questions

(1) ਗੱਡੀ ਕਿੰਨੇ ਵੱਜੇ ਆਉਣੀ ਹੈ ?
(2) ਤੁਸੀਂ ਕਿੱਥੇ ਜਾਣਾ ਹੈ ?
(3) ਉਹਨੇ ਕੀ ਲਿਖਣਾ ਹੈ ?
(4) ਉਨ੍ਹਾਂ ਨੇ ਕੀ ਖਰੀਦਣਾ ਹੈ ?
(5) ਤੁਸੀਂ ਕੀ ਖਾਣਾ ਹੈ ?
(6) ਤੁਸੀਂ ਕਿੱਥੇ ਰਹਿਣਾ ਹੈ ?

C. VOCABULARY

ਤਿਆਰੀ	'readiness'	ਵਿਆਹ	'marriage'
ਕਪੜੇ ਦੀ ਦੁਕਾਨ	'cloth's shop	ਗਹਿਣਾ	'ornament'
ਇਕੱਲਾ	'alone'	ਤਿਆਰ ਹੋਣਾ	'to be ready'
ਸੁਣਾ ਬਈ/ਭਈ	'hello brother'	ਭਾਬੀ	'brother's wife
ਸੋਨਾ	'gold'	ਸਾਇਕਲ	'cycle'
ਪੈਦਲ	'on foot'	ਰਿਕਸ਼ਾ	'riksha'
ਸਟੇਸ਼ਨ	'station'	ਟਾਂਗਾ	'tonga'
ਸੋਨੇ ਦਾ ਹਾਰ	'gold necklace'	ਜਾਂ	'or'
ਸੋਨੇ ਦੀਆਂ ਵਾਲੀਆਂ	'gold ear rings'	ਸੁਨਾਰਾ	'goldsmith'
ਮੁਕੈਸ਼ ਵਾਲੀ ਸਾੜ੍ਹੀ	'sari with silver thread work'	ਜਾਣ ਪਛਾਣ	'known to'
		ਭਾਅ	'rate'
ਕਢਾਈ ਵਾਲੀਆਂ ਸ਼ਾਲਾਂ	'embroidered shawls'	ਲਾਉਣਾ	'to charge to' apply'

UNIT X **Lesson 41**

We have to go to see a movie

ਸੁਰਜੀਤ : ਗੁਰਨਾਮ, ਅਸੀਂ ਪਿਕਚਰ ਵੇਖਣ ਜਾਣਾ ਹੈ। ਤੂੰ ਚਲਣਾ ਹੈ ?	Gurnam, we have to go to see a movie. Do you have to go?
ਗੁਰਨਾਮ : ਕਿਹੜੀ ਪਿਕਚਰ ? ਮੈਂ ਤਾਂ ਕਪੜੇ ਧੋਣੇ ਹਨ।	Which movie? I have to wash clothes.
ਸੁਰਜੀਤ : ਫੂਲ ਵਿੱਚ ਪੰਜਾਬੀ ਫਿਲਮ ਹੈ। ਉਹ ਵੇਖਣ ਜਾਣਾ ਹੈ।	There is a Punjabi move at *Fhul*. We should go for that.
ਗੁਰਨਾਮ : ਪਹਿਲੇ ਤੁਸੀਂ ਮੇਰਾ ਇੱਕ ਕੰਮ ਕਰੋ। ਤਾਂ ਪਿਕਚਸ ਵੇਖਣ ਜਾਵਾਂਗੀ। ਵਰਨਾ ਮੈਨੂੰ ਫੁਰਸਤ ਨਹੀਂ ਹੈ।	You do me a favour first. Then I will go to see a picture. Otherwise I have no time today.
ਸੁਰਜੀਤ : ਉਹ ਕੀ ਹੈ ?	What is that ?
ਗੁਰਨਾਮ : ਮੈਂ ਪ੍ਰੋਫੈਸਰ ਸਾਹਿਬ ਨੂੰ ਮਿਲਣਾ ਹੈ, ਤੁਸੀਂ ਵੀ ਮੇਰੇ ਨਾਲ ਚਲੋ।	I have to see the Professor, you also come with me.
ਸੁਰਜੀਤ : ਮੈਂ ਉੱਥੇ ਕੀ ਕਰਨਾ ਹੈ ?	What I have to do there ?
ਗੁਰਨਾਮ : ਕਰਨਾ ਕੀ ਹੈ ? ਮੈਂ ਪਹਿਲਾਂ ਉਨ੍ਹਾਂ ਨਾਲ ਗੱਲ ਕਰਨੀ ਹੈ ਫਿਰ ਤੇਰੇ ਨਾਲ ਪਿਕਚਰ ਵੇਖਾਂਗੀ।	What have you to do ? I have to talk to him first and then I shall see the picture with you.
ਸੁਰਜੀਤ : ਤੁਸੀਂ ਉਨ੍ਹਾਂ ਨਾਲ ਗੱਲ ਕੱਲ੍ਹ ਕਰ ਲੈਣਾ।	You talk to him tomorrow.
ਗੁਰਨਾਮ : ਨਹੀਂ, ਇਹ ਤਾਂ ਮੁਮਕਿਨ ਨਹੀਂ। ਉਨ੍ਹਾਂ ਨਾਲ ਹੁਣੇ ਹੀ ਗੱਲ ਕਰਨੀ ਹੈ।	No, it is not possible. I have to talk to him just now.
ਸੁਰਜੀਤ : ਅਛਾ, ਤਾਂ ਫਿਰ ਚਲੋ।	O.K., then come on.

ਗੁਸਨਾਮ : ਚਲੋ । ਪਰ ਮੇਰੇ ਕੋਲ ਪੈਸੇ ਨਹੀਂ ਹਨ ।	Come on. But I don't have money.
ਸੁਰਜੀਤ : ਫਿਕਰ ਨਾ ਕਰੋ ਮੇਰੇ ਕੋਲ ਪੈਸੇ ਹਨ ।	Don't worry, I have money.
ਗੁਰਨਾਮ : ਤੁਹਾਡੇ ਕੋਲ ਕੁਝ ਰੁਪਏ ਫਾਲਤੂ ਹਨ ? ਮੈਂ ਕੁਝ ਜ਼ਰੂਰੀ ਚੀਜ਼ਾਂ ਵੀ ਖਰੀਦਣੀਆਂ ਹਨ । ਕੱਲ੍ਹ ਤੁਹਾਨੂੰ ਮੋੜ ਦਿਆਂਗੀ ।	Do you have some extra money. I have to buy a few necessary things from the bazar. I will return the money to you tomorrow.
ਸੁਰਜੀਤ : ਅਸੀਂ ਵਾਪਸੀ ਤੇ ਬਜ਼ਾਰ ਜਾਣਾ ਹੈ ਤੁਸੀਂ ਜੋ ਕੁਝ ਲੈਣਾ ਹੈ ਲੈ ਲੈਣਾ । ਪੈਸੇ ਮੇਰੇ ਕੋਲ ਹਨ ।	We have to go the market on our way back whatever you have to purchase you can. I have got the money.

A. DRILLS

1. Repetition Drill

ਤੁਸੀਂ ਕਲ੍ਹ ਸਾਡੇ ਘਰ ਆਉਣਾ ਹੈ ।
ਉੱਥੇ ਸਾਡੇ ਪਿਤਾ ਜੀ ਨਾਲ ਗੱਲ ਕਰਨੀ ਹੈ ।
ਅਸੀਂ ਚੰਗੀ ਤਰ੍ਹਾਂ ਕੰਮ ਕਰਨਾ ਹੈ ।
ਮੈਂ ਅੱਜ ਪੰਜਾਬੀ ਫਿਲਮ ਵੇਖਣੀ ਹੈ ।
ਇਸ ਕਮਰੇ ਨੂੰ ਕਿਸ ਨੇ ਧੋਣਾ ਹੈ ?
ਮੈਂ ਇਹ ਕਮਰੇ ਧੋਣੇ ਹਨ ।

ਮੈਂ ਕੱਲ੍ਹ ਲੁਧਿਆਣੇ ਜਾਣਾ ਹੈ ।
ਮੈਨੂੰ ਬੁਖ਼ਾਰ ਹੈ । ਦਵਾਈ ਲੈਣੀ ਹੈ ।
ਮੈਂ ਉਸ ਕੁਰਸੀ ਤੇ ਹੀ ਬੈਠਣਾ ਹੈ ।
ਤੁਸੀਂ ਅੱਜ ਦੋ ਕਿਤਾਬਾਂ ਪੜ੍ਹਨੀਆਂ ਹਨ ।
ਉਹਨੇ ਪਿਕਚਰ ਵੇਖਣੀ ਹੈ ।

2. Build up and Expansion Drill

1. ਗੱਲ ਕਰਨੀ ਹੈ ।
ਤੁਹਾਡੇ ਨਾਲ ਗੱਲ ਕਰਨੀ ਹੈ ।
ਅੱਜ ਤੁਹਾਡੇ ਨਾਲ ਗੱਲ ਕਰਨੀ ਹੈ ।
ਮੈਂ ਅੱਜ ਤੁਹਾਡੇ ਨਾਲ ਗੱਲ ਕਰਨੀ ਹੈ ।

2. ਬੈਠਣਾ ਹੈ ।
ਕੁਰਸੀ ਤੇ ਬੈਠਣਾ ਹੈ ।
ਉਸ ਕੁਰਸੀ ਤੇ ਬੈਠਣਾ ਹੈ ।
ਤੁਸੀਂ ਉਸ ਕੁਰਸੀ ਤੇ ਬੈਠਣਾ ਹੈ ।

3. ਆਉਣਾ ਹੈ ।
ਘਰ ਆਉਣਾ ਹੈ ।
ਸਾਡੇ ਘਰ ਆਉਣਾ ਹੈ ।
ਮੇਰੇ ਨਾਲ ਸਾਡੇ ਘਰ ਆਉਣਾ ਹੈ ।
ਉਹਨੇ ਮੇਰੇ ਨਾਲ ਸਾਡੇ ਘਰ ਆਉਣਾ ਹੈ ।

4. ਰਹਿਣਾ ਹੈ ।
ਘਰ ਰਹਿਣਾ ਹੈ ।
ਤੁਹਾਡੇ ਘਰ ਰਹਿਣਾ ਹੈ ।
ਮੈਂ ਤੁਹਾਡੇ ਘਰ ਰਹਿਣਾ ਹੈ ।
ਮੈਂ ਅੱਜ ਤੁਹਾਡੇ ਘਰ ਰਹਿਣਾ ਹੈ ।

3. Substitution Drill

1. ਰਵੀ ਨੇ ਗੋਪਾਲ ਨਾਲ ਗੱਲ ਕਰਨੀ ਹੈ।
(ਗੋਪਾਲ)
(ਤੁਹਾਡੇ)
(ਉਸ)
(ਮੇਰੇ)
(ਉਨ੍ਹਾਂ)

2. ਮੈਂ ਅੱਜ ਦੱਸ ਪਰੌਂਠੇ ਖਾਣੇ ਹਨ।
(ਦਸ ਪਰੌਂਠੇ ਖਾ–)
(ਫੁਲਕੇ ਬਣਾ–)
(ਅੰਬ ਲਿਆ–)
(ਏਬੀ ਨੂੰ ਕਪੜੇ ਦੇ–)
(ਪਰੌਂਠੇ ਪਕਾ–)

3. ਰਵੀ ਨੇ ਗੋਪਾਲ ਨਾਲ ਜਾਣਾ ਹੈ (ਜਾ–)
(ਰਹਿ–)
(ਆ–)
(ਦੌੜ)
(ਸੌਂ–)

4. ਮੈਂ ਸਟੇਸ਼ਨ ਤੇ ਪਹੁੰਚਣਾ ਹੈ। (ਮੈਂ)
(ਤੁਸੀਂ)
(ਅਸੀਂ)
(ਉਹਨੇ)
(ਉਨ੍ਹਾਂ ਨੇ)

4. Response Drill

Model

ਰਵੀ ਤੁਸੀਂ ਇਹ ਕੰਮ ਕਰਨਾ ਹੈ। (ਪਟਿਆਲੇ ਜਾ)
ਮੈਨੂੰ ਫੁਰਸਤ ਨਹੀਂ ਮੈਂ ਪਟਿਆਲੇ ਜਾਣਾ ਹੈ।

(1) ਸੀਤਾ ਤੁਸੀਂ ਇਹ ਟ੍ਰੰਕ ਸਾਡੇ ਘਰ ਲਿਆਉਣਾ ਹੈ : (ਅਧਿਆਪਕ ਨਾਲ ਗੱਲ ਕਰ)
(2) ਸਨਤੋਸ਼ ਤੁਸੀਂ ਸ਼ਾਮੀਂ ਸਾਡੇ ਘਰ ਆਉਣਾ ਹੈ। (ਨਵੀਂ ਕਿਤਾਬ ਪੜ੍ਹ)
(3) ਰਮਾ ਤੁਸੀਂ ਮੇਰੇ ਨਾਲ ਸਿਨਮਾ ਆਉਣਾ ਹੈ। (ਇਹ ਕੰਮ ਕਰ)
(4) ਤੁਸੀਂ ਇੱਕ ਘੰਟਾ ਏਥੇ ਬੈਠਣਾ ਹੈ। (ਪਿਕਚਰ ਜਾ)

5. Transformation Drill

Model

ਰਵੀ ਤੁਸੀਂ ਮੇਰੇ ਨਾਲ ਆਓ।
ਰਵੀ ਤੁਸੀਂ ਮੇਰੇ ਨਾਲ ਆਉਣਾ।

(1) ਸੀਤਾ ਤੁਸੀਂ ਮੋਹਨ ਨਾਲ ਗੱਲ ਕਰੋ।
(2) ਤੁਸੀਂ ਇਹ ਕਿਤਾਬ ਸਾਡੇ ਘਰ ਲੈ ਆਉ।
(3) ਗੋਪਾਲ ਤੁਸੀਂ ਉਸ ਟ੍ਰੰਕ ਨੂੰ ਲੈ ਜਾਓ।
(4) ਸਨਤੋਸ਼, ਤੁਸੀਂ ਕਮਲਾ ਨੂੰ ਉਹ ਗੱਲ ਦਸੋ।

B. EXERCISES

1. Choose either ਨੂੰ or ਨਾਲ appropriately and fill up the blanks.

(1) ਮੈਂ ਰਵੀ––ਗੱਲ ਕਰਨੀ ਹੈ।
(2) ਗੁਪਾਲ ਤੁਸੀਂ ਮੇਰੇ––ਅੰਮਿਤਸਰ ਚਲੋ।
(3) ਕਮਲਾ ਤੁਸੀਂ ਸੀਤਾ––ਉਹਦੇ ਘਰ ਜਾਓ।
(4) ਤੁਸੀਂ ਰਾਮ––ਕਿਤਾਬ ਦੇ ਆਓ
(5) ਤੁਸੀਂ ਇਸ ਕਿਤਾਬ––ਲੈ ਜਾਓ।
(6) ਮੈਂ ਬੱਚਿਆਂ––ਪੜ੍ਹਾਉਣਾ ਹੈ।
(7) ਮੈਂ ਤੁਹਾਡੇ ––ਨਹੀਂ ਜਾਣਾ।
(8) ਰਾਮ ਤੁਸੀਂ ਸੀਤਾ––ਲੈ ਆਓ।
(9) ਕਮਲਾ ਤੂੰ ਇਹਦੇ––ਆਈਂ।
(10) ਤੁਸੀਂ ਰਾਮ––ਇਹ ਕਿਤਾਬ ਨਹੀਂ ਦੇਣੀ।

2. Change the following sentences as per model given below

Model 1

ਰਵੀ ਜੀ ਤੁਸੀਂ ਇਸ ਕਿਤਾਬ ਨੂੰ ਪੜ੍ਹੋ।

ਰਵੀ ਜੀ ਤੁਸੀਂ ਇਸ ਕਿਤਾਬ ਨੂੰ ਪੜ੍ਹਨਾ।

(1) ਸ਼ਰਮਾ ਜੀ ਤੁਸੀਂ ਅਧਿਆਪਕ ਨਾਲ ਗੱਲ ਕਰ।

(2) ਰਵੀ ਤੁਸੀਂ ਅੱਜ ਲੁਧਿਆਣਾ ਜਾਓ।

(3) ਕਮਲਾ ਤੁਸੀਂ ਕੱਲ ਸਰਲਾ ਦੇ ਕਮਰੇ ਵਿੱਚ ਆਉ।

(4) ਸੀਤਾ ਤੁਸੀਂ ਇਹ ਦਵਾਈ ਲੈ ਲਓ।

Model 2

ਰਵੀ ਤੁਸੀਂ ਕਮਲਾ ਗੱਲ ਕਰਨੀ ਹੈ।

ਰਵੀ ਤੁਸੀਂ ਕਮਲਾ ਨਾਲ ਗੱਲ ਕਰ।

(1) ਕਮਲਾ ਤੁਸੀਂ ਉਸ ਕਮਰੇ ਵਿਚ ਬੈਠਣਾ ਹੈ।

(2) ਤੁਸੀਂ ਇਹ ਕੰਮ ਕਰਨਾ ਹੈ।

(3) ਕਮਲਾ ਤੁਸੀਂ ਉਹ ਕਿਤਾਬ ਲਿਆਉਣੀ ਹੈ।

(4) ਸੀਤਾ ਤੁਸੀਂ ਇਹ ਕਮੀਜ਼ ਧੋਣੀ ਹੈ।

3. Use the following words into your own sentences.

ਫ਼ਿਕਰ, ਨਾਲ ,ਪਹਿਲੇ, ਵਰਨਾ, ਧੋਣਾ, ਵੇਖਣਾ,
ਮਿਲਣਾ, ਹੁਣੇ ਹੀ, ਮੇਰੇ ਕੋਲ, ਫੁਰਸਤ।

4. Change the singular of the following sentences to plural as per the model given below.

Model

ਮੈਂ ਪਿਕਚਰ ਵੇਖਣੀ ਹੈ।

ਮੈਂ ਪਿਕਚਰਾਂ ਵੇਖਣੀਆਂ ਹਨ।

(1) ਮੈਂ ਕਿਤਾਬ ਪੜ੍ਹਨੀ ਹੈ।

(2) ਅਸੀਂ ਚਿੱਠੀ ਲਿਖਣੀ ਹੈ।

(3) ਤੁਸੀਂ ਸਾੜ੍ਹੀ ਧੋਣੀ ਹੈ।

(4) ਤੁਸੀਂ ਡਰਾਮਾ ਵੇਖਣਾ ਹੈ।

(5) ਮੈਂ ਫੁਲਕਾ ਬਣਾਉਣਾ ਹੈ।

(6) ਅਸੀਂ ਪਰੌਂਠਾ ਖਾਣਾ ਹੈ।

5. Transform the following affirmative sentences into negative as per the model given below.

Model

ਮੈਂ ਖੇਡਣਾ ਹੈ :

ਮੈਂ ਨਹੀਂ ਖੇਡਣਾ ।

(1) ਉਹਨੇ ਰੋਣਾ ਹੈ।

(2) ਉਨ੍ਹਾਂ ਨੇ ਸੌਂਣਾ ਹੈ

(3) ਤੁਸੀਂ ਦੌੜਨਾ ਹੈ।

(4) ਅਸੀਂ ਘਰ ਜਲਦੀ ਮੁੜਨਾ ਹੈ।

(5) ਤੂੰ ਇੱਥੇ ਰਹਿਣਾ ਹੈ ?

(6) ਮੈਂ ਫਿਲਮ ਵੇਖਣੀ ਹੈ।

(7) ਅਸੀਂ ਕਪੜੇ ਧੋਣੇ ਹਨ।

(8) ਤੁਸੀਂ ਸਾੜ੍ਹੀ ਲੈਣੀ ਹੈ।

(9) ਮੈਂ ਜਲੇਬੀਆਂ ਖਰੀਦਣੀਆਂ ਹਨ।

(10) ਮੁਡਿਆਂ ਨੇ ਪਤੰਗ ਉਡਾਉਣੀ ਹੈ।

C. VOCABULARY

ਵਰਨਾ	'otherwise'	ਫ਼ਿਕਰ ਨਾ ਕਰੋ	'don't worry'
ਮੁਮਕਿਨ ਨਹੀਂ	'it is not possible'	ਫਿਲਮ	'film'
ਫੁਲਕਾ	'phulka'	ਮੋੜ ਦੇਣਾ	'to return'
ਦੌੜਨਾ	to run'	ਰੋਣਾ	'to weep'
ਫਾਲਤੂ	'extra'	ਮੁੜਨਾ	'to return'
ਪਤੰਗ	'kite'	ਉਡਾਉਣਾ	'to fly'
ਜ਼ਰੂਰੀ	'necessary'	ਜੋ ਕੁੱਝ	'wherever'
ਫੁਰਸਤ	'leisure time'	ਡਰਾਮਾ	'drama'

D. NOTES

1. The infinitive verb forms are of two types.
Ordinary infinitive verb forms, ਜਾਣਾ, ਕਰਨਾ, ਵੇਖਣਾ and
Conditional infinitive verb forms like ਵੇਖਣ, ਜਾਣ, ਖਾਣ, ਲਿਆਉਣ

2. The ordinary infinitive verb forms are divided into two classes for the purpose of inflection : intransitive verbs and transitive verbs.

Intransitive verb will have one form (masculine singular) which will occur with all the subjects.

ਮੈਂ ਜਾਣਾ ਹੈ ।	'I have to go'
ਉਹ ਨੇ ਜਾਣਾ ਹੈ।	'He/she has to go'

Infinitive forms of transitive verb will have agreement with the object in gender and number and present auxiliary verb will agree in number with the object.

ਮੈਂ ਡਰਾਮਾ ਵੇਖਣਾ ਹੈ ।	'I have to see the drama.'
ਉਹ ਨੇ ਪਿਕਚਰ ਵੇਖਣੀ ਹੈ।	'He/she has to see the picture'.
ਉਨ੍ਹਾਂ ਨੇ ਡਰਾਮੇ ਵੇਖਣੇ ਹਨ।	'They have to see the dramas'.
ਮੈਂ ਪਿਕਚਰਾਂ ਵੇਖਣੀਆਂ ਹਨ ।	'I have to see the pictures.'

The subject will be in oblique case followed by post position but 1st person and 2nd person pronouns in Punjabi are not followed by ਨੇ

3. Conditional infinitive verb forms donot change in gender and number and are followed by some postposition or some verb.

ਮੈਂ ਪਿਕਚਰ ਵੇਖਣ ਜਾਣਾ ਹੈ	'I have to go to see the picture'
ਇਹ ਪੀਣ ਦਾ ਪਾਣੀ ਹੈ।	'It is drinking water'.
ਉੱਥੇ ਖਾਣ ਲਈ ਕੁਝ ਨਹੀਂ ਮਿਲਦਾ	'There you don't get anything for eating'.

4. Negative is formed by adding ਨਹੀਂ before the main verb and present auxiliary is usually dropped.

ਮੈਂ ਜਾਣਾ ਹੈ ।	'I have to go'.
ਮੈਂ ਨਹੀਂ ਜਾਣਾ ।	'I don't have to go'.

UNIT X

Lesson 42

I had to go.

ਰੌਸ਼ਨ : ਤੁਹਾਡੇ ਹੱਥ ਵਿੱਚ ਕੀ ਹੈ ?	What is in your hand ?
ਭਾਰਤੀ : ਕੁਝ ਨਹੀਂ ਸਿਰਫ ਸ਼ੀਸ਼ੀ ਹੈ ।	Nothing, it is only a small bottle.
ਰੌਸ਼ਨ : ਤੁਹਾਨੂੰ ਕੀ ਹੈ ? ਕਮਜ਼ੋਰ ਤੇ ਸੁਸਤ ਨਜ਼ਰ ਆਉਂਦੇ ਹੋ ?	What is wrong with you ? You are looking weak and dull.
ਭਾਰਤੀ : ਮੈਨੂੰ ਬੁਖਾਰ ਤੇ ਢਿੱਡ ਪੀੜ ਹੈ ।	I have fever and stomach che
ਰੌਸ਼ਨ : ਫਿਰ ਤਾਂ ਤੁਸੀਂ ਦਵਾਈ ਲੈ ਲੈਣੀ ਸੀ ।	Then you should have taken the medicine.
ਭਾਰਤੀ : ਹਾਂ ਦਵਾਈ ਤਾਂ ਲੈਣੀ ਹੈ ।	Yes I have to take medic ne.
ਰੌਸ਼ਨ : ਪਰ ਇਹ ਸ਼ੀਸ਼ੀ ਤਾਂ ਸਾਫ਼ ਨਹੀਂ ਇਹਦੇ ਵਿੱਚ ਕੀ ਹੈ ?	But this small bottle is not clean. What is there in it ?
ਭਾਰਤੀ : ਇਹ ਦੇ ਵਿੱਚ ਕੱਲ੍ਹ ਵਾਲੀ ਦਵਾਈ ਹੈ। ਹੋਰ ਸ਼ੀਸ਼ੀ ਹੈ ਨਹੀਂ ਸੀ।	There is a bit of yesterday's medicine. I did not get any other bottle.
ਰੌਸ਼ਨ : ਤਾਂ ਇਹ ਸ਼ੀਸ਼ੀ ਸਾਫ਼ ਕਰ ਲੈਣੀ ਸੀ।	You should have cleaned the bottle.
ਭਾਰਤੀ : ਉਹ ਤਾਂ ਮੈਂ ਕਰਾਂਗਾ ਹੀ ।	That I will certainly do.
ਕੀ ਤੁਹਾਨੂੰ ਕੱਲ੍ਹ ਵਿਹਲ ਹੈ ? ਮੈਂ ਕੱਲ੍ਹ ਵਿਸਾਖੀ ਦਾ ਮੇਲਾ ਵੇਖਣ ਜਾਣਾ ਸੀ । ਪਰ ਮੈਨੂੰ ਤਾਪ ਹੈ।	Are you free tomorrow ? I have to go to see the Visakhi fair tomorrow.
ਤੁਸੀਂ ਮੇਰੇ ਨਾਲ ਚਲਣਾ । ਮੈਂ ਇੱਕਲੇ ਨਹੀਂ ਜਾਣਾ ।	But I have fever. You come with me. I do not want to go alone.

ਰੋਸ਼ਨ : ਨਹੀਂ ਮੈਂ ਕਿਤੇ ਜਾਣਾ ਸੀ । ਤੁਸੀਂ ਕੱਲ੍ਹ ਤਕ ਠੀਕ ਹੋ ਜਾਣਾ ਹੈ। ਫਿਰ ਵੀ ਮੈਂ ਆਪਣੇ ਮੁੰਡੇ ਨੂੰ ਭੇਜ ਦਿਆਂਗਾ ਉਹ ਤੁਹਾਡੇ ਨਾਲ ਚਲਾ ਜਾਏਗਾ । ਤੁਹਾਨੂੰ ਸਾਰਾ ਮੇਲਾ ਵਿਖਾ ਦਏਗਾ । ਮੈਂ ਸ਼ਾਮ ਨੂੰ ਤੁਹਾਨੂੰ ਵੇਖਣ ਆਵਾਂਗਾ ।	No. I had to go some where. You will be alrightby tomorrow Even then I will ask my son to go with you. He will show you the fair. I shall come to see you in the evening.
ਭਾਰਤੀ : ਚੰਗਾ ਮੈਂ ਚਲਦਾ ਹਾਂ । ਸ਼ਾਮੀ ਜ਼ਰੂਰ ਆਉਣਾ।	Alright I go then. Must come in the evening.

A. DRILLS

1. Repetition Drill

ਉਹ ਨੇ ਸ਼ਾਮੀ ਜ਼ਰੂਰ ਆਉਣਾ ਸੀ ।
ਮੈਂ ਨੂੰ ਕੱਲ ਬੁਖਾਰ ਸੀ।
ਮੈਂ ਦਵਾਈ ਲੈਣੀ ਸੀ ।
ਮੈਂ ਹਸਪਤਾਲ ਜਾਣਾ ਸੀ ।
ਦਵਾਈ ਸ਼ੀਸ਼ੀ ਵਿਚ ਲਿਆਉਣੀ ਸੀ ।
ਸ਼ੀਸ਼ੀ ਸਾਫ ਕਰਨੀ ਸੀ।
ਮੈਂ ਦੁੱਧ ਪੀਣਾ ਸੀ।
ਮੇਰੇ ਮਿੱਤਰ ਨੂੰ ਆਉਣਾ ਸੀ।
ਮੈਂ ਬਾਹਰ ਨਹੀਂ ਜਾਣਾ ।
ਉਹ ਦਾ ਇੰਤਜ਼ਾਰ ਕਰਨਾ ਹੈ ।

2. Substitution Drill

1. ਮੈਂ ਦਵਾਈ ਲੈਣੀ ਸੀ। (ਦਵਾਈ) (ਪੈਨ ਸਿਲ) (ਕਿਤਾਬ) (ਸਾੜ੍ਹੀ)

2. ਉਨ੍ਹਾਂ ਨੇ ਪੱਖਾ ਲੈਣਾ ਸੀ । (ਪੱਖਾ) (ਬਸਤਾ) (ਕੁੜਤਾ) (ਕੋਟ)

3. ਉਹਨੇ ਦੋ ਕਲਮਾਂ ਲੈਣੀਆਂ ਸਨ । (ਕਲਮਾਂ) (ਸਾੜ੍ਹੀਆਂ) (ਕਮੀਜ਼ਾਂ) (ਪੈਨਸਿਲਾਂ)

4. ਮੈਂ ਦੋ ਪੱਖੇ ਲੈਣੇ ਸਨ। (ਪੱਖੇ) (ਸੂਟ) (ਬਸਤੇ) (ਕੁੜਤੇ)

3. Response Drill

Model 1

ਤੁਹਾਡੇ ਹੱਥ ਵਿੱਚ ਕੀ ਹੈ ? (ਸ਼ੀਸ਼ੀ)
ਮੇਰੇ ਹੱਥ ਵਿੱਚ ਸ਼ੀਸ਼ੀ ਹੈ ।

(1) ਸ਼ੀਸ਼ੀ ਵਿੱਚ ਕੀ ਹੈ ? (ਦਵਾਈ)
(2) ਤੁਹਾਡੇ ਨਵੇਂ ਬਸਤੇ ਵਿੱਚ ਕੀ ਹੈ ? (ਕਾਪੀਆਂ ਤੇ ਕਿਤਾਬਾਂ)
(3) ਤੁਹਾਡੇ ਪੁਰਾਣੇ ਬਸਤੇ ਵਿੱਚ ਕੀ ਹੈ ? (ਕਾਪੀਆਂ ਤੇ ਪੈਨਸਿਲਾਂ)
(4) ਉਹ ਦੇ ਹੱਥ ਵਿੱਚ ਕੀ ਹੈ ? (ਮੇਰਾ ਪੈਨ)

Model 2

ਇਹ ਦਵਾਈ ਕਿਸ ਦੇ ਲਈ ਹੈ ? (ਕਮਲਾ)

ਇਹ ਦਵਾਈ ਕਮਲਾ ਲਈ ਹੈ ।

(1) ਇਹ ਕੁੜਤਾ ਕਿਸ ਦੇ ਲਈ ਹੈ ? (ਮੇਰੇ ਮੁੰਡੇ)

(2) ਇਹ ਦਵਾਈ ਕਿਸ ਦੇ ਲਈ ਹੈ ? (ਮੇਰੇ ਲਈ)

(3) ਇਹ ਕੁਰਸੀ ਕਿਸ ਦੀ ਹੈ ? (ਅਧਿਆਪਕ)

(4) ਇਹ ਨਵੀਂ ਕਿਤਾਬ ਕਿਸ ਦੀ ਹੈ ? (ਮੇਰੇ ਭਰਾ)

B. EXERCISES

1. Choose either ਵਿੱਚ or ਲਈ appropriately and fill up the blanks.

(1) ਇਸ ਬਕਸੇ-----ਕਿਤਾਬ ਹੈ ।

(2) ਇਹ ਕਿਤਾਬ ਮੇਰੇ ਭਰਾ-----ਹੈ ।

(3) ਮੇਰੇ ਦੋਸਤ ਦੇ ਢਿੱਡ---ਪੀੜ ਹੈ ।

(4) ਤੁਹਾਡੇ ਕਮਰੇ -----ਕੀ ਹੈ ?

(5) ਇਹ ਦਵਾਈ ਮੇਰੇ-----ਹੈ ।

(6) ਇਸ ਸ਼ੀਸ਼ੀ-----ਦਵਾਈ ਹੈ ।

(7) ਇਹ ਸ਼ੀਸ਼ੀ ਦਵਾਈ-----ਹੈ ।

2. Answer the following questions using the words given in brackets.

(1) ਤੁਹਾਨੂੰ ਕੀ ਹੈ ? (ਬੁਖਾਰ)

(2) ਤੁਹਾਡੇ ਹੱਥ ਵਿੱਚ ਕੀ ਹੈ । (ਸ਼ੀਸ਼ੀ)

(3) ਤੁਹਾਡੇ ਪੁਰਾਣੇ ਬਸਤੇ ਵਿੱਚ ਕੀ ਹੈ ? (ਪੁਰਾਣੀ ਕਿਤਾਬ)

(4) ਤੁਹਾਡੇ ਨਵੇਂ ਬਸਤੇ ਵਿੱਚ ਕੀ ਹੈ ? (ਨਵੀਂ ਕਾਪੀ)

(5) ਕਿਸ ਨੂੰ ਸਿਰ ਪੀੜ ਹੈ। (ਉਹ)

(6) ਕਿਸ ਨੂੰ ਢਿੱਡ ਪੀੜ ਹੈ। (ਮੇਰੀ ਕੁੜੀ)

(7) ਇਹ ਦਵਾਈ ਕਿਸ ਦੇ ਲਈ ਹੈ ? (ਮੇਰੇ)

3. Match the following and re-write the sentences.

A	B
(1) ਤੁਹਾਡੇ	ਕਿੱਥੇ ਹੈ ?
(2) ਤੁਹਾਡਾ ਘਰ	ਕਿਹੜੀ ਦਵਾਈ ਹੈ ?
(3) ਇਸ ਸ਼ੀਸ਼ੀ ਵਿੱਚ	ਕਿੰਨੇ ਬੱਚੇ ਹਨ ?
(4) ਮੈਨੂੰ	ਕੀ ਹੈ ?
(5) ਇਸ ਕਾਗਜ਼ ਵਿੱਚ	ਢਿੱਡ ਪੀੜ ਹੈ ।

4. Change the singular to plural of the following sentences as per the model given below.

Model

ਮੈਂ ਕਿਤਾਬ ਲਿਆਉਣੀ ਸੀ।
ਮੈਂ ਕਿਤਾਬਾਂ ਲਿਆਉਣੀਆਂ ਸਨ।

(1) ਉਹਨੇ ਕਾਪੀ ਲੈਣੀ ਸੀ।
(2) ਉਨ੍ਹਾਂ ਨੇ ਪੱਖਾ ਲੈਣਾ ਸੀ।
(3) ਅਸੀਂ ਨਵਾਂ ਸੂਟ ਲੈਣਾ ਸੀ।
(4) ਤੁਸੀਂ ਕਮੀਜ਼ ਲਿਆਉਣੀ ਸੀ।
(5) ਉਹਨੇ ਰੋਟੀ ਪਕਾਉਣੀ ਸੀ।
(6) ਉਨ੍ਹਾਂ ਨੇ ਕੁੜਤਾ ਸੀਉਣਾ ਸੀ।

C. VOCABULARY

ਸ਼ੀਸ਼ੀ	'bottle'	ਨਜ਼ਰ ਆਉਣਾ	'to look' 'to be seen'
ਸੁਸਤ	'dull'	ਸੀਉਣਾ	'to stitch'
ਸਾਫ਼	'clean'	ਵਿਹਲ	'free time'
ਢਿੱਡ	'stomach'	ਵਿਸਾਖੀ ਦਾ ਮੇਲਾ	'visakhi festival'
ਵਿਖਾ ਦੇਣਾ	'to show'	ਕਿਤੇ	'somewhere'

D. NOTES

1. In this lesson past auxiliary with infinitive form of the verb is introduced. The past auxiliary is ਸੀ with intransitive and transitive infinitive forms. With transitive infinitive forms it has agreement with the object in number.

ਮੈਂ ਜਾਣਾ ਸੀ।	'I had to go'.
ਅਸੀਂ ਜਾਣਾ ਸੀ।	'We had to go'.
ਮੈਂ ਰੋਟੀ ਖਾਣੀ ਸੀ।	'I had to eat food'.
ਮੈਂ ਜਲੇਬੀਆਂ ਖਾਣੀਆਂ ਸਨ।	'I had to eat jalebis'.

It is used to indicate both past perfect and future.

2. The negative is formed by adding ਨਹੀਂ before the main verb.

ਮੈਂ ਰੋਟੀ ਨਹੀਂ ਸੀ ਖਾਣੀ।	'I had not to eat food'
ਮੈਂ ਨਹੀਂ ਸੀ ਜਾਣਾ।	'I had not to go'.

UNIT XI **Lesson 43**

May we write

ਵਿਦਿਆਰਥੀ : ਸਤਿ ਸ੍ਰੀ ਅਕਾਲ ਜੀ ।	Sat sri akal ji.
ਅਧਿਆਪਕ : ਸਤਿ ਸ੍ਰੀ ਅਕਾਲ ਜੀ ।	Sat sri akal ji.
ਤੁਸੀਂ ਹੁਣ ਕਿਤਾਬਾਂ ਕੱਢੋ ।	Now take out your books.
ਵਿਦਿਆਰਥੀ : ਕਿਹੜਾ ਪਾਠ ਪੜ੍ਹੀਏ ?	Which lesson should we read ?
ਅਧਿਆਪਕ : ਚੌਥਾ ਪਾਠ ਪੜ੍ਹੋ ।	Read the fourth lesson.
ਰਾਮ : ਪਹਿਲਾਂ ਮੈਂ ਪੜ੍ਹਾਂ ?	May I read first ?
ਅਧਿਆਪਕ : ਹਾਂ ਜੀ, ਤੁਸੀਂ ਪੜ੍ਹੋ ।	Yes, you read.
ਤੁਸੀਂ ਕੀ ਕਰਦੇ ਹੋ ?	What do you do ?
ਰੋਸ਼ਨ : ਮੈਂ ਲਿਖਦਾ ਹਾਂ ।	I write.
ਅਧਿਆਪਕ : ਅੱਛਾ, ਲਿਖੋ ।	O. K., write.
ਵਿਦਿਆਰਥੀ : ਅਸੀਂ ਵੀ ਲਿਖੀਏ ?	May we also write ?
ਅਧਿਆਪਕ : ਹਾਂਜੀ, ਤੁਸੀਂ ਵੀ ਲਿਖੋ ।	Yes, you may also write.
ਭੂਸ਼ਨ : ਜੀ ਮੈਂ ਕੀ ਲਿਖਾਂ ?	What shall I write ?
ਅਧਿਆਪਕ : ਤੁਸੀਂ ਪੰਜ ਵਾਕ ਬਣਾਓ ।	You make five sentences.
ਵਿਦਿਆਰਥੀ : ਅਸੀਂ ਪਾਣੀ ਪੀ ਆਈਏ ?	May we go to drink water ?
ਅਧਿਆਪਕ : ਜਾਓ ਪੀ ਆਓ ।	Go and drink.
ਵਿਦਿਆਰਥੀ : ਧਨਵਾਦ ।	Thank you.
ਅੰਦਰ ਆ ਜਾਈਏ ?	May we come in ?
ਅਧਿਆਪਕ : ਆ ਜਾਓ ।	Come in.

ਵਿਦਿਆਰਥੀ : ਅੱਜ ਅਸੀਂ ਤੁਹਾਡੇ ਘਰ ਆਈਏ ?	May we come to your house today ?
ਅਧਿਆਪਕ : ਹਾਂ ਜੀ, ਜ਼ਰੂਰ ਆਓ ।	Alright, you must come.
ਰੋਸ਼ਨ : ਮੈਂ ਵੀ ਆਵਾਂ ?	May I also come ?
ਅਧਿਆਪਕ : ਤੁਸੀਂ ਵੀ ਆ ਜਾਓ ।	You may also come.
ਰੋਸ਼ਨ : ਰਾਮ ਤੇ ਸ਼ਾਮ ਵੀ ਆਉਣ ?	Should Ram and Sham also come ?
ਅਧਿਆਪਕ : ਉਹ ਵੀ ਆਜਾਣ ।	Let them also come.
ਵਿਦਿਆਰਥੀ : ਜੀ, ਕਮਲਾ ਵੀ ਆਵੇ ?	Should Kamla also come ?
ਅਧਿਆਪਕ : ਉਹ ਵੀ ਆ ਜਾਵੇ ।	Let her also come (She may also come).
ਰਾਮ, ਜੇ ਤੂੰ ਅੱਜ ਬਾਜ਼ਾਰ ਜਾਵੇਂ ਤਾਂ ਮੇਰੇ ਲਈ ਕਿਤਾਬ ਲੈ ਆਈਂ ।	Ram, if you go to bazar today, bring a book for me.
ਵਿਦਿਆਰਥੀ : ਅੱਛਾ ਜੀ ।	Alright sir.
ਅਧਿਆਪਕ : ਮੈਂ ਚਾਹੁੰਦੀ ਹਾਂ ਕਿ ਤੁਸੀਂ ਸਭ ਮਿਹਨਤ ਕਰੋ, ਅੱਛੇ ਨੰਬਰਾਂ ਵਿਚ ਪਾਸ ਹੋਵੋ ।	I wish that all of you should work hard and get good marks.
ਵਿਦਿਆਰਥੀ : ਅਸੀਂ ਵੀ ਚਾਹੁੰਦੇ ਹਾਂ ਕਿ ਅਸੀਂ ਅੱਛੇ ਨੰਬਰਾਂ ਨਾਲ ਪਾਸ ਹੋਈਏ ।	We also wish that we should pass with good marks.

A. DRILLS

1. Repetition Drill

ਅਸੀਂ ਵੀ ਲਿਖੀਏ ?	ਅਸੀਂ ਨਾ ਜਾਈਏ ?
ਤੁਸੀਂ ਵੀ ਲਿਖੋ ।	ਪਹਿਲਾ ਪਾਠ ਲਿਖੋ ।
ਕਿਹੜਾ ਪਾਠ ਪੜ੍ਹੀਏ ?	ਦੂਜਾ ਪਾਠ ਪੜ੍ਹੋ ।
ਚੇਥਾ ਪਾਠ ਪੜ੍ਹੋ ।	ਤੀਜਾ ਪਾਠ ਲਿਖੋ ।
ਮੈਂ ਬਾਜ਼ਾਰ ਜਾਵਾਂ ।	ਅਸੀਂ ਪਾਣੀ ਪੀ ਆਈਏ ?
ਤੁਸੀਂ ਬਾਜ਼ਾਰ ਨਾ ਜਾਓ	ਹਾਂ ਜੀ, ਪੀ ਆਓ ।

2. Substitution Drill

1. ਅਸੀਂ ਘਰ ਜਾਈਏ ?
   (ਘਰ ਜਾ—)
   (ਬਾਹਰ ਜਾ—)
   (ਅੰਦਰ ਆ—)
   (ਪਾਣੀ ਪੀ ਆ—)
   (ਖਾਣਾ ਖਾ—)

2. ਮੈਂ ਬਜ਼ਾਰ ਜਾਵਾਂ
   (ਬਜ਼ਾਰ ਜਾ—)
   (ਕੰਮ ਕਰ—)
   (ਘਰ ਆ—)
   (ਕਿਤਾਬ ਲੈਆ—)
   (ਖਾਣਾ ਖਾ—)

3. ਉਹ ਜਾਵੇ ।
   (ਜਾ—)
   (ਖਾ—)
   (ਲਿਖ—)
   (ਆ—)

4. ਤੂ ਜਾਵੇਂ ।
   (ਜਾ—)
   (ਇਹ ਕੰਮ ਕਰ—)
   (ਪੜ੍ਹ—)
   (ਲਿਖ—)

5. ਤੁਸੀਂ ਆਓ ।
   (ਆ—)
   (ਅੰਦਰ ਆ ਜਾ)—
   (ਕੰਮ ਕਰੋ—)
   (ਪੜ੍ਹ—)

6. ਉਹ ਕੰਮ ਕਰਨ
   (ਕੰਮ ਕਰ–)
   (ਕਿਤਾਬਾਂ ਪੜ੍ਹ—)
   (ਹੋਸਟਲ ਜਾ—)
   (ਤੁਹਾਡੇ ਘਰ ਆ–)

3. Transformation Drill

Model

1. ਮੈਂ ਕਿਤਾਬ ਪੜ੍ਹਾਂ ।
   ਮੈਂ ਕਿਤਾਬ ਨਾ ਪੜ੍ਹਾਂ ।
(1) ਅਸੀਂ ਖਾਣਾ ਖਾਈਏ ।
(2) ਮੈਂ ਘਰ ਜਾਵਾਂ ।
(3) ਤੁਸੀਂ ਪਾਠ ਲਿਖੋ ।
(4) ਉਹ ਤੁਹਾਡੇ ਘਰ ਆਉਣ ।
(5) ਮੈਂ ਉਹਦੇ ਨਾਲ ਪੜ੍ਹਾਂ ।
(6) ਉਹ ਬਜ਼ਾਰ ਜਾਵੇ ।

B. EXERCISES

1. Replace ਮੈਂ by ਅਸੀਂ ਤੂੰ, ਤੁਸੀਂ, ਉਹ (Sg.) ਉਹ (Pl.) and write down the following sentences .

(1) ਮੈਂ ਕਿਤਾਬ ਪੜ੍ਹਾਂ ।
(2) ਮੈਂ ਆ ਜਾਵਾਂ ।
(3) ਮੈਂ ਲਿਖਾਂ ।

2. Fill in the blanks with the appropriate words.

Modell

ਮੈਂ ਆਪਣੀ ਕਿਤਾਬ ਪੜ੍ਹਦਾ ਹਾਂ, ਤੁਸੀਂ ਆਪਣੀ ਪੜ੍ਹੋ ।
(1) ਮੈਂ——ਪਾਠ ਲਿਖਦਾ ਹਾਂ ਤੁਸੀਂ ——
(2) ਉਹ —— ਗੱਲ ਕਰਦਾ ਹੈ ਤੁਸੀਂ ——
(3) ਅਸੀਂ——ਘਰ ਜਾਂਦੇ ਹਾਂ ਤੁਸੀਂ ——

Model 2

ਜਦੋਂ ਮੈਂ ਜਾਵਾਂ ਤਾਂ ਤੁਸੀਂ ਜਾਣਾ ।
(1) ਜਦੋਂ ਮੈਂ ਖਾਵਾਂ ਤਾਂ ਤੁਸੀਂ ——
(2) ਜਦੋਂ ਮੈਂ ਲਿਖਾਂ ਤਾਂ ਤੁਸੀਂ ——
(3) ਜਦੋਂ ਮੈਂ ਪੜ੍ਹਾਂ ਤਾਂ ਤੁਸੀਂ ——

Model 3

ਮੈਂ ਚਾਹੁੰਦੀ ਹਾਂ ਤੁਸੀਂ ਪਾਸ ਹੋਵੋ।

(1) ਅਸੀਂ ਚਾਹੁੰਦੇ -----ਅਸੀਂ ਪਾਸ-----
(2) ਉਹ ਚਾਹੁੰਦਾ-----ਉਹ ਪਾਸ-----
(3) ਤੁਸੀਂ ਨਹੀਂ ਚਾਹੁੰਦੇ ਮੈਂ -----
(4) ਉਹ ਚਾਹੁੰਦੀ ਹੈ ਅਸੀਂ ਪਾਸ -----
(5) ਮੈਂ ਚਾਹੁੰਦੀ ਹਾਂ ਤੂੰ ਪਾਸ-----

3. Change the singular of the following sentences as per the model given below.

Model 1

ਮੈਂ ਘਰ ਜਾਵਾਂ ।
ਅਸੀਂ ਘਰ ਜਾਈਏ ।

(1) ਮੈਂ ਰੋਟੀ ਖਾਵਾਂ ।
(2) ਮੈਂ ਕਿਤਾਬ ਪੜ੍ਹਾਂ ।
(3) ਉਹ ਘਰ ਜਾਵੇ ।
(4) ਉਹ ਪਾਠ ਲਿਖੇ ।

Model 2

ਮੈਂ ਪਾਠ ਲਿਖਦਾ ਹਾਂ।
ਮੈਂ ਪਾਠ ਲਿਖਾਂ ।

(1) ਮੈਂ ਕਿਤਾਬ ਪੜ੍ਹਦਾ ਹਾਂ ।
(2) ਅਸੀਂ ਬਜ਼ਾਰ ਜਾਂਦੇ ਹਾਂ ।
(3) ਉਹ ਪਾਠ ਲਿਖਦਾ ਹੈ ।
(4) ਉਹ ਰੋਟੀ ਖਾਂਦੇ ਹਨ ।

4. Change the verb roots given in brackets in subjunctive mood appropriately and fill up the blanks.

1. ਮੈਂ ਅੱਜ ਤੁਹਾਡੇ ਘਰ-----। ((ਆ---)
2. ਤੁਸੀਂ ਸਾਡੇ ਨਾਲ -----। (ਚਲ---)
3. ਉਹ ਤੁਹਾਡੇ ਨਾਲ -----। (ਪੜ੍ਹ---)
4. ਅਸੀਂ ਹੁਣ ਬਜ਼ਾਰ-----। (ਜਾ---)
5. ਅਸੀਂ ਉਹ ਨੂੰ ਚਿੱਠੀ--------(ਲਿਖ---)
6. ਉਹ ਖਾਣਾ----- (ਖਾ----)
7. ਮੈਂ ਉਹਦੇ ਨਾਲ ----- (ਜਾ---)
8. ਮੈਂ ਇੱਥੇ----- (ਰਹਿ----)
9. ਅਸੀਂ ਕਾਪੀ ----- (ਲੈ ਲੈ---)
10. ਮੁੰਡੇ ਘਰ ----- (ਜਾ---)
11. ਕੁੜੀਆਂ ਇੱਥੇ ----- (ਬੈਠ---)
12. ਉਹ ਕੀ -----? (ਕਰ---)

5. Change the following affirmative sentences into negative sentences as per the model given below.

Model

ਮੈਂ ਘਰ ਜਾਵਾਂ

ਮੈਂ ਘਰ ਨਾ ਜਾਵਾਂ

1. ਅਸੀਂ ਇੱਥੇ ਰਹੀਏ ।
2. ਤੁਸੀਂ ਘਰ ਜਾਓ ।
3. ਉਹ ਰੋਟੀ ਖਾਵੇ ।
4. ਉਹ ਕਿਤਾਬ ਪੜ੍ਹਨ ।
5. ਅਸੀਂ ਕੀ ਕਰੀਏ ।
6. ਮੈਂ ਘਰ ਠਹਿਰਾਂ ।
7. ਮੈਂ ਰਾਮ ਨੂੰ ਕਿਤਾਬ ਦੇਵਾਂ ।
8. ਅਸੀਂ ਉਹਨੂੰ ਇਹ ਗੱਲ ਕਰੀਏ ।
9. ਮੈਂ ਰੁੱਕਾਂ ।
10. ਅਸੀਂ ਧੋਬੀ ਨੂੰ ਕਪੜੇ ਦਈਏ ।

6. Change the following sentences in conditional sentences as per the model given below.

Model 1

ਮੈਂ ਜਾਵਾਂ ।

ਤੁਸੀਂ ਜਾਣਾ

ਜਦੋਂ ਮੈਂ ਜਾਵਾਂ ਤਾਂ ਤੁਸੀਂ ਜਾਣਾ ।

1. (a) ਮੈਂ ਪੜ੍ਹਾਂ ।
   (b) ਤੁਸੀਂ ਪੜ੍ਹਨਾ ।
2. (a) ਮੈਂ ਖੇਡਾਂ ।
   (b) ਤੁਸੀਂ ਖੇਡਣਾ ।
3. (a) ਅਸੀਂ ਕਿਤਾਬ ਲਈਏ ।
   (b) ਤੁਸੀਂ ਲੈਣਾ ।

Model 2

ਮੈਂ ਮਿਹਨਤ ਕਰਾਂ

ਮੈਂ ਪਾਸ ਹੋ ਜਾਂਵਾਂ

ਜੇ ਮੈਂ ਮਿਹਨਤ ਕਰਾਂ ਤਾਂ ਪਾਸ ਹੋ ਜਾਵਾਂ ।

1. ਤੂੰ ਦਵਾਈ ਖਾਵੇਂ

   ਤੂੰ ਠੀਕ ਹੋ ਜਾਵੇਂ
2. ਤੁਸੀਂ ਬਾਜ਼ਾਰ ਜਾਓ ।

   ਤੁਸੀਂ ਸਾਨੂੰ ਮਿਲੋ ।

C. VOCABULARY

ਪਾਣੀ	'water'	ਪਾਸ ਹੋਣਾ	'to pass'
ਆ ਜਾਣਾ	'to come'	ਜਦੋਂ	'when'
ਮਿਹਨਤ	'hard work'	ਪੀ ਆਉਣਾ	'to drink'
ਕਿ	'that'	ਤਾਂ	'then'
ਠਹਿਰਨਾ	'to stay'	ਰੁੱਕਣਾ	'to stop'

D. NOTES

1. In this lesson subjunctive mood forms given below have been introduced. They are inflected for person and number as follows.

		Root	*Sg.*	*Pl.*
Vowel ending roots	Ist Person	ਜਾ	ਜਾਵਾਂ	ਜਾਈਏ
	IInd Person		ਜਾਵੇਂ	ਜਾਓ
	IIIrd Person		ਜਾਵੇ	ਜਾਣ
Consonant ending roots	Ist Person	ਪੜ੍ਹ	ਪੜ੍ਹਾਂ	ਪੜ੍ਹੀਏ
	IInd Person		ਪੜ੍ਹੇਂ	ਪੜ੍ਹੋ
	IIIrd Person		ਪੜ੍ਹੇ	ਪੜ੍ਹਨ

2. Subjunctive forms of the verbs are used in a type of conditional sentences as well.

ਜੇ ਮੈਂ ਮਿਹਨਤ ਕਰਾਂ ਤਾਂ ਜ਼ਰੂਰ ਪਾਸ ਹੋ ਜਾਵਾਂ ।

'If I work hard, I will pass definitely.'

ਉਹ ਚਾਹੁੰਦਾ ਹੈ ਕਿ ਉਹ ਕੰਮ ਕਰੇ।

'He wants that he should work'.

Another type of conditional type of sentences do not use subjunctive forms of the verbs. This type is dealt with later on.

UNIT : XI

Lesson 44

Ask him to come here before noon.

ਸ਼ਰਮਾ : ਰਵੀ, ਭੱਟ ਨੂੰ ਦੁਪਿਹਰ ਤੋਂ ਪਹਿਲਾਂ ਇੱਥੇ ਆਉਣ ਲਈ ਕਹਿਣਾ।	Ravi, ask Bhat to come here before noon.
ਰਵੀ : ਉਹ ਅੱਜ ਵਿਹਲਾ ਨਹੀਂ। ਸਿਰਫ ਅੱਜ ਹੀ ਨਹੀਂ ਸਗੋਂ ਇਹ ਸਾਰਾ ਹਫ਼ਤਾ ਉਹ ਵਿਹਲਾ ਨਹੀਂ।	He is not free today. It is not only for today but he is not free for the whole of the week.
ਸ਼ਰਮਾ : ਕਿਉਂ ?	Why ?
ਰਵੀ : ਉਹ ਨੂੰ ਕੁਝ ਕੰਮ ਹੈ।	He has some work.
ਸ਼ਰਮਾ : ਠੀਕ ਹੈ ਮੇਰੀ ਕਿਤਾਬ ਉਹਦੇ ਕੋਲ ਹੈ। ਉਹ ਨੂੰ ਕਹਿਣਾ ਕੱਲ੍ਹ ਸਵੇਰੇ ਤੋਂ ਪਹਿਲਾਂ ਮੈਨੂੰ ਭੇਜ ਦੇਵੇ।	All right. My book is with him. Ask him to send that to me before tomorrow.
ਮਨਜੀਤ : ਵੀਰ ਜੀ ਰਵੀ ਨੂੰ ਕਹੋ ਕੁਝ ਦੇਰ ਠਹਿਰੇ।	Brother ! Ask Ravi to stay on for a while.
ਸ਼ਰਮਾ : ਰਵੀ ਮੇਰਾ ਭਰਾ ਕਹਿੰਦਾ ਹੈ ਕਿ ਤੁਸੀਂ ਕੁਝ ਦੇਰ ਰੁੱਕ ਜਾਉ।	Ravi, my brother says that you should stay on for sometime.
ਰਵੀ : ਕਿਉਂ ?	Why ?
ਸ਼ਰਮਾ : ਹੋ ਸਕਦਾ ਹੈ ਉਹ ਤੁਹਾਡੇ ਨਾਲ ਚਲੇ।	May be, he might come with you.
ਰਵੀ : ਮਨਜੀਤ, ਤੂੰ ਵੀ ਆ ਰਿਹਾ ਹੈਂ ?	Manjit, are you also coming ?
ਮਨਜੀਤ : ਇਸ ਵਕਤ ਬਾਹਰ ਜਾਣਾ ਤਾਂ ਮੇਰੇ ਲਈ ਮੁਮਕਿਨ ਨਹੀਂ, ਆਪਣੇ ਕਾਲਜ ਦੇ ਡਰਾਮੇ ਦੇ ਕੁਝ ਟਿਕਟ ਭੱਟ ਨੂੰ ਦੇ ਦਈਂ। ਇਕ ਟਿਕਟ ਉਹ ਲੈ ਲਏ ਤੇ ਬਾਕੀ ਟਿਕਟਾਂ ਆਪਣੇ ਦੋਸਤਾਂ ਨੂੰ ਦੇ ਦੇਵੇ।	It is not possible for me to go out now. Give some tickets to Bhat of our College drama. Let him take one ticket. And ask him to give the rest of the tickets to his friends.

ਰਵੀ : ਠੀਕ ਹੈ। It is all right.

ਮਨਜੀਤ : ਇਕ ਗੱਲ ਹੋਰ ਹੈ ਉਹਨੂੰ ਕਹਿਣਾ ਕਿ ਅੱਜ ਸ਼ਾਮੀ ਸਟੇਸ਼ਨ ਤੇ ਚਲਾ ਜਾਵੇ। ਡਰਾਮਾ ਪਾਰਟੀ ਛੇ ਵਜੇ ਵਾਲੀ ਗੱਡੀ ਤੇ ਆ ਰਹੀ ਹੈ। One thing more, ask him to go to the Railway Station this evening The Drama group is coming by the 6'O clock train.

ਰਵੀ : ਚੰਗਾ ਹੈ ਮੈਂ ਜਾਂਦਾ ਹਾਂ। ਫਿਰ ਕਾਲਿਜ ਹੀ ਮਿਲਾਂਗੇ। Alright, I' ll go then. See you in the college.

ਮਨਜੀਤ : ਪਰ ਧਿਆਨ ਰੱਖੀਂ। ਭੁੱਲ ਨਾ ਜਾਈਂ। ਨਹੀਂ ਤਾਂ ਸਾਰਾ ਮਾਮਲਾ ਗੜਬੜ ਹੋ ਜਾਵੇਗਾ। But be careful. Donot forget. Otherwise every thing will be spoiled.

ਰਵੀ : ਨਹੀਂ ਤੂੰ ਫਿਕਰ ਨਾ ਕਰ। ਮੈਂ ਸਭ ਕਾਸੇ ਦਾ ਖਿਆਲ ਰੱਖਾਂਗਾ। Don't worry. I will take care of everything.

A. DRILLS

1 Repetition Drill

ਸ਼ਰਮਾ ਨੂੰ ਚਾਹ ਪੀਣ ਲਈ ਕਹੋ। ਤੈਨੂੰ ਮਦਨ ਦਸ ਮਿੰਟ ਠਹਿਰਨ ਲਈ ਕਹਿ ਰਿਹਾ ਹੈ।

ਆਪਣੇ ਪਿਤਾ ਜੀ ਨੂੰ ਪਰਸੋਂ ਅਨੰਦਪੁਰ ਜਾਣ ਲਈ ਕਹੋ। ਉਹ ਨੂੰ ਕਹੋ ਇੱਥੇ ਠਹਿਰੇ।

ਅਧਿਆਪਕ ਜੀ ਆਪਣੇ ਘਰ ਆਉਣ ਲਈ ਕਹਿ ਰਹੇ ਹਨ। ਉਨ੍ਹਾਂ ਨੂੰ ਦੱਸ ਦਿਓ ਉੱਥੇ ਰਹਿਣ।

2. Substitution Drill

1. ਰਵੀ ਨੂੰ ਦਸ ਵੱਜੇ ਤੋਂ ਪਹਿਲਾਂ ਆਉਣ ਲਈ ਕਹਿਣਾ ਹੈ।
   (ਦਸ ਵੱਜੇ)
   (ਬਾਰਾਂ ਵੱਜੇ)
   (ਤਿੰਨ ਵੱਜੇ)
   (ਦੋ ਵੱਜੇ)

2. ਰਾਮ ਮੀਰ ਨੂੰ ਰੋਟੀ ਖਾਣ ਲਈ ਕਹਿ ਰਿਹਾ ਹੈ।
   (ਰੋਟੀ ਖਾ—)
   (ਕਿਤਾਬ ਪੜ੍ਹ)
   (ਤਾਸ਼ ਖੇਡ)
   (ਕੁਰਸੀ ਤੇ ਬੈਠ)
   (ਆਪਣੇ ਕਮਰੇ ਵਿੱਚ ਸੌਂ)

3. Response Drill

Model 1

ਸਰਲਾ ਕੀ ਕਹਿ ਰਹੀ ਹੈ ? (ਕਿਤਾਬ ਪੜ੍ਹ—)
ਸਰਲਾ ਕਿਤਾਬ ਪੜ੍ਹਨ ਲਈ ਕਹਿ ਰਹੀ ਹੈ।

(1) ਤੁਹਾਡੇ ਪਿਤਾ ਜੀ ਕੀ ਕਹਿ ਰਹੇ ਹਨ ? (ਫੁੱਲ ਤੋੜ —)
(2) ਸੁਰਜੀਤ ਕੀ ਕਹਿ ਰਿਹਾ ਹੈ ? (ਕਾਲਜ ਜਾ—)
(3) ਅਧਿਆਪਕ ਜੀ ਕੀ ਕਹਿ ਰਹੇ ਹਨ ? (ਚੁੱਪ ਰਹਿ —)

Model 2

ਅਧਿਆਪਕ : ਰਵੀ ਘਰ ਕਿਉਂ ਜਾ ਰਿਹਾ ਹੈ ? (ਰੋਟੀ ਖਾ)
ਰਵੀ : ਰੋਟੀ ਖਾਣ ਲਈ।

(1) ਅਧਿਆਪਕ : ਪੁਲਿਸ ਵਾਲੇ ਕਿਉਂ ਦੌੜ ਰਹੇ ਹਨ ? (ਚੋਰ ਫੜ---)
(2) ਅਧਿਆਪਕ : ਸੁਨੀਤਾ ਨੂੰ ਕਿਉਂ ਬੁਲਾਵਾਂ ? (ਫੁੱਲ ਤੋੜ---)
(3) ਅਧਿਆਪਕ : ਆਪਣੇ ਪਿਤਾ ਜੀ ਨੂੰ ਕਿਉਂ ਬੁਲਾਵਾਂ ? (ਗੱਲ ਕਰ---)

Model 3

ਇੱਥੇ ਰਾਜੂ ਨਹੀਂ ਹੈ (ਪਵਨ)
ਰਾਜੂ ਹੀ ਨਹੀਂ ਸਗੋਂ ਪਵਨ ਵੀ ਇੱਥੇ ਨਹੀਂ ਹੈ।

(1) ਕੱਲ ਉਹ ਨਹੀਂ ਜਾ ਰਹੇ। (ਅਸੀਂ)
(2) ਇਸ ਹੋਟਲ ਵਿਚ ਸਮੋਸਾ ਨਹੀਂ ਹੈ। (ਬਰਫ਼ੀ)
(3) ਅਸੀਂ ਡਰਾਮਾ ਵੇਖਣ ਨਹੀਂ ਜਾ ਰਹੇ। (ਤੁਸੀਂ)

B. EXERCISES

1. Write down the answers of the following questions as per the model given below

Model

ਰਾਮ ਰਵੀ ਨੂੰ ਕੀ ਕਹਿ ਰਿਹਾ ਹੈ ? (ਥੋੜੀ ਦੇਰ ਠਹਿਰ)
ਰਾਮ ਰਵੀ ਨੂੰ ਥੋੜੀ ਦੇਰ ਠਹਿਰਨ ਲਈ ਕਹਿ ਰਿਹਾ ਹੈ।

(1) ਅਧਿਆਪਕ ਜੀ ਰਾਮ ਨੂੰ ਕੀ ਕਹਿ ਰਹੇ ਸਨ। (ਦਸ ਮਿੰਟ ਦੇ ਅੰਦਰ ਅੰਦਰ ਬਾਹਰ ਜਾ)
(2) ਰੋਸ਼ਨ ਤੁਹਾਨੂੰ ਕੀ ਕਹਿ ਰਿਹਾ ਹੈ ? (ਬਾਰੀ ਖੋਲ੍ਹ)
(3) ਮਾਂ ਕੁੜੀ ਨੂੰ ਕੀ ਕਹਿ ਰਹੀ ਹੈ ? (ਦੁੱਧ ਪੀ)

2. Write down the following sentences as per the model given below.

Model

ਮੈਂ ਰੋਟੀ ਖਾਣ ਲਈ ਘਰ ਜਾ ਰਿਹਾ ਹਾਂ। (ਅਰਾਮ ਕਰ---)
ਰੋਟੀ ਖਾਣ ਲਈ ਹੀ ਨਹੀਂ ਸਗੋਂ ਅਰਾਮ ਕਰਨ ਲਈ ਵੀ ਘਰ ਜਾ ਰਿਹਾ ਹਾਂ।

(1) ਸ਼ਰਮਾ ਕਿਤਾਬ ਪੜ੍ਹਨ ਲਈ ਐਨਕ ਮੰਗ ਰਿਹਾ ਹੈ। (ਖ਼ਤ ਲਿਖ---)
(2) ਰਾਮ ਬੂਹੇ ਬੰਦ ਕਰਨ ਲਈ ਕਹਿ ਰਿਹਾ ਹੈ। (ਬਾਰੀਆਂ ਬੰਦ ਕਰ---)
(3) ਉਹ ਕਪੜੇ ਸੀਊਣ ਲਈ ਮਸ਼ੀਨ ਮੰਗ ਰਹੀ ਹੈ। (ਠੀਕ ਕਰ---)

3. Fill up the blanks with appropriate words.

(1) ਭੱਟ ਨੂੰ ਦੁਪਹਿਰ ---ਪਹਿਲਾਂ---ਆਉਣ---ਕਹਿਣਾ
(2) -----ਕੁੱਝ ਕੰਮ ਹੈ।
(3) ਇੱਕ ਗੱਲ--ਹੈ--ਕਹਿਣਾ ਅੱਜ---ਸਟੇਸ਼ਨ----ਚਲਾ ਜਾਵੇ।
(4) ਨਹੀਂ ਤਾਂ ਸਾਰਾ ਮਾਮਲਾ ---ਹੋ ਜਾਵੇਗਾ।
(5) ਉਹ----ਵਿਹਲਾ ਨਹੀਂ।
(6) ਹੋ ਸਕਦਾ ਹੈ ਉਹ ਤੁਹਾਡੇ ----ਚਲੇ।
(7) ਡਰਾਮਾ ਪਾਰਟੀ ਵੇ ਵਜੇ ਵਾਲੀ ਗੱਡੀ--ਆਵੇਗੀ।
(8) ਤੁਸੀਂ ਕੁੱਝ ਦੇਰ ਰੁੱਕੋ -----

4. Match the following and write the sentences.

A	B
ਮੈਂ	ਡਰਾਮੇ ਦੇ ਕੁਝ ਟਿਕਟ ਭੱਟ ਨੂੰ ਦੇ ਦਈਂ ?
ਤੂੰ	ਬਾਕੀ ਟਿਕਟਾਂ ਆਪਣੇ ਦੋਸਤ ਨੂੰ ਦੇ ਦੇਵੇ।
ਤੁਸੀਂ	ਕੁਝ ਕੰਮ ਹੈ।
ਉਹ	ਰੋਜ਼ ਬਜ਼ਾਰ ਜਾਵਾਂ।
ਅਸੀਂ	ਗੱਡੀ ਤੇ ਆ ਰਹੀ ਹੈ।
ਉਹਨੂੰ	ਚਾਹੁੰਦੇ ਹਾਂ ਤੁਸੀਂ ਮਿਹਨਤ ਕਰੋ।
ਡਰਾਮਾ ਪਾਰਟੀ	ਅੱਜ ਸ਼ਾਮੀਂ ਸਟੇਸ਼ਨ ਤੇ ਚਲੇ ਜਾਣਾ।
ਉਹ	ਸਾਡੇ ਨਾਲ ਚਲੇ ?

C. VOCABULARY

ਵਿਹਲਾ	'free'	ਗੜਬੜ	'spoiled'
ਸਮੋਸਾ	'Samosa'	ਖ਼ਿਆਲ ਰੱਖਣਾ	'to be careful'
ਸਗੋਂ	'but'	ਚੁਪ ਰਹਿਣਾ	'to be quite'
ਰੁੱਕ ਜਾਣਾ	'to Stay on'	ਸਭ ਕਾਸੇ ਦਾ	'of everything'
ਖ਼ਿਆਲ ਰੱਖਣਾ	'to take care'	ਹੋ ਸਕਣਾ	'to be able to'
ਮਸ਼ੀਨ	'sewing machine'	ਬਾਕੀ	'remaining'
ਭੁੱਲ ਜਾਣਾ	'to forget'	ਫੜਨਾ	'to catch'
ਮਾਮਲਾ	'matter'		

D. NOTES

ਪਹਿਲਾਂ 'before' is different from ਪਹਿਲਾ 'first' which. The cardinal numeral ਪਹਿਲਾ agrees with noun in gender and number but ਪਹਿਲਾਂ is indeclinable.

ਸਵੇਰੇ is an oblique singular form of ਸਵੇਰਾ but ਸਵੇਰੇ can be used in sentences like ਮੈਂ ਸਵੇਰੇ ਜਾਵਾਂਗਾ 'I will go in the morning." Here ਸਵੇਰੇ 'in the morning' is inlocative case.

ਸਗੋਂ is a co-ordinate conjunction morpheme which conjoins two phrases of the similar structure.

ਮੈਂ ਹੀ ਨਹੀਂ ਸਗੋਂ ਉਹ ਵੀ ਆਵੇਗਾ ।
'Not only me but he will also come.'

UNIT XI

Lesson 45

About a visit to Anandpur.

ਭੂਸ਼ਨ : ਰੋਸ਼ਨ ਇਹ ਕੋਈ ਵਕਤ ਹੈ ਸਕੂਟਰ ਧੋਣ ਦਾ ?	Roshan, is this the time to wash the scooter?
ਰੋਸ਼ਨ : ਕਿਉਂ ਅੱਜ ਐਤਵਾਰ ਹੈ ਨਾ।	Why? Is not it Sunday today?
ਭੂਸ਼ਨ : ਮੈਂ ਅੱਜ ਆਨੰਦਪੁਰ ਜਾਣ ਦੀ ਸੋਚ ਰਿਹਾ ਹਾਂ। ਤੁਸੀਂ ਵੀ ਕਿਉਂ ਨਹੀਂ ਚਲਦੇ ?	I am planning to go to Anandpur. Why don,t you also come?
ਰੋਸ਼ਨ : ਆਨੰਦਪੁਰ ਵਿੱਚ ਕੀ ਹੈ ?	What is there in Anandpur?
ਭੂਸ਼ਨ : ਆਨੰਦਪੁਰ ਵਿੱਚ ਬਹੁਤ ਵੱਡਾ ਇਤਿਹਾਸਕ ਗੁਰਦੁਆਰਾ ਹੈ ।	There is a very big historical Guruduara at Anandpur.
ਰੋਸ਼ਨ : ਆਨੰਦਪੁਰ ਜਾਣ ਲਈ ਕਿੰਨੇ ਘੰਟੇ ਲਗਦੇ ਹਨ ?	How much does time it take to go to Anandpur?
ਭੂਸ਼ਨ : ਆਨੰਦਪੁਰ ਪਹੁੰਚਣ ਵਿੱਚ ਤਿੰਨ ਚਾਰ ਘੰਟੇ ਲਗਦੇ ਹਨ। ਬਸ ਤੇ ਜਾਵਾਂਗੇ।	It takes three four hours to reach Anandpur. We will go in the Bus.
ਰੋਸ਼ਨ : ਬਸ ਮਿਲ ਜਾਏਗੀ ?	Shall we get the bus?
ਭੂਸ਼ਨ : ਹਾਂ ਬਸਾਂ ਤਾਂ ਸਾਰਾ ਦਿਨ ਮਿਲਦੀਆਂ ਰਹਿੰਦੀਆਂ ਹਨ। ਰਾਤ ਉੱਥੇ ਰਵ੍ਹਾਂਗੇ । ਉੱਥੇ ਗੁਰਦੁਆਰੇ ਵਿੱਚ ਰਹਿਣ ਦਾ, ਬਿਸਤਰਿਆਂ ਦਾ ਵੀ ਬਹੁਤ ਚੰਗਾ ਇੰਤਜ਼ਾਮ ਹੈ। ਸਵੇਰੇ ਵਾਪਸ ਆ ਜਾਵਾਂਗੇ ।	Yes we get buses during the whole day. We will stay there at night. There is a very good arrangement for lodging in the Guruduara. We will return in the morning.

ਰੋਸ਼ਨ : ਆਨੰਦਪੁਰ ਤਾਂ ਵੇਖਣਾ ਚਾਹੁੰਦਾ ਹਾਂ। ਪਰ ਮੈਂ ਇਸ ਐਤਵਾਰ ਘਰ ਰਹਿਣਾ ਚਾਹੁੰਦਾ ਸਾਂ।	I too want to see Anandpur. But I wanted to be at home this Sunday.
ਭੂਸ਼ਨ : ਕੋਈ ਗੱਲ ਨਹੀਂ। ਚਲੋ ਚਲੀਏ।	Doesn't matter. Come on.
ਰੋਸ਼ਨ : ਨਹੀਂ ਅੱਜ ਆਨੰਦਪੁਰ ਨਹੀਂ ਜਾਣਾ। ਚਲੋ ਚੰਡੀਗੜ੍ਹ ਚਲੀਏ।	No, let's not go to Anandpur today. Let's go to Chandigarh.
ਭੂਸ਼ਨ : ਕਿਉਂ ?	Why?
ਰੋਸ਼ਨ : ਅੱਜ ਵਿਸਾਖੀ ਹੈ। ਵਿਸਾਖੀ ਵਾਲੇ ਦਿਨ ਗੁਰਦੁਵਾਰਿਆਂ ਵਿੱਚ ਭੀੜ ਹੁੰਦੀ ਹੈ। ਮਜ਼ਾ ਨਹੀਂ ਆਏਗਾ। ਅੱਜ ਆਨੰਦਪੁਰ ਵਿੱਚ ਵੀ ਮੇਲਾ ਹੋਵੇਗਾ। ਉੱਥੇ ਬਹੁਤ ਭੀੜ ਹੋਵੇਗੀ।	Today is Visakhi. There is a great rush in the Guruduaras on Visakhi, we will not enjoy. There will be a Visakhi fair at Anandpur also. There will be a great rush.
ਇੰਨੀ ਭੀੜ ਵਿੱਚ ਜਾਣਾ ਮੁਮਕਿਨ ਨਹੀਂ ਹੋਵੇਗਾ।	It will not be possible to go in that heavy rush.
ਭੂਸ਼ਨ : ਠੀਕ ਹੈ, ਤੁਸੀਂ ਭੀੜ ਤੋਂ ਡਰਦੇ ਹੋ ਤਾਂ ਫਿਰ ਕਿਸੇ ਦਿਨ ਆਨੰਦਪੁਰ ਸਾਹਿਬ ਜਾਵਾਂਗੇ। ਅਸੀਂ ਅੱਜ ਚੰਡੀਗੜ੍ਹ ਜਾਵਾਂਗੇ। ਮੇਰੀ ਪਤਨੀ ਵੀ ਚਲੇਗੀ। ਮੈਂ ਆਪਣੀ ਪਤਨੀ ਨੂੰ ਲੈ ਕੇ ਆਉਂਦਾ ਹਾਂ। ਤੁਸੀਂ ਵੀ ਤਿਆਰ ਹੋ ਜਾਓ।	Alright, you are afraid of rush. Then we will go to Anandpur Sahib some other day. We will go to Chandigarh today. My wife will also go. I will bring my wife too ? You also get ready.
ਰੋਸ਼ਨ : ਠੀਕ ਹੈ, ਅਸੀਂ ਸਾਰੇ ਚਲਾਂਗੇ। ਤੁਸੀਂ ਜਲਦੀ ਆ ਜਾਓ।	Alright, we all will go. You come soon.

A. DRILLS

1. Repetition Drill

ਇਹ ਕੋਈ ਵਕਤ ਹੈ ਰੋਟੀ ਖਾਣ ਦਾ ?	ਮੈਂ ਅੱਜ ਪੈਨ ਖਰੀਦਣਾ ਚਾਹੁੰਦਾ ਹਾਂ।
ਇਹ ਕੋਈ ਵਕਤ ਹੈ ਸ਼ਹਿਰ ਜਾਣ ਦਾ ?	ਮੈਂ ਕੱਲ੍ਹ ਦਿੱਲੀ ਜਾਣਾ ਚਾਹੁੰਦਾ ਹਾਂ।
ਇਹ ਕੋਈ ਵਕਤ ਹੈ ਬੈਠਣ ਦਾ ?	ਮੈਂ ਇਕ ਵਾਰੀ ਅੰਬ ਖਾਣਾ ਚਾਹੁੰਦਾ ਹਾਂ।
ਉਹ ਕੋਈ ਥਾਂ ਹੈ ਗੱਲ ਕਰਨ ਦੀ ?	ਮੇਰੀ ਪਤਨੀ ਵੀ ਜਾਣਾ ਚਾਹੁੰਦੀ ਸੀ।
	ਅਸੀਂ ਤੁਹਾਡੇ ਘਰ ਆਉਣਾ ਚਾਹੁੰਦੇ ਸਾਂ।

2. Build up and Expansion Drill

1. ਚਾਹੁੰਦਾ ਹਾਂ ।
ਵੇਖਣਾ ਚਾਹੁੰਦਾ ਹਾਂ।
ਪਿਕਚਰ ਵੇਖਣਾ ਚਾਹੁੰਦਾ ਹਾਂ।
ਫ਼ੁਲ ਥਿਏਟਰ ਵਿੱਚ ਪਿਕਚਰ ਵੇਖਣਾ ਚਾਹੁੰਦਾ ਹਾਂ।

2. ਚਲੀਏ ।
ਚਲੋ ਚੱਲੀਏ ।
ਚਲੋ ਅੱਜ ਚਲੀਏ ।
ਚਲੋ ਅੱਜ ਆਨੰਦਪੁਰ ਚਲੀਏ ।

3. Substitution Drill

1 ਅਸੀਂ ਅੱਜ ਕਿਤਾਬ ਨਹੀਂ ਖਰੀਦਣੀ। (ਖਰੀਦ)
(ਮੰਗ...)
(ਲੈ...)
(ਪੜ੍ਹ...)
(ਲਿਆ...)
(ਦੇ...)

2 ਸ਼ਰਮਾ ਪਿਕਚਰ ਵੇਖਣਾ ਚਾਹੁੰਦਾ ਹੈ। (ਪਿਕਚਰ ਵੇਖ...)
(ਕਿਤਾਬ ਪੜ੍ਹ...)
(ਗਾਣਾ ਗਾ...)
(ਚਾਹ ਪੀ...)
(ਘਰ ਜਾ...)

4. Response Drill

Model

ਸੁਰਜੀਤ ਤੁਸੀਂ ਘਰ ਕਦੋਂ ਜਾਣਾ ਹੈ ? (ਕੱਲ੍ਹ)
ਮੈਂ ਕੱਲ੍ਹ ਜਾਣਾ ਚਾਹੁੰਦੀ ਹਾਂ।

(1) ਰਵੀ, ਤੂੰ ਕਾਫ਼ੀ ਪੀਣੀ ਹੈ ? (ਚਾਹ)
(2) ਰਾਣੀ, ਤੁਸੀਂ ਇਸ ਸਾਲ ਕਸ਼ਮੀਰ ਜਾਣਾ ਹੈ। (ਅਗਲੇ ਸਾਲ)
(3) ਰਮਾ, ਹੁਣ ਰਾਮ ਨਾਲ ਗੱਲ ਕਰਨੀ ਹੈ। (ਕੱਲ੍ਹ)

5. Transformation Drill

Model

ਅਸੀਂ ਪਿਕਚਰ ਵੇਖੀਏ।
ਅਸੀਂ ਪਿਕਚਰ ਨਾ ਵੇਖੀਏ।

(1) ਅਸੀਂ ਰਵੀ ਨਾਲ ਗੱਲ ਕਰੀਏ।
(2) ਅਸੀਂ ਅੱਜ ਮਨਜੀਤ ਦੇ ਘਰ ਜਾਈਏ।
(3) ਅਸੀਂ ਕੱਲ ਇਕ ਪੈਨ ਖਰੀਦੀਏ।

B. EXERCISES

1 Change the form of the words given in brackets appropriately and fill up blanks.

(1) ਮੈਂ ਅੱਜ ਘਰ ਵਿੱਚ ਰੋਟੀ..... ਚਾਹੁਦਾ ਹਾਂ। (ਖਾ)
(2) ਉਹ ਕਿੱਥੇ.....ਚਾਹੁੰਦੀ ਹੈ। (ਬੈਠ)
(3) ਅਸੀਂ ਕਾਪੀਆਂ.....ਚਾਹੁੰਦੇ ਹਾਂ । (ਵੇਖ)
(4) ਅਨੀਤਾ ਕੱਲ੍ਹ ਕਾਲਜ.....ਚਾਹੁੰਦੀ ਹੈ। (ਆ...)
(5) ਤੂੰ ਇਹ ਕਿਤਾਬ.....ਚਾਹੁੰਦੀ ਹੈਂ। (ਲੈ...)
(6) ਤੁਸੀਂ ਸਾਡੇ ਨਾਲ.....ਚਾਹੁੰਦੇ ਹੋ ? (ਜਾ...)

2. Write down the answer of the following questions as per the model given below.

Model 1

ਅਸੀਂ ਅੱਜ ਅੰਬ ਖਾਈਏ ? (ਕੱਲ੍ਹ)

ਅਸੀਂ ਅੱਜ ਅੰਬ ਨਾ ਖਾਈਏ ਕੱਲ੍ਹ ਖਾਈਏ ?

(1) ਅਸੀਂ ਇਸ ਕਮਰੇ ਵਿਚ ਬੈਠੀਏ (ਉਹ ਕਮਰਾ)

(2) ਅਸੀਂ ਅੰਗਰੇਜ਼ੀ ਦੀ ਕਿਤਾਬ ਲਈਏ ?(ਪੰਜਾਬੀ ਕਿਤਾਬ)

(3) ਅਸੀਂ ਅੱਜ ਕਾਲਜ ਜਾਈਏ ? (ਕੱਲ੍ਹ)

Model 2

ਤੁਸੀਂ ਅੱਜ ਕੀ ਕਰਨਾ ਚਾਹੁੰਦੇ ਹੋ ? (ਪਿਕਚਰ ਵੇਖ...)

ਮੈਂ ਅੱਜ ਪਿਕਚਰ ਵੇਖਣਾ ਚਾਹੁੰਦਾ ਹਾਂ।

(1) ਰਾਮ ਅੱਜ ਕੀ ਕਰਨਾ ਚਾਹੁੰਦਾ ਹੈ ? (ਜਲੰਧਰ ਜਾ...)

(2) ਉਹ ਕੀ ਕਰਨਾ ਚਾਹੁੰਦਾ ਹੈ ? (ਪੱਖਾ ਚਲਾ...)

(3) ਪੁਸ਼ਪਾ ਕੀ ਕਰਨਾ ਚਾਹੁੰਦੀ ਹੈ ? (ਬੱਤੀ ਬੁੱਝਾ...)

3. Transform the following sentences as per the model given below.

Model 1

ਮੈਂ ਸੌਂਣਾ ਚਾਹੁੰਦਾ ਹਾਂ।

ਮੈਂ ਸੌਂਣਾ ਚਾਹੁੰਦਾ ਸਾਂ।

(1) ਅਸੀਂ ਘਰ ਜਾਣਾ ਚਾਹੁੰਦੇ ਹਾਂ।

(2) ਤੁਸੀਂ ਇੱਥੇ ਰਹਿਣਾ ਚਾਹੁੰਦੇ ਹੋ ?

(3) ਉਹ ਕਿਤਾਬ ਪੜ੍ਹਨਾ ਚਾਹੁੰਦੀ ਹੈ।

(4) ਉਹ ਸਾਡੇ ਨਾਲ ਆਉਣਾ ਚਾਹੁੰਦੇ ਹਨ।

(5) ਤੂੰ ਕੀ ਕਰਨਾ ਚਾਹੁੰਦਾ ਹੈਂ ?

(6) ਮੈਂ ਬਾਹਰ ਜਾਣਾ ਚਾਹੁੰਦਾ ਹਾਂ।

Model 2

ਮੈਂ ਸਵੈਟਰ ਲੈਣਾ ਚਾਹੁੰਦੀ ਹਾਂ।

ਮੈਂ ਸਵੈਟਰ ਨਹੀਂ ਲੈਣਾ ਚਾਹੁੰਦੀ।

(1) ਅਸੀਂ ਕੋਟ ਖਰੀਦਣਾ ਚਾਹੁੰਦੇ ਹਾਂ ।

(2) ਤੁਸੀਂ ਰਜਾਈ ਬਣਾਉਣਾ ਚਾਹੁੰਦੇ ਹੋ ?

(3) ਤੂੰ ਉਨ ਖਰੀਦਣਾ ਚਾਹੁੰਦੀ ਹੈਂ ?

(4) ਉਹ ਚਾਦਰ ਲੈਣਾ ਚਾਹੁੰਦਾ ਹੈ।

(5) ਉਹ ਦੋ ਕਮੀਜ਼ਾਂ ਖਰੀਦਣਾ ਚਾਹੁੰਦੇ ਹਨ।

(6) ਮੈਂ ਘਰ ਜਾਣਾ ਚਾਹੁੰਦਾ ਹਾਂ।

Model 3

ਮੈਂ ਅੱਜ ਘਰ ਰਹਿਣਾ ਚਾਹੁੰਦੀ ਸਾਂ।

ਮੈਂ ਅਜ ਘਰ ਨਹੀਂ ਸਾਂ ਰਹਿਣਾ ਚਾਹੁੰਦੀ।

(1) ਮੈਂ ਕਾਪੀ ਖਰੀਦਣਾ ਚਾਹੁੰਦਾ ਸਾਂ।

(2) ਅਸੀਂ ਬਾਹਰ ਜਾਣਾ ਚਾਹੁੰਦੇ ਸਾਂ।

(3) ਉਹ ਸਬਜੀ ਖਰੀਦਣਾ ਚਾਹੁੰਦੇ ਸਨ।

(4) ਉਹ ਮੇਰੇ ਨਾਲ ਆਉਣਾ ਚਾਹੁੰਦੀ ਸੀ।

(5) ਤੁਸੀਂ ਉਸਦੇ ਨਾਲ ਰਹਿਣਾ ਚਾਹੁੰਦੇ ਸੌ ?

(6) ਤੂੰ ਕਿਤਾਬ ਲੈਣਾ ਚਾਹੁੰਦੀ ਸੈਂ।

4. Change the singular to plural of the following sentences as per the model given below.

Model 1

ਮੈਂ ਖਾਣਾ ਖਾਣਾ ਚਾਹੁਦਾ ਹਾਂ।

ਅਸੀਂ ਖਾਣਾ ਖਾਣਾ ਚਾਹੁੰਦੇ ਹਾਂ।

(1) ਮੈਂ ਬਜ਼ਾਰ ਜਾਣਾ ਚਾਹੁੰਦਾ ਹਾਂ।

(2) ਤੂੰ ਕੀ ਕਰਨਾ ਚਾਹੁੰਦਾ ਹੈਂ ?

(3) ਉਹ ਕਿਤਾਬ ਖਰੀਦਣਾ ਚਾਹੁੰਦਾ ਹੈ।

Model 2

ਮੈਂ ਲੱਸੀ ਪੀਣਾ ਚਾਹੁੰਦੀ ਹਾਂ।

ਅਸੀਂ ਲੱਸੀ ਪੀਣਾ ਚਾਹੁੰਦੀਆਂ ਹਾਂ।

(1) ਮੈਂ ਕਿਤਾਬ ਪੜ੍ਹਨਾ ਚਾਹੁੰਦੀ ਹਾਂ।

(2) ਤੂੰ ਸਾੜ੍ਹੀ ਲੈਣਾ ਚਾਹੁਦੀ ਹੈਂ ?

(3) ਉਹ ਕਮੀਜ਼ ਖਰੀਦਣਾ ਚਾਹੁਦੀ ਹੈ।

5. Use the following words into your own sentences.

ਐਤਵਾਰ, ਵਕਤ, ਸੋਚ, ਰਹਿਣਾ, ਭੀੜ, ਇੰਨੀ, ਮੇਲਾ, ਪਤਨੀ, ਕਿਉਂ, ਕੋਈ

C. VOCABULARY

ਬੱਤੀ ਬੁਝਾਉਣਾ	'to put off the light'	ਡਰਨਾ	'to fear'
ਸਵੈਟਰ	'sweater'	ਇਤਿਹਾਸਕ	'historical'
ਰਜਾਈ	'quilt'	ਬਿਸਤਰਾ	'bedding'
ਉੱਨ	'wool'	ਥਾਂ	'place'
ਚਾਦਰ	'bedsheet'	ਇੰਤਜ਼ਾਮ	'arrangement'
ਗਾਣਾ ਗਾਉਣਾ	'to sing a song'	ਇੰਨਾ	'this much'

D. NOTES

Infinitive forms of the transitive or intransitive verbs occurring with present participle form of ਚਾਹ do not change for gender and number. The present participle form of ਚਾਹ agree with the subject in gender and number. Forms of auxiliary verb also agree with subject in person and number.

ਮੈਂ ਆਨੰਦਪੁਰ ਵੇਖਣਾ ਚਾਹੁੰਦਾ ਹਾਂ।	'I want to see Anandpur'.
ਉਹ ਘਰ ਰਹਿਣਾ ਚਾਹੁੰਦੀ ਹੈ।	'She wants to stay at home'.

The negative construction is formed by adding ਨਹੀਂ before the main verb. The present auxiliary is usually dropped but past auxiliary verb comes after ਨਹੀਂ

ਮੈਂ ਜਾਣਾ ਚਾਹੁੰਦਾ ਹਾਂ।	ਮੈਂ ਜਾਣਾ ਚਾਹੁੰਦਾ ਸਾਂ।
'I want to go.'	'I wanted to go.'
ਮੈਂ ਨਹੀਂ ਜਾਣਾ ਚਾਹੁੰਦੀ।	ਮੈਂ ਨਹੀਂ ਸਾਂ ਜਾਣਾ ਚਾਹੁੰਦਾ।
'I don't want to go.'	'I did not want to go'.

The forms of adjectival ਵਾਲਾ precede the subject noun it modifies and agrees with it in number and gender.

ਪੀਣ ਵਾਲਾ ਪਾਣੀ।	ਪਾਉਣ ਵਾਲੇ ਕਪੜੇ
'Drinking water'	'Wearing clothes'
ਖਾਣ ਵਾਲੀ ਚੀਜ਼	ਖਾਣ ਵਾਲੀਆਂ ਚੀਜ਼ਾਂ।
'Eatable thing'	'Eatable things.'

UNIT XII

Lesson 46

Visit to a friend's house.

ਰੈਨਾ : ਆਉ ਜੀ ਅੰਦਰ ਆ ਜਾਓ, ਇੱਥੇ ਬੈਠੋ।	Please come in and be seated.
ਨਜ਼ੀਰ : ਠੀਕ ਹੈ. ਅੱਜ ਗਰਮੀ ਬਹੁਤ ਹੈ।	Alright. It is very hot today.
ਰੈਨਾ : ਹਾਂ ਗਰਮੀ ਤਾਂ ਬਹੁਤ ਹੈ। ਆਸ਼ਾ ਜੀ ਇੱਥੇ ਆਉਣਾ ਦੇਖੋ ਕੌਣ ਹੈ ?	Yes, it is very hot. Asha, please come in and see who is here?
ਆਸ਼ਾ : ਓ ! ਨਜ਼ੀਰ ਸਾਹਿਬ	Oh! Nazir Sahib.
ਨਜ਼ੀਰ : ਨਮਸਤੇ ਜੀ ।	Namaste Ji.
ਆਸ਼ਾ : ਘਰ ਵਿੱਚ ਸਭ ਠੀਕ ਠਾਕ ਹਨ ? ਜ਼ਿਆ ਕਿੱਥੇ ਹੈ ?	Is every body fine at home ? Where is Zia?
ਨਜ਼ੀਰ : ਉਹ ਘਰ ਹੈ। ਉਹ ਠੀਕ ਨਹੀਂ ਸੀ।	She is at home. She was not feeling well.
ਆਸ਼ਾ : ਕੀ ਹੈ ਉਹਨੂੰ ?	What is wrong with her?
ਨਜ਼ੀਰ : ਬਸ ਐਵੇਂ ਹੀ ਜ਼ਰਾ ਬੁਖ਼ਾਰ ਸੀ। ਤੁਹਾਡਾ ਬੇਟਾ ਕਿੱਥੇ ਹੈ ?	She had fever. Where is your son?
ਆਸ਼ਾ : ਉਹ ਕਮਰੇ ਵਿੱਚ ਹੈ। ਪੰਕਜ ਇੱਥੇ ਆਓ।	He is in the room. Pankaj, come here.
ਰੈਨਾ : ਆਸ਼ਾ ਗਰਮੀ ਬਹੁਤ ਹੈ ਇਨ੍ਹਾਂ ਨੂੰ ਪਹਿਲਾਂ ਕੁਝ ਠੰਢਾ ਦਿਓ।	Asha, it is very hot, Please give him something cold to drink first.
ਆਸ਼ਾ : ਹੁਣੇ ਬਣਾਉਨੀ ਹਾਂ।	I' ll m ke it right now.
ਨਜ਼ੀਰ : ਬੇਟਾ ਤੇਰਾ ਕੀ ਨਾਂ ਹੈ ।	What is your name, dear?
ਰੈਨਾ : ਅੰਕਲ ਨੂੰ ਆਪਣਾ ਨਾਂ ਦੱਸੋ।	Please tell your name to your uncle.

ਪੰਕਜ : ਪੰਕਜ	Pankaj.
ਨਜ਼ੀਰ : ਬੜਾ ਸੁਹਣਾ ਨਾਂ ਹੈ! ਇੱਧਰ ਆਓ। ਇਹ ਚਾਕਲੇਟ ਲਓ।	A beautiful name, indeed! Please, come here. Take this chocolate.
ਰੈਨਾ : ਅੰਕਲ ਨੂੰ ਥੈਂਕਯੂ ਬੋਲੋ	Say "thankyou" to your uncle
ਪੰਕਜ : ਥੈਂਕਯੂ	Thank you.
ਨਜ਼ੀਰ : ਬੜਾ ਪਿਆਰਾ ਬੱਚਾ ਹੈ। ਤੁਹਾਡਾ ਘਰ ਬਹੁਤ ਚੰਗਾ ਹੈ। ਕਿੰਨਾ ਕਿਰਾਇਆ ਹੈ ?	He is a very sweet child. Your house is very nice. What is rent ?
ਰੈਨਾ : ਇਹ ਕਿਰਾਏ ਦਾ ਮਕਾਨ ਨਹੀਂ ਇਹ ਆਪਣਾ ਮਕਾਨ ਹੈ।	This is not a rented house. It is my own house.
ਨਜ਼ੀਰ : ਇਸ ਲਈ ਇੰਨਾ ਸੁਹਣਾ ਹੈ।	That is why it is so nice.
ਰੈਨਾ : ਤੁਸੀਂ ਬਿਸਕੁਟ ਕਿਉਂ ਨਹੀਂ ਲੈਂਦੇ।	Why don't you take biscuits ?
ਨਜ਼ੀਰ : ਮੈਨੂੰ ਭੁੱਖ ਨਹੀਂ।	I am not hungry.

A. DRILLS

1. Repetition Drill

ਜ਼ਰਾ ਇੱਥੇ ਆਉਣਾ।
ਇਸ ਲਈ ਇੰਨਾ ਚੰਗਾ ਹੈ।
ਇਹ ਆਪਣਾ ਮਕਾਨ ਹੈ।
ਇਸ ਮਕਾਨ ਦਾ ਕਿੰਨਾ ਕਿਰਾਇਆ ਹੈ ?
ਬੜਾ ਸੁਹਣਾ ਮਕਾਨ ਹੈ।
ਤੁਸੀਂ ਆਪਣਾ ਨਾਂ ਦੱਸੋ।
ਪਹਿਲੇ ਕੁਝ ਨੰਢਾ ਪੀਓ।
ਤੁਹਾਡਾ ਬੜਾ ਸੋਹਣਾ ਨਾਂ ਹੈ। ਇੱਧਰ ਆਓ।

2. Response Drill

Model 1

ਇਹ ਤੁਹਾਡਾ ਆਪਣਾ ਮਕਾਨ ਹੈ ?
ਹਾਂ ਜੀ, ਇਹ ਮੇਰਾ ਆਪਣਾ ਮਕਾਨ ਹੈ।

(1) ਰਾਮ, ਸ਼ੀਲਾ ਦਾ ਆਪਣਾ ਭਰਾ ਹੈ ?
(2) ਇਹ ਪੈਨ ਤੁਹਾਡਾ ਆਪਣਾ ਹੈ ?
(3) ਇਹ ਕਮੀਜ਼ ਤੁਹਾਡੀ ਆਪਣੀ ਹੈ ?
(4) ਇਹ ਬੱਚੀ ਤੁਹਾਡੀ ਆਪਣੀ ਹੈ ?

Model 2

ਇਹ ਘਰ ਤੁਹਾਡਾ ਆਪਣਾ ਹੈ ?
ਨਹੀਂ ਜੀ ਇਹ ਘਰ ਮੇਰਾ ਆਪਣਾ ਨਹੀਂ।

(1) ਇਹ ਪੱਖਾ ਤੁਹਾਡਾ ਆਪਣਾ ਹੈ ?
(2) ਇਹ ਕੋਟ ਰਾਮ ਦਾ ਆਪਣਾ ਹੈ ?
(3) ਉਹ ਕਾਪੀ ਤੁਹਾਡੀ ਆਪਣੀ ਹੈ ?
(4) ਇਹ ਸਾੜ੍ਹੀ ਤੇਰੀ ਆਪਣੀ ਹੈ ?

3. Substitution Drill

1 ਇੱਥੇ ਬੈਠੋ। (ਇੱਥੇ)
(ਉੱਥੇ)
(ਮੇਰੇ ਕੋਲ)
(ਮੇਰੇ ਨਾਲ)

2 ਕਿੰਨਾ ਸੁਹਣਾ ਬੱਚਾ ਹੈ ? (ਬੱਚਾ)
(ਕਮਰਾ)
(ਪੈਨ)
(ਘਰ)

3 ਕਿੰਨੀਆਂ ਵੱਡੀਆਂ ਕੁੜੀਆਂ ਹਨ ? (ਕੁੜੀਆਂ)
(ਪੈਨਸਿਲਾਂ)
(ਬਾਰੀਆਂ)
(ਕੁਰਸੀਆਂ)

4 ਕਿੰਨੀ ਵੱਡੀ ਪੈਨਸਿਲ ਹੈ ? (ਪੈਨਸਿਲ)
(ਕੁੜੀ)
(ਕੁਰਸੀ)

5 ਕਿੰਨੇ ਵੱਡੇ ਕਮਰੇ ਹਨ ?(ਕਮਰੇ)
(ਪੱਖੇ)
(ਬਸਤੇ)

4. Transformation Drill

Model 1

1 ਇਹ ਮੇਰਾ ਆਪਣਾ ਪੈਨ ਹੈ।
ਇਹ ਮੇਰੇ ਆਪਣੇ ਪੈਨ ਹਨ।
(1) ਇਹ ਸਾਡਾ ਆਪਣਾ ਪੱਖਾ ਹੈ।
(2) ਇਹ ਮੇਰਾ ਆਪਣਾ ਕੋਟ ਹੈ।
(3) ਇਹ ਉਹਦਾ ਆਪਣਾ ਬੱਚਾ ਹੈ।

Model 2

2 ਇਹ ਮੇਰੀ ਆਪਣੀ ਕਿਤਾਬ ਹੈ।
ਇਹ ਮੇਰੀਆਂ ਆਪਣੀਆਂ ਕਿਤਾਬਾਂ ਹਨ।
(1) ਇਹ ਤੇਰੀ ਆਪਣੀ ਸਾੜ੍ਹੀ ਹੈ।
(2) ਇਹ ਮੇਰੀ ਆਪਣੀ ਪੈਨਸਿਲ ਹੈ।
(3) ਉਹ ਉਹਦੀ ਆਪਣੀ ਕੁੜੀ ਹੈ।

Model 3

ਤੂੰ ਕਲ੍ਹ ਸਾਡੇ ਘਰ ਆ।
ਤੁਸੀਂ ਕਲ੍ਹ ਸਾਡੇ ਘਰ ਆਉਣਾ।
(1) ਤੂੰ ਹੁਣ ਪਰੌਂਠਾ ਖਾਹ।
2) ਤੂੰ ਦਸ ਵਜੇ ਇੱਥੇ ਆ।
(3) ਤੂੰ ਉਨ੍ਹਾਂ ਨੂੰ ਆਪਣਾ ਨਾਂ ਦੱਸ।

B. EXERCISES

1. Write down the answers of the following questions using the cue words given in brackets.

(1) ਤੁਸੀਂ ਕੀ ਲੈਣਾ ਹੈ ? (ਕਿਤਾਬਾਂ)
(2) ਤੁਸੀਂ ਕੀ ਪੜ੍ਹਨਾ ਹੈ ? (ਪਾਠ)
(3) ਤੁਸੀਂ ਕੀ ਪੀਣਾ ਹੈ ? (ਦੁਧ)
(4) ਇਹ ਘੜੀ ਕਿੰਨੇ ਦੀ ਹੈ ? (ਸੌ ਰੁਪਏ)
(5) ਇਸ ਮਕਾਨ ਦਾ ਕਿੰਨਾ ਕਿਰਾਇਆ ਹੈ ? (ਦੋ ਸੌ ਰੁਪਏ)
(6) ਤੁਸੀਂ ਕੀ ਖਾਣਾ ਹੈ ? (ਰੋਟੀ)
(7) ਉਨ੍ਹਾਂ ਨੇ ਕੀ ਪੀਣਾ ਹੈ ? (ਚਾਹ)
(8) ਉਹਨੇ ਕੀ ਲੈਣਾ ਹੈ ? (ਦੋ ਪੈਨ)
(9) ਇਹ ਪੈਂਨ ਕਿੰਨੇ ਦਾ ਹੈ ? (ਪੰਜ ਰੁਪਏ)
(1) ਉਹ ਕਮਰਾ ਕਿੰਨਾ ਵੱਡਾ ਹੈ ? (ਬਹੁਤ ਵੱਡਾ)

2. Change the singular of the following sentences to plural as per the model given below.

Model 1

ਵੇਖ ਇਹ ਘੜੀ ਕਿੰਨੀ ਚੰਗੀ ਹੈ।
ਵੇਖੋ ਇਹ ਘੜੀਆਂ ਕਿੰਨੀਆਂ ਚੰਗੀਆਂ ਹਨ।
(1) ਵੇਖ ਇਹ ਕਿਤਾਬ ਕਿੰਨੀ ਨਵੀਂ ਹੈ ?
(2) ਵੇਖ ਇਹ ਬੱਸ ਕਿੰਨੀ ਸੋਹਣੀ ਹੈ ?
(3) ਇਹ ਮੇਰੀ ਆਪਣੀ ਘੜੀ ਹੈ।

Model 2

ਇਹ ਪੱਖਾ ਕਿੰਨਾ ਮਹਿੰਗਾ ਹੈ?
ਇਹ ਪੱਖੇ ਕਿੰਨੇ ਮਹਿੰਗੇ ਹਨ?
(1) ਇਹ ਮਕਾਨ ਕਿੰਨਾ ਸਸਤਾ ਹੈ?
(2) ਇਹ ਕਮਰਾ ਕਿੰਨਾ ਠੰਢਾ ਹੈ?
(3) ਇਹ ਮੇਰਾ ਆਪਣਾ ਬਸਤਾ ਹੈ।

3. Change the honorific forms into non-honorific and non-honorific to honorificin the following sentences.

(1) ਰਵੀ ਕੱਲ੍ਹ ਤੂੰ ਸਾਡੇ ਘਰ ਆ।
(2) ਸਰਲਾ ਜੀ ਤੁਸੀਂ ਉਸ ਕੁਰਸੀ ਤੇ ਬੈਠੋ।
(3) ਸੁਰਜੀਤ ਜੀ ਤੁਸੀਂ ਪੂਰੀ ਖਾਓ।
(4) ਸ਼ਰਮਾ ਜੀ ਤੁਸੀਂ ਅੱਜ ਪੰਜਾਬੀ ਫਿਲਮ ਵੇਖੋ।
(5) ਕਮਲਾ ਤੂੰ ਨਵੀਂ ਘੜੀ ਲੈ ਲੈ।
(6) ਆਸ਼ਾ ਵੇਖ ਉੱਥੇ ਕੌਣ ਹੈ ?

4. Chose either ਤੇ or ਨੂੰ appropriately and fill up the blanks.

(1) ਤੁਸੀਂ ਇਸ ਕੁਰਸੀ..... ਬੈਠੋ।
(2) ਤੂੰ ਇਸ ਫਿਲਮ.....ਜ਼ਰੂਰ ਵੇਖ।
(3) ਕਮਲਾ ਤੁਸੀਂ ਛੇ ਵਜੇ ਬਸ ਸਟੈਂਡ.....ਜਾਣਾ।
(4) ਆਸ਼ਾ ਰਵੀ.....ਆਪਣੀ ਨਵੀਂ ਘੜੀ ਦੇ।
(5) ਅਧਿਆਪਕ ਜੀ.....ਆਪਣਾ ਨਾਂ ਦਸੋ।
(6) ਕਿਤਾਬ.....ਵੇਖੋ।

5. Write at least 16 sentences from the following table, taking one word at a time from each columns.

ਤੂੰ	ਰਵੀ ਨੂੰ	ਹੁਣ	ਆਪਣਾ	ਨਾਂ	ਦਸ
ਤੁਸੀਂ	ਕਮਲਾ ਨੂੰ	ਕੱਲ	ਆਪਣੀ	ਕਿਤਾਬ	ਦਸੋ
				ਸਮੋਸਾ	ਦੇ
				ਪੈਨਸਿਲ	ਦਿਓ

6. Match the following and rewrite.

A	B	
(1) ਰਵੀ ਇਹ ਕਿਤਾਬ	ਖਾ	( )
(2) ਆਸ਼ਾ ਕੱਲ੍ਹ ਸਾਡੇ ਘਰ	ਦੇਖ	( )
(3) ਕਮਲਾ ਇਸ ਕੁਰਸੀ ਤੇ	ਆਓ	( )
(4) ਗੁਰਨਾਮ ਤੂੰ ਇਹ ਪਰੌਂਠਾ	ਬੈਠ	( )
(5) ਤੁਸੀਂ ਹੁਣ ਸਾਰੇ ਦਫਤਰ	ਜਾ	( )
(6) ਰਵੀ ਜੀ ਤੁਸੀਂ ਇਸ ਕਿਤਾਬ ਨੂੰ ਕਮਲਾ ਨੂੰ	ਲਓ	( )
(7) ਗੁੱਡੀ ਆਪਣੇ ਵੱਡੇ ਭਰਾ ਦਾ ਨਾਂ	ਦਿਓ	( )
(8) ਗੋਪਾਲ ਰਾਓ ਜੀ ਤੁਸੀਂ ਇਹ ਕਲਮ	ਦਸ	( )

C. VOCABULARY

ਏਵੇਂ ਹੀ	'just'	ਓਨਾ	'that much'
ਬੇਟਾ	'son'	ਪਹਿਲੇ	'first'
ਇਸ ਲਈ	'that's why'	ਕਿੰਨਾ	'how much'
ਓ :	'oh !'	ਇੰਨਾ	'so'
ਮਾਮਾ	'uncle'	ਮੈਨੂੰ ਭੁੱਖ ਨਹੀਂ	'I am not hungry'
ਥੈਂਕਯੂ	'thank you'	ਪੂਰੀ	'full'
ਬਹੁਤ ਗਰਮੀ	'very hot'	ਰੋਸ਼ਨਦਾਨ	'ventilator'
ਠੀਕ ਠਾਕ	'alright'		

D. NOTES

1. ਕਿੰਨਾ 'how', 'how much' agrees with the noun in gender and number.

It has four forms.

ਇਹ ਕਿੰਨਾ ਵੱਡਾ ਕਮਰਾ ਹੈ ?	'How big this room is ?'
ਇਹ ਕਿੰਨੇ ਵੱਡੇ ਰੋਸ਼ਨਦਾਨ ਹਨ ?	'How big these ventilators are ?
ਇਹ ਕਿੰਨੀ ਵੱਡੀ ਕਿਤਾਬ ਹੈ ?	'How big this book is ?'
ਇਹ ਕਿੰਨੀਆਂ ਵੱਡੀਆਂ ਬਾਰੀਆਂ ਹਨ ?	'How big these windows are ?'

ਇੰਨਾ 'this much' and ਓਨਾ 'that much 'agree with the subject nou 'in gender and number. The form of reflexive pronoun ਆਪਣਾ own' agree with the noun in gender and number.

ਆਪਣਾ ਘਰ	'own house'
ਆਪਣੀ ਕਿਤਾਬ	'own book'
ਆਪਣੇ ਬਸਤੇ	'own bags'
ਆਪਣੀਆਂ ਪੈਨਸਿਲਾਂ	'own pencils.'

UNIT XII

Lesson 47

About Kashmir

ਮਨੋਹਰ : ਨਮਸਤੇ ਜੀ, ਤੁਹਾਡਾ ਸ਼ਹਿਰ ਕਿਹੜਾ ਹੈ ?	Namaste ji, which city do you belong ?
ਰੋਸ਼ਨ : ਮੈਂ ਸ੍ਰੀ ਨਗਰ ਤੋਂ ਹਾਂ ।	I am from Srinagar.
ਮਨੋਹਰ : ਇਹ ਜੰਮੂ ਕਸ਼ਮੀਰ ਵਿੱਚ ਹੈ ?	It is in Jammu and Kashmir?
ਰੋਸ਼ਨ : ਹਾਂ ਜੀ, ਇਹ ਜੰਮੂ ਕਸ਼ਮੀਰ ਵਿੱਚ ਹੈ ।	Yes, it is in Jammu and Kashmir.
ਮਨੋਹਰ : ਉੱਥੇ ਕਿਹੜੀਆਂ ਥਾਵਾਂ ਵੇਖਣਯੋਗ ਹਨ ?	Which are the worth seeing places there ?
ਰੋਸ਼ਨ : ਡਲਲੇਕ, ਨਹਿਰੂ ਪਾਰਕ, ਸ਼ਾਲੀਮਾਰ ਬਾਗ ਆਦਿ ।	Dal lake, Nehru Park, Shalimar Garden etc.
ਮਨੋਹਰ : ਹੋਰ ਕੀ ਕੀ ਹੈ ਵੇਖਣਯੋਗ ਕਸ਼ਮੀਰ ਵਿੱਚ ?	What else is there to see in Kashmir ?
ਰੋਸ਼ਨ : ਬਹੁਤ ਕੁੱਝ ਹੈ ਉੱਥੇ : ਗੁਲਮਰਗ, ਪਹਿਲਗਾਮ, ਵੈਰੀ ਨਾਗ ਤੇ ਹੋਰ ਕਈ ਥਾਵਾਂ ਹਨ ।	There is lot of it; Gulmarg, Pehlgam, Verinag and many other places.
ਮਨੋਹਰ : ਕੀ ਤੁਹਾਡੇ ਸ਼ਹਿਰ ਤਕ ਗੱਡੀ ਜਾਂਦੀ ਹੈ ?	Is your city connected by train?
ਰੋਸ਼ਨ : ਨਹੀਂ ਜੀ, ਉੱਥੇ ਗੱਡੀ ਨਹੀਂ ਜਾਂਦੀ । ਪਹਾੜੀ ਇਲਾਕਾ ਹੈ ਸਿਰਫ ਬਸ ਜਾਂਦੀ ਹੈ । ਜੰਮੂ ਤੱਕ ਗੱਡੀ ਤੇ ਜਾ ਸਕੱਦੇ ਹੋ ।	No, train does not go there. It is a hilly area. There is only bus connection. You can go up to Jammu by train.
ਮਨੋਹਰ : ਜੰਮੂ ਤੋਂ ਬਸ ਕਿੰਨੇ ਵਜੇ ਮਿਲਦੀ ਹੈ ?	What time is bus available from Jammu ?

ਰੋਸ਼ਨ : ਗੱਡੀ ਸਵੇਰੇ ਸਵੇਰੇ ਪਹੁੰਚਦੀ ਹੈ ਨਾਲ ਹੀ ਬਸ ਮਿਲ ਜਾਂਦੀ ਹੈ।	The tain reaches early in the morning and you get bus right after that.
ਮਨੋਹਰ : ਉੱਥੇ ਕਿਸ ਰੁੱਤ ਵਿਚ ਜਾਣਾ ਠੀਕ ਹੈ ?	Which season is ideal for a trip ?
ਰੋਸ਼ਨ : ਸਤੰਬਰ ਤੇ ਅਕਤੂਬਰ, ਬਹੁਤ ਵਧੀਆ ਹੁੰਦੇ ਹਨ। ਬਹਾਰ ਦਾ ਮੌਸਮ ਹੁੰਦਾ ਹੈ। ਫੱਲ ਵੀ ਬਹੁਤ ਮਿਲਦੇ ਹਨ।	September and October are the best . It is spring there. Fruits too are in plenty·
ਮਨੋਹਰ : ਉੱਥੇ ਖਰੀਦਣ ਲਈ ਚੰਗਾ ਕੀ ਮਿਲਦਾ ਹੈ ?	What are the things worth buying there ?
ਰੋਸ਼ਨ : ਲੱਕੜੀ ਦਾ ਕੰਮ, ਸ਼ਾਲਾਂ, ਕਢਾਈ ਦਾ ਸਮਾਨ ਵਗੈਰਾ ਬੜੇ ਵਧੀਆ ਮਿਲਦੇ ਹਨ।	Wood-carvings, shawls and embroidery materials, etc., reexcellent there.
ਮਨੋਹਰ : ਤਾਂ ਫਿਰ ਇਸ ਅਕਤੂਬਰ ਨੂੰ ਜ਼ਰੂਰ ਚਲਾਂਗੇ।	Then we shall certainly go in this October.

A. DRILLS

1. Repetition Drill

ਤੁਹਾਡਾ ਸ਼ਹਿਰ ਕਿਹੜਾ ਹੈ ?	ਮੈਂ ਸ੍ਰੀ ਨਗਰ ਤੋਂ ਹਾਂ।
ਇਹ ਜੰਮੂ ਕਸ਼ਮੀਰ ਵਿੱਚ ਹੈ।	ਤੁਹਾਡੇ ਸ਼ਹਿਰ ਗੱਡੀ ਜਾਂਦੀ ਹੈ ?
ਸਾਡੇ ਸ਼ਹਿਰ ਤੱਕ ਬਸ ਜਾਂਦੀ ਹੈ	ਉੱਥੇ ਕੀ ਕੀ ਵੇਖਣਯੋਗ ਹੈ ?
ਗੱਡੀ ਨਹੀਂ ਜਾਂਦੀ	ਪਹਾੜੀ ਇਲਾਕਾ ਹੈ ਸਿਰਫ ਬਸ ਜਾਂਦੀ ਹੈ।
ਜੰਮੂ ਤੱਕ ਗੱਡੀ ਤੇ ਜਾ ਸੱਕਦੇ ਹੋ।	ਹੋਰ ਕਈ ਥਾਵਾਂ ਹਨ।

2. Build up and Expansion Drill

1 ਬਸ ਜਾਂਦੀ ਹੈ।	2 ਗੱਡੀ ਨਹੀਂ ਜਾਂਦੀ।
ਸਿਰਫ ਬਸ ਜਾਂਦੀ ਹੈ।	ਸ਼ਹਿਰ ਗੱਡੀ ਨਹੀਂ ਜਾਂਦੀ।
ਸਾਡੇ ਸ਼ਹਿਰ ਸਿਰਫ ਬਸ ਜਾਂਦੀ ਹੈ।	ਸਾਡੇ ਸ਼ਹਿਰ ਗੱਡੀ ਨਹੀਂ ਜਾਂਦੀ।
ਸਾਡੇ ਸ਼ਹਿਰ ਤੱਕ ਸਿਰਫ ਬੱਸ ਜਾਂਦੀ ਹੈ।	ਸਾਡੇ ਸ਼ਹਿਰ ਗੱਡੀ ਨਹੀਂ ਜਾਂਦੀ, ਸਿਰਫ ਬਸ ਜਾਂਦੀ ਹੈ।

3. Substitution Drill

1 ਮੈਂ ਕਸ਼ਮੀਰ ਤੋਂ ਹਾਂ। (ਕਸ਼ਮੀਰ)	2 ਇਹ ਜੰਮੂ ਕਸ਼ਮੀਰ ਵਿੱਚ ਹੈ (ਜੰਮੂ ਕਸ਼ਮੀਰ)
(ਆਸਾਮ)	(ਮੱਧ ਪ੍ਰਦੇਸ਼)
(ਬੰਗਾਲ)	(ਗੁਜਰਾਤ)
(ਜੰਮੂ)	(ਆਂਧਰਾ ਪ੍ਰਦੇਸ਼)

B. EXERCISES

1. Fill up the blanks with appropriate words.

(1) ਸਾਡਾ ਆਪਣਾ ਮਕਾਨ ਸਾਡੇ ਪਿੰਡ... ਹੈ।
(2) ਤੁਸੀਂ..... ਦੇ ਹੋ ?
(3) ਤੁਹਾਡਾ ਘਰ.....ਹੈ ?
(4) ਮੈਂ ਸ੍ਰੀ ਨਗਰ..... ਹਾਂ।
(5) ਮੇਰੀ ਕਿਤਾਬ ਅਲਮਾਰੀ..... ਹੈ।
(6) ਜੰਮੂ .....ਗੱਡੀ ਜਾਂਦੀ ਹੈ।
(7) ਉੱਥੇ ਗੱਡੀ ਨਹੀਂ ਜਾਂਦੀ.....ਬਸ ਜਾਂਦੀ ਹੈ।
(8) ਉੱਥੇ.....ਕੀ ਕੀ ਹੈ ਵੇਖਣਯੋਗ ?

2. Write down the answers of the following questions.

(1) ਤੁਹਾਡਾ ਸ਼ਹਿਰ ਕਿਹੜੇ ਪ੍ਰਾਂਤ ਵਿੱਚ ਹੈ ?
(2) ਤੁਹਾਡੇ ਸ਼ਹਿਰ ਤੱਕ ਗੱਡੀ ਜਾਂਦੀ ਹੈ ?
(3) ਕਿੱਥੋਂ ਤਕ ਗੱਡੀ ਤੇ ਜਾ ਸਕਦੇ ਹਾਂ ?
(4) ਬਸ ਕਿੰਨੇ ਵਜੇ ਮਿਲਦੀ ਹੈ ?
(5) ਤੁਹਾਡੇ ਸ਼ਹਿਰ ਦਾ ਨਾਂ ਕੀ ਹੈ ?
(6) ਤੁਹਾਡੇ ਸ਼ਹਿਰ ਵਿੱਚ ਕੀ ਕੀ ਹੈ ਵੇਖਣਯੋਗ ?
(7) ਤੁਸੀਂ ਕਿੱਥੋਂ ਦੇ ਹੋ ?
(8) ਉੱਥੇ ਕਿਸ ਰੁੱਤ ਵਿੱਚ ਜਾਣਾ ਠੀਕ ਹੈ ?

3. Use the following words/pharases in your own sentences.

ਕਿੰਨੇ ਵਜੇ, ਸਿਰਫ, ਨਾਲ ਹੀ, ਵਧੀਆ, ਮੌਸਮ, ਕਿਹੜਾ, ਕਿਹੜੀਆਂ ਇਲਾਕਾ, ਪਹੁੰਚਦੀਆਂ, ਥਾਵਾਂ, ਕਢਾਈ ਦਾ ਸਮਾਨ, ਖਰੀਦਣ ਲਈ।

C. VOCABULARY

ਸ੍ਰੀਨਗਰ	'Srinagar'	ਅਕਤੂਬਰ	'October'
ਬਹੁਤ ਕੁੱਝ	'lot of '	ਵੇਖਣਯੋਗ	'worth seeing'
ਡਲਲੇਕ	'Dal Lake'	ਮੁਗਲ ਬਾਗ	'Mughal Gardens'
ਕਈ	'so many'	ਥਾਵਾਂ	'places (F. Pl.)
ਪਹਾੜੀ	'hilly'	ਇਲਾਕਾ	'area'
ਜਾ ਸੱਕਦੇ ਹੋ	'can go'	ਗੁਲਮਰਗ	'Gulmarg'
ਪਹਿਲਗਾਮ	'Pehalgam'	ਵੈਰੀਨਾਗ	'Verinag'
ਰੁਤ	'season'	ਬਹਾਰ ਦਾ ਮੌਸਮ	'spring season'
ਵਧੀਆ	'excellent'	ਫੱਲ	'fruit'
ਮਿਲਣਾ	'to get'	ਸ਼ਾਲ	'shawl's
ਲਕੜੀ ਦਾ ਕੰਮ	'wood carving'	ਵਗੈਰਾ	'etc.'
ਕਢਾਈ ਦਾ ਸਮਾਨ	'embroidery materials'	ਪ੍ਰਾਂਤ	'state'
ਸਤੰਬਰ	'September'		

D. NOTES

1. The model verb ਸੱਕ 'able to' is added immediately after the main verb root and it is inflected for gender, number and tense agreeing with the subject in gender and number.

ਤੁਸੀਂ ਜਾ ਸਕਦੇ ਹੋ 'you can go'.

2. The post position ਤੋਂ 'from' is used in this lesson.

UNIT XII

Lesson 48

How many amongst you are Assamis ?

ਅਧਿਆਪਕ :	ਇਹ ਪੰਜਾਬੀ ਕਲਾਸ ਹੈ।	This is a Punjabi class.
	ਇਸ ਵਿੱਚ ਵੱਖ ਵੱਖ ਪ੍ਰਾਂਤਾਂ ਦੇ ਵਿਦਿਆਰਥੀ ਹਨ।	There are students of different States in this class.
	ਇਸ ਕਲਾਸ ਵਿੱਚ ਕੁੱਲ ਕਿੰਨੇ ਵਿਦਿਆਰਥੀ ਹਨ ?	How many total students are there in this class ?
ਪਾਂਡਾ :	ਸਾਡੀ ਕਲਾਸ ਵਿੱਚ ਕੁੱਲ ਵੀਹ ਵਿਦਿਆਰਥੀ ਹਨ।	In our class there are twenty students in all.
ਅਧਿਆਪਕ :	ਤੁਸੀਂ ਕਿਹੜੇ ਕਿਹੜੇ ਪ੍ਰਾਂਤਾਂ ਤੋਂ ਹੋ ?	You all are from which States ?
ਪਾਂਡਾ :	ਅਸੀਂ ਉੜੀਸਾ. ਆਸਾਮ, ਮੱਧ ਪਰਦੇਸ, ਕਸ਼ਮੀਰ, ਮਹਾਰਾਸ਼ਟਰਾ, ਗੁਜਰਾਤ, ਕੇਰਲਾ, ਤਾਮਿਲ ਨਾਡੂ, ਆਂਦਰ ਪਰਦੇਸ਼, ਕਰਨਾਟਕਾ, ਬੰਗਾਲ ਤੋਂ ਹਾਂ।	We are from Orissa, Assam M.P., Kashmir, Maharashtra Gujrat, Kerala, Tamilnadu Andhra Pradesh, Karnatka and Bengal.
ਅਧਿਆਪਕ :	ਤੁਹਾਡੇ ਵਿੱਚੋਂ ਕਿੰਨੇ ਕਸ਼ਮੀਰੀ ਹਨ ? ਕਿੰਨੇ ਅਸਾਮੀ ਹਨ ਤੇ ਕਿੰਨੇ ਉੜੀਆ ?	How many amongst you are Kashmiris ? How many Assamis and how many Oriyas ?
ਪਾਂਡਾ :	ਸਾਡੇ ਵਿੱਚੋਂ ਮੈਂ ਇਕੱ ਉੜੀਆ ਹਾਂ। ਇਹ ਦੋ ਅਸਾਮੀ ਹਨ ਤੇ ਪੰਜ ਕਸ਼ਮੀਰੀ ਹਨ।	I am the only one from Orissa These two are Assamis and five are Kashmiris.
ਅਧਿਆਪਕ :	ਤਾਂ ਫਿਰ ਬਾਕੀ ਕਿੱਥੋਂ ਦੇ ਹਨ ?	Then the remaining ones are from where ?
ਸ਼ਰਮਾ :	ਇਹ ਤਿੰਨ ਮੱਧ ਪਰਦੇਸ ਤੋਂ ਹਨ, ਉਹ ਮਰਾਠੀ ਹੈ ਤੇ ਅਸੀਂ ਤਿੰਨ ਆਂਧਰ ਪਰਦੇਸੀ ਹਾਂ ਤੇ ਉਹ ਬੰਗਾਲੀ ਹੈ।	These three are from Madhya Pradesh. He is Marathi, we three are from Andhra Pradesh and he is a Bengali.

ਅਧਿਆਪਕ : ਤੁਸੀਂ ਕਿੱਥੋਂ ਦੇ ਹੋ ?	You are from where ?
ਮੋਹਨ : ਮੈਂ ਕੇਰਲਾ ਤੋਂ ਹਾਂ।	I am from Kerala.
ਅਧਿਆਪਕ : ਤੁਸੀਂ ਕੌਣ ਹੋ ?	Who are you ?
ਸੀਤਾ ਰਾਮਲੂ : ਮੈਂ ਤਾਮਿਲ ਨਾਡੂ ਤੋਂ ਹਾਂ। ਇਹ ਕਰਨਾਟਕਾ ਤੋਂ ਹੈ ਤੇ ਉਹ ਗੁਜਰਾਤੀ ਹੈ ।	I am from Tamilnadu. He is from Karnatka and he is from Gujarat.

A. DRILLS

1. Repetition Drill

ਤੁਹਾਡੇ ਵਿੱਚੋਂ ਕਿੰਨੇ ਕਸ਼ਮੀਰੀ ਹਨ ?
ਨਹੀਂ ਜੀ ਇਹ ਮੱਧ ਪਰਦੇਸ ਤੋਂ ਹੈ ।
ਇਹ ਅਸਾਮੀ ਹੈ ਤੇ ਬਾਕੀ ਸਾਰੇ ਕਸ਼ਮੀਰੀ ਹਨ।
ਅਸੀਂ ਜੰਮੂ ਤੋਂ ਹਾਂ ।

ਕਿੰਨੇ ਅਸਾਮੀ ਹਨ ਤੇ ਕਿਨੇ ਉੜੀਆ ?
ਸਾਡੇ ਵਿੱਚੋਂ ਮੈਂ ਉੜੀਆ ਹਾਂ ।
ਬਾਕੀ ਅੱਠ ਕਸ਼ਮੀਰੀ ਹਨ ।
ਉਹ ਮਹਾਰਾਸ਼ਟਰ ਤੋਂ ਹੈ ।

2. Build up Drill

1. ਕਸ਼ਮੀਰੀ ਹਨ ।
ਕਿੰਨੇ ਕਸ਼ਮੀਰੀ ਹਨ ?
ਤੁਹਾਡੇ ਵਿੱਚੋਂ ਕਿੰਨੇ ਕਸ਼ਮੀਰੀ ਹਨ ?

2. ਉੜੀਸਾ ਵਾਲੇ ਹਨ ।
ਕਿੰਨੇ ਉੜੀਸਾ ਵਾਲੇ ਹਨ ?
ਤੁਹਾਡੇ ਵਿੱਚੋਂ ਕਿੰਨੇ ਉੜੀਸਾ ਵਾਲੇ ਹਨ ?

3. Response Drill

Model 1

ਉਨ੍ਹਾਂ ਵਿੱਚੋਂ ਕਿੰਨੇ ਅਸਾਮੀ ਹਨ ? (ਅੱਠ)
ਉਨ੍ਹਾਂ ਵਿੱਚੋਂ ਅੱਠ ਅਸਾਮੀ ਹਨ।
(1) ਉਨ੍ਹਾਂ ਵਿੱਚੋਂ ਕਿੰਨੇ ਆਂਧਰ ਪਰਦੇਸੀ ਹਨ ? (ਨੌ)
(2) ਇਨ੍ਹਾਂ ਵਿੱਚੋਂ ਕਿੰਨੇ ਉੜੀਆ ਹਨ ? (ਦਸ)
(3) ਇਨ੍ਹਾਂ ਵਿਦਿਆਰੀਥਆਂ ਵਿੱਚੋਂ ਕਿੰਨੇ ਕਸ਼ਮੀਰੀ ਹਨ ? (ਗਿਆਰਾਂ)

Model 2

ਤੁਹਾਡੇ ਵਿੱਚੋਂ ਕਿੰਨੇ ਵਿਦਿਆਰਥੀ ਹਨ ? (ਦੋ)
ਸਾਡੇ ਵਿੱਚੋਂ ਦੋ ਵਿਦਿਆਰਥੀ ਹਨ।
(1) ਤੁਹਾਡੇ ਵਿਚੋਂ ਕਿੰਨੇ ਬੰਗਾਲੀ ਹਨ ? (ਛੇ)
(2) ਤੁਹਾਡੇ ਵਿੱਚੋਂ ਕਿੰਨੇ ਮੱਧ ਪਰਦੇਸੀ ਹਨ ? (ਸੱਤ)
(3) ਤੁਹਾਡੇ ਵਿੱਚੋਂ ਕਿੰਨੇ ਗੁਜਰਾਤੀ ਹਨ ? (ਅਠ)

4. Substitution Drill

1. ਸਾਡੇ ਵਿੱਚੋਂ ਦਸ ਕਸ਼ਮੀਰੀ ਹਨ। (ਸਾਡੇ ਵਿੱਚੋਂ)
(ਉਨ੍ਹਾਂ ਵਿੱਚੋਂ)
(ਇਨ੍ਹਾਂ ਵਿੱਚੋਂ)
(ਉਨ੍ਹਾਂ ਵਿਦਿਆਰਥੀਆਂ ਵਿੱਚੋਂ)
(ਤੁਹਾਡੇ ਵਿੱਚੋਂ)

5. Transformation Drill

Model 1

1. ਉਹ ਕਸ਼ਮੀਰੀ ਹਨ ।
ਉਨ੍ਹਾਂ ਵਿੱਚੋਂ ਕਿੰਨੇ ਕਸ਼ਮੀਰੀ ਹਨ ?
(1) ਅਸੀਂ ਆਂਧਰ ਪਰਦੇਸੀ ਹਾਂ ।
(2) ਤੁਸੀਂ ਆਂਧਰ ਪਰਦੇਸੀ ਹੋ ?
(3) ਇਹ ਮਰਾਠੀ ਹਨ ।
(4) ਉਹ ਗੁਜਰਾਤੀ ਹਨ ।

B. EXERCISES

1. Change the form of the words given in brackets appropriately and fill up the blanks.

(1) ----(ਅਸੀਂ) ਵਿੱਚੋਂ ਦਸ ਵਿਦਿਆਰਥੀ ਹਨ ।
(2) ----(ਤੁਸੀਂ) ਵਿੱਚੋਂ ਬਾਕੀ ਉਹ ਵਿਦਿਆਰਥਣਾਂ ਹਨ ।
(3) ----(ਉਹ) ਵਿੱਚੋਂ ਛੇ ਮਰਾਠੀ ਹਨ ।
(4) ----(ਇਹ) ਕਿਤਾਬਾਂ ਵਿੱਚੋਂ ਕਿੰਨੀਆਂ ਪੰਜਾਬੀ ਦੀਆਂ ਕਿਤਾਬਾਂ ਹਨ ?

2. Choose either ਨੂੰ or ਵਿੱਚੋਂ appropriate y and fill up the blanks.

(1) ਇਨ੍ਹਾਂ ਕਾਗਜ਼ਾਂ ----ਇਕ ਮੇਰਾ ਹੈ ।
(2) ਇਨ੍ਹਾਂ ਵਿਦਿਆਰਥੀਆਂ----ਕਿੰਨੇ ਉਰਦੂ ਵਾਲੇ ਹਨ ?
(3) ਇਨ੍ਹਾਂ ਕਿਤਾਬਾਂ----ਹੱਥ ਨਾ ਲਾਓ ।
(4) ਇਨ੍ਹਾਂ ਵਿਦਿਆਰਥੀਆਂ----ਕੁਝ ਨਹੀਂ ਪਤਾ ।
(5) ਇਨ੍ਹਾਂ ਫਾਇਲਾਂ----ਮੇਰੀ ਫਾਇਲ ਦੇ ਦਿਓ ।
(6) ਇਨ੍ਹਾਂ ਕਮਰਿਆਂ----ਸਾਫ਼ ਕਰੋ ।

3. Write down the answers of the following questions using the numerals given in the brackets.

(1) ਉਹ ਕਿੰਨੇ ਵਿਦਿਆਰਥੀ ਹਨ ? (ਛੇ)
(2) ਤੁਸੀਂ ਕਿੰਨੇ ਆਂਧਰ ਪਰਦੇਸੀ ਹੋ ? (ਅੱਠ)
(3) ਅਸੀਂ ਕਿੰਨੇ ਵਿਦਿਆਰਥੀ ਹਾਂ ? (ਸੱਤ)
(4) ਇਹ ਕਿੰਨੇ ਕਲਰਕ ਹਨ ? (ਦੱਸ)
(5) ਉਹ ਕਿੰਨੇ ਡਾਕਟਰ ਹਨ ? (ਨੌਂ)

C. VOCABULARY

ਵਿੱਚੋਂ	'from inside' 'amongst'	ਇੱਕੋ	'only one'
ਅਸਾਮੀ	'Asami'	ਕਰਨਾਟਕਾ	'Karnataka'
ਤਾਮਿਲ ਨਾਡੂ	'Tamil nadu'	ਮੱਧ ਪ੍ਰਦੇਸ	'Madhya Pradesh'
ਮਰਾਠੀ	'Marathi'	ਕੇਰਲਾ	'Kerala'
ਆਂਧਰ ਪ੍ਰਦੇਸ	'Andhra Pradesh'	ਜੰਮੂ	'Jammu'
ਫਾਇਲ	'file'	ਵੱਖ ਵੱਖ	'different''
ਉੜੀਆ	Oriya	ਗੁਜਰਾਤੀ	'Gujrati'
ਮਹਾਰਾਸ਼ਟਰਾ	Maharashtra'		

D. NOTES

In this lesson ਵਿੱਚੋਂ has been introduced ਵਿੱਚੋਂ means 'from inside' or amongst'.

ਤੁਹਾਡੇ ਵਿੱਚੋਂ ਕਿੰਨੇ ਆਸਾਮੀ ਹਨ ? 'How many amongst you are Assamis ?

UNIT XII **Lesson 49 :**

About a Sari

ਸਰਲਾ : ਸਤਿ ਸ੍ਰੀ ਅਕਾਲ ਗੁਰਨਾਮ ਕੀ ਮੇਰੀ ਸਾੜ੍ਹੀ ਤੁਹਾਡੀ ਅਲ੍ਮਾਰੀ ਵਿੱਚ ਹੈ ?	Greetings, Gurnam, Is my sari in your almirah ?
ਗੁਰਨਾਮ : . ਗੁਰਨਾਮ : ਨਹੀਂ ਮੇਰੀ ਅਲ੍ਮਾਰੀ ਵਿੱਚ ਤਾਂ ਨਹੀਂ ਹੈ ।	No. It is not in my almirah ?
ਸਰਲਾ : ਤਾਂ ਉਹ ਕਿੱਥੇ ਹੈ ?	Where is it then ?
ਗੁਰਨਾਮ : ਮੈ ਨੂੰ ਪਤਾ ਨਹੀਂ ਉਹ ਕਿੱਥੇ ਹੈ ?	I don't know where it is?
ਸਰਲਾ : ਤਾਂ ਧੋਬਣ ਕੋਲ ਹੋਣੀ ਹੈ ।	Then it must be with the washerwoman.
ਗੁਰਨਾਮ : ਉਹ ਵੇਖੋ, ਇਹ ਕੀ ਹੈ ?	Look, what is there ?
ਸਰਲਾ : ਕਿੱਥੇ ?	Where ?
ਗੁਰਨਾਮ : ਉਹ ਕੁਰਸੀ ਦੇ ਉੱਤੇ, ਕਪੜਿਆਂ ਥੱਲੇ ।	That on the chair, under the clothes.
ਸਰਲਾ : ਇਹ ਮੇਰੀ ਸਾੜ੍ਹੀ ਨਹੀਂ ।	This is not my sari.
ਗਰਨਾਮ : ਤਾਂ ਤੁਹਾਡੀ ਸਾੜ੍ਹੀ ਇੱਥੇ ਨਹੀਂ ਹੈ ।	Your sari is not here.
ਸ਼ਾਇਦ ਧੋਬਣ ਕੋਲ ਹੀ ਹੈ ।	It is perhaps with the washerwoman.
ਸਰਲਾ : ਆਪਣੀਆਂ ਸਾੜ੍ਹੀਆਂ ਵਿਖਾ ਮੈਂ ਅੱਜ ਸ਼ਾਮੀ ਪਾਉਣੀ ਹੈ ।	Show me your saris. I have to wear one this evening ?
ਗੁਰਨਾਮ : ਅਲ੍ਮਾਰੀ ਵਿੱਚੋਂ ਕੱਢ ਲੈ ।	Take out from the almirah?
ਸਰਲਾ : ਅਲ੍ਮਾਰੀ ਵਿੱਚੋਂ ਕਿਹੜੀ ਸਾੜ੍ਹੀ ਕੱਢਾਂ ?	Which sari shall I take out from the almirah ?

ਗੁਰਨਾਮ : ਵੇਖ ਲੈ, ਜਿਹੜੀ ਸਾੜ੍ਹੀ ਤੈਨੂੰ ਚੰਗੀ ਲਗਦੀ ਹੈ । ਲੈ ਲੈ ।

Look, whichever sari you like you take.

ਸਰਲਾ : ਮੈਨੂੰ ਤੇਰੀ ਪੀਲੀ ਫੁੱਲਾਂ ਵਾਲੀ ਸਾੜ੍ਹੀ ਪਾਉਣੀ ਸੀ, ਉਹ ਤਾਂ ਨਜ਼ਰ ਹੀਂ ਨਹੀ ਆ ਰਹੀ ।

I wanted to wear your yellow flowered sari. That is not here.

ਗੁਰਨਾਮ : ਉਹ ਸਾੜ੍ਹੀ ਮੇਰੀ ਵੱਡੀ ਭੈਣ ਕੋਲ ਹੈ ।

That sari is with my elder sister.

ਅਲਮਾਰੀ ਵਿੱਚ ਨਹੀਂ ਹੈ । ਤੁਸੀਂ ਕੋਈ ਹੋਰ ਸਾੜ੍ਹੀ ਪਾ ਲਓ ।

It is not in the almirah. You wear some other sari.

ਸਰਲਾ : ਠੀਕ ਹੈ, ਮੈਂ ਇਹ ਬੈਂਗਣੀ ਸਾੜ੍ਹੀ ਪਾ ਲੈਂਦੀ ਹਾਂ । ਤੇਰੇ ਕੋਲ ਬਹੁਤ ਸਾੜ੍ਹੀਆਂ ਹਨ । ਚੁਣਨਾ ਮੁਸ਼ਕਿਲ ਹੋ ਜਾਂਦਾ ਹੈ ।

Alright, I will wear this purple sari. You have got too many saris. It becomes difficult to select.

A. DRILLS

1 Repetition Drill

ਕੀ ਮੇਰੀ ਸਾੜ੍ਹੀ ਤੁਹਾਡੀ ਅਲ੍ਹਮਾਰੀ ਵਿੱਚ ਹੈ ?
ਤਾਂ ਉਹ ਕਿੱਥੇ ਹੈ ?
ਮੈ ਨੂੰ ਪਤਾ ਨਹੀਂ ਉਹ ਕਿੱਥੇ ਹੈ ?
ਤਾਂ ਧੋਬਣ ਕੋਲ ਹੋਣੀ ਹੈ ।
ਆਪਣੀਆਂ ਸਾੜ੍ਹੀਆਂ ਵਿਖਾ ।

ਉਹ ਕੁਰਸੀ ਦੇ ਉੱਤੇ ਕਪੜਿਆਂ ਥੱਲੇ ਕੀ ਹੈ ?
ਸ਼ਾਇਦ ਧੋਬਣ ਕੋਲ ਹੈ ।
ਅੱਜ ਸ਼ਾਮੀਂ ਮੈਂ ਪਾਉਣੀ ਹੈ ।
ਅਲ੍ਹਮਾਰੀ ਵਿੱਚੋਂ ਕੱਢ ਲੈ ।

2. Build up and Expansion Drill

1. ਕਿਤਾਬ
ਮੇਰੀ ਕਿਤਾਬ ਹੈ ।
ਅਲ੍ਹਮਾਰੀ ਵਿੱਚ ਮੇਰੀ ਕਿਤਾਬ ਹੈ ।
ਤੁਹਾਡੀ ਅਲ੍ਹਮਾਰੀ ਵਿੱਚ ਮੇਰੀ ਕਿਤਾਬ ਹੈ ।

2. ਇਹ ਸਾੜ੍ਹੀ
ਇਹ ਸਾੜ੍ਹੀ ਕਿਸ ਦੀ ਹੈ ?
ਇਸ ਟ੍ਰੰਕ ਵਿੱਚ ਇਹ ਸਾੜ੍ਹੀ ਕਿਸ ਦੀ ਹੈ ?
ਇਸ ਨਵੇਂ ਟ੍ਰੰਕ ਵਿੱਚ ਇਹ ਸਾੜ੍ਹੀ ਕਿਸ ਦੀ ਹੈ ?

3. Response Drill

Model 1

ਮੇਰੀ ਸਾੜ੍ਹੀ ਕਿੱਥੇ ਹੈ ?
ਮੈਨੂੰ ਪਤਾ ਨਹੀਂ ਉਹ ਕਿੱਥੇ ਹੈ ।
(1) ਮੇਰੀ ਕਿਤਾਬ ਕਿੱਥੇ ਹੈ ?
(2) ਮੇਰੀ ਕਮੀਜ਼ ਕਿੱਥੇ ਹੈ ?
(3) ਮੇਰਾ ਬਸਤਾ ਕਿੱਥੇ ਹੈ ?
(4) ਮੇਰਾ ਥੈਲਾ ਕਿੱਥੇ ਹੈ ?

Model 2

ਇਨ੍ਹਾਂ ਵਿੱਚੋਂ ਕਿਹੜੀ ਸਾੜ੍ਹੀ ਤੁਹਾਡੀ ਹੈ ?
ਇਨ੍ਹਾਂ ਵਿੱਚੋਂ ਇਹ ਸਾੜ੍ਹੀ ਮੇਰੀ ਹੈ ।
(1) ਇਨ੍ਹਾਂ ਵਿਚੋਂ ਕਿਹੜੀ ਕਮੀਜ਼ ਤੁਹਾਡੀ ਹੈ ?
(2) ਇਨ੍ਹਾਂ ਵਿਚੋਂ ਕਿਹੜਾ ਕੁੜਤਾ ਤੁਹਾਡਾ ਹੈ ?
(3) ਇਨ੍ਹਾਂ ਵਿਚੋਂ ਕਿਹੜੀ ਕਿਤਾਬ ਤੁਹਾਡੀ ਹੈ ?

Model 3

ਇਹ ਤੇਰੀ ਕਿਤਾਬ ਹੈ ?
ਨਹੀਂ, ਇਹ ਮੇਰੀ ਕਿਤਾਬ ਨਹੀਂ ਹੈ।
(1) ਇਹ ਤੁਹਾਡਾ ਘਰ ਹੈ ?
(2) ਉਹ ਤੁਹਾਡੀ ਘੜੀ ਹੈ ?
(3) ਇਹ ਤੇਰੀ ਸਾੜ੍ਹੀ ਹੈ ?

B. EXERCISES

1. Write down the answers of the following questions as per the model given below.

Model 1

ਮੇਰੀ ਸਾੜ੍ਹੀ ਕਿੱਥੇ ਹੈ ? (ਧੋਬਣ)
ਤੁਹਾਡੀ ਸਾੜ੍ਹੀ ਧੋਬਣ ਕੋਲ ਹੈ।
(1) ਮੇਰੀ ਕਿਤਾਬ ਕਿੱਥੇ ਹੈ ? (ਰਾਮ)
(2) ਰੋਸ਼ਨ ਦੀ ਕਲਮ ਕਿੱਥੇ ਹੈ ? (ਮੇਰੇ)
(3) ਉਹ ਦੀ ਕਮੀਜ਼ ਕਿੱਥੇ ਹੈ ? (ਧੋਬੀ)
(4) ਤੁਹਾਡਾ ਬਸਤਾ ਕਿੱਥੇ ਹੈ ? (ਮੇਰੇ ਦੋਸਤ)
(5) ਉਹ ਦੀਆਂ ਸਾਰੀਆਂ ਪੈਨਸਿਲਾਂ ਕਿੱਥੇ ਹਨ ? (ਉਹ ਦੇ ਪਿਤਾ ਜੀ)

2. Transform the following affirmative sentences into negative sentences.

(1) ਤੁਹਾਡੀ ਸਾੜ੍ਹੀ ਅਲ੍ਮਾਰੀ ਵਿੱਚ ਹੈ।
(2) ਤੇਰੀ ਕਿਤਾਬ ਮੇਜ਼ ਉੱਤੇ ਹੈ।
(3) ਰੋਸ਼ਨ ਦੀ ਕਮੀਜ਼ ਧੋਬਣ ਕੋਲ ਹੈ।
(4) ਉਹ ਦੀ ਸਾੜ੍ਹੀ ਇੱਥੇ ਹੈ।
(5) ਮੈਂ ਅੱਜ ਸ਼ਾਮੀ ਸਾੜ੍ਹੀ ਪਾਉਣੀ ਹੈ।

3. Fill up the blanks with appropriate words.

(1) ਮੈ ਨੂੰ ਆਪਣੀ ਸਾੜ੍ਹੀ----।
(2) ਅਲ੍ਮਾਰੀ----ਕੱਢ ਲੈ।
(3) ਅੱਜ ਸ਼ਾਮੀ ਸਾੜ੍ਹੀ----।
(4) ਉਹ ਕੁਰਸੀ---ਕਪੜਿਆਂ---ਵੇਖ।
(5) ਮੇਰੀ ਅਲ੍ਮਾਰੀ ----ਨਹੀਂ ਹੈ।
(6) --------- ਸਾੜ੍ਹੀ ਕਿੱਥੇ ਹੈ ?
(7) ਤਾਂ ਧੋਬਣ ਕੋਲ---------।

C. VOCABULARY

ਅਲਮਾਰੀ	'almirah' (f)	ਮੁਸ਼ਕਿਲ	'difficult'
ਪਤਾ ਨਹੀਂ	'don't know'	ਥੱਲੇ	'under'
ਪਾ ਲੈਣਾ	'to put on,	ਕੱਢ ਲੈਣਾ	'to take out'
ਪਾਉਣਾ	to wear'	ਨੂੰ	'to'
ਪੀਲੀ ਫੁੱਲਾਂ ਵਾਲੀ	'the one with yellow flowers	ਬੈਂਗਣੀ	'purple'
		ਚੁਣਨਾ	'to select'

UNIT XII

Lesson 50

How many days it takes from here to your village ?

ਸੁਰਜੀਤ :	ਮਨੋਹਰ ਤੁਹਾਨੂੰ ਆਪਣੇ ਪਿੰਡ ਤੋਂ ਇੱਥੇ ਆਉਣ ਵਿਚ ਕਿੰਨੇ ਦਿਨ ਲਗਦੇ ਹਨ।	Manohar, how many days it takes to reach here from your village ?
ਮਨੋਹਰ :	ਤਿੰਨ ਰਾਤਾਂ ਤੇ ਦੋ ਦਿਨ ਲਗਦੇ ਹਨ।	It takes three nights and two days.
ਸੁਰਜੀਤ :	ਤਾਂ ਤੇ ਤੁਹਾਡਾ ਪਿੰਡ ਇੱਥੋਂ ਬਹੁਤ ਦੂਰ ਹੈ।	Then, your village is very far from this place.
ਮਨੋਹਰ :	ਹਾਂ ਜੀ, ਤਕਰੀਬਨ ਦੋ ਹਜ਼ਾਰ ਕਿਲੋਮੀਟਰ। ਲਗ ਭਗ ਅਠਾਰਾਂ ਸੌ ਕਿਲੋਮੀਟਰ ਗੱਡੀ ਦਾ ਸਫ਼ਰ ਹੈ ਉਸ ਤੋਂ ਬਾਅਦ ਦੋ ਸੌ ਕਿਲੋ-ਮੀਟਰ ਬਸ ਦਾ ਸਫ਼ਰ ਹੈ।	Yes, it is about two thousand kilometers. The train journey is about 1800 kilometers and then it is 200 kilometers by bus.
ਸੁਰਜੀਤ :	ਪਾਂਡਾ ਸਾਹਿਬ, ਤੁਹਾਡਾ ਪਿੰਡ ਇੱਥੋਂ ਕਿੰਨੀ ਦੂਰ ਹੈ।	Mr. Panda, how far is your village from here ?
ਪਾਂਡਾ :	ਤਕਰੀਬਨ ਪੰਜ ਸੌ ਮੀਲ ਹੋਵੇਗਾ।	About five hundred miles.
ਸੁਰਜੀਤ :	ਕੀ ਦੋ ਦਿਨ ਦਾ ਸਫ਼ਰ ਹੈ ?	Is it two days journey ?
ਪਾਂਡਾ :	ਨਹੀਂ ਦੋ ਦਿਨ ਦੀ ਲੋੜ ਨਹੀਂ ਇਕ ਰਾਤ ਤੇ ਇਕ ਦਿਨ ਬਸ। ਤੁਹਾਨੂੰ ਕਿੰਨੇ ਦਿਨ ਲਗਦੇ ਹਨ ?	No it does not need two days. It takes only a night and a day. How many days do you require ?
ਸੁਰਜੀਤ :	ਮੈਂ ਤਾਂ ਇੱਥੋਂ ਦਾ ਰਹਿਣ ਵਾਲਾ ਹਾਂ।	I belong to this place only.
ਪਾਂਡਾ :	ਅੱਛਾ ਤਾਂ ਤੁਹਾਡਾ ਘਰ ਕਿੰਨੀ ਦੂਰ ਹੈ ?	I see. How far is your house ?

ਸੁਰਜੀਤ : ਬਹੁਤ ਨੇੜੇ ਹੈ । ਕਈ ਦੋ ਤਿੰਨ ਕੁ ਫਰਲਾਂਗ ਹੈ । — It is very near. It is only about two furlongs.

ਪਾਂਡਾ : ਤਾਂ ਤੇ ਬਹੁਤ ਅੱਛਾ ਹੈ । — It is very easy then.

A. DRILLS

1. Repetition Drill

ਪਟਿਆਲੇ ਤੋਂ ਸਾਡੇ ਸ਼ਹਿਰ ਤੱਕ ਦੋ ਦਿਨ ਦਾ ਸਫ਼ਰ ਹੈ।
ਪਟਿਆਲਿਉਂ ਸਾਡਾ ਸ਼ਹਿਰ ਛੇ ਸੌ ਚੌਂਠ ਮੀਲ ਦੂਰ ਹੈ ।
ਇੱਥੋਂ ਤੁਹਾਡਾ ਸ਼ਹਿਰ ਕਿੰਨੀ ਦੂਰ ਹੈ ?
ਮੇਰੇ ਘਰ ਤੋਂ ਤੁਹਾਡਾ ਘਰ ਤਕਰੀਬਨ ਚਾਰ ਮੀਲ ਦੂਰ ਹੈ ।
ਦਫਤਰ ਤੋਂ ਬਸ ਅੱਡਾ ਤਕਰੀਬਨ ਦੋ ਫਰਲਾਂਗ ਦੂਰ ਹੈ।
ਸਾਡੇ ਸ਼ਹਿਰ ਤੋਂ ਤੁਹਾਡਾ ਸ਼ਹਿਰ ਤਕਰੀਬਨ ਇਕ ਸੌ ਪੰਜਾਹ ਕਿਲੋਮੀਟਰ ਹੈ।

2. Build up and Expansion Drill

1. ਸਫ਼ਰ ਹੈ।
ਦਿਨ ਦਾ ਸਫ਼ਰ ਹੈ ?
ਕਿੰਨੇ ਦਿਨ ਦਾ ਸਫ਼ਰ ਹੈ ?
ਸ਼ਹਿਰ ਨੂੰ ਕਿੰਨੇ ਦਿਨ ਦਾ ਸਫ਼ਰ ਹੈ ?
ਤੁਹਾਡੇ ਸ਼ਹਿਰ ਨੂੰ ਕਿੰਨੇ ਦਿਨ ਦਾ ਸਫ਼ਰ ਹੈ ?
ਇੱਥੋਂ ਤੁਹਾਡੇ ਸ਼ਹਿਰ ਨੂੰ ਕਿੰਨੇ ਦਿਨ ਦਾ ਸਫ਼ਰ ਹੈ ?

2. ਸਫ਼ਰ ਹੈ ।
ਗੱਡੀ ਦਾ ਸਫ਼ਰ ਹੈ ।
ਚਾਰ ਕਿਲੋ ਮੀਟਰ ਦਾ ਗੱਡੀ ਦਾ ਸਫ਼ਰ ਹੈ ।
ਇਕ ਸੌ ਚਾਰ ਕਿਲੋ ਮੀਟਰ ਦਾ ਗੱਡੀ ਦਾ ਸਫ਼ਰ ਹੈ ।
ਤਕਰੀਬਨ ਇਕ ਸੌ ਚਾਰ ਕਿਲੋਮੀਟਰ ਦਾ ਗੱਡੀ ਦਾ ਸਫ਼ਰ ਹੈ ।

3. Response Drill

Model 1

ਤੁਹਾਡਾ ਸ਼ਹਿਰ ਇੱਥੋਂ ਕਿੰਨੀ ਦੂਰ ਹੈ ? (ਚਾਰ ਸੌ ਸਤਾਸੀ ਕਿਲੋ ਮੀਟਰ)
ਮੇਰਾ ਸ਼ਹਿਰ ਇੱਥੋਂ ਚਾਰ ਸੌ ਸਤਾਸੀ ਕਿਲੋ ਮੀਟਰ ਦੂਰ ਹੈ ।
(1) ਤੁਹਾਡਾ ਪਿੰਡ ਇਥੋਂ ਕਿੰਨੀ ਦੂਰ ਹੈ ? (ਛੇ ਸੌ ਤਿਰਾਨਵੇਂ)
(2) ਤੁਹਾਡੇ ਪਿੰਡ ਤੋਂ ਸ਼ਹਿਰ ਕਿੰਨੀ ਦੂਰ ਹੈ । (ਇੱਕ ਸੌ ਛਿਆਸੀ)
(3) ਤੁਹਾਡੇ ਸਕੂਲ ਤੋਂ ਤੁਹਾਡਾ ਘਰ ਕਿੰਨੀ ਦੂਰ ਹੈ ? (ਨਿਨਾਨਵੇਂ)
(4) ਤੁਹਾਡਾ ਕਾਲਜ ਤੁਹਾਡੇ ਘਰ ਤੋਂ ਕਿੰਨੀ ਦੂਰ ਸੀ ? (ਪੰਜਾਹ)

Model 2

ਕੀ ਤੁਹਾਡੇ ਸ਼ਹਿਰ ਤੱਕ ਇੱਥੋਂ ਛੇ ਦਿਨ ਦਾ ਸਫ਼ਰ ਹੈ ? (ਚਾਰ ਦਿਨ)
ਛੇ ਦਿਨ ਦੀ ਲੋੜ ਨਹੀਂ ਬਸ ਸਿਰਫ ਚਾਰ ਦਿਨ ਲਗਦੇ ਹਨ ।
(1) ਕੀ ਤੁਹਾਡੇ ਸ਼ਹਿਰ ਤੱਕ ਦੋ ਦਿਨ ਦਾ ਸਫ਼ਰ ਹੈ ? (ਇਕ ਦਿਨ)
(2) ਕੀ ਮਦਰਾਸ ਤੱਕ ਇੱਥੋਂ ਚਾਰ ਦਿਨ ਦਾ ਸਫ਼ਰ ਹੈ ? (ਤਿੰਨ ਦਿਨ)

4. Substitution Drill

1. ਪਟਿਆਲੇ ਤੋਂ ਸਾਡੇ ਸ਼ਹਿਰ ਤੱਕ ਪੱਚਾਨਵੇਂ ਕਿਲੋਮੀਟਰ ਹੈ। (ਪਟਿਆਲੇ ਤੋਂ)
(ਚੰਡੀਗੜ੍ਹ ਤੋਂ)
(ਦਿੱਲੀ ਤੋਂ)
(ਲੁਧਿਆਣੇ ਤੋਂ)
(ਜਲੰਧਰ ਤੋਂ)

2. ਪਟਿਆਲੇ ਤੋਂ ਤੁਹਾਡੇ ਸ਼ਹਿਰ ਤੱਕ ਇਕ ਸੌ ਵੀਹ ਕਿਲੋਮੀਟਰ ਹੈ। (ਇੱਕ ਸੌ ਵੀਹ)
(ਛਿਆਨਵੇਂ)
(ਉਨਾਨਵੇਂ)
(ਨਵੇਂ)
(ਉਨਾਸੀ)

5. EXERCISES

1. Write down the answers of the following questions

(1) ਤੁਹਾਡੇ ਸ਼ਹਿਰ ਤੱਕ ਇੱਥੋਂ ਕਿੰਨੇ ਦਿਨ ਦਾ ਸਫ਼ਰ ਹੈ ?
(2) ਤੁਹਾਡਾ ਸ਼ਹਿਰ ਪਟਿਆਲੇ ਤੋਂ ਕਿੰਨੀ ਦੂਰ ਹੈ ?
(3) ਪਟਿਆਲੇ ਤੋਂ ਚੰਡੀਗੜ੍ਹ ਕਿੰਨੀ ਦੂਰ ਹੈ ?
(4) ਤੁਹਾਡਾ ਕਾਲਜ ਤੁਹਾਡੇ ਘਰ ਤੋਂ ਕਿੰਨੀ ਦੂਰ ਹੈ ?

2. Make as many sentences as possible using the words given in the tabular column

(ੳ)	ਮੇਰਾ	ਸ਼ਹਿਰ ਪਿੰਡ	ਪਟਿਆਲੇ ਤੋਂ ਇਥੋਂ	ਤਕਰੀਬਨ ਲਗ ਭਗ	ਛਿਆਨਵੇਂ ਮੀਲ ਛੇ ਸੌ ਅੱਸੀ ਮੀਲ ਇਕ ਸੌ ਵੀਹ ਮੀਲ	ਦੂਰ ਹੈ

(ਅ)	ਮੇਰਾ	ਘਰ ਸ਼ਹਿਰ ਦਫ਼ਤਰ	ਇੱਥੋਂ	ਬਹੁਤ	ਦੂਰ ਨੇੜੇ	ਹੈ

3. Fill up the blanks with appropriate words

(1) ਤੁਹਾਡਾ ਪਿੰਡ-----ਕਿੰਨੀ ਦੂਰ ਹੈ ?
(2) ਤੁਹਾਨੂੰ ਆਪਣੇ ਪਿੰਡ-----ਇੱਥੇ ਆਉਣ----------ਕਿੰਨੇ ਦਿਨ ਲਗਦੇ ਹਨ ?
(3) ਦੋ ਦਿਨ-----ਸਫ਼ਰ ਹੈ ।
(4) ਨਹੀਂ ਦੋ ਦਿਨ-----ਲੋੜ ਨਹੀਂ ।
(5) ਮੈਂ-----ਇੱਥੋਂ-----ਰਹਿਣ ਵਾਲਾ ਹਾਂ ।
(6) ਮੇਰਾ ਪਿੰਡ -----ਨੇੜੇ ਹੈ ।

C. VOCABULARY

ਲਗਦੇ ਹਨ	'take'	ਹਜ਼ਾਰ	'thousand'
ਤਕਰੀਬਨ	'about'	ਇੱਥੋਂ	'from here'
ਸਫ਼ਰ	'journey'	ਲਗ ਭਗ	'almost'
ਕਿੰਨੀ ਦੂਰ	'how far'	ਕਿਲੋਮੀਟਰ	'kilometer'
ਲੋੜ	'need'	ਮੀਲ	'mile'
ਰਹਿਣ ਵਾਲਾ ਹਾਂ	'I belong'	ਬਹੁਤ ਨੇੜੇ	'very near'
ਕੂ	'emphatic' 'particle'	ਫਰਲਾਂਗ	'furlong'
		ਉੱਥੋਂ	'from there'
ਕੋਈ	'about'	ਕਿੱਥੋਂ	'from where'

D. NOTES

The adverbs of place, and post positions ਵਿੱਚ, ਅੰਦਰ etc., are inflected for ablative case.

ਇੱਥੇ	'here'	ਇੱਥੋਂ	'from here'
ਉੱਥੇ	'there'	ਉਥੋਂ	'from there'
ਕਿੱਥੇ	'where'	ਕਿੱਥੋਂ	'from where'
ਵਿੱਚ	'in'	ਵਿੱਚੋਂ	'from inside'
ਅੰਦਰ		ਅੰਦਰੋਂ	'from in inside'
ਬਾਹਰ		ਬਾਹਰੋਂ	'from outside'
ਉੱਤੇ		ਉੱਤੋਂ	'from above'
ਥੱਲੇ		ਥੱਲਿਉਂ	'from below'
ਨਾਲ		ਨਾਲੋਂ	'from with'
ਕੋਲ		ਕੋਲੋਂ	'from near'
ਪਿੱਛੇ		ਪਿੱਛੋਂ	'from behind'
ਅੱਗੇ		ਅੱਗੋਂ	'from before'
ਵੱਲ		ਵੱਲੋਂ	'from the direction of'

UNIT XII **Lesson 51**

In a Hotel

ਸ਼ਰਮਾ : ਸੁਣਨਾ, ਮੈਂ ਹੋਟਲ ਜਾਣਾ ਚਾਹੁੰਦਾ ਹਾਂ।	Please listen, I want to go to a hotel.
ਅਧਿਆਪਕ : ਕਿਹੜੇ ਹੋਟਲ ?	Which hotel ?
ਸ਼ਰਮਾ : ਕਿਸੇ ਨੇੜੇ ਦੇ ਹੋਟਲ। ਜਿਥੇ ਮੈਂ ਰਾਤੀਂ ਠਹਿਰ ਵੀ ਸਕਾਂ ਤੇ ਰੋਟੀ ਵੀ ਖਾ ਸਕਾਂ।	Any near by hotel, where I may be able to stay and take food also.
ਅਧਿਆਪਕ : ਤੁਸੀਂ ਇੱਥੋਂ ਸਿੱਧੇ ਜਾਓ ਤੇ ਫਿਰ ਸੱਜੇ ਹੱਥ ਮੁੜ ਜਾਣਾ, ਉੱਥੇ ਇੱਕ ਹੋਟਲ ਹੈ।	Go straight from here and turn to the right side, there is a hotel over there.
ਸ਼ਰਮਾ : ਹੋਟਲ ਦਾ ਕੀ ਨਾਂ ਹੈ ?	What is the name of the hotel ?
ਅਧਿਆਪਕ : ਕਾਰਨਰ ਹੋਟਲ।	Corner hotel.
ਸ਼ਰਮਾ : ਕੀ ਇਹ ਚੰਗਾ ਹੋਟਲ ਹੈ ?	Is it a good hotel ?
ਅਧਿਆਪਕ : ਇਹ ਹੋਟਲ ਬੜਾ ਚੰਗਾ ਹੈ।	This hotel is very good.
ਸ਼ਰਮਾ : ਅੱਛਾ ਜੀ, ਧੰਨਵਾਦ।	Alright. Thanks.
(ਫਿਰ ਉਹ ਹੋਟਲ ਦੇ ਅੰਦਰ ਜਾਂਦਾ ਹੈ ਅਤੇ ਇਕ ਚਪੜਾਸੀ ਤੋਂ ਪੁੱਛਦਾ ਹੈ)	(Then he goes into the hotel and asks a chowkidar)
ਸ਼ਰਮਾ : ਹੋਟਲ ਦੇ ਮੈਨੇਜਰ ਸਾਹਿਬ ਕਿੱਥੇ ਹਨ ?	Where is the Manager of the hotel.
ਚਪੜਾਸੀ : ਨਾਲ ਦੇ ਕਮਰੇ ਵਿੱਚ।	He is in the next room.
ਸ਼ਰਮਾ : ਮੈਨੇਜਰ ਸਾਹਿਬ, ਸਤਿ ਸ੍ਰੀ ਅਕਾਲ। ਮੈਂ ਨੂੰ ਇੱਕ ਦਿਨ ਵਾਸਤੇ ਕਮਰੇ ਦੀ ਜ਼ਰੂਰਤ ਹੈ।	Manager Sahib, Sat Siri Akal. I need a room for a day.

ਮੈਨੇਜਰ : ਨਾਲ ਦੇ ਕਮਰੇ ਵਿੱਚ ਕਲਰਕ ਪਾਸ ਚਲੇ ਜਾਓ ।	Please go to the clerk in the next room.
ਸ਼ਰਮਾ : ਧੰਨਵਾਦ ।	Thanks.
ਕੋਈ ਕਮਰਾ ਖਾਲ੍ਹੀ ਹੈ ? ਮੈਂ ਅੱਜ ਰਾਤ ਠਹਿਰਨਾ ਹੈ ।	Is there any room vacant ? I have to stay for a night.
ਕਲਰਕ : ਹਾਂ ਜੀ ਖਾਲ੍ਹੀ ਹੈ । ਤੁਹਾਨੂੰ ਕਿਹੋ ਜਿਹਾ ਕਮਰਾ ਚਾਹੀਦਾ ਹੈ । ਸਿੰਗਲ ਜਾਂ ਡਬਲ ਬੈਡ ?	Yes Sir, a room is vacant. What type of room do you want ? Single or double bed ?
ਸ਼ਰਮਾ : ਸਿੰਗਲ ਬੈਡ ।	Single bed.
ਕਲਰਕ : ਅੱਠ ਰੁਪਏ ਐਡਵਾਂਸ ਦੇ ਦਿਓ ।	Please pay eight rupees in advance.
ਸ਼ਰਮਾ : ਲਓ ਜੀ ।	Please take it.
ਕਲਰਕ : ਪੌੜੀ ਚੜ੍ਹਕੇ ਖੱਬੇ ਹੱਥ ਨੌ ਨੰਬਰ ਕਮਰੇ ਵਿੱਚ ਸਮਾਨ ਰੱਖ ਲਵੋ ।	Climb up the stairs. Keep your luggage in the room number nine, on the left hand side.
ਸ਼ਸਮਾ : ਅੱਛਾ ਜੀ ।	O.K.
ਕਲਰਕ : ਬਟਨ ਦਬਾ ਦੇਣਾ । ਰੋਟੀ ਚਾਹ, ਜਿਸ ਚੀਜ਼ ਦੀ ਲੋੜ ਹੋਵੇ ਬੈਹਰਾ ਪਹੁੰਚਾ ਦੇਵੇਗਾ ।	You can press the bell. What ever you need food, tea, etc. the waiter will serve you.
ਸ਼ਰਮਾ : ਧੰਨਵਾਦ ।	Thank you.

A. DRILLS

1. Repetition Drill

ਹੋਟਲ ਦੇ ਮੈਨੇਜਰ ਸਾਹਿਬ ਕਿੱਥੇ ਹਨ ?	ਆਓ, ਮੇਰੇ ਨਾਲ ।
ਮੈਨੂੰ ਇੱਕ ਕਮਰੇ ਦੀ ਜ਼ਰੂਰਤ ਹੈ ।	ਮੈਂ ਤੁਹਾਨੂੰ ਕਮਰਾ ਵਿਖਾ ਦਿੰਦਾ ਹਾਂ ।
ਅਡਵਾਂਸ ਦੇ ਦਿਓ ।	ਇਸ ਕਮਰੇ ਵਿੱਚ ਸਭ ਆਰਾਮ ਹਨ ।
ਕਲਰਕ ਪਾਸ ਚਲੇ ਜਾਓ ।	ਕਮਰੇ ਦਾ ਕਿੰਨਾ ਕਿਰਾਇਆ ਹੈ ?
ਸਮਾਨ ਰੱਖ ਲਵੋ ।	ਗਰਮ ਪਾਣੀ ਮਿਲੇਗਾ ?

2. Substitution Drill

1. ਮੈਂ ਸਮਾਨ ਰੱਖ ਲਵਾਂਗਾ । (ਰੱਖ ਲੈ--)
(ਪਹੁੰਚਾ ਦੇ--)
(ਦੇ ਦੇ--)
(ਲਿਆ ਦੇ--)

2. ਅਸੀਂ ਸਮਾਨ ਰੱਖ ਲਈਏ । (ਰੱਖ ਲੈ--)
(ਲੈ ਲੈ--)
(ਦੇ ਦੇ--)
(ਪਹੁੰਚਾ ਦੇ--)

3. ਸੱਜੇ ਹੱਥ ਮੁੜ ਕੇ ਦੂਜਾ ਕਮਰਾ ਹੈ। (ਦੂਜਾ)
(ਤੀਜਾ)
(ਚੌਥਾ)
(ਪੰਜਵਾਂ)

4. ਖੱਬੇ ਹੱਥ ਮੁੜ ਕੇ ਪਹਿਲੇ ਕਮਰੇ ਵਿਚ ਸਮਾਨ ਰੱਖ ਲਵੋ। (ਪਹਿਲੇ ਕਮਰੇ ਵਿੱਚ)
(ਛੇਵੇਂ)
(ਨੌਂਵੇਂ)
(ਅੱਠਵੇਂ)

5. ਅਸੀਂ ਦੋਵੇਂ ਤੁਹਾਡੇ ਨਾਲ ਜਾਣਾ ਚਾਹੁੰਦੇ ਹਾਂ। (ਦੋਵੇਂ)
(ਤਿੰਨੇ)
(ਚਾਰੇ)
(ਪੰਜੇ)

6. ਸਾਨੂੰ ਦੋਹਾਂ ਨੂੰ ਇਨਾਮ ਮਿਲਿਆ ਹੈ। (ਦੋਹਾਂ ਨੂੰ)
(ਤਿੰਨਾਂ ਨੂੰ)
(ਚਾਰਾਂ ਨੂੰ)
(ਪੰਜਾਂ ਨੂੰ)

3. Transformation Drill

Model 1

ਮੈਂ ਸਮਾਨ ਲੈ ਜਾਵਾਂ।
ਮੈਂ ਸਮਾਨ ਨਾ ਲੈ ਜਾਵਾਂ।

(1) ਮੈਂ ਸਮਾਨ ਰੱਖ ਜਾਵਾਂ।
(2) ਉਹ ਸਮਾਨ ਲੈ ਜਾਵੇ।
(3) ਅਸੀਂ ਸਮਾਨ ਪਹੁੰਚਾ ਦਈਏ।
(4) ਮੈਂ ਸਮਾਨ ਰੱਖ ਆਵਾਂ।

Model 2

ਮੈਂ ਸਮਾਨ ਰੱਖਾਂਗਾ।
ਮੈਂ ਸਮਾਨ ਨਹੀਂ ਰਖਾਂਗਾ।

(1) ਮੈਂ ਰੋਟੀ ਖਾਵਾਂਗਾ।
(2) ਮੈਂ ਗਰਮ ਪਾਣੀ ਨਾਲ ਨ੍ਹਾਵਾਂਗਾ।
(3) ਅਸੀਂ ਚਾਹ ਪੀਵਾਂਗੇ।
(4) ਤੁਸੀਂ ਖਾਣਾ ਖਾਉਗੇ।

Model 3

ਉਹ ਹੋਟਲ ਅੰਦਰ ਜਾਂਦਾ ਹੈ।
ਉਹ ਹੋਟਲ ਅੰਦਰ ਜਾਂਦੀ ਹੈ।

(1) ਉਹ ਕਮਰੇ ਦੇ ਅੰਦਰ ਜਾਂਦਾ ਹੈ।
(2) ਮੈਂ ਦਫ਼ਤਰ ਦੇ ਅੰਦਰ ਜਾਂਦਾ ਹਾਂ।
(3) ਮੈਂ ਕਲਰਕ ਤੋਂ ਪੁੱਛਦਾ ਹਾਂ।
(4) ਮੈਂ ਹੋਟਲ ਜਾਣਾ ਚਾਹੁੰਦਾ ਹਾਂ।
(5) ਉਹ ਇੱਥੇ ਬੈਠਣਾ ਚਾਹੁੰਦਾ ਹੈ।
(6) ਮੈਂ ਤੁਹਾਨੂੰ ਕਮਰਾ ਵਿਖਾ ਦਿੰਦਾ ਹਾਂ।
(7) ਤੂੰ ਮੈਨੂੰ ਕਿੱਥੇ ਲੈ ਜਾਂਦਾ ਹੈਂ ?

Model 4

ਉਹ ਕਮਰੇ ਦੇ ਅੰਦਰ ਜਾਂਦੇ ਹਨ।
ਉਹ ਕਮਰੇ ਦੇ ਅੰਦਰ ਜਾਂਦੀਆਂ ਹਨ।

(1) ਉਹ ਹੋਟਲ ਦੇ ਅੰਦਰ ਜਾਂਦੇ ਹਨ।
(2) ਉਹ ਦਫ਼ਤਰ ਤੋਂ ਬਾਹਰ ਆਉਂਦੇਹਨ।
(3) ਅਸੀਂ ਕਲਰਕ ਤੋਂ ਪੁੱਛਦੇ ਹਾਂ।
(4) ਤੁਸੀਂ ਕਿਹੜੇ ਹੋਟਲ ਜਾਣਾ ਚਾਹੁੰਦੇ ਹੋ ?
(5) ਉਹ ਇੱਥੇ ਰਹਿਣਾ ਚਾਹੁੰਦੇ ਹਨ।
(6) ਅਸੀਂ ਤੁਹਾਨੂੰ ਕਮਰੇ ਵਿਖਾ ਦਿੰਦੇ ਹਾਂ।
(7) ਤੁਸੀਂ ਇਹਨੂੰ ਕਿੱਥੇ ਲੈ ਜਾਂਦੇ ਹੋ ?

B. EXERCISES

1. Fill up the blanks with appropriate words.

(1) ਨਾਲ—ਕਮਰੇ ਵਿੱਚ
(2) ਅੱਠ ਰੁਪਏ ਅਡਵਾਂਸ ਦੇ—
(3) ਖੱਬੇ ਹੱਥ ਨੌਂ ਨੰਬਰ ਕਮਰੇ— ਸਮਾਨ ਰੱਖ ਲਵੋ।
(4) ਬਟਨ—ਦੇਣਾ।
(5) ਹੋਟਲ—ਮੈਨੇਜਰ ਸਾਹਿਬ ਕਿੱਥੇ ਹਨ।
(6) ਮੈਂ ਅੱਜ ਰਾਤ ਠਹਿਰਨਾ—
(7) ਕਲਰਕ ਪਾਸ ਚਲੋ—
(8) ਬੈਹਰਾ ਸਮਾਨ ਪਹੁੰਚਾ —

2. Write answers to the following questions.

(1) ਹੋਟਲ ਦੇ ਮੈਨੇਜਰ ਸਾਹਿਬ ਕਿੱਥੇ ਹਨ ?
(2) ਕੋਈ ਕਮਰਾ ਖਾਲ੍ਹੀ ਹੈ ?
(3) ਕਲਰਕ ਕਿੱਥੇ ਹੈ ?
(4) ਤੁਸੀਂ ਕਿੰਨੇ ਦਿਨ ਰਵ੍ਹੋਗੇ।
(5) ਤੁਸੀਂ ਖਾਣਾ ਖਾਉਗੇ ?
(6) ਤੁਸੀਂ ਕਿੱਥੇ ਰਹਿੰਦੇ ਹੋ ?
(7) ਸਮਾਨ ਕਿੱਥੇ ਰਖਾਂ ?
(8) ਕੀ ਬੈਹਰਾ ਕਮਰੇ ਵਿੱਚ ਰੋਟੀ ਚਾਹ ਪਹੁੰਚਾ ਦੇਵੇਗਾ ?

3. Change the following sentences from singular to plural.

(1) ਮੈਂ ਅੱਜ ਰਾਤ ਠਹਿਰਨਾ ਹੈ।
(2) ਮੈਨੂੰ ਇੱਕ ਦਿਨ ਵਾਸਤੇ ਕਮਰੇ ਦੀ ਜਰੂਰਤ ਹੈ।
(3) ਖੱਬੇ ਹੱਥ ਕਮਰੇ ਵਿੱਚ ਸਮਾਨ ਰੱਖ ਲਵੋ।
(4) ਹਾਂ ਜੀ ਕਮਰਾ ਖਾਲ੍ਹੀ ਹੈ।
(5) ਬੈਹਰਾ ਪਹੁੰਚਾ ਦੇਵੇਗਾ।

4. Change the form of the words given in brackets appropriately and fill up the blanks.

(1) ਮੈਂ ਅੱਜ ਤੁਹਾਡੇ ਨਾਲ ਰਹਿਣਾ---(ਚਾਹ-)
(2) ਉਹ ਕੱਲ੍ਹ ਮੇਰੇ ਘਰ ਆਉਣਾ---(ਚਾਹ--)
(3) ਮੈਂ ਇੱਕ ਕਾਪੀ ਲੈਣਾ---(ਚਾਹ--)
(4) ਮੈਂ ਵੀ ਪਰਸੋਂ ਤੁਹਾਡੇ ਨਾਲ ਆਂਗਰੇ ਜਾਣਾ---(ਚਾਹ-)
(5) ਸ਼ੀਲਾ ਕੀ---(ਚਾਹ-)
(6) ਉਹ ਇਸ ਹੋਟਲ ਵਿੱਚ ਨਹੀਂ---(ਰਹਿ---)
(7) ਤੁਸੀਂ ਕਿੱਥੇ---(ਠਹਿਰ-)
(8) ਤੁਸੀਂ ਅੱਜ ਮੇਰੇ ਘਰ---(ਆ-)
(9) ਤੁਸੀਂ ਅੱਜ ਸਾਡੇ ਘਰ ਖਾਣਾ---(ਖਾ-)

5. Choose either ਕਿਹੜਾ, ਕਿਹੜੇ or ਕਿਹੜੀ appro priately and fill up the blanks.

(1) ---ਕਿਤਾਬ ਤੁਹਾਡੀ ਹੈ ?
(2) ਤੁਹਾਡਾ ਕਮਰਾ---ਹੈ ?
(3) ---ਘਰ ਉਹਦਾ ਹੈ ?
(4) ---ਹੋਟਲ ਚੰਗਾ ਹੈ ?
(5) ਸਾਹਿਬ---ਬਾਰੀ ਖੋਲ੍ਹਾਂ ?
(6) ---ਕਮਰੇ ਵਿੱਚ ਤੁਹਾਡਾ ਸਮਾਨ ਰੱਖਾਂ ?
(7) ਤੁਸੀਂ---ਹੋਟਲ ਵਿੱਚ ਜਾਣਾ ਪਸੰਦ ਕਰੋਗੇ ?
(8) ਸਾਹਿਬ ਤੁਹਾਡਾ---ਸਮਾਨ ਹੈ ?

6. Match the following and rewrite the sentences.

A	B
ਮੈਂ	ਸਾਡੇ ਨਾਲ ਆਓ
ਤੂੰ	ਸਾਡੇ ਘਰ ਆਵੇ
ਅਸੀਂ	ਅੰਦਰ ਜਾਵੇਂ
ਉਹ	ਅੰਦਰ ਆ ਜਾਵਾਂ
ਤੁਸੀਂ	ਬਾਹਰ ਚਲੇ ਜਾਣ
ਉਹ (Pl)	ਅੰਦਰ ਆ ਜਾਈਏ

7. Use the following words/phrases in your own sentences.

ਕਿਹੜੇ, ਕਿਸੇ, ਨੇੜੇ ਤੇੜੇ, ਜਿੱਥੇ, ਰੋਟੀ, ਸਿੱਧੇ, ਇੱਥੋਂ, ਉੱਥੇ, ਚੰਗਾ, ਬੜਾ, ਬਹਿਰੇ ਤੋਂ, ਮੁੜ ਕੇ, ਸੱਜੇ, ਖੱਬੇ, ਕਿਹੋ ਜਿਹਾ, ਵਿਖਾ, ਅਰਾਮ, ਪਸੰਦ, ਵੱਡਾ, ਕਿਹੋ ਜਹੇ ।

C. VOCABULARY

ਜਿੱਥੇ	'where'	ਪੌੜੀ	'stairs'
ਖੱਬੇ ਹੱਥ	'left hand side'	ਦੇਬਾ ਦੇਣਾ	'to press'
ਸੱਜੇ ਹੱਥ	'right hand side'	ਕਲਰਕ ਪਾਸ	'to the clerk'
ਚੜ੍ਹ ਕੇ	'climbing'	ਬਟਨ	'button'
ਮੈਨੇਜਰ ਸਾਹਿਬ	'Mr. Manager'	ਪਹੁੰਚਾ ਦੇਣਾ	'to make reach'
ਰੁਪਇਆ	'rupee'	ਬੈਹਰਾ	'waiter'
ਰੁਪੈ	'rupees'	ਸਿੰਗਲ	'single'
ਜ਼ਰੂਰਤ	'need'	ਡਬਲਬੈਡ	'double bed'
ਖਾਲ੍ਹੀ	'vacant'	ਜਿਸ	'whatever'
ਚਪੜਾਸੀ	'chokidar' 'peon'	ਇਨਾਮ ਲਿਮਣਾ	'to get prize'
ਕਿਹੋ ਜਿਹਾ	'what type of'	ਨ੍ਹਾਉਣਾ	'to bathe'
ਅਡਵਾਂਸ	'advance'	ਪਸੰਦ	'like'

UNIT XII

Lesson 52

A mango grove

ਭਾਰਤੀ: ਇਹ ਬੜਾ ਸੁਹਣਾ ਅੰਬਾਂ ਦਾ ਬਾਗ ਹੈ। ਕਿਸ ਦਾ ਹੈ ?	It is a very beautiful mango grove. Whose is this ?
ਸੁਰਜੀਤ : ਸਾਡਾ ਹੀ ਹੈ, ਤੁਸੀਂ ਅੰਬ ਖਾਣਾ ਚਾਹੁੰਦੇ ਹੋ ?	It is ours only. Do you want to eat mangoes ?
ਭਾਰਤੀ : ਨਹੀਂ, ਅੰਬ ਤਾਂ ਨਹੀਂ ਖਾਣੇ। ਉਹ ਵੇਖੋ ਰੁੱਖ ਤੇ ਕੌਣ ਚੜ੍ਹ ਰਿਹਾ ਹੈ।	No, I don't want to eat mangoes. See, who is climbing on the tree ?
ਸੁਰਜੀਤ : ਉਹ ਮੇਰਾ ਛੋਟਾ ਭਰਾ ਹੈ। ਬਹੁਤ ਸ਼ੈਤਾਨ ਹੈ। ਮਨਜੀਤ ਧਿਆਨ ਨਾਲ ਹੌਲੀ ਹੌਲੀ ਚੜ੍ਹ।	He is my younger brother. He is very naughty. Manjit be careful, get on slowly.
ਮਨਜੀਤ : ਫਿਕਰ ਨਾ ਕਰੋ। ਮੈਂ ਟਾਹਣ ਹਿਲਾਉਂਦਾ ਹਾਂ। ਤੁਸੀਂ ਵੇਖੋ।	Don't worry. I shake this branch, you please see.
ਸੁਰਜੀਤ : ਤੂੰ ਕਿਹੜਾ ਟਾਹਣ ਹਿਲਾ ਰਿਹਾ ਹੈ। ਉਸ ਛੋਟੀ ਟਾਹਣੀ ਤੇ ਕੋਈ ਅੰਬ ਨਹੀਂ ਹੈ। ਉਹ ਵੱਡਾ ਟਾਹਣ ਹਿਲਾ।	Which branch are you shaking ? That small branch doesn't have any mangoes. Rock that big branch.
ਮਨਜੀਤ : ਠੀਕ ਹੈ, ਕੀ ਅੰਬ ਥੱਲੇ ਡਿੱਗ ਰਹੇ ਹਨ ?	Okay. Are the mangoes falling down ?
ਸੁਰਜੀਤ : ਹਾਂ, ਡਿੱਗ ਰਹੇ ਹਨ। ਅਸੀਂ ਇਕੱਠੇ ਕਰ ਰਹੇ ਹਾਂ ਸਾਰੇ ਅੰਬ।	Yes, they are falling. We are picking up all the mangoes.
ਮਨਜੀਤ : ਮੈਂ ਰੁੱਖ ਤੋਂ ਥੱਲੇ ਉਤਰ ਰਿਹਾ ਹਾਂ। ਕੀ ਅੰਬ ਕਾਫ਼ੀ ਹਨ ?	I am getting down from the tree. Are the mangoes sufficient ?
ਸੁਰਜੀਤ : ਹਾਂ ਕਾਫ਼ੀ ਹਨ। ਧਿਆਨ ਨਾਲ ਟਾਹਣ ਹਿਲ ਰਿਹਾ ਹੈ। ਭਾਰਤੀ ਤੁਹਾਡੇ ਕਸ਼ਮੀਰ ਵਿੱਚ ਵੀ ਬਹੁਤ ਸੇਬਾਂ ਦੇ ਬਾਗ ਹਨ।	Oh enough. Be careful, the branch is shaking. Bharti, in your Kashmir also there are many apple groves.
ਭਾਰਤੀ। ਹਾਂ ਬਹੁਤ ਹਨ।	Yes there are many.

A. DRILLS

1. Repetition Drill

ਅੰਬ ਕਿੱਥੇ ਡਿੱਗ ਰਹੇ ਹਨ ?
ਅੰਬ ਥੱਲੇ ਡਿੱਗ ਰਹੇ ਹਨ।
ਰੁੱਖ ਤੇ ਕੌਣ ਚੜ੍ਹ ਰਿਹਾ ਹੈ ?
ਇਹ ਬੜਾ ਸੁਹਣਾ ਅੰਬਾਂ ਦਾ ਬਾਗ਼ ਹੈ।
ਇਹ ਸਾਰੀ ਚੀਜ਼ ਮੇਰੀ ਹੈ।

ਮੈਂ ਅੰਬ ਖਾਣੇ ਹਨ।
ਮੈਂ ਅੰਬ ਲੈਣਾ ਚਾਹੁੰਦਾ ਹਾਂ।
ਅਸੀਂ ਸਾਰੇ ਅੰਬ ਇਕੱਠੇ ਕਰ ਰਹੇ ਹਾਂ।
ਮੈਂ ਸਾਰੀਆਂ ਚੀਜ਼ਾਂ ਇਕੱਠੀਆਂ ਕਰ ਰਿਹਾ ਹਾਂ।
ਉਹ ਸਾਰਾ ਸਮਾਨ ਇਕੱਠਾ ਕਰ ਰਿਹਾ ਹੈ।

2. Build up and Expansion Drill.

1. ਉਤਰ ਰਿਹਾ ਹਾਂ।
ਥੱਲੇ ਉਤਰ ਰਿਹਾ ਹਾਂ।
ਧਿਆਨ ਨਾਲ ਹੀ ਥੱਲੇ ਉਤਰ ਰਿਹਾ ਹਾਂ।
ਮੈਂ ਧਿਆਨ ਨਾਲ ਹੀ ਥੱਲੇ ਉਤਰ ਰਿਹਾ ਹਾਂ।

2. ਚੜ੍ਹ ਰਿਹਾ ਹੈ।
ਰੁੱਖ ਤੇ ਚੜ੍ਹ ਰਿਹਾ ਹੈ।
ਧਿਆਨ ਨਾਲ ਹੀ ਰੁੱਖ ਤੇ ਚੜ੍ਹ ਰਿਹਾ ਹੈ।
ਰਵੀ ਧਿਆਨ ਨਾਲ ਹੀ ਰੁੱਖ ਤੇ ਚੜ੍ਹ ਰਿਹਾ ਹੈ।

3. Substitution Drill

1. ਸਰਲਾ ਅੰਬ ਇਕੱਠੇ ਕਰਨਾ ਚਾਹੁੰਦੀ ਹੈ।
(ਸਰਲਾ)
(ਮੈਂ)
(ਤੂੰ)
(ਅਸੀਂ)
(ਤੁਸੀਂ)
(ਉਹ)

2. ਰਵੀ ਅੰਬ ਖਾਣਾ ਚਾਹੁੰਦਾ ਹੈ। (ਰਵੀ)
(ਮੈਂ)
(ਤੂੰ)
(ਤੁਸੀਂ)
(ਅਸੀਂ)
(ਉਹ)

4. Response Drill

Model 1

ਰੁੱਖ ਤੇ ਕੌਣ ਚੜ੍ਹ ਰਿਹਾ ਹੈ ? (ਉਹ)
ਉਹ ਰੁੱਖ ਤੇ ਚੜ੍ਹ ਰਿਹਾ ਹੈ।

(1) ਹਾਥੀ ਤੋਂ ਕੌਣ ਥੱਲੇ ਉਤਰ ਰਿਹਾ ਹੈ ? (ਮੈਂ)
(2) ਕੌਣ ਅੰਬ ਇਕੱਠੇ ਕਰਨਾ ਚਾਹੁੰਦਾ ਹੈ ? (ਅਸੀਂ)
(3) ਕੌਣ ਕਿਤਾਬ ਹਿਲਾ ਰਿਹਾ ਹੈ ? (ਤੁਸੀਂ)
(4) ਕੌਣ ਰੁੱਖ ਤੇ ਚੜ੍ਹਨਾ ਚਾਹੁੰਦਾ ਹੈ ? (ਮੈਂ)
(5) ਕੌਣ ਬਸ ਤੇ ਚੜ੍ਹ ਰਿਹਾ ਹੈ ? (ਮੁੰਡੇ ਤੇ ਕੁੜੀਆਂ)

Model 2

ਤੁਸੀਂ ਅੰਬ ਇਕੱਠੇ ਕਰ ਰਹੇ ਹੋ ? (ਗੀਤਾ)
ਅਸੀਂ ਨਹੀਂ, ਗੀਤਾ ਅੰਬ ਇਕੱਠੇ ਕਰ ਰਹੀ ਹੈ।

(1) ਤੂੰ ਗੱਡੀ ਤੇ ਚੜ੍ਹ ਰਿਹਾ ਹੈਂ ? (ਰਵੀ)
(2) ਰਵੀ ਬਸ ਤੋਂ ਉਤਰ ਰਿਹਾ ਹੈ ? (ਮੈਂ)
(3) ਮੋਹਨ ਬਸਤਾ ਹਿਲਾ ਰਿਹਾ ਹੈ ? (ਅਸੀਂ)
(4) ਤੁਸੀਂ ਬਜ਼ਾਰ ਜਾ ਰਹੇ ਹੋ ? (ਰਾਮ)

Mode. 3

ਰਵੀ ਤੂੰ ਟਾਹਣ ਹਿਲਾ ਰਿਹਾ ਹੈਂ ?(ਮੈਂ)
ਹਾਂ, ਮੈਂ ਹਿਲਾ ਰਿਹਾ ਹਾਂ।

(1) ਤੂੰ ਅੰਬ ਇਕੱਠੇ ਕਰ ਰਿਹਾ ਹੈਂ ? (ਮੈਂ ਤੇ ਗੀਤਾ)
(2) ਤੁਸੀਂ ਗੱਡੀ ਤੇ ਚੜ੍ਹ ਰਹੇ ਹੋ ? (ਅਸੀਂ)
(3) ਤੁਸੀਂ ਉਪਰੋਂ ਉਤਰ ਰਹੇ ਹੋ ? (ਅਸੀਂ)
(4) ਗੀਤਾ ਬਸ ਤੋਂ ਉਤਰ ਰਹੀ ਹੈ ? (ਗੀਤਾ ਤੇ ਉਹਦਾ ਭਰਾ)

B. EXERCISES

1. Change the form of the words given in brackets into present continuous tense and fill up the blanks.

(1) ਮੈਂ ਬਸਤਾ—(ਹਿਲਾ—)
(2) ਕਮਲਾ ਕਾਗਜ਼—(ਇਕੱਠੇ ਕਰ—)
(3) ਅਸੀਂ ਗੱਡੀ ਤੇ—(ਚੜ੍ਹ—)
(4) ਤੁਸੀਂ ਬੱਸ ਤੇ—(ਚੜ੍ਹ—)
(5) ਤੂੰ ਬੱਸ ਤੋਂ—(ਉਤਰ—)
(6) ਧੂੜ—(ਉੱਡ—)
(7) ਟਾਹਣੀਆਂ—(ਟੁੱਟ—)
(8) ਮੋਹਨ ਤੇ ਰਵੀ ਰੁੱਖ ਤੋਂ—(ਉਤਰ)

2. Frame as many sentences as possible using the words given in the following columns. Use the present continuous tense of the verbs given in the third column.

ਰਵੀ ਮੈਂ ਸਰਲਾ ਤੂੰ ਤੁਸੀਂ ਅਸੀਂ ਉਹ ਉਹ	ਰੁੱਖ ਅੰਬ ਕਾਗਜ਼ ਗੱਡੀ	ਕਿਕੱਠੇ ਕਰ— ਚੜ੍ਹ— ਉਤਰ—

3. Match the following and rewrite the sentences.

A	B	
(1) ਰਵੀ ਰੁੱਖ ਤੇ	ਰੁੱਖ ਤੇ ਚੜ੍ਹ।	( )
(2) ਰਵੀ ਤੂੰ ਫ਼ੁੱਲ	ਇਕੱਠੇ ਕਰੇਂਗਾ।	( )
(3) ਮੈਂ ਰੁੱਖ ਤੋਂ	ਟੁੱਟ ਰਹੀ ਹੈ।	( )
(4) ਸਰਲਾ ਫ਼ੁੱਲ	ਚੜ੍ਹ ਰਿਹਾ ਹੈ।	( )
(5) ਟਾਹਣੀ	ਤੋੜਦੀ ਹੈ।	( )
(6) ਤੂੰ	ਥੱਲੇ ਉਤਰੋ ?	( )
(7) ਤੁਸੀਂ ਰੁੱਖ ਤੋਂ	ਉਤਰ ਰਿਹਾ ਹਾਂ।	( )

4. Fill up the blanks with appropriate words.

(1) --ਅੰਬ ਖਾਣਾ ਚਾਹੁੰਦੇ ਹਨ ?
(2) ਮਨਜੀਤ—ਹੌਲੀ ਹੌਲੀ--।
(3) ਉਸ--ਟਾਹਣ--ਕੋਈ ਅੰਬ--।
(4) ਮੈਂ ਰੱਖ--ਉਤਰ ਰਿਹਾ--।
(5) ਟਾਹਣੀ --ਰਹੀ ਹੈ।
(6) ਤੁਹਾਡੇ ਕਸ਼ਮੀਰ--ਵੀ ਬਹੁਤ ਸੇਬਾਂ- ਬਾਗ਼ ਹਨ ।
(7) ਉਹ ਵੱਡਾ--ਹਿਲਾ।
(8) ਅਸੀਂ ਅੰਬ--ਕਰ ਰਹੇ ਹਾਂ।
(9) ਇਹ ਬਾਗ਼ ਸਾਡਾ--ਹੈ।
(10) --ਅੰਬ ਨਹੀਂ ਲੈਣਾ ਚਾਹੁੰਦਾ।

C. VOCABULARY

ਅੰਬਾਂ ਦਾ ਬਾਗ਼	'mangoes grove'	ਟਾਹਣ	'big branch'
ਉਤਰਨਾ	'to get down'	ਸ਼ੈਤਾਨ	'naughty'
ਡਿੱਗਣਾ	'to fall down'	ਹਿਲਾਉਣਾ	'to rock'
ਸੇਬਾਂ ਦੇ ਬਾਗ਼	'apple groves'	ਹਿਲਣਾ	'to shake'
ਟਾਹਣੀ	'small branch'	ਇਕੱਠੇ ਕਰਨਾ	'to collect'
ਟੁੱਟਣਾ	'to break'	ਉੱਪਰੋਂ	'from above'
ਉਡੱਣਾ	'to fly'	ਕਾਫ਼ੀ	'enough'

UNIT XII

Lesson 53

A Review Lesson

1. ਕਾਪੀ ਮੇਜ਼ ਉੱਤੇ ਹੈ ।	The note-book is on the table
ਚਾਕ ਹੱਥ ਵਿੱਚ ਹੈ ।	The chalk is in the hand.
ਕਿਤਾਬ ਕੁਰਸੀ ਉੱਤੇ ਹੈ ।	The book is on the table.
ਪਸ਼ੂ ਰੁੱਖ ਹੇਠ ਹਨ ।	The animals are under the tree.
ਪੈਨਸਿਲ ਕਿਤਾਬ ਲਾਗੇ ਹੈ ।	The pencil is near the book.
ਉਹ ਕਿਤਾਬ ਮੇਰੇ ਕੋਲ ਹੈ ।	That book is with me.
ਅਧਿਆਪਕ ਕਮਰੇ ਵਿੱਚ ਹੈ ।	The teacher is in the room.
ਕਮਰੇ ਵਿੱਚ ਕੌਣ ਸੀ ?	Who was in the room ?
2. ਕਾਪੀਆਂ ਮੇਜ਼ਾਂ ਉੱਤੇ ਹਨ ।	The note-books are on the tables.
ਚਾਕ ਹੱਥਾਂ ਵਿੱਚ ਹੈ ।	The chalk is in the hands.
ਕਿਤਾਬਾਂ ਕੁਰਸੀਆਂ ਉੱਤੇ ਹਨ ।	The books are on the chairs.
ਪਸ਼ੂ ਰੁੱਖਾਂ ਹੇਠ ਹਨ ।	The animals are under the trees.
ਪੈਨਸਿਲ ਕਿਤਾਬਾਂ ਲਾਗੇ ਹੈ ।	The pencil is near the books.
ਉਹ ਕਿਤਾਬਾਂ ਮੇਰੇ ਕੋਲ ਹਨ ।	Those books are with me.
ਅਧਿਆਪਕ ਕਮਰਿਆਂ ਵਿੱਚ ਹਨ ।	The teachers are in the rooms.
ਕਮਰਿਆਂ ਵਿੱਚ ਕੌਣ ਸਨ ?	Who were in the rooms ?
ਮੇਜ਼ ਤੋਂ ਕਿਤਾਬਾਂ ਚੁੱਕ ਲੈ ।	Carry away the books from the table.
3. ਗਲਾਸ ਵਿੱਚ ਪਾਣੀ ਸੀ ।	There was water in the glass.
ਘੜੇ ਵਿਚ ਪਾਣੀ ਨਹੀਂ ਸੀ ।	There was no water in the pitcher.
ਅਲਮਾਰੀ ਵਿੱਚੋਂ ਕਪੜੇ ਕੱਢ ।	Take out the clothes from the almirah.
ਤੁਸੀਂ ਮੇਰੇ ਵੱਲ ਵੇਖੋ ।	You look towards me.
ਪੰਛੀ ਛੱਤ ਉੱਤੇ ਸਨ ।	The birds were on the roof.

ਦਵਾਈ ਬੋਤਲ ਵਿੱਚ ਸੀ ।	The medicine was in the bottle.
ਸਾਰੇ ਕਪੜੇ ਟ੍ਰੰਕ ਵਿੱਚ ਸਨ ।	All the clothes were in the box.
ਸਾਰੀਆਂ ਕਿਤਾਬਾਂ ਮੇਜ ਉੱਤੇ ਸਨ।	All the books were on the table.
4. (ੳ) ਇਹ ਰਾਮ ਦਾ ਘਰ ਹੈ ।	This is Ram's house.
ਉਹ ਸੀਤਾ ਦਾ ਕਮਰਾ ਹੈ।	That is Sita's room.
ਇਹ ਮਾਤਾ ਜੀ ਦਾ ਕੰਬਲ ਹੈ ।	This is mother's blanket.
ਉਹ ਕਾ ਕੇ ਦਾ ਬਸਤਾ ਹੈ ।	This is Kaka's school bag.
ਇਹ ਬੱਚਿਆਂ ਦਾ ਕਮਰਾ ਹੈ।	This is children's room.
(ਅ) ਇਹ ਰਾਮ ਦੀ ਕੁਰਸੀ ਹੈ।	This is Ram's chair.
ਇਹ ਸ਼ੀਲਾ ਦੀ ਸਾੜ੍ਹੀ ਹੈ ।	This is Sheela's Sari.
ਇਹ ਪਿਤਾ ਜੀ ਦੀ ਕਮੀਜ਼ ਹੈ ।	This is father's shirt.
ਇਹ ਮੇਰੇ ਨਿੱਕੇ ਭਰਾ ਦੀ ਪੈਨਸਿਲ ਹੈ ।	This is the pencil of my younger brother.
ਇਹ ਮੇਰੀ ਭੈਣ ਦੀ ਕਾਪੀ ਹੈ ।	This is my sister's note-book.
(ੲ) ਰਾਮ ਦੇ ਦੋ ਘਰ ਹਨ।	Ram has two houses.
ਸ਼ੀਲਾ ਦੇ ਦੋ ਕਮਰੇ ਹਨ।	Sheela has two rooms.
ਇਹ ਮਾਤਾ ਜੀ ਦੇ ਕੰਬਲ ਹਨ।	These are my mother's blankets.
ਉਹ ਕਾਕੇ ਦੇ ਖਿਡੌਣੇ ਹਨ।	Those are Kaka's toys.
ਇਹ ਬੱਚਿਆਂ ਦੇ ਕਮਰੇ ਹਨ ।	These are children's rooms.
(ਸ) ਇਹ ਇਸ ਬੱਚੇ ਦੀਆਂ ਪੈਨਸਿਲਾਂ ਹਨ।	These are the pencils of this child.
ਉਹ ਮੇਰੀ ਕੁੜੀ ਦੀਆਂ ਸਾੜ੍ਹੀਆਂ ਹਨ।	Those are saries of my daughter.
ਇਹ ਮੇਰਿਆਂ ਬੱਚਿਆਂ ਦੀਆਂ ਕਿਤਾਬਾਂ ਹਨ।	These are books of my children.
ਇਹ ਮੇਰੇ ਭਰਾਂਵਾਂ ਦੀਆਂ ਕਮੀਜ਼ਾਂ ਹਨ।	These shirts are of my brothers.
ਇਹ ਮੇਰੇ ਭਰਾ ਦੀਆਂ ਕਾਪੀਆਂ ਹਨ।	These note-books are of my brother.
(ਹ) ਰਾਮ ਦੇ ਬਸਤੇ ਨੂੰ ਕਮਰੇ ਵਿੱਚ ਰੱਖ ਦੇ।	Keep Ram's school bag in the room.
ਰਾਮ ਦਿਆਂ ਕਪੜਿਆਂ ਨੂੰ ਅਲਮਾਰੀ ਵਿਚ ਰੱਖ।	Keep the clothes of Ram in the almirah.
ਰਾਮ ਦੀ ਕਮੀਜ਼ ਦਾ ਬਟਣ ਲਾ ਦੇ ।	Stich the button of Ram's shirt.
ਸ਼ੀਲਾ ਦੀਆਂ ਸਾੜ੍ਹੀਆਂ ਨੂੰ ਧੋ ਦੇ।	Wash the saries of Sheela.

A. EXERCISES

1. Fill in the blanks.

(1) ਕਿਤਾਬ ਕੁਰਸੀ ----ਹੈ ।
(2) ਚਾਕ ਹੱਥ-----ਹੈ ।
(3) ਪਾਣੀ ਗਲਾਸ-----ਹੈ ।
(4) ਘੜੇ-----ਪਾਣੀ-----ਸੀ ।
(5) ਅਲਮਾਰੀ-----ਕਪੜੇ ਕੱਢ ।
(6) ਇਹ ਰਾਮ-----ਬਸਤਾ ਹੈ ।
(7) ਇਹ ਸੀਤਾ-----ਕਿਤਾਬਾਂ ਹਨ ।
(8) ਉਹ ਬੱਚਿਆਂ----ਖਿਡੌਣੇ ਹਨ ।
(9) ਇਹ ਮੇਰਿਆਂ ਭਰਾਵਾਂ-----ਘਰ ਹੈ।
(10) ਉਹ ਮੇਰੀ ਭੈਣ-----ਸਾੜ੍ਹੀ ਹੈ।
(11) ਰਾਮ---ਬਸਤੇ---ਕਮਰੇ---ਰੱਖ ਦੇ ।
(12) ਸੀਤਾ---ਕਪੜਿਆਂ---ਅਲਮਾਰੀ---ਕੱਢ ਦੇ।
(13) ਤੁਸੀਂ ਰਾਮ-----ਜਾਓ ।
(14) ਉਹ ਮੇਰੇ-----ਆਏ ।
(15) ਤੂੰ ਰਾਮ-----ਕਿਤਾਬ ਦੇ ਦੇ ।
(16) ਤੁਸੀਂ ਮੇਰੇ ਕਮਰੇ---ਕਿਤਾਬ ਲੈ ਆਓ ।
(17) ਮੇਜ਼-----ਕਿਤਾਬਾਂ ਚੁੱਕ ਲੈ ।
(18) ਤੁਸੀਂ ਮੇਰੇ-----ਵੇਖੋ ।
(19) ਪਸ਼ੂ ਰੁੱਖ-----ਹਨ ।
(20) ਮੇਰੇ-----ਕਿਤਾਬ ਹੈ ।

2. Change the singular oblique phrases to plural and rewrite the sentences making other necessary changes.

(1) ਕਮਰੇ ਵਿੱਚ ਕੌਣ ਸੀ ?
(2) ਕਿਤਾਬ ਰੱਸੀ ਉੱਤੇ ਹੈ ।
(3) ਚਾਕ ਹੱਥ ਵਿੱਚ ਹੈ ।
(4) ਪੈਨਸਿਲ ਕਿਤਾਬ ਲਾਗੇ ਹੈ।
(5) ਪਸ਼ੂ ਰੁੱਖ ਹੇਠ ਹਨ ।
(6) ਪੰਛੀ ਛੱਤ ਉੱਤੇ ਸਨ ।
(7) ਰਾਮ ਦੇ ਖਿਡੌਣੇ ਨੂੰ ਕਮਰੇ ਵਿੱਚ ਰੱਖ ਦੇ
(8) ਰਾਮ ਦੀ ਕਮੀਜ਼ ਦਾ ਬਟਨ ਲਾ ਦੇ ।
(9) ਸ਼ੀਲਾ ਦੀ ਸਾੜ੍ਹੀ ਨੂੰ ਧੋ ਦੇ।
(10) ਰਾਮ ਤੋਂ ਕਿਤਾਬ ਲੈ ਆ ।
(1ਉ) ਤੁਸੀਂ ਮੁੰਡੇ ਨੂੰ ਕਿਤਾਬ ਦੇ ਦਿਓ।

3. Fill in the blanks with Punjabi equivalents.

ਕਾਪੀ ਮੇਜ਼-----ਹੈ ।	(on)
ਚਾਕ ਜੇਬ-----ਹੈ ।	(in)
ਪੈਨਸਿਲ ਡੱਬੇ-----ਹੈ ।	(in)
ਪੈਨਸਿਲ ਕਿਤਾਬ-----ਹੈ ।	(near)
ਉਹ ਕਿਤਾਬ-----ਹੈ ।	(with me)
ਕਮਰੇ ਵਿੱਚ-----ਸੀ ।	(who)
ਅਲਮਾਰੀ-----ਕਪੜੇ ਕੱਢ ।	(from inside)
ਮੇਜ਼-----ਕਿਤਾਬ ਚੁੱਕ ਲੈ ।	(from)
ਪਸ਼ੂ ਰੁੱਖ-----ਸਨ ।	(under)
ਤੁਸੀਂ ਮੇਰੇ-----ਵੇਖੋ ।	(to wards)
ਇਹ-----ਕਮਰੇ ਹਨ ।	(children's)
ਇਹ-----ਕੰਬਲ ਹਨ ।	(mother's)
ਇਹ-----ਕਿਤਾਬਾਂ ਹਨ ।	(my children's)
ਇਹ-----ਕਮੀਜ਼ਾਂ ਹਨ ।	(my brothers')

4. Transform the following sentences from affirmative to negative as per the model given below.

Model 1

1. ਇਹ ਰਾਮ ਦਾ ਘਰ ਹੈ ।
ਇਹ ਰਾਮ ਦਾ ਘਰ ਨਹੀਂ (ਹੈ)

(1) ਉਹ ਸੀਤਾ ਦਾ ਕਮਰਾ ਹੈ ।
(2) ਇਹ ਸ਼ੀਲਾ ਦੀ ਸਾੜ੍ਹੀ ਹੈ ।
(3) ਸ਼ੀਲਾ ਦੇ ਦੋ ਕਮਰੇ ਹਨ ।
(4) ਉਹ ਕਾਕੇ ਦੇ ਖਿਡੌਣੇ ਹਨ ।
(5) ਇਹ ਇਸ ਬੱਚੇ ਦੀਆਂ ਪੈਨਸਿਲਾਂ ਹਨ ।
(6) ਇਹ ਬੱਚਿਆਂ ਦਾ ਕਮਰਾ ਹੈ ।

Model 2

2. ਕਮਰੇ ਵਿਚ ਬੱਚੇ ਸਨ ।
ਕਮਰੇ ਵਿੱਚ ਬੱਚੇ ਨਹੀਂ ਸਨ ।

(1) ਘੜੇ ਵਿੱਚ ਪਾਣੀ ਸੀ ।
(2) ਮੇਜ਼ ਉੱਤੇ ਕਿਤਾਬ ਸੀ ।
(3) ਅਲਮਾਰੀ ਵਿੱਚ ਕਪੜੇ ਸਨ ।
(4) ਟ੍ਰੰਕ ਵਿੱਚ ਸਾੜ੍ਹੀਆਂ ਸਨ ।
(5) ਮੇਰੀਆਂ ਕਿਤਾਬਾਂ ਮੇਜ਼ ਉੱਤੇ ਸਨ ।
(6) ਗਲਾਸ ਵਿੱਚ ਪਾਣੀ ਸੀ ।

C. VOCABULARY

ਪਸ਼ੂ	'animal'	ਪੰਛੀ	'bird'
ਹੇਠ	'under'	ਬੋਤਲ	'bottle'
ਚੁੱਕ ਲੈਣਾ	'to carry away'	ਕੰਬਲ	'blanket'
ਲਾਗੇ	'near'	ਨਿੱਕਾ	'younger'
ਘੜਾ	'pitcher'	ਬਟਣ	'button'
ਛੱਤ	'roof'		

UNIT XIII

Lesson 54

You should work hard

ਵਿਦਿਆਰਥੀ : ਸਤਿ ਸ੍ਰੀ ਅਕਾਲ ਜੀ ।	Sat Siri Akal.
ਅਧਿਆਪਕ : ਸਤਿ ਸ੍ਰੀ ਅਕਾਲ ਜੀ, ਸੁਣਾਓ ਕੀ ਹਾਲ ਹੈ ?	Sat Siri Akal. How do you do ?
ਵਿਦਿਆਰਥੀ : ਠੀਕ ਹੈ ਜੀ ।	I am fine.
ਅਧਿਆਪਕ : ਅਜੇ ਪੜ੍ਹਨਾ ਸ਼ੁਰੂ ਕਰਨਾ ਹੈ ਕਿ ਨਹੀਂ?	Yet do you want to study or not ?
ਵਿਦਿਆਰਥੀ : ਜੀ ਪੜ੍ਹਦੇ ਹਾਂ ।	Yes, we will study.
ਅਧਿਆਪਕ : ਤੁਹਾਨੂੰ ਖੂਬ ਮਿਹਨਤ ਕਰਨੀ ਚਾਹੀਦੀ ਹੈ । ਸਾਰੇ ਪਾਠ ਚੰਗੀ ਤਰ੍ਹਾਂ ਪੜ੍ਹਨੇ ਚਾਹੀਦੇ ਹਨ । ਜੋ ਚੀਜ਼ ਨਹੀਂ ਆਉਂਦੀ ਉਹ ਪੁੱਛਣੀ ਚਾਹੀਦੀ ਹੈ ।	You should work very hard You should read all the lessons thoroughly. Anything you don't understand you should ask.
ਵਿਦਿਆਰਥੀ : ਅੱਛਾ ਜੀ, ਜ਼ਰੂਰ ਪੁੱਛਾਂਗੇ ।	Alright sir, we will ask definitely.
ਅਧਿਆਪਕ : ਰਾਮ ਤੁਸੀਂ ਬਾਜ਼ਾਰ ਜਾਣਾ ਹੈ ?	Ram, do you have to go to bazar ?
ਰਾਮ : ਜੀ ਨ ਹੀਂ, ਮੈਂ ਨਹੀਂ ਜਾਣਾ, ਰਮੇਸ਼ ਨੇ ਜਾਣਾ ਹੈ ।	No sir, I don't have to go, Ramesh is to go.
ਅਧਿਆਪਕ : ਤੁਹਾਨੂੰ ਵੀ ਜਾਣਾ ਚਾਹੀਦਾ ਹੈ । ਤੁਸੀਂ ਕਿਉਂ ਨਹੀਂ ਜਾਂਦੇ ?	You should also go. Why don't you go ?
ਰਾਮ : ਜੀ ਮੈਨੂੰ ਕੰਮ ਹੈ, ਮੈਂ ਅੱਜ ਨਹੀਂ ਜਾਣਾ। ਕਲ੍ਹ ਜਾਵਾਂਗਾ ।	I have some work, I don't want to go today, I will go tomorrow.

ਅਧਿਆਪਕ :	ਅੱਛਾ ਜੀ, ਤੁਸੀਂ ਅੱਜ ਸਾਡੇ ਘਰ ਕਿਉਂ ਨਹੀਂ ਆਉਣਾ ਤੁਹਾਨੂੰ ਆਉਣਾ ਚਾਹੀਦਾ ਹੈ ।	O.K. Why don't you have to come to our home today ? You should come.
ਰਾਮ :	ਜੀ ਮੇਰੀ ਤਬੀਅਤ ਢਿੱਲੀ ਹੈ। ਮੈਂ ਨਹੀਂ ਆਵਾਂਗਾ ।	Sir, I am not well. I will not come.
ਅਧਿਆਪਕ :	ਅੱਛਾ ਕੋਈ ਗੱਲ ਨਹੀਂ । ਫਿਰ ਕਦੇ ਜ਼ਰੂਰ ਆਉਣਾ ।	O.K. It doesn't matter. You must come some time.
ਰਾਮ	ਹਾਂ ਜੀ। ਜ਼ਰੂਰ ਆਵਾਂਗਾ ।	Yes, I will come definitely.
ਅਧਿਆਪਕ :	ਤੁਸੀਂ ਕੱਲ੍ਹ ਬਾਜ਼ਾਰ ਜਾਉਗੇ ? ਮੈ ਨੂੰ ਇਕ ਕਮੀਜ਼ ਚਾਹੀਦੀ ਹੈ । ਮੇਰੇ ਕੋਲੋਂ ਪੈਸੇ ਲੈ ਜਾਣਾ । ਕਮੀਜ਼ ਦਾ ਕਪੜਾ ਲੈ ਆਉਣਾ ।	Do you plan to go to bazar tomorrow ? I need a shirt. Take money from me. Bring cloth for shirt.
ਰਾਮ :	ਅੱਛਾ ਜੀ। ਜ਼ਰੂਰ ਲੈ ਆਵਾਂਗਾ ।	Alright. I will bring it definitely.

A. DRILLS

1. Repetition Drill

ਮੈ ਨੂੰ ਕਿਤਾਬ ਪੜ੍ਹਨੀ ਚਾਹੀਦੀ ਹੈ।
ਸਾਨੂੰ ਪਾਠ ਲਿਖਣਾ ਚਾਹੀਦਾ ਹੈ ।
ਤੁਹਾਨੂੰ ਦੋ ਪਾਠ ਰੋਜ਼ ਲਿਖਣੇ ਚਾਹੀਦੇ ਹਨ।
ਤੈ ਨੂੰ ਆਪਣੀ ਕਲਮ ਲੈਣੀ ਚਾਹੀਦੀ ਹੈ।
ਉਹ ਨੂੰ ਹੁਣੇ ਘਰ ਜਾਣਾ ਚਾਹੀਦਾ ਹੈ।
ਉਨ੍ਹਾਂ ਨੂੰ ਕਿਤਾਬ ਖਰੀਦਣੀ ਚਾਹੀਦੀ ਹੈ।

2. Build up and Expansion Drill

1. ਜਾਣਾ
ਮੈਂ ਜਾਣਾ ਹੈ ।
ਮੈਂ ਘਰ ਜਾਣਾ ਹੈ ।
ਮੈਂ ਕੱਲ੍ਹ ਘਰ ਜਾਣਾ ਹੈ।
ਮੈਂ ਕੱਲ੍ਹ ਸਵੇਰੇ ਘਰ ਜਾਣਾ ਹੈ ।
ਮੈਂ ਕੱਲ੍ਹ ਸਵੇਰੇ ਸਤ ਵੱਜੇ ਘਰ ਜਾਣਾ ਹੈ ।

3. Substitution Drill

1. ਤੁਹਾਨੂੰ ਪਾਠ ਪੜ੍ਹਨਾ ਚਾਹੀਦਾ ਹੈ । (ਪਾਠ ਪੜ---)
(ਖ਼ਤ ਲਿਖ---)
(ਗਾਣਾ ਸੁਣਾ---)
(ਪੈਨ ਲੈ---)

2. ਤੁਹਾਨੂੰ ਮਿਹਨਤ ਕਰਨੀ ਚਾਹੀਦੀ ਹੈ। (ਮਿਹਨਤ ਕਰ---)
(ਗੱਲ ਪੁੱਛ---)
(ਕਮੀਜ਼ ਲੈ---)
(ਕਾਪੀ ਖਰੀਦ---)

3. ਰਮੇਸ਼ ਨੇ ਜਾਣਾ ਹੈ। (ਰਮੇਸ਼ ਨੇ)
(ਉਨ੍ਹਾਂ ਨੇ)
(ਉਹ ਨੇ)
(ਅਸਾਂ)

4. ਉਹ ਨੂੰ ਆਉਣਾ ਚਾਹੀਦਾ ਹੈ। (ਆ----)
(ਦੌੜ----)
(ਜਾ----)
(ਸੌਂ----)

4. Transformation Drill

Model 1

ਮੈਂ ਘਰ ਜਾਣਾ ਹੈ।
ਮੈਂ ਘਰ ਨਹੀਂ ਜਾਣਾ।

(1) ਅਸਾਂ ਕੱਲ੍ਹ ਏਥੇ ਆਉਣਾ ਹੈ।
(2) ਉਨ੍ਹਾਂ ਨੇ ਖਾਣਾ ਇੱਥੇ ਖਾਣਾ ਹੈ।
(3) ਤੁਸੀਂ ਅੱਜ ਸਾਡੇ ਘਰ ਚਾਹ ਪੀਣੀ ਹੈ।
(4) ਉਹ ਨੇ ਕੱਲ੍ਹ ਸਾਡੇ ਘਰ ਆਉਣਾ ਹੈ।

Model 2

ਉਹ ਦੇ ਕੋਲੋਂ ਪੈਸੇ ਲੈ ਜਾਣਾ।
ਉਹ ਦੇ ਕੋਲੋਂ ਪੈਸੇ ਨਾ ਲੈ ਜਾਣਾ।

(1) ਕਮੀਜ਼ ਦਾ ਕਪੜਾ ਲੈ ਆਉਣਾ।
(2) ਰੋਟੀ ਉਨ੍ਹਾਂ ਦੇ ਘਰ ਖਾਣਾ।
(3) ਰਾਮ ਦੇ ਘਰ ਕੱਲ੍ਹ ਜਾਣਾ।
(4) ਤੁਸੀਂ ਸਾਡੇ ਨਾਲ ਚਲਣਾ।

Model 3

ਮੈ ਨੂੰ ਕਮੀਜ਼ ਚਾਹੀਦੀ ਹੈ।
ਮੈ ਨੂੰ ਕਮੀਜ਼ ਨਹੀਂ ਚਾਹੀਦੀ।

(1) ਸਾਨੂੰ ਆਉਣਾ ਚਾਹੀਦਾ ਹੈ।
(2) ਤੁਹਾਨੂੰ ਬਾਜ਼ਾਰ ਜਾਣਾ ਚਾਹੀਦਾ ਹੈ।
(3) ਉਹ ਨੂੰ ਪਾਠ ਪੜ੍ਹਨਾ ਚਾਹੀਦਾ ਹੈ।
(4) ਉਨ੍ਹਾਂ ਨੂੰ ਗੱਲ ਕਰਨੀ ਚਾਹੀਦੀ ਹੈ।

B. EXERCISES

1. Change the following sentences as per the model given below.

Model 1

ਮੈਂ ਪਾਠ ਪੜ੍ਹਦਾ ਹਾਂ।
ਮੈਨੂੰ ਪਾਠ ਪੜ੍ਹਨਾ ਚਾਹੀਦਾ ਹੈ।

1. ਮੈਂ ਚਿੱਠੀ ਲਿਖਦਾ ਹਾਂ।
2. ਉਹ ਕੰਮ ਕਰਦਾ ਹੈ।
3. ਅਸੀਂ ਘਰ ਜਾਂਦੇ ਹਾਂ।
4. ਤੁਸੀਂ ਦੋ ਪੈਨ ਲੈਂਦੇ ਹੋ।
5. ਉਹ ਰੋਟੀ ਖਾਂਦੇ ਹਨ।
6. ਮੈਂ ਦੋ ਕੇਲੇ ਖਾਂਦਾ ਹਾਂ।

Modle 2

ਮੈਂ ਕਿਤਾਬ ਪੜ੍ਹ ਰਿਹਾ ਹਾਂ।
ਮੈ ਨੂੰ ਕਿਤਾਬ ਪੜ੍ਹਨੀ ਚਾਹੀਦੀ ਹੈ।

1. ਉਹ ਸਾੜ੍ਹੀ ਖਰੀਦ ਰਹੀ ਹੈ।
2. ਅਸੀਂ ਕਾਪੀਆਂ ਲੈ ਰਹੇ ਹਾਂ।
3. ਮੈਂ ਕਾਗਜ਼ ਖਰੀਦ ਰਹੀ ਹਾਂ।
4. ਤੁਸੀਂ ਘਰ ਜਾ ਰਹੇ ਹੋ।
5. ਤੂੰ ਚਾਹ ਪੀ ਰਹੀ ਹੈਂ।
6. ਉਹ ਲੱਸੀ ਪੀ ਰਹੀਆਂ ਹਨ।

2. Fill up blanks using the appropriate form of the word given in brackets.

1. ——ਘਰ ਜਾਣਾ ਹੈ। (ਉਹ pl.)
2. ——ਕਾਪੀ ਚਾਹੀਦੀ ਹੈ। (ਅਸੀਂ)
3. ——ਅੱਜ ਪੜ੍ਹਨਾ ਨਹੀਂ। (ਮੁੰਡਾ pl.)
4. ——ਕੀ ਚਾਹੀਦਾ ਹੈ ? (ਤੁਸੀਂ)
5. ——ਕਮੀਜ਼ ਚਾਹੀਦੀ ਹੈ। (ਉਹ)
6. ——ਦੋ ਘੜੀਆਂ ਚਾਹੀਦੀਆਂ ਹਨ। (ਉਹ pl.)
7. ——ਕੋਟ ਚਾਹੀਦਾ ਹੈ। (ਮੈਂ)
8. ——ਰੋਟੀ ਖਾਣੀ ਚਾਹੀਦੀ ਹੈ। (ਤੂੰ)
9. ——ਇੱਥੇ ਨਹੀਂ ਆਉਣਾ। (ਉਹ sg.)
10. ਤੁਹਾਡੇ——ਕਿੱਥੇ ਜਾਣਾ ਹੈ ? (ਮੁੰਡਾ sg.)

3. Transform the following sentenes in present indefinite tense, future tense.

1. ਮੈਂ ਘਰ ਜਾ ਰਿਹਾ ਹਾਂ।
2. ਅਸੀਂ ਰੋਟੀ ਖਾ ਰਹੇ ਹਾਂ।
3. ਤੁਸੀਂ ਕਿੱਥੇ ਰਹਿ ਰਹੇ ਹੋ ?
4. ਉਹ ਮੇਰੇ ਨਾਲ ਪੜ੍ਹ ਰਿਹਾ ਹੈ।
5. ਉਹ ਸਾਡੇ ਘਰ ਆ ਰਹੇ ਹਨ।
6. ਤੂੰ ਕੀ ਕਰ ਰਿਹਾ ਹੈਂ ?
7. ਮੈਂ ਕਿਤਾਬ ਲੈ ਰਹੀ ਹਾਂ।
8. ਅਸੀਂ ਕਾਪੀਆਂ ਖਰੀਦ ਰਹੀਆਂ ਹਾਂ।
9. ਉਹ ਕੰਮ ਕਰ ਰਹੀ ਹੈ।
10. ਉਹ ਖਾਣਾ ਖਾ ਰਹੀਆਂ ਹਨ।

C. VOCABULARY

ਸ਼ੁਰੂ ਕਰਨਾ	'to start'
ਖੂਬ	"too much, very'
ਅਜੇ	'yet'
ਚੰਗੀ ਤਰ੍ਹਾਂ	'thoroughly'
ਢਿੱਲੀ	'not well'
ਤਬੀਅਤ	'health'

D. NOTES

In this lesson optative form of ਚਾਹ is used. The optative form of ਚਾਹ is ਚਾਹੀਦਾ। It is used with object+infinitive verb form

+ਚਾਹੀਦਾ+Auxiliary verb.

ਮੈ ਨੂੰ ਪਾਠ ਪੜ੍ਹਨਾ ਚਾਹੀਦਾ ਹੈ।	'I should read the lesson'
ਤੁਹਾਨੂੰ ਕਿਤਾਬ ਪੜ੍ਹਨੀ ਚਾਹੀਦੀ ਹੈ।	'You should read the book'
ਉਨ੍ਹਾਂ ਨੂੰ ਪੱਖੇ ਖਰੀਦਣੇ ਚਾਹੀਦੇ ਸਨ।	'They should have purchased fans'
ਉਹ ਨੂੰ ਚਿੱਠੀਆਂ ਲਿਖਣੀਆਂ ਚਾਹੀਦੀਆਂ ਹਨ।	'He/She should write the letters.

The infinitive form and optative form agree with the object in gender and number. The auxiliary verb agrees with person and number. When optative form occurs with infinitive form of the intransitive verb, it does not change for gender and number.

ਮੈਨੂੰ ਜਾਣਾ ਚਾਹੀਦਾ ਹੈ।	'I should go'
ਤੁਹਾਨੂੰ ਜਾਣਾ ਚਾਹੀਦਾ ਸੀ।	'You should have gone'

The subject remains in dative case.

In the negative, the present auxiliary may be omitted as in the present indefinite tense.

ਮੈਨੂੰ ਕਾਫ਼ੀ ਪੀਣੀ ਚਾਹੀਦੀ ਹੈ।
ਮੈਨੂੰ ਕਾਫ਼ੀ ਨਹੀਂ ਪੀਣੀ ਚਾਹੀਦੀ।

The past auxiliary in the negative preceeds the verb, e.g.

ਮੈ ਨੂੰ ਕਾਪੀ ਚਾਹੀਦੀ ਸੀ।
ਮੈ ਨੂੰ ਕਾਪੀ ਨਹੀਂ ਸੀ ਚਾਹੀਦੀ।

When optative form occurs with object without infinitive verb it means 'is needed'

UNIT XIII

Lesson 55

In the canteen

ਨੌਕਰ : ਤੁਹਾਨੂੰ ਕੀ ਚਾਹੀਦਾ ਹੈ, ਸਾਹਿਬ ?	What do you want, sir ?
ਸ਼ਰਮਾ : ਪਹਿਲੇ ਸਾਨੂੰ ਪਾਣੀ ਚਾਹੀਦਾ ਹੈ। ਫਿਰ ਨਾਸ਼ਤਾ।	We would like to have water first and then (eat only) breakfast.
ਨੌਕਰ : ਅਹਿ ਲਓ ਜੀ ਪਾਣੀ।	Here is water.
ਸ਼ਰਮਾ : ਇਹ ਪਾਣੀ ਠੰਢਾ ਨਹੀਂ।	This water is not cold.
ਨੌਕਰ : ਜੀ ਬਰਫ਼ ਨਹੀਂ ਹੈ।	There is no ice.
ਰਾਮ : ਨਾਸ਼ਤੇ ਲਈ ਕੀ ਮਿਲ ਸਕਦਾ ਹੈ ?	What's available for breakfast
ਨੌਕਰ : ਪੂਰੀ ਛੋਲੇ ਹਨ, ਪਰੌਂਠਾ ਹੈ।	There are *puri chhole* and *prontha.*
ਜਗਜੀਤ : ਕੀ ਪੂਰੀ ਗਰਮ ਹੈ ?	Is *puri* hot ?
ਨਕਰ : ਹਾਂ ਜੀ, ਪੂਰੀਆਂ ਗਰਮ ਹਨ। ਪਰੌਂਠੇ ਵੀ ਤਾਜ਼ੇ ਹਨ।	Yes, *puris* are hot and *pronthas* are also fresh.
ਰਾਮ : ਜਗਜੀਤ ਤੁਹਾਨੂੰ ਪੂਰੀਆਂ ਚਾਹੀਦੀਆਂ ਹਨ ਜਾਂ ਪਰੌਂਠਾ ਚਾਹੀਦਾ ਹੈ ?	Jagjit would you like to have *puris* or *prontha* ?
ਜਗਜੀਤ : ਮੈਨੂੰ ਦੋ ਗਰਮ ਪੂਰੀਆਂ ਚਾਹੀਦੀਆਂ ਹਨ। ਪਰੌਂਠਾ ਨਹੀਂ ਚਾਹੀਦਾ। ਤੁਹਾਨੂੰ ਕੀ ਚਾਹੀਦਾ ਹੈ ਸ਼ਰਮਾ ?	I want two hot *puris.* I do not want *prontha.* Sharma what do you want ?
ਸ਼ਰਮਾ : ਮੈਨੂੰ ਆਲੂ ਵਾਲਾ ਪਰੌਂਠਾ ਚਾਹੀਦਾ ਹੈ।	I want patatos tuffed *parontha*
ਨੌਕਰ : ਜੀ ਆਲੂ ਵਾਲਾ ਪਰੌਂਠਾ ਨਹੀਂ ਹੈ।	Potato stuffed *paronthas* are not available.

ਸ਼ਰਮਾ : ਤਾਂ ਪੂਰੀਆਂ ਹੀ ਲੈ ਆ।	(Then) bring *puris*.
ਨੌਕਰ : ਤੁਹਾਨੂੰ ਕੀ ਚਾਹੀਦਾ ਹੈ ?	What do you want Sir ?
ਰਾਮ : ਮੈਨੂੰ ਕਾਫ਼ੀ ਚਾਹੀਦੀ ਹੈ।	I want coffee.
ਨੌਕਰ : ਕਾਫ਼ੀ ਤਾਂ ਹੈ ਨਹੀਂ, ਚਾਹ ਮਿਲ ਸਕਦੀ ਹੈ। ਲੱਸੀ ਵੀ ਹੈ। ਇਨ੍ਹਾਂ ਵਿੱਚੋਂ ਕੀ ਚਾਹੀਦਾ ਹੈ ?	Coffee is not available. Tea is available. Buttermilk is also available. What do you want ?
ਰਾਮ : ਇਨ੍ਹਾਂ ਵਿੱਚੋਂ ਕੁਝ ਨਹੀਂ ਚਾਹੀਦਾ।	I don't want any of these.
ਸਿਰਫ਼ ਠੰਢਾ ਪਾਣੀ ਲੈ ਆ।	Bring only cold water.
ਨੌਕਰ : ਇਸ ਹੋਟਲ ਵਿਚ ਪੀਣ ਵਾਲਾ ਪਾਣੀ ਠੰਢਾ ਨਹੀਂ ਹੈ।	The drinking water available in this hotel is not cool.

A. DRILLS

1. Repetition Drill

ਮੈਂ ਨੂੰ ਦੁੱਧ ਚਾਹੀਦਾ ਹੈ। ਚਾਹ ਨਹੀਂ ਚਾਹੀਦੀ।
ਤੁਹਾਨੂੰ ਪੈਨ ਚਾਹੀਦਾ ਹੈ। ਕਾਗਜ਼ ਨਹੀਂ ਚਾਹੀਦਾ।
ਰਵੀ ਨੂੰ ਗਰਮ ਦੁੱਧ ਚਾਹੀਦਾ ਹੈ। ਕਾਫ਼ੀ ਨਹੀਂ ਚਾਹੀਦੀ।

ਸੁਰਿੰਦਰ ਨੂੰ ਪਰੌਂਠਾ ਚਾਹੀਦਾ ਹੈ ਡੱਬਲ ਰੋਟੀ ਨਹੀਂ ਚਾਹੀਦੀ।
ਕਾਫ਼ੀ ਗਰਮ ਹੈ ਜਾਂ ਠੰਢੀ ?
ਪਾਣੀ ਠੰਢਾ ਹੈ ਜਾਂ ਗਰਮ ?

2. Build up and Expansion Drill

1. ਚਾਹੀਦਾ ਹੈ ?
ਕੀ ਚਾਹੀਦਾ ਹੈ ?
ਤੁਹਾਨੂੰ ਕੀ ਚਾਹੀਦਾ ਹੈ ?
ਹਾਂ ਜੀ, ਤੁਹਾਨੂੰ ਕੀ ਚਾਹੀਦਾ ਹੈ ?

2. ਨਹੀਂ ਚਾਹੀਦਾ।
ਪਰੌਂਠਾ ਨਹੀਂ ਚਾਹੀਦਾ।
ਠੰਢਾ ਪਰੌਂਠਾ ਨਹੀਂ ਚਾਹੀਦਾ।
ਮੈਨੂੰ ਠੰਢਾ ਪਰੌਂਠਾ ਨਹੀਂ ਚਾਹੀਦਾ।

3. Substitution Drill

1. ਮੈਨੂੰ ਸਮੋਸਾ ਚਾਹੀਦਾ ਹੈ। (ਸਮੋਸਾ)
(ਦੁੱਧ)
(ਪਾਣੀ)
(ਪੇੜਾ)
(ਰਸਗੁੱਲਾ)

2. ਉਨ੍ਹਾਂ ਨੂੰ ਪਕੌੜੇ ਨਹੀਂ ਚਾਹੀਦੇ। (ਪਕੌੜੇ)
(ਸਮੋਸੇ)
(ਪਰੌਂਠੇ)
(ਕੇਲੇ)
(ਰਸਗੁੱਲੇ)

3. ਮੈਨੂੰ ਪੂਰੀਆਂ ਨਹੀਂ ਚਾਹੀਦੀਆਂ । (ਪੂਰੀਆਂ)
(ਜਲੇਬੀਆਂ)
(ਸਾੜ੍ਹੀਆਂ)
(ਕਾਪੀਆਂ)
(ਕਿਤਾਬਾਂ)

4. ਉਹ ਨੂੰ ਰੋਟੀ ਨਹੀਂ ਚਾਹੀਦੀ । (ਰੋਟੀ)
(ਕਾਪੀ)
(ਕਲਮ)
(ਪੂਰੀ)
(ਬਰਫ਼ੀ)

4. Response Drill

Model 1

ਤੁਹਾਨੂੰ ਕੀ ਚਾਹੀਦਾ ਹੈ ? (ਕਾਫ਼ੀ)
ਮੈ ਨੂੰ ਕਾਫ਼ੀ ਚਾਹੀਦੀ ਹੈ।

(1) ਰਵੀ ਨੂੰ ਕੀ ਚਾਹੀਦਾ ਹੈ ? (ਕਿਤਾਬ)
(2) ਤੁਹਾਨੂੰ ਕੀ ਚਾਹੀਦਾ ਹੈ ? (ਘੜੀ)
(3) ਇਹ ਨੂੰ ਕੀ ਚਾਹੀਦਾ ਹੈ ? (ਪੈਨਸਿਲਾਂ)
(4) ਉਹ ਨੂੰ ਕੀ ਚਾਹੀਦਾ ਹੈ ? (ਦੁੱਧ)
(5) ਉਨ੍ਹਾਂ ਨੂੰ ਕੀ ਚਾਹੀਦਾ ਹੈ ? (ਦੋ ਕਿਲੋ ਅੰਬ)

Model 2

ਤੁਹਾਨੂੰ ਪਰੌਂਠਾ ਚਾਹੀਦਾ ਹੈ ਜਾਂ ਪੂਰੀ ਚਾਹੀਦੀ ਹੈ ?
ਮੈਂ ਨੂੰ ਪਰੌਂਠਾ ਚਾਹੀਦਾ ਹੈ ਪੂਰੀ ਨਹੀਂ ਚਾਹੀਦੀ।

(1) ਤੁਹਾਨੂੰ ਕਾਫ਼ੀ ਚਾਹੀਦੀ ਹੈ ਜਾਂ ਦੁੱਧ ਚਾਹੀਦਾ ਹੈ ?
(2) ਰਵੀ ਨੂੰ ਕਲਮ ਚਾਹੀਦੀ ਹੈ ਜਾਂ ਕਾਗਜ਼ ਚਾਹੀਦਾ ਹੈ ?

5. Transformation Drill

Model 1

ਮੈਨੂੰ ਕਾਫ਼ੀ ਚਾਹੀਦੀ ਹੈ ।
ਮੈਨੂੰ ਕਾਫ਼ੀ ਨਹੀਂ ਚਾਹੀਦੀ ।

(1) ਮੈਨੂੰ ਸਮੋਸਾ ਚਾਹੀਦਾ ਹੈ ।
(2) ਉਹ ਨੂੰ ਪੂਰੀ ਚਾਹੀਦੀ ਹੈ ।
(3) ਸਾਡੇ ਅਧਿਆਪਕ ਜੀ ਨੂੰ ਚਾਹ ਚਾਹੀਦੀ ਹੈ।

Model 2

ਤੁਹਾਨੂੰ ਪੈਨਸਿਲ ਚਾਹੀਦੀ ਹੈ ਜਾਂ ਕਲਮ ?
ਮੈਨੂੰ ਪੈਨਸਿਲ ਚਾਹੀਦੀ ਹੈ।

(1) ਤੁਹਾਨੂੰ ਪੈਨ ਚਾਹੀਦਾ ਹੈ ਜਾਂ ਕਾਗਜ਼ ?
(2) ਤੁਹਾਨੂੰ ਚਾਂਹ ਚਾਹੀਦੀ ਹੈ ਜਾਂ ਕਾਫ਼ੀ ?
(3) ਤੁਹਾਨੂੰ ਬਰਫ਼ੀ ਚਾਹੀਦੀ ਹੈ ਜਾਂ ਪੇੜਾ ?

Model 3

ਇਹ ਮੇਰੇ ਕਾਗਜ਼ ਹਨ ।
ਇਨ੍ਹਾਂ ਵਿੱਚੋਂ ਮੈ ਨੂੰ ਇੱਕ ਕਾਗਜ਼ ਚਾਹੀਦਾ ਹੈ ।

(1) ਇਹ ਸਾਡੀਆਂ ਕਿਤਾਬਾਂ ਹਨ ।
(2) ਇਹ ਗੁਲਾਬ ਦੇ ਫੁੱਲ ਹਨ।
(3) ਉਹ ਸੋਹਨ ਦੀਆਂ ਘੜੀਆਂ ਹਨ।
(4) ਉਹ ਮੇਰੇ ਪੈਨ ਹਨ।

B. EXERCISES

1. Answer the following questions using the cue words given in the brackels

(1) ਰਵੀ ਨੂੰ ਕੀ ਚਾਹੀਦਾ ਹੈ ? (ਨਵਾਂ ਪੈਨ)
(2) ਸਰਲਾ ਨੂੰ ਕੀ ਚਾਹੀਦਾ ਹੈ ? (ਗੁਲਾਬ ਦੇ ਫੁਲ)
(3) ਤੁਹਾਨੂੰ ਕੀ ਚਾਹੀਦਾ ਹੈ ? (ਪਰੌਂਠਾ)
(4) ਬੱਚੀ ਨੂੰ ਕੀ ਚਾਹੀਦਾ ਹੈ ? (ਦੁੱਧ)
(5) ਸ਼ੀਲਾ ਨੂੰ ਕੀ ਚਾਹੀਦਾ ਹੈ ? (ਨਵੀਂ ਕਮੀਜ਼)
(6) ਮੁੰਡੇ ਨੂੰ ਕੀ ਚਾਹੀਦਾ ਹੈ ? (ਨਵਾਂ ਬਸਤਾ)
(7) ਕੁੜੀਆਂ ਨੂੰ ਕੀ ਚਾਹੀਦਾ ਹੈ ? (ਸ਼ਾਲ)
(8) ਮੁੰਡਿਆਂ ਨੂੰ ਕੀ ਚਾਹੀਦਾ ਹੈ ? (ਕਿਤਾਬਾਂ)

2. Choose either ਨਹੀਂ ਹੈ or ਨਹੀਂ ਹਨ and fill up the blanks

(1) ਸਾਡੇ ਘਰ ਕਾਫ਼ੀ----।
(2) ਤੁਹਾਡੇ ਘਰ ਪਾਣੀ---।
(3) ਤੁਹਾਡੇ ਘਰ ਦੁੱਧ ----।
(4) ਉਨ੍ਹਾਂ ਦੇ ਘਰ ਚਾਹ----।
(5) ਸ਼ਰਮਾ ਜੀ ਦੇ ਘਰ ਗੁਲਾਬ ਦੇ ਬੂਟੇ----,
(6) ਸਾਡੇ ਘਰ ਪੰਜਾਬੀ ਦੀਆਂ ਕਿਤਾਬਾਂ----।

3. Fill up the blanks

(1) ਉਹ ਨੂੰ ਚਾਰ ਕਿਤਾਬਾਂ----।
(2) ਮੈਨੂੰ----ਚਾਹੀਦੀ ਹੈ ।
(3) ਸਾਨੂੰ ਦੁੱਧ----।
(4) ਉਨ੍ਹਾਂ ਨੂੰ ਪੀਣ----ਪਾਣੀ ਚਾਹੀਦਾ ਹੈ ।
(5) ਉਹ ਨੂੰ ----ਦੁੱਧ----।
(6) ਮੈਨੂੰ ਦੋ ਪੈਨ ----।

4. Write as many sentences as possible using the words given in table, taking one item from each column.

ਰਵੀ ਰਾਮ ਸੀਤਾ ਉਨ੍ਹਾਂ ਉਸ	ਨੂੰ	ਲਾਲ ਠੰਢਾ ਗਰਮ	ਫੁੱਲ ਦੁੱਧ ਪਾਣੀ ਪਰੌਂਠਾ	ਚਾਹੀਦਾ ਹੈ । ਨਹੀਂ ਚਾਹੀਦਾ

5. Change singular to the plural of the following sentences as per the model given below.

Model 1

ਮੈਂ ਆਵਾਂਗਾ । ਮੇਰਾ ਭਰਾ ਆਵੇਗਾ ।
ਮੈਂ ਆਵਾਂਗਾ ਜਾਂ ਮੇਰਾ ਭਰਾ ।

1. ਤੂੰ ਜਾਏਂਗਾ । ਤੇਰਾ ਭਰਾ ਜਾਏਗਾ ।
2. ਤੁਸੀਂ ਰੋਟੀ ਬਣਾਓਗੇ । ਤੁਹਾਡੀ ਭੈਣ ਰੋਟੀ ਬਣਾਏਗੀ ।
3. ਉਹ ਆਉਣਗੇ । ਤੁਸੀਂ ਆਉਗੇ ।

4. ਅਸੀਂ ਪੜ੍ਹਾਂਗੇ। ਤੁਸੀਂ ਪੜ੍ਹੋਗੇ।
5. ਉਹ ਲਿਖੇਗੀ। ਤੂੰ ਲਿਖੇਂਗੀ।

Model 2

ਤੈਨੂੰ ਕਲਮ ਚਾਹੀਦੀ ਹੈ।
ਤੈਨੂੰ ਕਾਪੀ ਚਾਹੀਦੀ ਹੈ।
ਤੈਨੂੰ ਕਲਮ ਚਾਹੀਦੀ ਹੈ ਜਾਂ ਕਾਪੀ।

1 ਉਹਨੂੰ ਕਿਤਾਬ ਚਾਹੀਦੀ ਹੈ। ਉਹਨੂੰ ਪੈਨਸਿਲ ਚਾਹੀਦੀ ਹੈ।
2. ਤੁਹਾਨੂੰ ਕਮੀਜ਼ ਚਾਹੀਦੀ ਹੈ। ਤੁਹਾਨੂੰ ਕੁੜਤਾ ਚਾਹੀਦਾ ਹੈ।
3. ਉਨ੍ਹਾਂ ਨੂੰ ਕਾਗਜ਼ ਚਾਹੀਦੇ ਹਨ। ਉਨ੍ਹਾਂ ਨੂੰ ਕਾਪੀਆਂ ਚਾਹੀਦੀਆਂ ਹਨ।
4. ਤੈਨੂੰ ਸ਼ਾਲ ਚਾਹੀਦੀ ਹੈ। ਤੈਨੂੰ ਸਵੈਟਰ ਚਾਹੀਦਾ ਹੈ।
5. ਉਹਨੂੰ ਚਾਹ ਚਾਹੀਦੀ ਹੈ। ਉਹਨੂੰ ਕਾਫ਼ੀ ਚਾਹੀਦੀ ਹੈ।

C. VOCABULARY

ਛੋਲੇ	*'chhole'*	ਪੀਣ ਵਾਲਾ ਪਾਣੀ	'drinking water'
ਬਰਫ	'ice'	ਡੱਬਲ ਰੋਟੀ	'bread'
ਪੇੜਾ	*'pera'*	ਕੇਲਾ	'banana'
ਰਸਗੁੱਲਾ	'rasgulla'	ਪਕੌੜੇ	*'pakore'*
ਗੁਲਾਬਦਾਫੁੱਲ	'rose flower	ਬੂਟੇ	'plants'
ਗਰਮ	'hot'		

D. NOTES

In this lesson coordinate conjunction morpheme ਜਾਂ 'or' has been used. ਜਾਂ joins two phrases of the similar structure and the predicate phrase in the second sentence is deleted.

ਤੈਨੂੰ ਕਾਪੀ ਚਾਹੀਦੀ ਹੈ ਜਾਂ ਕਲਮ ਚਾਹੀਦੀ ਹੈ ?

Do you need notebook or pen ?

ਤੈਨੂੰ ਕਾਪੀ ਚਾਹੀਦੀ ਹੈ ਜਾਂ ਕਲਮ ?

UNIT XIII — Lesson 56

At the fruit and vegetable shop.

ਦੁਕਾਨਦਾਰ : ਆਓ ਜੀ, ਕੀ ਚਾਹੀਦਾ ਹੈ ?	Please come, what do you want ?
ਗਾਹਕ : ਮੈਨੂੰ ਇਕ ਕਿਲੋ ਅੰਬ ਚਾਹੀਦੇ ਹਨ।	I want one kilogram of mangoes.
ਦੁਕਾਨਦਾਰ : ਅੱਛਾ ਜੀ, ਹੁਣੇ ਦਿੰਦਾ ਹਾਂ। ਤੁਸੀਂ ਕੀ ਲੈਣਾ ਹੈ ?	O.K. I will give you right now. What do you want ?
ਦੂਜਾ ਗਾਹਕ : ਮੈਂ ਵੀ ਅੰਬ ਲੈਣੇ ਨੇ। ਅੰਬ ਕਿਵੇਂ ਨੇ ?	I also want to buy mangoes. What is the rate for mangoes ?
ਦੁਕਾਨਦਾਰ : ਤਿੰਨ ਰੁਪਏ ਕਿਲੋ।	Three rupees per kiloram.
ਗਾਹਕ : ਅੱਛਾ ਦੋ ਕਿਲੋ ਦੇ ਦਿਓ।	Alright. Give two kilos.
ਦੁਕਾਨਦਾਰ : ਤੁਹਾਨੂੰ ਕੀ ਚਾਹੀਦਾ ਹੈ ?	What do you want ?
ਤੀਜਾ ਗਾਹਕ : ਮੈਨੂੰ ਕੁਝ ਨਹੀਂ ਚਾਹੀਦਾ, ਮੈਂ ਤਾਂ ਇਨ੍ਹਾਂ ਨਾਲ ਹਾਂ।	I don't want anything, I am with him.
ਦੁਕਾਨਦਾਰ : ਤੁਹਾਨੂੰ ਤਾਜ਼ੀ ਸਬਜ਼ੀ ਚਾਹੀਦੀ ਹੈ ?	Do you want fresh vegetables
ਗਾਹਕ : ਹਾਂ ਜੀ, ਤਾਜ਼ੀ ਸਬਜ਼ੀ ਤਾਂ ਲੈਣੀ ਹੈ। ਕਿੱਥੋਂ ਮਿਲੇਗੀ ?	Yes, I have to buy fresh vegetables. Where is it available ?
ਦੁਕਾਨਦਾਰ : ਤੁਸੀਂ ਸਾਹਮਣੇ ਸਿੱਧੇ ਚਲੇ ਜਾਓ। ਥੋੜਾ ਅੱਗੇ ਸੱਜੇ ਹੱਥ ਸਬਜ਼ੀ ਮੰਡੀ ਹੈ। ਉੱਥੇ ਤੁਹਾਨੂੰ ਸਾਰੀਆਂ ਤਾਜ਼ੀਆਂ ਸਬਜ਼ੀਆਂ ਮਿਲ ਜਾਣਗੀਆਂ।	You go ahead straight. There is a vegetable market on the right side a little far. You will get all the fresh vegetables there.
ਗਾਹਕ : ਅੱਛਾ ਜੀ ਮਿਹਰਬਾਨੀ।	Alright. Thank you.

ਦੁਕਾਨਦਾਰ : ਆਓ ਜੀ। ਕੀ ਚਾਹੀਦਾ ਹੈ ?	Please come. What do you want ?
ਗਾਹਕ : ਮੈਨੂੰ ਇਕ ਪਾ ਟਮਾਟਰ, ਇਕ ਕਿਲੋ ਆਲੂ, ਅੱਧਾ ਕਿਲੋ ਮਟਰ ਤੇ ਅੱਧਾ ਕਿਲੋ ਬੈਂਗਣ ਚਾਹੀਦੇ ਹਨ।	I want one quarter of kilogram of tomatoes, one kilogram of potatoes, half-kilogram of peas and half kilogram of brinjals.
ਦੁਕਾਨਦਾਰ : ਤੁਹਾਨੂੰ ਭਿੰਡੀਆਂ ਚਾਹੀਦੀਆਂ ਹਨ ?	Do you want lady's fingers ?
ਗਾਹਕ : ਨਹੀਂ ਜੀ, ਭਿੰਡੀਆਂ ਨਹੀਂ ਚਾਹੀਦੀਆਂ ਪਰ ਦੋ ਖੀਰੇ ਦੇ ਦਿਓ।	No, I don't need lady's fingers, but give me two cucumbmers.
ਦੁਕਾਨਦਾਰ : ਅੱਛਾ ਜੀ, ਆਹ ਲਓ ਜੀ।	Alright. Take it.
ਗਾਹਕ : ਕਿੰਨੇ ਪੈਸੇ ਹੋਏ ?	How much money do I have to pay ?
ਦੁਕਾਨਦਾਰ : ਸਾਰੇ ਸਾਢੇ ਤਿੰਨ ਰੁਪਏ ਹੋਏ।	Rupees three and a half in all.
ਗਾਹਕ : ਅੱਛਾ ਜੀ। ਆਹ ਲਓ ਜੀ।	Alright. Take it.

A. DRILLS

1. Repetition Drill

ਮੈਨੂੰ ਇਕ ਕਿਲੋ ਅੰਬ ਚਾਹੀਦੇ ਹਨ ।
ਤੁਹਾਨੂੰ ਕੀ ਚਾਹੀਦਾ ਹੈ ?
ਤੁਹਾਨੂੰ ਤਾਜ਼ੀ ਸਬਜ਼ੀ ਚਾਹੀਦੀ ਹੈ ?
ਇਨ੍ਹਾਂ ਨੂੰ ਭਿੰਡੀਆਂ ਚਾਹੀਦੀਆਂ ਹਨ ।
ਸਾਨੂੰ ਕੇਲੇ ਚਾਹੀਦੇ ਹਨ ।
ਉਹਨੂੰ ਅੰਬ ਚਾਹੀਦੇ ਹਨ ।

2. Substitution Drill

1 ਮੈਨੂੰ ਸਬਜ਼ੀ ਚਾਹੀਦੀ ਹੈ। (ਸਬਜ਼ੀ)
(ਰੋਟੀ)
(ਕਾਪੀ)
(ਭਿੰਡੀ)

2 ਸਾਨੂੰ ਅੰਬ ਚਾਹੀਦੇ ਹਨ। (ਅੰਬ)
(ਦੋ ਕੇਲੇ)
(ਤਿੰਨ ਪੈਨ)
(ਮਟਰ)

3 ਉਹਨੂੰ ਇਕ ਪੈਨ ਚਾਹੀਦਾ ਹੈ। (ਇਕ ਪੈਨ)
(ਇਕ ਕੇਲਾ)
(ਸੰਗਤਰਾ)
(ਸੇਬ)

4 ਉਨ੍ਹਾਂ ਨੂੰ ਦਸ ਕਾਪੀਆਂ ਚਾਹੀਦੀਆਂ ਹਨ। (ਕਾਪੀਆਂ)
(ਭਿੰਡੀਆਂ)
(ਸਾੜ੍ਹੀਆਂ)
(ਕਲਮਾਂ)

3. Transformation Drill

Model 1

ਮੈਨੂੰ ਕਾਪੀ ਚਾਹੀਦੀ ਹੈ।

ਸਾਨੂੰ ਕਾਪੀ ਚਾਹੀਦੀ ਹੈ।

(1) ਮੈਨੂੰ ਕਲਮ ਚਾਹੀਦੀ ਹੈ।
(2) ਉਹਨੂੰ ਪੈਨ ਚਾਹੀਦਾ ਹੈ।
(3) ਤੈਨੂੰ ਬਸਤਾ ਚਾਹੀਦਾ ਹੈ।
(4) ਮੈਨੂੰ ਕੇਲੇ ਚਾਹੀਦੇ ਹਨ।

Model 2

ਮੈਨੂੰ ਕਾਪੀ ਚਾਹੀਦੀ ਹੈ।

ਮੈਨੂੰ ਕਾਪੀਆਂ ਚਾਹੀਦੀਆਂ ਹਨ।

(1) ਮੈਨੂੰ ਭਿੰਡੀ ਚਾਹੀਦੀ ਹੈ।
(2) ਸਾਨੂੰ ਅੰਬ ਚਾਹੀਦਾ ਹੈ।
(3) ਤੁਹਾਨੂੰ ਸਾੜ੍ਹੀ ਚਾਹੀਦੀ ਹੈ।
(3) ਉਨ੍ਹਾਂ ਨੂੰ ਕਿਤਾਬ ਚਾਹੀਦੀ ਹੈ।

B. EXERCISES

1. Change the following sentences as per the model given below.

Model

ਮੈਂ ਸਬਜ਼ੀ ਲੈਣੀ ਹੈ।

1. ਮੈਨੂੰ ਸਬਜ਼ੀ ਲੈਣੀ ਚਾਹੀਦੀ ਹੈ।
2. ਮੈਂ ਸਬਜ਼ੀ ਲੈਣਾ ਚਾਹੁੰਦਾ ਹਾਂ।

1. ਮੈਂ ਕਾਪੀ ਖਰੀਦਣੀ ਹੈ।
2. ਅਸੀਂ ਪੈਨ ਲੈਣਾ ਹੈ।
3. ਤੁਸੀਂ ਕੇਲੇ ਖਾਣੇ ਹਨ।
4. ਉਹਨੇ ਚਾਹ ਪੀਣੀ ਹੈ।
5. ਉਨ੍ਹਾਂ ਨੇ ਸਾੜ੍ਹੀਆਂ ਲੈਣੀਆਂ ਹਨ।
6. ਤੂੰ ਕਿਤਾਬ ਪੜ੍ਹਨੀ ਹੈ।

2. Write answers to the following questions using the cues.

(1) ਬੱਚੇ ਨੂੰ ਕੀ ਚਾਹੀਦਾ ਹੈ ? (ਦੁੱਧ)
(2) ਤੁਸੀਂ ਕੀ ਲੈਣਾ ਹੈ ਜੀ ? (ਅੰਬ)
(3) ਅੰਬ ਕਿਵੇਂ ਨੇ ? (ਚਾਰ ਰੁਪਏ ਕਿਲੋ)
(4) ਤੁਹਾਨੂੰ ਕੀ ਚਾਹੀਦਾ ਹੈ ? (ਸਬਜ਼ੀ)
(5) ਸਬਜ਼ੀ ਕਿੱਥੇ ਮਿਲੇਗੀ ? (ਸਬਜ਼ੀ ਮੰਡੀ)
(6) ਤੁਸੀਂ ਕਿੱਥੇ ਰਹਿੰਦੇ ਹੋ ? (ਹੰਸਰਾਜ)
(7) ਤੁਸੀਂ ਕੀ ਖਰੀਦਣਾ ਹੈ ? (ਕਪੜੇ)
(8) ਉਨ੍ਹਾਂ ਨੇ ਕੀ ਲੈਣਾ ਹੈ ? (ਫ਼ੱਲ)
(9) ਤੁਹਾਨੂੰ ਕੀ ਚਾਹੀਦਾ ਹੈ ? (ਚਾਹ)
(10) ਤੁਹਾਨੂੰ ਕੀ ਚਾਹੀਦਾ ਹੈ ? (ਸਮੋਸੇ)

3. Fill up the blanks with appropriate forms of the pronouns given in brackets.

(1) (ਤੂੰ).....ਕੀ ਚਾਹੀਦਾ ਹੈ ?
(2) (ਮੈਂ).....ਅੰਬ ਚਾਹੀਦੇ ਨੇ।
(3) (ਉਹ).....ਕੀ ਲੈਣਾ ਏ ?
(4) (ਅਸੀਂ)... ...ਇਕ ਕਿਲੋ ਬੈਂਗਣ ਚਾਹੀਦੇ ਹਨ।
(5) (ਉਹ).....ਤਾਜ਼ੀ ਸਬਜ਼ੀ ਲੈਣੀ ਏ।
(6) (ਉਹ).....ਸਾੜ੍ਹੀ ਚਾਹੀਦੀ ਹੈ।
(7) (ਤੁਸੀਂ).....ਅੱਧਾ ਕਿਲੋ ਭਿੰਡੀਆਂ ਚਾਹੀਦੀਆਂ ਨੇ।
(8) (ਉਹ).....ਸਾਰੀਆਂ ਤਾਜ਼ੀਆਂ ਸਬਜ਼ੀਆਂ ਮਿਲ ਜਾਣਗੀਆਂ।

4. Use the following words/ phrases into your own sentences

ਮਿਲਣਾ, ਲੈਣਾ, ਤਾਜ਼ਾ, ਕਿਵੇਂ, ਕਿੰਨੇ, ਸਾਢੇ ਤਿੰਨ ਰੁਪਏ, ਅੱਧਾ ਕਿਲੋ, ਸਜੇ ਹੱਥ, ਥੋੜਾ, ਪਾ।

5. Write down the ten names of the vegetables into Punjabi.

C. VOCABULARY

ਸਿੱਧੇ ਚਲੇ ਜਾਓ	'go straight ahead'	ਕਿਵੇਂ	'how'
ਟਮਾਟਰ	'tomoto'	ਸਬਜ਼ੀ ਮੰਡੀ	'vegetable market'
ਅੱਧਾ ਕਿਲੋ	'half k.g.'	ਪਾ	'$\frac{1}{4}$ kg'
ਬੈਂਗਣ	'brinjals	ਆਲੂ	'potato'
ਖੀਰਾ	'cucumber'	ਮਟਰ	'peas'
ਆਹ	this, these'	ਭਿੰਡੀਆਂ	'lady's fingers'
ਸੇਬ	'apple'	ਸਾਢੇ ਤਿੰਨ ਰੁਪਏ	'three and half rupees'
ਪਰ	'but'	ਮਿਹਰਬਾਨੀ	'thank you'
ਸੰਗਤਰਾ	'orange'		

UNIT XIII

Lesson 57

In the tea shop

ਬੈਹਰਾ : ਤੁਹਾਨੂੰ ਕੀ ਚਾਹੀਦਾ ਹੈ ਜੀ ?	What do you want, sir ?
ਭਾਰਤੀ : ਮੈਨੂੰ ਚਾਰ ਸਮੋਸੇ ਚਾਹੀਦੇ ਹਨ।	I want four *samosas*.
ਭੱਟ : ਚਾਰ ਸਮੋਸੇ ?	Fours *amosas* ?
ਭਾਰਤੀ : ਹਾਂ ਇਸ ਹੋਟਲ ਵਿੱਚ ਸਮੋਸਾ ਛੋਟਾ ਹੁੰਦਾ ਹੈ। ਮੇਰਾ ਇੱਕ ਦੋ ਨਾਲ ਕੁਝ ਨਹੀਂ ਬਣਦਾ।	Yes, the *samosa* is very small in size in this hotel. One or two are not sufficient for me.
ਭੱਟ : ਇਹ ਮੁੰਡਾ ਤੁਹਾਡਾ ਹੈ ?	Is this your child ?
ਭਾਰਤੀ : ਹਾਂ	Yes.
ਭੱਟ : ਕਾਕਾ ਤੇਰਾ ਕੀ ਨਾਂ ਹੈ ?	Boy, what is your name ??
ਕਾਕਾ : ਹਰੀਸ਼ !	Harish.
ਭੱਟ : ਬਹੁਤ ਅੱਛਾ ਨਾਂ ਹੈ।	It is a very nice name.
ਬੈਹਰਾ : ਹੋਰ ਕੀ ਲਿਆਵਾਂ ਜੀ ?	What else shall I bring ?
ਭਾਰਤੀ : ਬੱਚੇ ਲਈ ਦੁੱਧ ਤੇ ਦੋ ਕੱਪ ਚਾਹ ਸਾਡੇ ਲਈ।	Milk for the child and two cups of tea for us.
ਬੈਹਰਾ : ਚੰਗਾ ਜੀ।	O.K., sir.
ਭਾਰਤੀ : ਭੱਟ ਚਾਹ ਦਾ ਸੁਆਦ ਕਿਹੋ ਜਿਹਾ ਹੈ ? ਕੀ ਚੰਗੀ ਹੈ ?	Bhat, how does the tea taste? Is it good ?
ਭੱਟ : ਇਹ ਚੰਗੀ ਨਹੀਂ, ਕੌੜੀ ਹੈ।	It's not good, it is bitter.
ਭਾਰਤੀ : ਬਹੁਤ ਜ਼ਿਆਦਾ ਚਾਹ ਪੱਤੀ ਪਾਉਂਦੇ ਹਨ।	They put too much tea leaves.

ਭੱਟ : ਬੈਹਰੇ ਇਹ ਚਾਹ ਇੰਨੀ ਕੌੜੀ ਕਿਉਂ ਹੈ ? ਤੁਹਾਡੇ ਹੋਟਲ ਵਿਚ ਖੰਡ ਨਹੀਂ ਹੈ ?	Waiter, why this tea is so bitter? Don't you have sugar in your hotel ?
ਬੈਹਰਾ : ਲਓ ਜੀ ਖੰਡ ।	Here is sugar, sir.
ਭਾਰਤੀ : ਮੈਨੂੰ ਇੰਨੀ ਖੰਡ ਦੀ ਲੋੜ ਨਹੀਂ ਥੋੜੀ ਜਿਹੀ ਚਾਹੀਦੀ ਹੈ ।	I do not need that much of sugar Only a bit of it will do.
ਭੱਟ : ਮੈਨੂੰ ਤਾਂ ਖੰਡ ਦੇ ਦੋ ਚਮਚ ਚਾਹੀਦੇ ਹਨ ।	I need two tea spoons of sugar.

A. DRILLS

1. Repetition Drill

ਇਹ ਕੋਟ ਕਿਹੋ ਜਿਹਾ ਹੈ ?
ਇਹ ਸਾੜ੍ਹੀ ਕਿਹੋ ਜਿਹੀ ਹੈ ?
ਇਹ ਪੈਨ ਕਿਹੋ ਜਿਹੇ ਹਨ ?
ਇਹ ਸਾੜ੍ਹੀਆਂ ਕਿਹੋ ਜਿਹੀਆਂ ਹਨ ?
ਇਹ ਕਿਹੋ ਜਿਹਾ ਸਕੂਲ ਹੈ ?
ਇਹ ਕਿਹੋ ਜਿਹੇ ਕਮਰੇ ਹਨ ?
ਉਹ ਕਿਹੋ ਜਿਹੀ ਕੁੜੀ ਹੈ ?
ਉਹ ਕਿਹੋ ਜਹੀਆਂ ਕੁੜੀਆਂ ਹਨ ?

ਮੈਂ ਇਹੋ ਜਿਹਾ ਕਪੜਾ ਲੈਣਾ ਹੈ।
ਉਹਨੇ ਉਹੋ ਜਿਹਾ ਸਵੈਟਰ ਖਰੀਦਣਾ ਹੈ।
ਇਹ ਚਾਹ ਇੰਨੀ ਸੁਆਦ ਕਿਉਂ ਹੈ ?
ਉਹ ਕੁੜੀ ਉਨੀ ਚੰਗੀ ਨਹੀਂ।
ਇਹ ਸ਼ਰਬਤ ਇੰਨਾ ਕੌੜਾ ਕਿਉਂ ਹੈ ?
ਇਹ ਕਾਫੀ ਇੰਨੀ ਠੰਢੀ ਕਿਉਂ ਹੈ ?
ਇਹ ਸਾੜ੍ਹੀਆਂ ਇੰਨੀਆਂ ਸੋਹਣੀਆਂ ਨਹੀਂ।
ਇਹ ਬੱਚੇ ਇੰਨੇ ਸਿਆਣੇ ਨਹੀਂ ਜਿੰਨੇ ਤੁਹਾਡੇ ਬੱਚੇ ਹਨ।

2. Transformation Drill

Model 1

ਇਹ ਕਮਰਾ ਇੰਨਾ ਵੱਡਾ ਨਹੀਂ।
ਇਹ ਕਮਰੇ ਇੰਨੇ ਵੱਡੇ ਨਹੀਂ।

(1) ਉਹ ਮੁੰਡਾ ਇੰਨਾ ਲਾਇਕ ਨਹੀਂ।
(2) ਉਹ ਬੱਚਾ ਇੰਨਾ ਨਲਾਇਕ ਨਹੀਂ।
(3) ਇਹ ਪੱਖਾ ਇੰਨਾ ਤੇਜ਼ ਨਹੀਂ ਚਲਦਾ।

Model 2

ਇਹ ਘੜੀ ਇੰਨੀ ਸੁਹਣੀ ਨਹੀਂ।
ਇਹ ਘੜੀਆਂ ਇੰਨੀਆਂ ਸੁਹਣੀਆਂ ਨਹੀਂ।

(1) ਇਹ ਕੁੜੀ ਇੰਨੀ ਚੰਗੀ ਨਹੀਂ।
(2) ਇਹ ਸਾੜ੍ਹੀ ਇੰਨੀ ਸਸਤੀ ਹੈ।
(3) ਇਹ ਕਿਤਾਬ ਇੰਨੀ ਚੰਗੀ ਨਹੀਂ।

Model 3

ਇਹੋ ਜਿਹੀ ਪੈਨਸਿਲ ਮੈਨੂੰ ਚਾਹੀਦੀ ਹੈ।
ਇਹੋ ਜਿਹੀਆਂ ਪੈਨਸਿਲਾਂ ਮੈਨੂੰ ਚਾਹੀਦੀਆਂ ਹਨ।

(1) ਇਹੋ ਜਿਹੀ ਸਾੜ੍ਹੀ ਉਹਨੂੰ ਚਾਹੀਦੀ ਹੈ।
(2) ਉਹੋ ਜਿਹੀ ਘੜੀ ਮੈਨੂੰ ਚਾਹੀਦੀ ਹੈ।
(3) ਇਹੋ ਜਿਹੀ ਸ਼ਾਲ ਤੁਹਾਨੂੰ ਚਾਹੀਦੀ ਹੈ ?

Model 4

ਇਹੋ ਜਿਹਾ ਕੋਟ ਮੈਨੂੰ ਚਾਹੀਦਾ ਹੈ।
ਇਹੋ ਜਿਹੇ ਕੋਟ ਮੈਨੂੰ ਚਾਹੀਦੇ ਹਨ।

(1) ਇਹੋ ਜਿਹਾ ਕਮਰਾ ਮੈਂ ਕਿਰਾਏ ਤੇ ਲੈਣਾ ਚਾਹੁੰਦਾ ਹਾਂ।
(2) ਇਹੋ ਜਿਹਾ ਪੱਖਾ ਮੈ ਖਰੀਦਣਾ ਹੈ।
(3) ਇਹੋ ਜਿਹਾ ਬਸਤਾ ਮੈਨੂੰ ਚਾਹੀਦਾ ਹੈ।

3. Build up and Expansion Drill

1 ਕਿਹੋ ਜਿਹੀ ਹੈ ?
ਚਾਹ ਕਿਹੋ ਜਿਹੀ ਹੈ ?
ਗਰਮ ਚਾਹ ਕਿਹੋ ਜਿਹੀ ਹੈ ?
ਇਹ ਗਰਮ ਚਾਹ ਕਿਹੋ ਜਿਹੀ ਹੈ ?

2 ਠੰਢੀ ਕਿਉਂ ਹੈ ?
ਚਾਹ ਠੰਢੀ ਕਿਉਂ ਹੈ ?
ਇਹ ਚਾਹ ਠੰਢੀ ਕਿਉਂ ਹੈ ?
ਇਹ ਚਾਹ ਇੰਨੀ ਠੰਢੀ ਕਿਉਂ ਹੈ ?

4. Substitution Drill

1 ਮੈਨੂੰ ਕਾਫ਼ੀ ਦੀ ਆਦਤ ਹੈ। (ਕਾਫ਼ੀ)
(ਚਾਹ),
(ਦੁੱਧ);
(ਲੱਸੀ)

2 ਕਾਫ਼ੀ ਇੰਨੀ ਗਰਮ ਕਿਉਂ ਹੈ ? (ਗਰਮ)
(ਕੌੜੀ)
(ਠੰਢੀ)
(ਮਿੱਠੀ)

5. Response Drill

Model 1

ਤੁਹਾਨੂੰ ਮੇਰੀ ਕਿਤਾਬ ਚਾਹੀਦੀ ਹੈ ?
ਮੇਰੇ ਕੋਲ ਕਿਤਾਬ ਹੈ, ਤੁਹਾਡੀ ਕਿਤਾਬ ਨਹੀਂ ਚਾਹੀਦੀ ।

(1) ਤੁਹਾਨੂੰ ਮੇਰਾ ਪੈਨ ਚਾਹੀਦਾ ਹੈ ?
(2) ਤੁਹਾਨੂੰ ਗੁਲਾਬ ਦੇ ਫੁੱਲ ਚਾਹੀਦੇ ਹਨ ?
(3) ਰਵੀ ਨੂੰ ਮੇਰੀ ਘੜੀ ਚਾਹੀਦੀ ਹੈ ?

Model 2

ਤੁਹਾਨੂੰ ਦੁੱਧ ਚਾਹੀਦਾ ਹੈ ਜਾਂ ਕਾਫ਼ੀ ਚਾਹੀਦੀ ਹੈ ?
ਮੈਨੂੰ ਦੁੱਧ ਨਹੀਂ ਚਾਹੀਦਾ, ਕਾਫ਼ੀ ਚਾਹੀਦੀ ਹੈ ।

(1) ਤੁਹਾਨੂੰ ਪੰਜ ਰੁਪਏ ਚਾਹੀਦੇ ਹਨ ਜਾਂ ਦੱਸ ਰੁਪਏ ?
(2) ਤੁਹਾਨੂੰ ਲੱਸੀ ਚਾਹੀਦੀ ਹੈ ਜਾਂ ਦੁੱਧ ਚਾਹੀਦਾ ਹੈ ?
(3) ਤੁਹਾਨੂੰ ਲੱਡੂ ਚਾਹੀਦੇ ਹਨ ਜਾਂ ਜਲੇਬੀਆਂ ਚਾਹੀਦੀਆਂ ਹਨ ?

B. EXERCISES

1. Write down the answers of the following questions as per the model given below.

Model 1

ਇਹ ਕਿਤਾਬ ਕਿਹੋ ਜਿਹੀ ਹੈ ? (ਚੰਗਾ)
ਇਹ ਕਿਤਾਬ ਚੰਗੀ ਹੈ।

(1) ਇਹ ਘਰ ਕਿਹੋ ਜਿਹਾ ਹੈ ? (ਸੋਹਣਾ)
(2) ਉਹ ਕਮਰਾ ਕਿਹੋ ਜਿਹਾ ਹੈ ? (ਹਵਾਦਾਰ)
(3) ਇਹ ਕਮੀਜ਼ ਕਿਹੋ ਜਿਹੀ ਹੈ ? (ਸੱਸਤਾ)

Model 2

ਤੁਹਾਨੂੰ ਦਸ ਰੁਪਏ ਚਾਹੀਦੇ ਹਨ ? (ਚਾਰ)
ਮੈਨੂੰ ਦਸ ਰੁਪਏ ਨਹੀਂ ਚਾਹੀਦੇ ਸਿਰਫ ਚਾਰ ਰੁਪਏ ਚਾਹੀਦੇ ਹਨ।

(1) ਤੁਹਾਨੂੰ ਨਵਾਂ ਬਸਤਾ ਚਾਹੀਦਾ ਹੈ ? (ਪੁਰਾਣਾ)
(2) ਰਵੀ ਨੂੰ ਦੋ ਪੈਨ ਚਾਹੀਦੇ ਹਨ ? (ਇੱਕ)
(3) ਰਵੀ ਨੂੰ ਇੰਨੀ ਖੰਡ ਚਾਹੀਦੀ ਹੈ ? (ਅੱਧੀ)

2. Answer the following sentences using the cue words given in the brackets.

(1) ਇਹ ਦਵਾਈ ਕਿਹੋ ਜਿਹੀ ਹੈ ? (ਮਿੱਠੀ)
(2) ਤੁਹਾਡੀ ਸਾੜ੍ਹੀ ਦਾ ਕੀ ਰੰਗ ਹੈ ? (ਚਿੱਟਾ)
(3) ਕੀ ਇਹ ਕਾਫ਼ੀ ਠੰਢੀ ਹੈ ? (ਗਰਮ)
(4) ਕੀ ਉਹ ਕਮਰਾ ਵੱਡਾ ਹੈ ? (ਛੋਟਾ)

3. Fill up the blanks with appropriate form of ਨਹੀਂ ਚਾਹੀਦਾ.

(1) ਮੈਨੂੰ ਚਾਰ ਕਿਤਾਬਾਂ.....
(2) ਉਹਨੂੰ ਦੋ ਪੈਨ.....
(3) ਰਾਮ ਨੂੰ ਪੈਨਸਿਲਾਂ... ....
(4) ਉਹ ਨੂੰ ਕਾਫ਼ੀ.....
(5) ਸਾਨੂੰ ਵੱਡਾ ਘਰ.....
(6) ਉਨ੍ਹਾਂ ਨੂੰ ਪੱਖੇ.....
(7) ਤੁਹਾਨੂੰ ਚਾਹ... .....
(8) ਤੈਨੂੰ ਸਾੜ੍ਹੀ.....

4. Change the following sentences as per the model given below.

Model

ਇਹ ਕਾਲਾ ਪੈਨ ਹੈ।
ਇਹ ਕਿਹੋ ਜਿਹਾ ਪੈਨ ਹੈ ?

1. ਇਹ ਸੁਹਣੇ ਘਰ ਹਨ।
2. ਇਹ ਚੰਗੀ ਕੁੜੀ ਹੈ।
3. ਇਹ ਸਾਊ ਮੁੰਡੇ ਹਨ।
4. ਇਹ ਕਾਲੀਆਂ ਸਾੜ੍ਹੀਆਂ ਹਨ।
5. ਇਹ ਪੀਲਾ ਕੁੜਤਾ ਹੈ।
6. ਇਹ ਨੀਲੀ ਪੱਗ ਹੈ।
7. ਇਹ ਵੱਡਾ ਬਸਤਾ ਹੈ।
8. ਇਹ ਛੋਟੀਆਂ ਪੈਨਸਿਲਾਂ ਹਨ।

C. VOCABULARY

ਸੁਆਦ	'taste'	ਹੋਟਲ	'hotel'
ਕੌੜੀ	'bitter'	ਕਾੜ੍ਹਾ	'decoction'
ਪਾਉਣਾ	'to put'	ਫਿੱਕੀ	'without sugar'
ਚਮਚ	'spoon'	ਆਦਤ	'habit'
ਬੈਹਰਾ	'waiter'	ਮੈਲੀ	'dirty'
ਕੁਝ ਨਹੀਂ ਬਣਦਾ	'not sufficient'	ਮੋਟਾ	'fat'
ਨੀਲਾ	'blue'	ਮਿੱਠੀ	'sweet'
ਚਾਹ ਪੱਤੀ	'tea leaves'	ਲੱਡੂ	'laddu'

ਖੰਡ	'sugar'	ਹਵਾਦਾਰ	'airy'
ਥੋੜੀ ਜਿਹੀ	'a little bit'	ਨਲਾਇਕ	unintelligent'
ਇਹੋ ਜਿਹਾ	'this type of'	ਤੇਜ਼	'fast'
ਉਹੋ ਜਿਹਾ	'that type of'	ਅੱਧੀ	'half'

D. NOTES

In this lesson adjectival correlative 'ਕਿਹੋ ਜਿਹਾ' has been introduced. It agrees with the noun in gender and number.

A phrase is used combining ਇਹ, ਉਹ, ਕੀ with an emphatic suffix and the noun ਜਿਹਾ

ਇਹੋ ਜਿਹਾ	'this kind of'
ਕਿਹੋ ਜਿਹਾ	'what kind of'
ਉਹੋ ਜਿਹਾ	'that kind of'
ਇਹ ਕਿਹੋ ਜਿਹਾ ਪੈਨ ਹੈ ?	'What sort of pen it is ?'
ਇਹ ਕਿਹੋ ਜਿਹੀ ਚਾਹ ਹੈ ?	'What sort of tea it is ?'
ਇਹ ਕਿਹੋ ਜਿਹੇ ਪੱਖੇ ਹਨ ?	'What sort of fans these are ?'
ਇਹ ਕਿਹੋ ਜਿਹੀਆਂ ਸਾੜ੍ਹੀਆਂ ਹਨ ?	'What sort of saries these are ?'

UNIT XIII — Lesson 58

A Review Lesson

ਸੁਰਜੀਤ : ਬਲਬੀਰ ਤੁਸੀਂ ਕਿੱਥੇ ਜਾ ਰਹੇ ਹੋ ?	Balbir, where are you going ?
ਬਲਬੀਰ : ਮੈਂ ਸਟੇਸ਼ਨ ਜਾ ਰਿਹਾ ਹਾਂ। ਮੇਰੇ ਮਾਤਾ ਜੀ ਆ ਰਹੇ ਹਨ। ਉਹ ਮੇਰੇ ਵੱਡੇ ਭੈਣ ਜੀ ਨੂੰ ਦਿੱਲੀ ਤੋਂ ਲਿਆ ਰਹੇ ਹਨ।	I am going at the Station. My mother is coming. She is bringing my elder sister from Dehli.
ਸੁਰਜੀਤ : ਚਲੋ ਚੱਲੀਏ। ਮੈਂ ਵੀ ਸਟੇਸ਼ਨ ਜਾ ਰਿਹਾ ਹਾਂ। ਤੁਸੀਂ ਅੱਜ ਕਲ੍ਹ ਕੀ ਕਰ ਰਹੇ ਹੋ ?	Let us go ! I am also going at the station. What are you doing nowadays ?
ਬਲਬੀਰ : ਮੈਂ ਐਮ.ਏ. ਕਰ ਰਿਹਾ ਹਾਂ।	I am doing M.A.
ਸੁਰਜੀਤ : ਤੁਹਾਨੂੰ ਪੜ੍ਹਾਉਣ ਲਈ ਤੁਹਾਡੇ ਪਿਤਾ ਜੀ ਕਾਫੀ ਮੁਸ਼ਕਲਾਂ ਝੇਲ ਰਹੇ ਹਨ। ਤੁਹਾਨੂੰ ਮਿਹਨਤ ਕਰਨੀ ਚਾਹੀਦੀ ਹੈ।	Your father is facing great difficulties to study you. You should work hard.
ਬਲਬੀਰ : ਦੇਖੋ ਕੋਈ ਉਸ ਤਰਫ ਭੱਜ ਰਿਹਾ ਹੈ।	See some one is running that side.
ਸੁਰਜੀਤ : ਹਾਂ ਉਹ ਚੋਰ ਲਗਦਾ ਹੈ, ਦੇਖ ਉਹ ਭੱਜ ਰਿਹਾ ਹੈ। ਤੂੰ ਜਾ ਤੇ ਉਸ ਪੁਲਿਸ ਵਾਲੇ ਨੂੰ ਦੱਸ।	Yes, he seems to be a thief, look, he is running. You go and tell that police man.
ਬਲਬੀਰ : ਕੋਈ ਲੋੜ ਨਹੀਂ, ਪੁਲਿਸ ਵਾਲਾ ਉਹਦੇ ਪਿੱਛੇ ਭੱਜ ਰਿਹਾ ਹੈ।	There is no need. The policeman is running after him.
ਸੁਰਜੀਤ : ਉੱਧਰ ਦੇਖ ਚੋਰ ਇਸੇ ਪਾਸੇ ਆ ਰਿਹਾ ਹੈ। ਤੂੰ ਵੀ ਭੱਜ ਤੇ ਉਸ ਨੂੰ ਫੜ।	Look in that direction, the thief is coming this side. You also run and catch him.
ਬਲਬੀਰ : ਕੋਈ ਲੋੜ ਨਹੀਂ। ਪੁਲਿਸ ਵਾਲਾ ਉਹਨੂੰ ਲੈ ਜਾ ਰਿਹਾ ਹੈ। ਆਉ ਚਲੀਏ।	There is no need. The policeman is taking him away. Let's go.

ਸੁਰਜੀਤ : ਲੋਕ ਕਾਹਲੀ ਕਾਹਲੀ ਜਾ ਰਹੇ ਹਨ। ਕੀ ਗੱਡੀ ਆ ਰਹੀ ਹੈ ? — People are going in haste. Is the train arriving ?

ਜ਼ਲਬੀਰ : ਹਾਂ ਜੀ, ਇਹ ਤੁਹਾਨੂੰ ਕੁਝ ਪੁੱਛ ਰਹੇ ਹਨ। — Yes, he is asking you something.

ਸੁਰਜੀਤ : ਹਾਂ ਜੀ, ਕੀ ਗੱਲ ਹੈ ? — Yes, what is matter ?

ਨਰਿੰਦਰ : ਕੀ ਤੁਸੀਂ ਸੁਰਜੀਤ ਸਿੰਘ ਹੋ ? ਮੈਂ ਨਰਿੰਦਰ ਸਿੰਘ ਹਾਂ। — Are you Surjit Singh ? I am Narinder Singh.

ਸੁਰਜੀਤ : ਮੈਂ ਤੁਹਾਡੇ ਲਈ ਹੀ ਆ ਰਿਹਾ ਹਾਂ। ਚਲੋ ਚੱਲੀਏ। — I am coming for you only. Let's go.

A. EXERCISES

1. Fill the blanks with present continuous tense forms of the verbs given in the brackets.

(1) ਚੋਰ ਘਬਰਾ ਕੇ..... (ਭੱਜ)
(2) ਰਵੀ ਰੁੱਖ ਦੇ ਕੋਲ..... (ਜਾ)
(3) ਉਹ ਦਿੱਲੀ ਤੋਂ.....(ਆ)
(4) ਤੁਸੀਂ ਕੀ..... (ਪੜ੍ਹ)
(5) ਅਸੀਂ ਖਾਣਾ..... (ਖਾ)
(6) ਉਹ (F. Pl.) ਤਾਸ਼..... (ਖੇਡ)
(7) ਤੂੰ ਕੀ..... (ਕਰ)
(8) ਮੈਂ ਮਿਹਨਤ ਨਾਲ.....(ਪੜ੍ਹ)

2. Choose either ਨੂੰ or ਤੋਂ appropriately and fill up the blanks.

(1) ਗੋਪੀ ਸਕੂਲ.....ਆ ਰਿਹਾ ਹੈ।
(2) ਰਵੀ ਸ਼ਹਿਰ.....ਆ ਰਿਹਾ ਹੈ।
(3) ਰਵੀ ਸ਼ੀਲਾ.....ਕੁਝ ਪੁੱਛ ਰਿਹਾ ਹੈ।
(4) ਤੁਸੀਂ ਉਸ ਪੁਲਿਸ ਵਾਲੇ.....ਦਸੋ।
(5) ਮਾਤਾ ਜੀ ਰਾਮ.....ਕੁਝ ਕਹਿ ਰਹੇ ਹਨ।
(6) ਪਿਤਾ ਜੀ ਦਿੱਲੀ.....,ਆ ਰਹੇ ਹਨ।
(7) ਮੇਰੇ ਪਿਤਾ ਜੀ ਭੈਣ ਜੀ.....ਦਿੱਲੀ.....ਲਿਆ ਰਹੇ ਹਨ।
(8) ਰਸਤਾ ਉਸ ਪੁਲਿਸ ਵਾਲੇ ..... ਪੁੱਛੋ।

3. Transform the following sentences as per the model given below :—

Model 1

ਉਹ ਤੁਹਾਡੇ ਘਰ ਆ ਰਿਹਾ ਹੈ।
ਉਹ ਤੁਹਾਡੇ ਘਰ ਆਉਂਦਾ ਹੈ।

(1) ਉਹ ਕਿਤਾਬ ਪੜ੍ਹ ਰਿਹਾ ਹੈ।
(2) ਮੈਂ ਖਾਣਾ ਖਾ ਰਿਹਾ ਹਾਂ।
(3) ਤੁਸੀਂ ਕੀ ਲਿਆ ਰਹੇ ਹੋ ?
(4) ਉਹ ਬਜਾਰ ਜਾ ਰਿਹਾ ਹੈ।
(5) ਅਸੀਂ ਤੁਹਾਨੂੰ ਕੁਝ ਪੁੱਛ ਰਹੇ ਹਾਂ।
(6) ਉਹ ਸਕੂਲ ਜਾ ਰਹੇ ਹਨ।

4. Make at least 20 sentences from the following table taking one word from each column.

ਰਵੀ	ਉੱਧਰ	ਆ
ਤੂੰ	ਇੱਧਰ	ਜਾ
ਅਸੀਂ	ਕਿੱਧਰ	ਭੱਜ
ਮੈਂ		

5. Use the following words/phrases into your own sentences.
ਵੱਡੀ ਭੈਣ, ਪੜ੍ਹਾਉਣਾ, ਮੁਸ਼ਕਿਲਾਂ, ਝੱਲਣਾਂ, ਕੋਈ ਕੋਈ, ਲੋੜ, ਭੱਜਣਾ, ਉੱਧਰ, ਇਸੇ ਪਾਸੇ, ਫੜਨਾ, ਕਾਹਲੀ ਕਾਹਲੀ, ਪੁੱਛਣਾ, ਚਲਣਾ, ਪਿੱਛੇ ਦਸਣਾ।

6. Fill up the blanks with appropriate words:

1. .....ਕਾਪੀ ਚਾਹੀਦੀ ਹੈ।
2. ਸਾਨੂੰ ਦੋ ਪੈਨ.....ਹਨ।
3. ਮੈਂ ਇੱਕ ਪੈਨ ਖਰੀਦਣਾ.....ਹਾਂ।
4. ਤੁਹਾਨੂੰ ਘਰ ਜਾਣਾ..... ਹੈ।
5. ਤੁਸੀਂ ਪਿਕਚਰ ਵੇਖਣਾ..... ਹੋ ?
6. ਮੈਂ ਦੋ ਸਾੜ੍ਹੀਆਂ.....ਹਨ।
7. ਉਨ੍ਹਾਂ ਨੂੰ ਕਿਤਾਬਾਂ.....ਹਨ।
8. ਉਹ ਕਾਪੀਆਂ ਲੈਣਾ..... ਹਨ।

7. Change the subject of the following sentences from singular to plural and make other necessary changes wherever necessary.

1. ਮੈਨੂੰ ਕਾਪੀ ਚਾਹੀਦੀ ਹੈ।
2. ਮੈਂ ਸਾੜ੍ਹੀ ਲੈਣਾ ਚਾਹੁੰਦੀ ਹਾਂ।
3. ਉਹ ਜਾਣਾ ਚਾਹੁੰਦਾ ਹੈ।
4. ਤੂੰ ਕੀ ਖਰੀਦਣਾ ਹੈ ?
5. ਮੈਂ ਕਾਪੀ ਖਰੀਦਣੀ ਹੈ।
6. ਉਹਨੇ ਘਰ ਜਾਣਾ ਹੈ।
7. ਉਹਨੂੰ ਪੈਨ ਚਾਹੀਦਾ ਹੈ
8. ਤੈਨੂੰ ਦੋ ਪੈਨ ਚਾਹੀਦੇ ਹਨ ?
9. ਮੁੰਡੇ ਨੇ ਕਾਪੀਆਂ ਨਹੀਂ ਲੈਣੀਆਂ।
10. ਬੱਚੇ ਨੇ ਅੰਬ ਖਾਣੇ ਹਨ।
11. ਬੱਚੇ ਨੂੰ ਅੰਬ ਚਾਹੀਦਾ ਹੈ।
12. ਉਹਨੂੰ ਕੇਲੇ ਚਾਹੀਦੇ ਹਨ।

C. VOCABULARY

ਝੇਲਣਾ	'to bear'	ਰਸਤਾ	'way'
ਚੋਰ	'thief'	ਕਾਫੀ ਮੁਸ਼ਕਿਲਾਂ	'too much difficulties'
ਕਾਹਲੀ ਕਾਹਲੀ	'in hurry'	ਲੋਕ	'people'
ਪਲਿਸ ਵਾਲੇ ਨੂੰ	'to the police man'	ਘਬਰਾ ਕੇ	afraid of

UNIT XIV — Lesson 59

When did you come ?

ਵਿਦਿਆਰਥੀ : ਨਮਸਤੇ ਜੀ ।	Greatings !
ਅਧਿਆਪਕ : ਨਮਸਤੇ ਜੀ । ਤੁਸੀਂ ਕਦੋਂ ਆਏ ।	Greetings! When did you come?
ਵਿਦਿਆਰਥੀ : ਮੈਂ ਕਲ੍ਹ ਰਾਤੀਂ ਆਇਆ ਹਾਂ ।	I came last night.
ਅਧਿਆਪਕ : ਰਾਤੀਂ ਕਿੱਥੇ ਠਹਿਰੇ ?	Where did you stay at night?
ਵਿਦਿਆਰਥੀ : ਕੱਲ੍ਹ ਰਾਤੀਂ ਮੈਂ ਹੋਟਲ ਵਿੱਚ ਠਹਿਰਿਆ ।	I stayed in a hotel last night.
ਅੱਜ ਸਵੇਰੇ ਹੋਸਟਲ ਵਿੱਚ ਆਇਆ ।	I came to the hostel this morning.
ਅਧਿਆਪਕ : ਤੁਹਾਨੂੰ ਕਮਰਾ ਮਿਲ ਗਿਆ ਹੈ ?	Have you got a room?
ਵਿਦਿਆਰਥੀ : ਹਾਂ ਜੀ, ਮੈਨੂੰ ਕਮਰਾ ਮਿਲ ਗਿਆ ਹੈ ।	Yes, sir, I have got a room.
ਅਧਿਆਪਕ : ਸ਼ਾਮ, ਰਾਮ ਕਿੱਥੇ ਗਿਆ ਹੈ ?	Sham, where has Ram gone ?
ਸ਼ਾਮ : ਜੀ, ਉਹ ਡਾਕਖਾਨੇ ਗਿਆ ਸੀ,	Sir, he had gone to post office.
ਪਤਾ ਨਹੀਂ ਵਾਪਸ ਨਹੀਂ ਆਇਆ ।	I don't know that he has not come back.
ਅਧਿਆਪਕ : ਕਮਲਾ, ਤੁਸੀਂ ਕੱਲ੍ਹ ਬਜਾਰ ਗਏ ਸੀ ?	Kamla, did you go to bazar yesterday?
ਕਮਲਾ : ਨਹੀਂ ਜੀ, ਮੈਂ ਕਲ੍ਹ ਬਜਾਰ ਨਹੀਂ ਸੀ ਗਈ ।	No, sir, I did not go to bazar yesterday.
ਅਧਿਆਪਕ : ਫਿਰ ਤੁਸੀਂ ਕਿੱਥੇ ਸੀ ?	Where were you then ?
ਕਮਲਾ : ਮੈਂ ਲਾਇਬਰੇਰੀ ਗਈ ਸਾਂ ।	I went to library.
ਅਧਿਆਪਕ : ਇਹ ਚੰਗੀ ਆਦਤ ਹੈ । ਤੁਹਾਨੂੰ ਕਾਫੀ	This is a good habit.
ਮਿਹਨਤ ਕਰਨੀ ਚਾਹੀਦੀ ਹੈ ।	You must work hard.

A. DRILLS

1. Repetition Drill

ਮੈਂ ਕੱਲ੍ਹ ਰਾਤੀਂ ਆਇਆ ਹਾਂ।
ਅਸੀਂ ਕਲ੍ਹ ਰਾਤੀਂ ਆਏ ਹਾਂ।
ਸ਼ੀਲਾ ਕੱਲ੍ਹ ਰਾਤੀਂ ਆਈ ਹੈ।
ਉਹ ਕਲ੍ਹ ਰਾਤੀਂ ਆਈਆਂ ਹਨ।
ਕੱਲ੍ਹ ਰਾਤੀਂ ਮੈਂ ਹੋਟਲ ਵਿਚ ਠਹਿਰਿਆ।

ਮੈਂ ਬਜ਼ਾਰ ਗਿਆ ਸੀ।
ਅਸੀਂ ਬਜ਼ਾਰ ਗਏ ਸੀ।
ਤੂੰ ਘਰ ਗਈ ਹੈਂ ?
ਤੁਸੀਂ ਕਿੱਥੇ ਗਈਆਂ ਸੀ ?
ਅਸੀਂ ਹੋਸਟਲ ਗਈਆਂ ਸੀ ।

2. Substitution Drill

1. ਮੈਂ ਕਲ੍ਹ ਰਾਤੀਂ ਆਇਆ ਹਾਂ। (ਕੱਲ੍ਹ ਰਾਤੀਂ)
(ਦਸ ਵਜੇ)
(ਸਵੇਰੇ)
(ਦੁਪਹਿਰ ਨੂੰ)
(ਸ਼ਾਮ ਨੂੰ)

2. ਮੈਂ ਰਾਤੀਂ ਹੋਟਲ ਵਿੱਚ ਠਹਿਰਿਆ (ਹੋਟਲ ਵਿਚ)
(ਹੋਸਟਲ ਵਿੱਚ)
(ਆਪਣੇ ਦੋਸਤ ਦੇ ਕਮਰੇ ਵਿੱਚ)
(ਸ਼ੀਲਾ ਦੇ ਘਰ)
(ਆਪਣੇ ਭਰਾ ਦੇ ਘਰ)

3. Response Drill

Model

ਤੁਸੀਂ ਕਦੋਂ ਆਏ (ਕੱਲ੍ਹ)
ਮੈਂ ਕੱਲ੍ਹ ਆਇਆ।

(1) ਤੁਸੀਂ ਕਿੱਥੇ ਠਹਿਰੇ ? (ਹੋਟਲ ਵਿੱਚ)
(2) ਤੁਹਾਨੂੰ ਕਮਰਾ ਮਿਲ ਗਿਆ ਹੈ ? (ਹਾਂ ਜੀ)
(3) ਸ਼ਾਮ, ਰਾਮ ਕਿੱਥੇ ਗਿਆ ਹੈ ? (ਸਕੂਲ)
(4) ਤੁਸੀਂ ਬਜ਼ਾਰ ਗਏ ਸੀ ? (ਨਹੀਂ ਜੀ)
(5) ਉਹ ਕਿੱਥੇ ਠਹਿਰਿਆ ? (ਹੋਸਟਲ ਵਿੱਚ)

4. Build up and Expansion Drill

1. ਆਏ ?
ਕਿੰਨੇ ਵਜੇ ਆਏ ?
ਤੁਸੀਂ ਕਲ੍ਹ ਕਿੰਨੇ ਵਜੇ ਆਏ ?
ਤੁਸੀਂ ਕਲ੍ਹ ਰਾਤੀਂ ਕਿੰਨੇ ਵਜੇ ਆਏ ?

2. ਆਇਆ।
ਮੈਂ ਕੱਲ੍ਹ ਆਇਆ।
ਮੈਂ ਕਲ੍ਹ ਰਾਤੀਂ ਆਇਆ।
ਮੈਂ ਕਲ੍ਹ ਰਾਤੀਂ ਦਸ ਵਜੇ ਆਇਆ।

3. ਠਹਿਰੇ
ਕਿੱਥੇ ਠਹਿਰੇ ?
ਰਾਤੀਂ ਕਿੱਥੇ ਠਹਿਰੇ ?
ਤੁਸੀਂ ਕੱਲ੍ਹ ਰਾਤੀਂ ਕਿੱਥੇ ਠਹਿਰੇ ?

4. ਮੈਂ ਗਈ ਸੀ ।
ਮੈਂ ਡਾਕਖਾਨੇ ਗਈ ਸੀ।
ਮੈਂ ਕੱਲ੍ਹ ਡਾਕਖਾਨੇ ਗਈ ਸੀ।
ਮੈਂ ਕਲ੍ਹ ਸਵੇਰੇ ਡਾਕਖਾਨੇ ਗਈ ਸੀ।

5. Transformation Drill

Model 1

ਮੈਂ ਗਿਆ ।
ਮੈਂ ਨਹੀਂ ਗਿਆ ।

(1) ਅਸੀਂ ਗਏ ।
(2) ਤੁਸੀਂ ਗਏ ।
(3) ਉਹ ਗਈ ।
(4) ਉਹ ਗਿਆ ।

Model 2

ਉਹ ਆਇਆ ਸੀ ।
ਉਹ ਨਹੀਂ ਸੀ ਆਇਆ ।

(1) ਮੈਂ ਆਇਆ ਸੀ ।
(2) ਤੁਸੀਂ ਆਏ ਸੀ ।
(3) ਉਹ ਆਈਆਂ ਸਨ ।
(4) ਉਹ ਆਈ ਸੀ ।

Model 3

ਮੈਂ ਉਹਦੇ ਘਰ ਗਿਆ ਹਾਂ ।
ਮੈਂ ਉਹਦੇ ਘਰ ਨਹੀਂ ਗਿਆ ।

(1) ਉਹ ਉਹਦੇ ਘਰ ਗਿਆ ਹੈ ।
(2) ਅਸੀਂ ਤੁਹਾਡੇ ਘਰ ਆਏ ਹਾਂ ।
(3) ਤੁਸੀਂ ਸਾਡੇ ਘਰ ਆਏ ਹੋ ?
(4) ਉਹ ਸਾਡੇ ਘਰ ਆਈ ਹੈ ।

Model 4

ਮੈਂ ਹੋਟਲ ਵਿੱਚ ਰਿਹਾ ਹਾਂ ।
ਮੈਂ ਹੋਟਲ ਵਿੱਚ ਰਿਹਾ ਸੀ ।

(1) ਤੂੰ ਘਰ ਗਿਆ ਹੈਂ ?
(2) ਤੁਸੀਂ ਕਲ੍ਹ ਰਾਤੀਂ ਆਏ ਹੋ ?
(3) ਅਸੀਂ ਉਨ੍ਹਾਂ ਦੇ ਘਰ ਗਏ ਹਾਂ ।
(4) ਉਹ ਸਾਡੇ ਘਰ ਠਹਿਰੇ ਹਨ ।

B. EXERCISES

1. Change masculine of the following sentences to feminine as per the model given below.

Model 1

ਮੈਂ ਆਇਆ ।
ਮੈਂ ਆਈ ।

(1) ਮੈਂ ਠਹਿਰਿਆ ।
(2) ਮੈਂ ਗਿਆ ।
(3) ਉਹ ਰਾਤੀਂ ਇੱਥੇ ਰਿਹਾ ।

Model 2

ਅਸੀਂ ਆਏ ।
ਅਸੀਂ ਆਈਆਂ ।

(1) ਅਸੀਂ ਗਏ ।
(2) ਤੁਸੀਂ ਠਹਿਰੇ ।
(3) ਉਹ ਰਾਤੀਂ ਇੱਥੇ ਰਹੇ ।

2. Change the following sentences into negative.

(1) ਮੈਂ ਰਾਤੀਂ ਆਇਆ ਹਾਂ ।
(2) ਮੈਂ ਡਾਕਖਾਨੇ ਗਿਆ ਸੀ ।
(3) ਤੁਸੀਂ ਕੱਲ੍ਹ ਆਏ ਹੋ ?
(4) ਅਸੀਂ ਅੱਜ ਆਏ ।
(5) ਮੈਂ ਸਵੇਰੇ ਆਇਆ ਸੀ ।
(6) ਕੱਲ੍ਹ ਰਾਤੀਂ ਮੈਂ ਹੋਟਲ ਵਿਚ ਠਹਿਰਿਆ ।

3. Change the following past tense forms into future affirmative as per the model given below and rewrite the sentences.

Model

ਮੈਂ ਕਲ੍ਹ ਤੁਹਾਡੇ ਘਰ ਆਇਆ।
ਮੈਂ ਕਲ੍ਹ ਤੁਹਾਡੇ ਘਰ ਆਵਾਂਗਾ।

(1) ਮੈਂ ਅਜ ਉਹਦੇ ਘਰ ਗਿਆ।
(2) ਮੈਂ ਕੱਲ੍ਹ ਤੁਹਾਡੇ ਘਰ ਆਈ।
(3) ਉਹ ਸਾਡੇ ਘਰ ਆਏ ਸਨ।
(4) ਅਸੀਂ ਅੱਜ ਦਫਤਰ ਨਹੀਂ ਗਏ।
(5) ਤੁਸੀਂ ਕਿੱਥੇ ਠਹਿਰੇ ਹੋ ?
(6) ਉਹ ਕਿੱਥੇ ਰਹੀ ?
(7) ਤੁਸੀਂ ਕਿੱਥੇ ਠਹਿਰੀਆਂ ?
(8) ਉਹ ਕਲ੍ਹ ਸਾਡੇ ਘਰ ਨਹੀਂ ਆਈਆਂ।

4. Change the following verb forms to present participle (Masc. Singular) and use them in sentences as per the model given below.

Model

ਚਲ ਚਲਦਾ

ਉਹ ਮੁੰਡਾ ਤੇਜ਼ ਚਲਦਾ ਹੈ।

ਜਾ, ਖਾ, ਪੀ, ਰਹਿ, ਆ, ਠਹਿਰ, ਪੜ੍ਹ, ਲਿਖ, ਸੁਣ, ਕਹਿ

5. Use the following words in sentences.

ਕਦੋਂ, ਕੱਲ੍ਹ, ਆਦਤ, ਮਿਹਨਤ, ਮਿਲਜਾਣਾ, ਮਿਲਣਾ, ਜਾਣਾ, ਆਉਣਾ, ਠਹਿਰਨਾ, ਰਹਿਣਾ

C. VOCABULARY

ਮਿਲ ਜਾਣਾ	'to get'	ਕਦੋਂ	'when'
ਕੱਲ੍ਹ ਰਾਤੀਂ	'last night'	ਸਵੇਰੇ	'in the morning'
ਵਾਪਿਸ	'back'	ਪਤਾ ਨਹੀਂ	'I don't know'

D. NOTES

In this lesson past participle forms of intransitive verbs are introduced. The productive pattern uses a past tense suffix-ਇਆ which is added to the stem before gender, number suffixes in the masculine singular elsewhere ਇ is dropped and the gender and number suffixes are added directly to the stem like regular adjective inflection of a- ending adjectives.

ਆ-come ਆਇਆ ਆਏ ਆਈ ਆਈਆਂ

The structure of the past participle of the finite verb in Punjabi is as follows.

Masculine		Feminine	
Sg.	Pl.	Sg.	Pl.
ਮੈਂ ਆਇਆ	ਅਸੀਂ ਆਏ	ਮੈਂ ਆਈ	ਅਸੀਂ ਆਈਆਂ
'I came'	'we came'	'I came'.	'We came'.
ਤੂੰ ਆਇਆ	ਤੁਸੀਂ ਆਏ	ਤੂ ਆਈ	ਤੁਸੀਂ ਆਈਆਂ
'You came'	'You came'	'You came'	'You came'
ਉਹ ਆਇਆ	ਉਹ ਆਏ	ਉਹ ਆਈ	ਉਹ ਆਈਆਂ
'He came'	'They came'	'She came'	'They came'

Note that masculine plural forms are used with honorific singular subjects as well.

(i) ਆ (to come); ਠਹਿਰ (to stay), ਜਾ (to go) are verb stems. The verb stem ਜਾ has an irregular form ਰਾ in past before gender-number suffixes.

(ii) The past participle form of the intransitive verbs agrees with the subject in number and gender as shown above.

(iii) The imperfect past tense of intransitive verbs is formed by using the past participle with the present auxiliary which agrees with the subject in person and number.

ਮੈਂ ਕੱਲ੍ਹ ਰਾਤੀ ਆਇਆ ਹਾਂ।

'I have come yesterday night.'

In the negative, the auxiliary may be omitted as in the present indefinite tense.

ਮੈਂ ਕੱਲ੍ਹ ਰਾਤੀ ਨਹੀਂ ਆਇਆ।

'I have not come yesterday night.'

(iv) The perfect past tense of intransitive verbs is formed by using the past participle form with the past auxiliary. This tense has the meaning of a simple past (as in English).

ਮੈਂ ਹੋਟਲ ਵਿੱਚ ਠਹਿਰਿਆ ਸੀ। 'I had stayed in the hotel'
('I stayed in the hotel')

In the negative, the auxiliary usually precede the verb

ਮੈਂ ਕੱਲ੍ਹ ਹੋਟਲ ਵਿੱਚ ਨਹੀਂ ਸੀ ਠਹਿਰਿਆ।

'I had not stayed in the hotel yesterday

A number of verbs have irregular past participles. These must be learnt, Some of such past participles are listed below.

Past Participle

		Masc.		*Fem.*	
Verb Stem		Sg.	Pl.	Sg.	Pl.
ਜਾ	'go'	ਗਿਆ	ਗਏ	ਗਈ	ਗਈਆਂ
ਨ੍ਹਾ	'bathe'	ਨ੍ਹਾਤਾ	ਨ੍ਹਾਤੇ	ਨ੍ਹਾਤੀ	ਨ੍ਹਾਤੀਆਂ
ਨੱਸ	'run'	ਨੱਠਾ/ਨਸਿਆ	ਨੱਠੇ	ਨੱਠੀ	ਨੱਠੀਆਂ
ਢਹਿ	'fall flat'	ਢੱਠਾ	ਢੱਠੇ	ਢੱਠੀ	ਢੱਠੀਆਂ
ਰਹਿ	live	ਰਿਹਾ	ਰਹੇ	ਰਹੀ	ਰਹੀਆਂ
ਸੌਂ	'sleep'	ਸੁੱਤਾ	ਸੁੱਤੇ	ਸੁੱਤੀ	ਸੁੱਤੀਆਂ
ਬਹਿ	'sit'	ਬੈਠਾ	ਬੈਠੇ	ਬੈਠੀ	ਬੈਠੀਆਂ
ਪੈ	'lie'	ਪਿਆ	ਪਏ	ਪਈ	ਪਈਆਂ
ਲਹਿ	'to descend'	ਲੱਥਾ	ਲੱਥੇ	ਲੱਥੀ	ਲੱਥੀਆਂ

UNIT XIV

Lesson 60

A Review Lesson

1. ਮੈਂ ਘਰੋਂ ਆਇਆ ਹਾਂ।	I have come from home.
ਅਸੀਂ ਬਜ਼ਾਰੋਂ ਆਏ ਹਾਂ।	We have come from bazar.
ਤੂੰ ਕਿੱਥੋਂ ਆਇਆ ਹੈਂ ?	From where have you come ?
ਤੁਸੀਂ ਸਕੂਲੋਂ ਆਏ ਹੋ ?	Have you come from school ?
ਉਹ ਦਫ਼ਤਰੋਂ ਆਇਆ ਹੈ।	He has come from the office.
ਉਹ ਪਿੰਡੋਂ ਆਏ ਹਨ।	They have come from the village.
ਮੈਂ ਘਰ ਗਈ।	I went home.
ਅਸੀਂ ਬਜ਼ਾਰ ਗਈਆਂ।	We went home.
ਤੂੰ ਸਕੂਲ ਗਈ ਹੈਂ ?	Have you gone to school ?
ਤੁਸੀਂ ਦਫ਼ਤਰ ਕਿਉਂ ਨਹੀਂ ਗਈਆਂ।	Why have not you gone to Office ?
ਉਹ ਬਾਹਰ ਗਈ ਹੈ।	She has gone out.
ਉਹ ਅੰਦਰ ਗਈਆਂ ਹਨ।	They have gone in side.
2. ਤੁਹਾਡੀ ਕੁੜੀ ਇੱਥੇ ਨਹੀਂ ਆਈ।	Your daughter has not come here.
ਮੈਂ ਕੱਲ੍ਹ ਹੋਸਟਲ ਵਿੱਚ ਠਹਿਰੀ ਸੀ।	I had stayed in the hostel yesterday.
ਤੁਸੀਂ ਕੱਲ੍ਹ ਸਾਡੇ ਘਰ ਕਿਉਂ ਨਹੀਂ ਆਂਈਆਂ।	Why have not you come to our home yesterday.
ਤੂੰ ਚਲਦੀ ਗੱਡੀ ਤੋਂ ਕਿਉਂ ਉੱਤਰੀ ਹੈਂ ?	Why have you descended from the moving train ?

ਅਸੀਂ ਅੱਜ ਬਾਜ਼ਾਰ ਗਈਆਂ ਸਾਂ/ਸੀ।	We had gone to the bazar.
ਉਹ ਕੱਲ੍ਹ ਇੱਥੇ ਰਹੀਆਂ ਸਨ।	They had lived here yesterday.
3. ਅਸੀਂ ਕੱਲ੍ਹ ਰਾਮ ਦੇ ਘਰ ਨਹੀਂ ਸੀ ਰਹੇ। ਹੋਸਟਲ ਵਿਚ ਠਹਿਰੇ ਸੀ।	We had n't stayed in Ram's house Yesterday. We stayed in the hostel.
ਰਾਮ ਹਾਲੀ ਬਜ਼ਾਰੋਂ ਨਹੀਂ ਆਇਆ।	Ram has not come still from the bazar.
ਕੁੜੀਆਂ ਅੱਜ ਬਜ਼ਾਰ ਨਹੀਂ ਗਈਆਂ।	The girls have not gone to bazar to-day.
ਤੁਸੀਂ ਕੱਲ੍ਹ ਸਾਡੇ ਘਰ ਕਿਉਂ ਨਹੀਂ ਸੀ ਆਏ ?	Why you had not come to our home yesterday ?
ਮੈਨੂੰ ਕੰਮ ਸੀ ਇਸ ਲਈ ਮੈਂ ਨਹੀਂ ਸੀ ਆਈ।	I had some work therefore had not come.

A. EXERCISES

1. Change the form of the verb given in brackets appropriately into past participle and fill up the blanks.

(1) ਸ਼ੀਲਾ ਘਰੋਂ—(ਆ—) ਹੈ।
(2) ਤੂੰ ਰਾਤੀਂ ਸਟੇਸ਼ਨ ਤੇ ਕਿਉਂ ਨਹੀਂ—(ਜਾ–)?
(3) ਮੈਂ ਕੱਲ੍ਹ ਹੋਸਟਲ ਵਿੱਚ—(ਠਹਿਰ–)
(4) ਸਾਰੇ ਮੁੰਡੇ ਸਾਡੇ ਨਾਲ—(ਜਾ) ਸਨ।
(5) ਅਸੀਂ ਕੱਲ੍ਹ ਬਹੁਤ—(ਦੌੜ–)
(6) ਤੁਸੀਂ ਵਿਆਹ ਵਿੱਚ ਕਿਉਂ ਨਹੀਂ—(ਨੱਚ–)
(7) ਕੁੜੀਆਂ ਇੱਥੇ ਨਹੀਂ—(ਰਹਿ–)
(8) ਮੈਂ ਅੱਜ ਨਹੀਂ—(ਨ੍ਹਾ–)
(9) ਰਾਮ ਮੇਰੇ ਨਾਲ—(ਆ–) ਹੈ।
(10) ਉਹ ਕੱਲ੍ਹ ਹੋਸਟਲ ਵਿੱਚ—(ਠਹਿਰ–) ਸੀ।
(11) ਮੈਂ ਪਰਸੋਂ ਸ਼ੀਲਾ ਨਾਲ—(ਰਹਿ) ਸੀ।
(11) ਤੂੰ ਕਿਉਂ ਨਹੀਂ—(ਦੌੜ–)

2. Answer the following questions :

(1) ਤੁਸੀਂ ਕਿਥੋਂ ਆਏ ਹੋ ?
(2) ਕੀ ਅੱਜ ਤੁਸੀਂ ਨ੍ਹਾਤੇ ਹੋ ?
(3) ਉਹ ਕੱਲ੍ਹ ਕਿਸਦੇ ਘਰ ਰਿਹਾ ਹੈ ?
(4) ਤੁਸੀਂ ਰਾਤੀਂ ਕਿੱਥੇ ਠਹਿਰੇ ਸੀ ?
(5) ਉਹ ਕੱਲ੍ਹ ਸਾਡੇ ਘਰ ਕਿਉਂ ਨਹੀਂ ਆਏ ?
(6) ਉਹ ਕੱਲ੍ਹ ਦੌੜੀ ਸੀ ?
(7) ਤੁਸੀਂ ਵਿਆਹ ਵਿੱਚ ਨੱਚੀਆਂ ਸੀ ?
(8) ਕੱਪੜੇ ਕਿੱਥੇ ਪਏ ਹਨ ?
(9) ਤੁਸੀਂ ਕਿਉਂ ਉਹਦੀ ਗੱਲ ਤੇ ਹੱਸੇ ?
(10) ਇਹ ਕਿਤਾਬ ਕਿੰਨੇ ਦੀ ਲਿਆਏ ਹੋ ?
(11) ਸਾੜ੍ਹੀਆਂ ਕਿੱਥੇ ਪਈਆਂ ਹਨ ?

3. Transform the following words given in brackets appropriately and fill up the blanks.

1. ਮੈਂ ਉਹਦੀ---ਭੈਣ ਹਾਂ। (ਵੱਡਾ)
2. ਉਹ ਰਾਮ---ਦੋਸਤ ਹਨ। (ਦਾ)
3. ਇਹ---ਕਾਪੀ ਹੈ। (ਮੇਰਾ)
4. ਉਹ ਕਿਸ---ਸਾੜ੍ਹੀਆਂ ਹਨ। (ਦਾ)
5. ਇਹ---ਘਰ ਦਾ ਸਮਾਨ ਹੈ (ਸਾਡਾ)
6. ਮੇਰੇ ਦੋ---ਭਰਾ ਹਨ। (ਨਿੱਕਾ)
7. ---ਕਿੰਨੀਆਂ ਭੈਣਾਂ ਹਨ ? (ਤੁਹਾਡੀ)
8. ਇਹ ਸਾੜ੍ਹੀ—ਹੈ। (ਸੁਹਣਾ)
9. ---ਭਰਾ ਦਾ ਕੀ ਨਾਂ ਹੈ ? (ਤੇਰਾ)
10. ਮੇਰੇ---ਦਾ ਨਾਂ ਰਾਮ ਹੈ। (ਮੁੰਡਾ)
11. ਇਨ੍ਹਾਂ ਦੋਹਾਂ---ਵਿੱਚ ਪੱਖੇ ਲਗਾ ਦਿਓ।(ਕਮਰਾ)
12. ਤੁਸੀਂ---ਨਾਲ ਚਲੋ। (ਸਾਡਾ)

4. Transform the following sentences as per the model given below.

Model

ਮੈਂ ਰਾਮ ਦੇ ਘਰ ਰਿਹਾ।
ਮੈਂ ਰਾਮ ਦੇ ਘਰ ਰਹਿਣਾ ਹੈ।

(1) ਤੂੰ ਕੱਲ੍ਹ ਕਿੱਥੇ ਸੁੱਤਾ ਸੀ ?
(2) ਮੈਂ ਹੋਸਟਲ ਵਿੱਚ ਠਹਿਰਿਆ ਸੀ।
(3) ਉਹ ਮੇਰੇ ਘਰ ਰਿਹਾ।
(4) ਅਸੀਂ ਉੱਥੇ ਬਹੁਤ ਨੱਚੇ।
(5) ਤੁਸੀਂ ਅੱਜ ਬਹੁਤ ਹੱਸੇ।
(6) ਮੈਂ ਅੱਜ ਗਰਮ ਪਾਣੀ ਨਾਲ ਨ੍ਹਾਤਾ ਹਾਂ।
(7) ਉਹ ਕਈ ਦਿਨਾਂ ਤੋਂ ਘਰ ਨਹੀਂ ਗਿਆ।
(8) ਮੈਂ ਬਜਾਰੋਂ ਆਇਆ ਹਾਂ।
(9) ਉਹ ਜਲਦੀ ਗੱਡੀ ਤੋਂ ਉੱਤਰਿਆ।
(10) ਮੈਂ ਉੱਥੋਂ ਬਹੁਤ ਤੇਜ ਨੱਸਿਆ।

5. Change the following verb forms to past participle and use them in your own sentences.

ਤੁਰਨਾ, ਚਲਣਾ, ਨ੍ਹਾਉਣਾ, ਦੌੜ ਨਾ, ਨੱਚਣਾ, ਨੱਸਣਾ, ਰਹਿਣਾ, ਠਹਿਰਨਾ, ਆਉਣਾ, ਜਾਣਾ, ਸੌਂਣਾ, ਉੱਡਣਾ, ਜਾਗਣਾ, ਲਿਆਉਣਾ, ਬੈਠਣਾ, ਪਹੁੰਚਣਾ, ਭੱਜਣਾ, ਹੱਸਣਾ, ਉੱਤਰਨਾ, ਪੈਣਾ।

6. Change the following past indefinite tense forms into (1) present perfect (2) past perfect and (3) present indefinite.

Model :

ਮੈਂ ਬਹੁਤ ਤੇਜ਼ ਦੌੜਿਆ।

1. ਮੈਂ ਬਹੁਤ ਤੇਜ਼ ਦੌੜਿਆ ਹਾਂ।
2. ਮੈਂ ਬਹੁਤ ਤੇਜ਼ ਦੌੜਿਆ ਸੀ।
3. ਮੈਂ ਬਹੁਤ ਤੇਜ਼ ਦੌੜਦਾ ਹਾਂ।

(1) ਮੈਂ ਉਹਦੇ ਘਰ ਗਿਆ।
(2) ਉਹ ਮੇਰੇ ਨਾਲ ਆਇਆ।
(3) ਤੂੰ ਕਿਸਦੇ ਨਾਲ ਆਈ ?
(4) ਅਸੀਂ ਰਾਤੀ ਹੋਸਟਲ ਵਿੱਚ ਠਹਿਰੇ।
(5) ਤੁਸੀਂ ਕੱਲ੍ਹ ਕਿੱਥੇ ਰਹੇ ?
(6) ਉਹ ਉੱਥੇ ਬਹੁਤ ਨੱਚੀਆਂ।

7. Transform the following affirmative sentences into negative sentences.

(1) ਮੈਂ ਰਾਮ ਨਾਲ ਦੌੜਿਆ।
(2) ਤੁਸੀਂ ਕੱਲ੍ਹ ਸਾਡੇ ਘਰ ਆਏ ਸੀ ?
(3) ਉਹ ਕੱਲ੍ਹ ਮੇਰੇ ਘਰ ਰਹੀ।
(4) ਮੈਂ ਹੋਸਟਲ ਵਿੱਚ ਠਹਿਰਿਆ ਹਾਂ।
(5) ਤੂੰ ਕਿਉਂ ਹੱਸੀ ਹੈਂ ?
(6) ਉਹ ਸਾਡੇ ਨਾਲ ਆਈਆਂ ਸਨ।
(7) ਉਹ ਬਜ਼ਾਰ ਗਿਆ ਹੈ।
(8) ਉਹ ਮੇਰੇ ਨਾਲ ਆਏ ਹਨ।
(9) ਚੋਰ ਬਹੁਤ ਤੇਜ਼ ਨੱਸਿਆ।
(10) ਅਸੀਂ ਅੱਜ ਨ੍ਹਾਤੇ ਹਾਂ।
(11) ਅਸੀਂ ਰਾਮ ਦੇ ਘਰ ਸੁੱਤੇ ਸਾਂ।
(12) ਉਹ ਮੇਰੇ ਨਾਲ ਰਿਹਾ।

C. VOCABULARY

ਘਰੋਂ	'from home'
ਬਜ਼ਾਰੋਂ	'from bazar'
ਸਕੂਲੋਂ	'from school'
ਦਫ਼ਤਰੋਂ	'from office'
ਚਲਦੀ ਗੱਡੀ	'moving train'
ਪਿੰਡੋਂ	'from village'
ਹਾਲੀ	'still, yet'
ਨੱਚਣਾ	'to dance'
ਹੱਸਣਾ	'to laugh'

UNIT XV — Lesson 61

About a doctor's clinic

ਸੁਰਜੀਤ : ਦਵਿੰਦਰ, ਕੀ ਏਥੇ ਨੇੜੇ ਕੋਈ ਚੰਗਾ ਡਾਕਟਰ ਹੈ ?	Devinder, is there any good doctor nearby here ?
ਦਵਿੰਦਰ : ਹਾਂ ਹੈ, ਕਿਉਂ ?	Yes, there is one. What is the matter ?
ਸੁਰਜੀਤ : ਮੇਰੀ ਛੋਟੀ ਲੜਕੀ ਨੂੰ ਕੱਲ੍ਹ ਦਾ ਬੁਖ਼ਾਰ ਹੋ ਰਿਹਾ ਹੈ।	My younger daughter is suffering from fever since yesterday.
ਦਵਿੰਦਰ : ਵਾਹ, ਕੁੜੀ ਬੀਮਾਰ ਕੱਲ੍ਹ ਦੀ ਹੈ ਤੇ ਡਾਕਟਰ ਬਾਰੇ ਹੁਣ ਪੁੱਛ ਰਹੇ ਹੋ ?	Oh, your daughter is suffering since yesterday and you are asking for a doctor now ?
ਸੁਰਜੀਤ : ਮੈਂ ਸੋਚਿਆ ਸ਼ਾਇਦ ਜ਼ੁਕਾਮ ਦੀ ਵਜਾਹ ਨਾਲ ਬੁਖ਼ਾਰ ਹੋ ਗਿਆ ਹੋਣਾ ਹੈ । ਏ.ਪੀ.ਸੀ. ਚਾਹ ਨਾਲ ਦੇ ਦਿੱਤੀ ਸੀ।	I thought perhaps fever could be due to cold. So I gave her A.P. C with tea.
ਦਵਿੰਦਰ : ਫੇਰ ? ਕੋਈ ਫਰਕ ਨਹੀਂ ਪਿਆ ?	Then ? Was there no relief ?
ਸੁਰਜੀਤ : ਐਵੇਂ ਥੋੜੀ ਫੇਰ ਲਈ ਟੰਪਰੇਚਰ ਉੱਤਰਿਆ, ਫੇਰ ਹੋ ਗਿਆ।	Temperature came down for a while, then it went up again.
ਦਵਿੰਦਰ : ਫੇਰ ਤਾਂ ਜ਼ਰੂਰ ਡਾਕਟਰ ਨੂੰ ਦਿਖਾਓ।	Then you must consult a doctor.
ਸਰਜੀਤ : ਡਾਕਟਰ ਦੀ ਦੁਕਾਨ ਕਿੱਥੇ ਹੈ ?	Where is the doctor's clinic ?
ਦਵਿੰਦਰ: ਹਾਂ, ਸੱਜੇ ਹੱਥ ਮੁੜ ਕੇ ਤੀਜੀ ਦੁਕਾਨ ਤੇ ਡਾਕਟਰ ਸ਼ਰਮਾ ਦਾ ਬੋਰਡ ਲੱਗਾ ਹੋਇਆ ਹੈ। ਉਹ ਐਮ.ਬੀ.ਬੀ.ਐਸ. ਹੈ। ਸਰਕਾਰੀ ਨੌਕਰੀ ਤੋਂ ਰਿਟਾਇਰ ਹੋ ਕੇ ਆਪਣੀ ਦੁਕਾਨ ਖੋਲ੍ਹੀ ਹੈ।	Yes, the third shop from the turning on the right hand side is that of Dr. Sharma. He is an M.B.B.S. After retiring from Government service he has opened his own clinic.

ਸੁਰਜੀਤ : ਕੀ ਹੁਣ ਦੁਕਾਨ ਖੁਲ੍ਹੀ ਹੋਵੇਗੀ ? Will the clinic be open now ?

ਦਵਿੰਦਰ : ਨਹੀਂ, ਕਲੀਨਿੰਕ ਸਵੇਰੇ ਅੱਠ ਤੋਂ ਗਿਆਰਾਂ ਵਜੇ ਤੱਕ ਖੁਲ੍ਹਦੀ ਹੈ ਤੇ ਸ਼ਾਮੀ ਪੰਜ ਤੋਂ ਛੇ ਵਜੇ ਤੱਕ। No, the clinic remains open 8 to 11 A.M. in the morning and from 5 to 6 P.M. in the evening.

ਸੁਰਜੀਤ : ਉਸ ਨੂੰ ਬੁਖਾਰ ਜ਼ਿਆਦਾ ਹੈ ? Does she have high fever ?

ਦਵਿੰਦਰ : ਹਾਂ। Yes.

ਸੁਰਜੀਤ : ਤਾਂ ਤੇ ਫੇਰ ਤੁਸੀਂ ਡਾਕਟਰ ਸਾਹਿਬ ਨੂੰ ਘਰ ਜਾ ਕੇ ਮਿਲ ਲਵੋ। ਦੁਕਾਨ ਦੇ ਪਿਛਲੇ ਪਾਸੇ ਰਹਿੰਦੇ ਹਨ। ਬੜੇ ਚੰਗੇ ਸੁਭਾ ਦੇ ਹਨ। Then you go and meet the doctor at his residence. He lives in the back portion of his shop. He is of a very good nature.

ਦਵਿੰਦਰ : ਗੁੱਡੀ ਨੂੰ ਲੈ ਹੀ ਨਾ ਜਾਵਾਂ ? May I take Gudi also with me ?

ਸੁਰਜੀਤ : ਪਹਿਲਾਂ ਆਪ ਜਾ ਕੇ ਗੱਲ ਕਰ ਲਵੋ, ਹੋ ਸਕਦਾ ਹੈ ਉਹ ਘਰ ਆ ਕੇ ਦੇਖ ਜਾਣ। ਮਾਮੂਲੀ ਫ਼ੀਸ ਲੈਣਗੇ। First you go yourself and consult him. It is possible that he may visit your house and examine her. He will charge a nominal fee.

ਦਵਿੰਦਰ : ਚੰਗਾ ਮੈਂ ਚਲਦਾ ਹਾਂ। Alright I will go.

A. DRILLS

1. Repetition Drill

ਕੁੜੀ ਨੂੰ ਬੁਖ਼ਾਰ ਹੋ ਗਿਆ ਹੈ।
ਮੈਨੂੰ ਠੰਡ ਲੱਗ ਗਈ ਹੈ।
ਉੱਥੇ ਬੋਰਡ ਲੱਗਾ ਹੋਇਆ ਹੈ।
ਕਲਾਸ ਬਾਹਰ ਲੱਗੀ ਹੋਈ ਹੈ।
ਡਾਕਟਰ ਨੇ ਕਲੀਨਿਕ ਘਰ ਵਿੱਚ ਖੋਲ੍ਹਿਆ ਹੋਇਆ ਹੈ।

ਦੁਕਾਨ ਖੁਲ੍ਹੀ ਹੋਈ ਹੈ।
ਮੈਂ ਬੱਚੇ ਨੂੰ ਦਵਾਈ ਦਿੱਤੀ ਹੈ।
ਉਹਨੇ ਬੱਚਿਆਂ ਨੂੰ ਦੁੱਧ ਨਹੀਂ ਦਿੱਤਾ।
ਰਾਮ ਨੇ ਮੈਨੂੰ ਦੋ ਪੈਨ ਦਿੱਤੇ ਹਨ।
ਡਾਕਟਰ ਨੇ ਬਹੁਤ ਦਵਾਈਆਂ ਦਿੱਤੀਆਂ ਹਨ।

2. Substitution Drill

1. ਮੇਰੀ ਛੋਟੀ ਲੜਕੀ ਨੂੰ ਬੁਖਾਰ ਹੋ ਰਿਹਾ ਹੈ।
(ਛੋਟੀ ਲੜਕੀ ਨੂੰ)
(ਵੱਡੀ ਕੁੜੀ ਨੂੰ)
(ਛੋਟੀ ਭੈਣ ਨੂੰ)
(ਵਿਚਕਾਰਲੀ ਬੱਚੀ ਨੂੰ)

2. ਕੀ ਏਥੇ ਨੇੜੇ ਕੋਈ ਚੰਗਾ ਡਾਕਟਰ ਹੈ ?
(ਏਥੇ)
(ਉੱਥੇ)
(ਤੁਹਾਡੇ ਘਰ ਦੇ)
(ਇੱਧਰ)

3. ਸੱਜੇ ਹੱਥ ਡਾਕਟਰ ਸ਼ਰਮਾ ਦਾ ਘਰ ਹੈ। (ਸੱਜੇ ਹੱਥ)
(ਖੱਬੇ ਹੱਥ)
(ਸੱਜੇ ਪਾਸੇ)
(ਪਿਛਲੇ ਪਾਸੇ)
(ਦੁਕਾਨ ਦੇ ਨੇੜੇ)

4. ਇਸ ਪਾਸੇ ਕੌਣ ਰਹਿੰਦਾ ਹੈ ? (ਇਸ ਪਾਸੇ)
(ਉਸ ਪਾਸੇ)
(ਇੱਧਰ)
(ਉੱਧਰ)
(ਉਸ ਤਰਫ)

3. Transformation Drill

Model

ਗੁੱਡੀ ਨੂੰ ਲੈ ਜਾਵਾਂ ?
ਗੁੱਡੀ ਨੂੰ ਨਾ ਲੈ ਜਾਵਾਂ ?

(1) ਅਸੀਂ ਗੁੱਡੀ ਨੂੰ ਲੈ ਜਾਈਏ।
(2) ਤੁਸੀਂ ਉਹਦੇ ਘਰ ਜਾਓ।
(3) ਮੈਂ ਰਾਮ ਦੇ ਨਾਲ ਜਾਵਾਂ।
(4) ਤੁਸੀਂ ਸਾਡੇ ਨਾਲ ਆਓ।
(5) ਤੂੰ ਮੇਰੇ ਨਾਲ ਆ।
(6) ਉਹ ਤੁਹਾਡੇ ਨਾਲ ਰਵ੍ਹੇ।
(7) ਇਹ ਮੁੰਡੇ ਇੱਥੇ ਰਹਿਣ।
(8) ਮੈਂ ਦਵਾਈ ਲੈ ਲਵਾਂ।

B. EXERCISES

1. Answer the following questions.

(1) ਕੀ ਏਥੇ ਨੇੜੇ ਕੋਈ ਚੰਗਾ ਡਾਕਟਰ ਹੈ ?
(2) ਕੀ ਕੁੜੀ ਬੀਮਾਰ ਹੈ ?
(3) ਕੀ ਡਾਕਟਰ ਚੰਗਾ ਹੈ ?
(4) ਕੀ ਡਾਕਟਰ ਦੀ ਦੁਕਾਨ ਖੁਲ੍ਹੀ ਹੋਵਗੀ ?
(5) ਕੋਈ ਫ਼ਰਕ ਨਹੀਂ ਪਿਆ ?
(6) ਕੀ ਬੱਚੇ ਨੂੰ ਦਵਾਈ ਦਿੱਤੀ ਹੈ ?
(7) ਕਿਸ ਨੂੰ ਬੁਖ਼ਾਰ ਜ਼ਿਆਦਾ ਹੈ ?
(8) ਤੁਹਾਨੂੰ ਕੀ ਹੋਇਆ ਹੈ ?

2. Transform the following sentences as per the model.

Model

ਏਥੇ ਕੋਈ ਡਾਕਟਰ ਹੈ ?
ਏਥੇ ਕੋਈ ਡਾਕਟਰ ਨਹੀਂ।

(1) ਲੜਕੀ ਨੂੰ ਬੁਖ਼ਾਰ ਹੋ ਰਿਹਾ ਹੈ।
(2) ਏ.ਪੀ.ਸੀ. ਚਾਹ ਨਾਲ ਦਿੱਤੀ ਸੀ।
(3) ਫੇਰ ਤਾਂ ਡਾਕਟਰ ਨੂੰ ਦਿਖਾਓ।
(4) ਤੁਸੀਂ ਡਾਕਟਰ ਕੋਲ ਜਾਣਾ ਹੈ ?
(5) ਹੁਣ ਦੁਕਾਨ ਖੁਲ੍ਹੀ ਹੋਵੇਗੀ।

3. Use the following words/phrases in your own sentences.

ਕੱਲ੍ਹ, ਨੇੜੇ, ਕਿਉਂ, ਸੁਭਾ, ਮਾਮੂਲੀ, ਗੱਲ, ਪਿਛਲੇ., ਚਾਹ ਨਾਲ, ਜ਼ੁਕਾਮ ਦੀ ਵਜਾਹ ਨਾਲ, ਜ਼ਿਆਦਾ, ਸ਼ਾਮੀਂ।

4. Change the following verb forms to present participle and use them in sentences.

ਪੈ—, ਪੁਛ—, ਦੇ—, ਦੇਖ—, ਉੱਤਰ—, ਹੋ–, ਖੁਲ੍ਹ–, ਜਾ—, ਮਿਲ ਲੈ—, ਲੈ —।

C. VOCABULARY

ਵਾਹ	'oh!'	ਐਵੇਂ	'like this'
ਟੈਂਪਰੇਚਰ	'temperature'	ਰਿਟਾਇਰ	'retire'
ਤੀਸਰੀ	'third'	ਮਾਮੂਲੀ ਫ਼ੀਸ	'nominal fee'
ਸੁਭਾ	'nature'	ਦਿਖਾਉਣਾ	'to show'
ਵਜਾਹ	'reason'	ਬੋਰਡ	'board'
ਜ਼ਕਾਮ	'old'	ਵਿਚਕਾਰਲੀ	'middleone'

UNIT XV **Lesson 62**

I had gone to see a doctor.

ਸੀਤਾ ਰਾਮਲੂ : ਕੀ ਤੁਸੀਂ ਤੇ ਸਰਲਾ ਕੱਲ੍ਹ ਸ਼ਾਮੀ ਸਾਡੇ ਘਰ ਆਏ ਸੀ ?	Did you and Sarla come to my house last evening ?
ਰਵੀ : ਹਾਂ, ਅਸੀਂ ਛੇ ਵਜੇ ਆਏ ਸੀ। ਤੁਸੀਂ ਉੱਥੇ ਨਹੀਂ ਸੀ। ਅਸੀਂ ਤੁਹਾਨੂੰ ਕਾਫ਼ੀ ਦੇਰ ਉਡੀਕਿਆ। ਅਸੀਂ ਤੁਹਾਡੇ ਭਰਾ ਤੋਂ ਵੀ ਪੁਛਿਆ।	Yes. We came at 6 'O clock. You were not there. We kept waiting for you for a long time.
ਉਹਨੇ ਦੱਸਿਆ ਕਿ ਤੁਸੀਂ ਡਾਕਟਰ ਕੋਲ ਗਏ ਹੋ।	We enquired from your brother also about you. He told that you had gone to see a doctor.
ਸੀਤਾ ਰਾਮਲੂ : ਹਾਂ। ਮੈਂ; ਡਾਕਟਰ ਕੋਲ ਗਿਆ ਸੀ।	Yes. I had gone to see a doctor.
ਰਵੀ : ਤੁਸੀਂ ਡਾਕਟਰ ਕੋਲ ਕਿਉਂ ਗਏ ਸੀ ?	Why did you go to see the doctor ?
ਸੀਤਾ ਰਾਮਲੂ : ਮੇਰੇ ਢਿੱਡ ਵਿੱਚ ਪੀੜ ਸੀ।	I had pain in stomach.
ਰਵੀ : ਕੀ ਤੁਸੀਂ ਕੋਈ ਦਵਾਈ ਲਈ ਹੈ ?	Have you taken any medicine ?
ਸੀਤਾ ਰਾਮਲੂ : ਹਾਂ ਲਈ ਹੈ।	Yes, I have taken.
ਰਵੀ : ਕੀ ਦਰਦ ਘੱਟ ਹੈ।	Is the pain less (now) ?
ਸੀਤਾ ਰਾਮਲੂ : ਹੌਲੀ ਹੌਲੀ ਘੱਟ ਰਿਹਾ ਹੈ।	It is becoming less slowly.
ਡਾਕਟਰ ਨੇ ਕਿਹਾ ਹੈ ਕਿ ਸ਼ਾਮ ਤਕ ਬਿਲਕੁਲ ਠੀਕ ਹੋ ਜਾਵੇਗਾ।	The doctor said that it will be alright by evening.
ਰਵੀ : ਠੀਕ ਹੈ। ਮੈਂ ਤੁਹਾਡਾ ਰੇਡੀਓ ਠੀਕ ਕਰ ਦਿੱਤਾ ਹੈ।	That is good. I have repaired your radio.

ਸੀਤਾ ਰਾਮਲੂ : ਅੱਛਾ ! ਤੁਸੀਂ ਲਿਆਏ ਹੋ ?	I see ! Have you brought it ?
ਵਰਵੀ : ਹਾਂ। ਇਹ ਵੇਖੋ।	Yes. Here it is.
ਸੀਤਾ ਰਾਮਲੂ : ਕਮਲਾ ਕੱਲ੍ਹ ਸ਼ਾਮੀ ਹੀ ਲਿਆਉਣ ਲਈ ਕਹਿ ਰਹੀ ਸੀ। ਕੀ ਪੁਰਜ਼ੇ ਇੱਥੇ ਮਿਣ ਗਏ ਸਨ ?	Kamla wanted me to bring it last evening itself. Did you get the spare parts here ?
ਰਵੀ : ਹਾਂ ਜੀ।	Yes.

A. DRILLS

1. Repetition Drill

ਮੈਂ ਆਇਆ ਹਾਂ।	ਮੈਂ ਪਰਸੋਂ ਘਰ ਗਿਆ ਸੀ।
ਅਸੀਂ ਆਏ ਹਾਂ।	ਅਸੀਂ ਪਰਸੋਂ ਘਰ ਗਏ ਸੀ।
ਤੂੰ ਆਇਆ ਹੈਂ।	ਤੂੰ ਪਰਸੋਂ ਘਰ ਗਿਆ ਸੀ।
ਤੁਸੀਂ ਆਏ ਹੋ।	ਤੁਸੀਂ ਪਰਸੋਂ ਘਰ ਗਏ ਸੀ।
ਸਰਲਾ ਆਈ ਹੈ।	ਉਹ ਪਰਸੋਂ ਘਰ ਗਿਆ ਸੀ।
ਉਹ ਆਏ ਹਨ।	ਉਹ ਪਰਸੋਂ ਘਰ ਗਏ ਸਨ।

2. Substitution Drill

1. ਮੈਂ ਕੱਲ੍ਹ ਫਿਲਮ ਵੇਖੀ। (ਫਿਲਮ ਵੇਖੀ)	2. ਮੈਂ ਅੱਜ ਪਾਠ ਪੜ੍ਹਿਆ ਹੈ। (ਪਾਠ ਪੜ੍ਹਿਆ)
(ਚਿੱਠੀ ਲਿਖੀ)	(ਖ਼ਤ ਲਿਖਿਆ)
(ਜਲੇਬੀ ਖਾਧੀ)	(ਗਾਣਾ ਸੁਣਿਆ)
(ਤਸਵੀਰ ਖਿੱਚੀ)	(ਕੇਲਾ ਖਾਧਾ)
(ਗੱਲ ਕੀਤੀ)	(ਦੁੱਧ ਪੀਤਾ)

3. Response Drill

Model 1	Model 2
ਇੱਥੇ ਕੌਣ ਆਇਆ, ਹੈ ? (ਸ਼ਰਮਾ) ਇੱਥੇ ਸ਼ਰਮਾ ਆਇਆ ਹੈ।	ਸ਼ਰਮਾ ਨੇ ਕੀ ਕੀਤਾ ਹੈ (ਫੁਲ ਤੋੜ–) ਸ਼ਰਮਾ ਨੇ ਫੁੱਲ ਤੋੜਿਆ ਹੈ।
(1) ਅੱਜ ਤੁਹਾਡੇ ਘਰ ਕੌਣ ਆਇਆ ਹੈ। (ਸੁਰਜੀਤ)	(1) ਮੈਂ ਕੀ ਕੀਤਾ ਹੈ ? (ਪਾਠ ਪੜ੍ਹ–)
(2) ਸਵੇਰੇ ਸਕੂਲ ਵਿੱਚ ਕੌਣ ਆਇਆ ਹੈ।(ਕੋਈ ਨਹੀਂ)	(2) ਤੁਸੀਂ ਕੀ ਕੀਤਾ ਹੈ ? (ਕੰਮ ਕਰ–)
(3) ਕੱਲ੍ਹ ਇੱਥੇ ਕੌਣ ਆਇਆ ਸੀ ? (ਸ਼ੀਲਾ)	(3) ਉਹਨੇ ਕੀ ਕੀਤਾ ਹੈ ? (ਖਤ ਲਿਖ–)
(4) ਕੱਲ੍ਹ ਤੁਸੀਂ ਕਿੱਥੇ ਗਏ ਸੀ ?(ਸਕੂਲ)	(4) ਉਨ੍ਹਾਂ ਨੇ ਕੀ ਕੀਤਾ ਹੈ ? (ਖਾਣਾ ਖਾ–)

4. Transformation Drill

Model 1

ਰਵੀ ਆ ਰਿਹਾ ਹੈ।
ਰਵੀ ਆਇਆ ਹੈ।

(1) ਰਵੀ ਘਰ ਜਾ ਰਿਹਾ ਹੈ।
(2) ਮੈਂ ਹੋਟਲ ਵਿਚ ਰਹਿ ਰਿਹਾ ਹਾਂ।
(3) ਉਹ ਹੋਟਲ ਵਿੱਚ ਠਹਿਰ ਰਿਹਾ ਹੈ।
(4) ਉਹ ਤੁਹਾਡੇ ਘਰ ਆ ਰਿਹਾ ਹੈ।
(5) ਉਹ ਕਿੱਥੇ ਜਾ ਰਹੇ ਹਨ ?
(6) ਤੁਸੀਂ ਕਿੱਥੋਂ ਆ ਰਹੇ ਹੋ ?

Model 2

ਉਹ ਖਾਣਾ ਖਾ ਰਿਹਾ ਹੈ।
ਉਹਨੇ ਖਾਣਾ ਖਾਧਾ ਹੈ।

(1) ਸਰਲਾ ਫੁੱਲ ਤੋੜ ਰਹੀ ਹੈ।
(2) ਅਸੀਂ ਰੋਟੀ ਖਾ ਰਹੇ ਹਾਂ।
(3) ਤੁਸੀਂ ਬੂਹਾ ਖੋਲ੍ਹ ਰਹੇ ਹੋ।
(4) ਉਹ ਕੰਮ ਕਰ ਰਹੇ ਹਨ।
(5) ਤੁਸੀਂ ਪਾਠ ਪੜ੍ਹ ਰਹੇ ਹੋ।
(6) ਉਹ ਪਿਕਚਰ ਵੇਖ ਰਿਹਾ ਹੈ।

B. EXERCISES

1. Answer the following questions using the words given in brackets.

(1) ਕੱਲ੍ਹ ਤੁਹਾਡੇ ਘਰ ਕੌਣ ਆਇਆ ਸੀ ? (ਰਵੀ-ਭਰਾ)
(2) ਰਵੀ ਨੇ ਕੱਲ੍ਹ ਕੀ ਕੀਤਾ ? (ਪਿਕਚਰ ਵੇਖ)
(3) ਮੋਹਨ ਨੇ ਕੀ ਕੀਤਾ ? (ਕਵਿਤਾ ਪੜ੍ਹ)
(4) ਤੁਸੀਂ ਕਿੱਥੋਂ ਆਏ ਹੋ ? (ਹੋਟਲ ਤੋਂ)

2. Change the following sentences as per the model given below.

(1) ਕਮਲਾ ਨੂੰ ਲਾਲ ਰੰਗ ਦੀ ਸਾੜ੍ਹੀ ਚਾਹੀਦੀ ਹੈ।
(2) ਸਾੜ੍ਹੀ ਉਸ ਦੁਕਾਨ ਵਿੱਚ ਮਿਲੇਗੀ।

Model

ਕਮਲਾ ਨੂੰ ਜਿਹੜੀ ਲਾਲ ਰੰਗ ਦੀ ਸਾੜ੍ਹੀ ਚਾਹੀਦੀ ਹੈ, ਉਹ ਉਸ ਦੁਕਾਨ ਵਿੱਚ ਮਿਲੇਗੀ।

(1) ਰਵੀ ਨੂੰ ਕਿਤਾਬ ਚਾਹੀਦੀ ਹੈ।
ਕਿਤਾਬ ਲਾਇਬ੍ਰੇਰੀ ਵਿੱਚ ਮਿਲੇਗੀ।

(2) ਸ਼ੀਲਾ ਨੂੰ ਗਾਂਧੀ ਜੀ ਦੀ ਤਸਵੀਰ ਚਾਹੀਦੀ ਹੈ।
ਤਸਵੀਰ ਇੱਥੇ ਨਹੀਂ ਮਿਲੇਗੀ।

(3) ਕਾਕੇ ਨੂੰ ਇੱਕ ਵੱਡੀ ਪੈਨਸਿਲ ਚਾਹੀਦੀ ਹੈ।
ਪੈਨਸਿਲ ਮਾਰਕੀਟ ਵਿੱਚ ਮਿਲੇਗੀ।

3. Change the form of the verb given in brackets appropriately to past participle and fill up the blanks.

(1) ਸ਼ੀਲਾ ਪਰਸੋਂ ਸਰਹੰਦ--(ਜਾ)
(2) ਮੈਂ ਕੱਲ੍ਹ ਹੀ ਲੁਧਿਆਣੇ ਤੋਂ--(ਆ)
(3) ਮੈਂ ਕੱਲ੍ਹ ਰੇਡੀਉ--(ਲਿਆ)
(4) ਉਹ ਉੱਥੇ--(ਰਹਿ)
(5) ਮੈਂ ਸਵੇਰੇ ਦਸ ਵਜੇ ਨਾਸ਼ਤਾ--(ਖਾ)
(6) ਤੁਸੀਂ ਕਿਹ ੜੇ ਹੋਟਲ ਵਿੱਚ--(ਠਹਿਰ)
(7) ਤੁਸੀਂ ਕਿਹੜੀ ਪਿਕਚਰ--(ਵੇਖ)
(8) ਉਹਨੇ ਕੀ ਕੰਮ--(ਕਰ)

4. Change the following sentences into present continuous tense, present indefinite tense and future tense as per the model sentences given below.

Model Sentences.

ਮੈਂ ਇਕ ਰੋਟੀ ਖਾਧੀ ਹੈ।
1. ਮੈਂ ਇੱਕ ਰੋਟੀ ਖਾ ਰਿਹਾ ਹਾਂ।
2. ਮੈਂ ਇੱਕ ਰੋਟੀ ਖਾਂਦਾ ਹਾਂ।
3. ਮੈਂ ਇੱਕ ਰੋਟੀ ਖਾਵਾਂਗਾ।

1. ਮੈਂ ਪਿਕਚਰ ਵੇਖੀ ਹੈ।
2. ਮੈਂ ਪਾਠ ਪੜ੍ਹਿਆ ਹੈ।
3. ਉਹਨੇ ਕਵਿਤਾ ਲਿਖੀ ਹੈ।
4. ਉਨ੍ਹਾਂ ਨੇ ਫੁੱਲ ਤੋੜੇ ਹਨ।
5. ਅਸੀਂ ਖਾਣਾ ਖਾਧਾ ਹੈ।
6. ਤੁਸੀਂ ਕੇਲਾ ਖਾਧਾ ਹੈ।
7. ਮੈਂ ਚਾਹ ਪੀਤੀ ਹੈ।
8. ਤੂੰ ਕਮੀਜ਼ਾਂ ਲਈਆਂ ਹਨ ?

5. Fill up the blanks with appropriate words.

(1) ਤੁਸੀਂ--ਸਾਡੇ ਘਰ ਆਏ ਸੀ।
(2) ਅਸੀਂ--ਆਏ ਸੀ।
(3) ਅਸੀਂ-ਕਾਫ਼ੀ ਦੇਰ ਉਡੀਕਿਆ।
(4) ਤੁਸੀਂ--ਲਈ ਹੈ।
(5) ਮੇਰੇ ਢਿੱਡ--ਪੀੜ ਸੀ।
(6) ਦਰਦ--ਘੱਟ ਰਿਹਾ ਹੈ।
(7) ਅਸੀਂ ਤੁਹਾਡੇ ਭਰਾ--ਵੀ ਪੁਛਿਆ।
(8) ਉਹਨੇ ਦਸਿਆ ਕਿ ਤੁਸੀਂ ਡਾਕਟਰ --ਗਏ ਹੋ।

C. VOCABULARY

ਬਿਲਕੁਲ	'perfectly'	ਜਿਹੜੀ	'which'
ਪੁਰਜ਼ੇ	'parts'	ਮਾਰਕੀਟ	'market'
ਫੋਟੋ ਖਿੱਚਣਾ	'to take picture'	ਤਸਵੀਰ	'photo'
ਰੰਗ	'colour'		

UNIT XV

Lesson 63

About rain

ਸ਼ਰਮਾ : ਮੈਂ ਬੜੇ ਜ਼ਰੂਰੀ ਕੰਮ ਲਈ ਮਾਰਕੀਟ ਜਾਣਾ ਹੈ। ਮੈਨੂੰ ਆਪਣਾ ਸਕੂਟਰ ਦੇ ਦਿਓ।	I have to go to the market urgently. Lend me your scooter.
ਰਵੀ : ਮੇਰੇ ਸਕੂਟਰ ਦਾ ਹਾਰਨ ਖਰਾਬ ਹੈ। ਠੀਕ ਕਰਾਉਣ ਲਈ ਦਿੱਤਾ ਹੈ। ਥੋੜ੍ਹੀ ਦੇਰ ਪਹਿਲੇ ਉਹ ਮਿਲਿਆ ਸੀ। ਕਹਿ ਰਿਹਾ ਸੀ ਸਕੂਟਰ ਕਲ੍ਹ ਦੇਵੇਗਾ।	The horn of my scooter is not working. I have given it for repair. He met me a while ago. He told me that he will give the scooter tomorrow.
ਸ਼ਰਮਾ : ਤਾਂ ਆਪਣੀ ਸਾਈਕਲ ਦੇ ਦਿਉ।	Then, give me your bicycle.
ਰਵੀ : ਲੈ ਜਾਓ। ਪਰ ਥੋੜ੍ਹੀ ਦੇਰ ਰੁੱਕ ਜਾਓ ਮੀਂਹ ਪੈ ਰਿਹਾ ਹੈ।	Take it. But wait for a while. It is raining.
ਸ਼ਰਮਾ : ਕੱਲ੍ਹ ਸਾਡੇ ਪਾਸੇ ਮੀਂਹ ਬਹੁਤ ਵੱਸਿਆ ਸੀ।	It rained very heavily yesterday in our area.
ਰਵੀ : ਹਾਂ ਇੱਥੇ ਵੀ ਬਹੁਤ ਮੀਂਹ ਵੱਸਿਆ ਸੀ। ਉਸ ਵੇਲੇ ਮੈਂ ਦਫਤਰੋਂ ਆ ਰਿਹਾ ਸੀ। ਪੂਰਾ ਭਿੱਜ ਗਿਆ ਸੀ। ਇਸ ਲਈ ਮੈਨੂੰ ਜੁਕਾਮ ਵੀ ਹੋ ਗਿਆ।	Yes, it rained here also heavily. That time I was returning home from office. I got drenched. That's why, I caught a cold also.
ਸ਼ਰਮਾ : ਦੇਖੋ ਬੱਦਲ ਨਿਖਰ ਰਿਹਾ ਹੈ, ਮੈਂ ਚਲਾਂਗਾ। ਮੈਨੂੰ ਮਾਰਕਿਟ ਵਿੱਚ ਬਹੁਤ ਕੰਮ ਹੈ।	See clouds are clearing now. I will leave. I have a lot of work in the market.
ਰਵੀ : ਥੋੜ੍ਹੀ ਦੇਰ ਹੋਰ ਰੁੱਕੋ। ਇਸ ਮੀਂਹ ਵਿੱਚ ਭਿੱਜਣਾ ਸਿਹਤ ਲਈ ਠੀਕ ਨਹੀਂ ਹੈ।	Wait for some more time. It is not good for health to get drenched in the rain.

ਸ਼ਰਮਾ : ਇਹ ਮੀਂਹ ਪੂਰਾ ਨਹੀਂ ਰੁੱਕੇਗਾ। ਇਸ ਤਰ੍ਹਾਂ ਥੋੜ੍ਹਾ ਥੋੜ੍ਹਾ ਲਗਾਤਾਰ ਵੱਸਦਾ ਰਹੇਗਾ। ਮੈਂ ਚਲਦਾ ਹਾਂ ।	The rain will not stop completely. It will keep on raining like this continuously. I will leave.
ਰਵੀ : ਮੋਹਨ ਕੋਲ ਮੇਰੀ ਛੱਤਰੀ ਹੈ। ਲੈ ਲੈਣਾ।	My umbrella is with Mohan. Take it (with you).
ਸ਼ਰਮਾ : ਜੇ ਮੈਨੂੰ ਮਿਲਿਆ, ਤਾਂ ਲੈ ਲਵਾਂਗਾ। ਜੇ ਛੱਤਰੀ ਮੋਹਨ ਨੂੰ ਦਿਓਗੇ ਤਾਂ ਉਹ ਖਰਾਬ ਕਰ ਦਏਗਾ। ਉਹਨੂੰ ਕਦੇ ਨਾ ਦਿਆ ਕਰੋ। ਸਾਈਕਲ ਤੁਹਾਨੂੰ ਰਾਤੀਂ ਭੇਜਾਂ ਜਾਂ ਕੱਲ੍ਹ ?	If I meet him, I will take it. If you will give umbrella to Mohan he will spoil it. You should never give it to him. shall I send you the bicycle tonight or tomorrow ?
ਰਵੀ : ਕੋਈ ਗੱਲ ਨਹੀਂ। ਕੱਲ੍ਹ ਭੇਜ ਦੇਣ ।	Does not matter. Send it tomorrow.
ਸ਼ਰਮਾ : ਅੱਛਾ, ਕੱਲ੍ਹ ਸਵੇਰੇ ਭੇਜ ਦਿਆਂਗਾ।	Alright I will send it tomorrow morning.

A. DRILLS

1. Repetition Drill

ਮੀਂਹ ਵੱਸ ਰਿਹਾ ਹੈ।
ਮੀਂਹ ਵੱਸਿਆ ਸੀ ।
ਮੀਂਹ ਵੱਸੇਗਾ ।
ਮੀਂਹ ਵੱਸਣਾ ਚਾਹੀਦਾ ਹੈ।
ਰਵੀ ਮੀਂਹ ਵਿੱਚ ਭਿੱਜ ਰਿਹਾ ਹੈ।

ਮੈਂ ਮੀਂਹ ਵਿੱਚ ਭਿੱਜ ਗਿਆ।
ਮੀਂਹ ਵਿੱਚ ਭਿੱਜਣਾ ਠੀਕ ਨਹੀਂ।
ਇਹ ਮੀਂਹ ਕਈ ਦਿਨ ਤਕ ਵੱਸਦਾ ਰਹੇਗਾ।
ਸਕੂਟਰ ਠੀਕ ਕਰਾਉਣ ਲਈ ਦਿੱਤਾ ਹੈ ।
ਉਹਨੇ ਸਾਈਕਲ ਖਰਾਬ ਕਰ ਦਿੱਤੀ ਹੈ ।

2. Substitution Drill

1 ਰਵੀ ਪੜ੍ਹਦਾ ਰਹੇਗਾ। (ਰਵੀ ਪੜ੍ਹ...)
(ਸ਼ਾਮ ਲਿਖ...)
(ਸਰਲਾ ਨੱਚ...)
(ਸ਼ਰਮਾ ਗਾ...)
(ਰਾਮ ਖੇਡ...)

2 ਸਾਨੂੰ ਜਿਹੜੀ ਕਿਤਾਬ ਵੇਖਣੀ ਚਾਹੀਦੀ ਸੀ, ਉਹ ਅਸੀਂ ਨਹੀਂ ਵੇਖੀ। (ਵੇਖ...)
(ਪੜ੍ਹ...)
(ਲਿਖ...)
(ਦੇ...)
(ਲੈ...)

B. EXERCISES

1. Write answers to the following textual questions.

(1) ਰਵੀ ਮੀਂਹ ਵਿਚ ਕਦੋਂ ਭਿੱਜ ਗਿਆ ਸੀ ?
(2) ਸ਼ਰਮਾ ਬਜ਼ਾਰ ਕਿਉਂ ਜਾ ਰਿਹਾ ਹੈ ?
(3) ਕੀ ਸ਼ਰਮਾ ਮੋਹਨ ਕੋਲੋਂ ਛੱਤਰੀ ਲਏਗਾ ?
(4) ਸ਼ਰਮਾ ਰਵੀ ਕੋਲੋਂ ਕੀ ਮੰਗਦਾ ਹੈ ?
(5) ਰਵੀ ਦਾ ਸਕੂਟਰ ਕਦੋਂ ਮਿਲੇਗਾ ?

2. Change the following past tense forms in the (1) present affirmative, (ii) present negative, (iii) future affirmative and (iv) future negative.

(1) ਰਵੀ ਮੀਂਹ ਵਿਚ ਭਿੱਜਿਆ।
(2) ਸ਼ੀਲ ਨੇ ਕਮਲਾ ਨੂੰ ਛਤਰੀ ਦਿੱਤੀ।
(3) ਮੈਂ ਰਵੀ ਨੂੰ ਮਿਲਿਆ।
(4) ਮੈਂ ਦੋ ਕੇਲੇ ਖਾਧੇ।
(5) ਉਹਨੇ ਅੱਜ ਕੰਮ ਕੀਤਾ।

3. Change the following verb forms to past participle and use them in sentences with the subjects given below.

ਮੈਂ, ਅਸੀਂ, ਉਹ (pl.), ਸਰਲਾ, ਭਿੱਜ, ਮਿਲ, ਆ, ਜਾ, ਦੇ, ਪੜ੍ਹ, ਖਾ, ਲੈ ਲੈ।

4. Use the following words in sentences.

ਮੀਂਹ, ਬੱਦਲ, ਥੋੜੀ ਦੇਰ, ਰੁੱਕਣਾ, ਖਰਾਬ, ਠੀਕ ਕਰਾਉਣਾ, ਪੂਰਾ, ਭਿੱਜ ਜਾਣਾ, ਨਿਖਰਨਾ, ਭੇਜ ਦੇਣਾ।

5. Transform the following affirmative sentences into negative sentences.

(1) ਮੈਂ ਰੋਟੀ ਖਾਣੀ ਹੈ।
(2) ਅਸੀਂ ਘਰ ਜਾਵਾਂਗੇ।
(3) ਤੂੰ ਬਜ਼ਾਰ ਜਾਹ।
(4) ਅਸੀਂ ਦਫ਼ਤਰ ਜਾਈਏ।
(5) ਉਹ ਕੰਮ ਕਰਦੀ ਹੈ।
(6) ਤੁਸੀਂ ਸ਼ਹਿਰ ਜਾ ਰਹੇ ਹੋ?
(7) ਤੁਸੀਂ ਸਾਡੇ ਘਰ ਕੱਲ੍ਹ ਆਉਣਾ।
(8) ਉਹ ਬਜ਼ਾਰ ਗਿਆ ਹੈ।
(9) ਉਹਨੇ ਕੱਲ੍ਹ ਸਾੜ੍ਹੀ ਖਰੀਦੀ ਸੀ।
(10) ਉਨ੍ਹਾਂ ਨੇ ਖਾਣਾ ਖਾਧਾ ਸੀ।
(11) ਉਨ੍ਹਾਂ ਨੇ ਕਪੜੇ ਖਰੀਦੇ ਸਨ।
(12) ਮੈਂ ਤੁਹਾਡਾ ਕੰਮ ਕਰਾਂ।
(13) ਤਸੀਂ ਸਾਡੇ ਨਾਲ ਆਓ।
(14) ਮੈਨੂੰ ਕਾਪੀ ਚਾਹੀਦੀ ਹੈ।

C. VOCABULARY

ਖਰਾਬ	'not in working order'	ਮੀਂਹ ਵੱਸਣਾ	'to rain'
ਠੀਕ ਕਰਾਉਣਾ	'to get repaired'	ਭਿੱਜ ਜਾਣਾ	'to get drenched'
ਪੂਰਾ	'complete'	ਬੱਦਲ	'cloud'
ਛੱਤਰੀ	'umbrella'	ਨਿਖਰਨਾ	'to become clear'
ਹਾਰਨ	'horn'	ਲਗਾਤਾਰ	'continuously'
ਕਦੇ ਨਾ	'never'	ਭੇਜਣਾ/ਭੇਜ ਦੇਣਾ	'to send'
ਮੀਂਹ ਪੈਣਾ	'to rain'	ਖਰਾਬ ਕਰ ਦੇਣਾ।	'to spoil'

UNIT XV — Lesson 64

A talk with a friend.

ਕਮਲਾ : ਗੀਤਾ, ਆਪਣੇ ਮਾਤਾ ਜੀ ਨੂੰ ਬੁਲਾ।	Gita, call your mother.
ਗੀਤਾ : ਉਹ ਆਪਣੇ ਕੰਮ ਵਿੱਚ ਲੱਗੇ ਹੋਏ ਹਨ। ਤੁਸੀਂ ਆਪੇ ਬੁਲਾਓ। ਆਹ ਵੇਖੋ, ਆ ਗਏ।	She is busy in her work. You please call her yourself. Here she is.
ਸਰਲਾ : ਆਉ ਕਮਲਾ।	Come in Kamla.
ਗੀਤਾ : ਮੰਮੀ, ਵੀਨਾ ਨੇ ਮੈਨੂੰ ਆਪਣੇ ਘਰ ਬੁਲਾਇਆ ਹੈ। ਮੈਂ ਜਾ ਰਹੀ ਹਾਂ।	Mummy, Veena has invited me to her house. I am going.
ਕਮਲਾ : ਕਾਕਾ ਇਵੇਂ ਕਮਜ਼ੋਰ ਕਿਉਂ ਲਗ ਰਿਹਾ ਹੈਂ ?	Why does (your) son look weak?
ਸਰਲਾ : ਇਹ ਰੋ ਰਿਹਾ ਸੀ। ਪਤਾ ਨਹੀਂ ਕਿਉਂ ਕਲ੍ਹ ਦਾ ਹੀ ਰੋ ਰਿਹਾ ਹੈ।	He was crying. I don't know why he has been crying since yesterday.
ਕਮਲਾ : ਕੀ ਇਹ ਤੁਰਦਾ ਹੈ ?	Does he walk?
ਸਰਲਾ : ਅਜੇ ਤੁਰਨਾ ਸ਼ੁਰੂ ਨਹੀਂ ਕੀਤਾ ? ਗੀਤਾ ਨੇ ਤਾਂ ਅੱਠ ਮਹੀਨਿਆਂ ਦੇ ਨੇ ਹੀ ਤੁਰਨਾ ਸ਼ੁਰ ਕਰ ਦਿੱਤਾ ਸੀ। ਉਹਦੀ ਸਿਹਤ ਸ਼ੁਰੂ ਤੋਂ ਹੀ ਚੰਗੀ ਰਹੀ ਹੈ।	He has not started walking yet. Gita started walking when she was eight months old. Her health remained good from the very beginning.
ਕਮਲਾ : ਤੁਸੀਂ ਕਾਕੇ ਨੂੰ ਨਾਲ ਨਹੀਂ ਲਿਆਏ। ਕਿਹਦੇ ਕੋਲ ਛੱਡ ਆਏ ਹੋ ?	You did not bring your child with you. With whom have you left him?
ਕਮਲਾ : ਉਹ ਅੱਜ ਢਿੱਲਾ ਸੀ। ਮੈਂ ਆਪਣੀ ਨਨਾਣ ਕੋਲ ਛੱਡ ਆਈ ਹਾਂ। ਮੈਂ ਦਵਾਈ ਲੈਣ ਆਈ ਸੀ। ਤਹਾਨੂੰ ਅਵਾਜ਼ ਮਾਰ ਲਈ।	He was not well today. I have left him with my husband's sister. I had come to take the medicine. I just called you.

ਸਰਲਾ : ਚੰਗਾ ਕੀਤਾ ਹੈ। ਮੈਂ ਵੀ ਤੁਹਾਨੂੰ ਯਾਦ ਕਰ ਰਹੀ ਸੀ। ਲੱਛਮੀ ਬਾਰੀਆਂ ਖੋਲ੍ਹ ਦੇ।	You did well. I was also thinking about you. Lakshmi, open the windows.
ਲੱਛਮੀ : ਮੈਂ ਬਾਰੀਆਂ ਖੋਲ੍ਹ ਦਿੱਤੀਆਂ ਹਨ। ਤੁਸੀਂ ਜ਼ਰਾ ਉਠੋ ਮੈਂ ਸੋਫਾ ਝਾੜਨਾ ਹੈ।	I have opened the windows. You please get up. I have to clean the sofa.
ਸਰਲਾ : ਇਹ ਸੋਫਾ ਝਾੜਨ ਦਾ ਟਾਈਮ ਹੈ ? ਕੀ ਮੇਜ਼ ਸਾਫ ਕਰ ਦਿੱਤੇ ਹਨ ?	It is time to clean the sofa? Have you clean the tables?
ਲੱਛਮੀ : ਉਨ੍ਹਾਂ ਨੂੰ ਮੈਂ ਝਾੜ ਦਿੱਤਾ ਹੈ।	I have cleaned them.
ਸਰਲਾ : ਅਸੀਂ ਹੁਣੇ ਉਠਾਂਗੇ। ਏਂਤੀ ਦੇਰ ਠਹਿਰ।	We willl get up. Wait for some time
ਲੱਛਮੀ : ਮੈਂ ਅੱਜ ਜਲਦੀ ਜਾਣਾ ਹੈ।	I have to go early today.
ਸਰਲਾ : ਠੀਕ ਹੈ, ਅਹਿ ਲੈ ਉਠ ਗਏ, ਸਾਫ਼ ਕਰ। ਸਾਡੀ ਮਾਈ ਬਹੁਤ ਤੰਗ ਕਰਦੀ ਹੈ। ਤੁਹਾਡੀ ਮਾਈ ਕਿਹੋ ਜਿਹੀ ਹੈ ?	We have got up, clean it. Our maid servant gives a lot of trouble. How is your maid servant ?
ਕਮਲਾ : ਸਭ ਦਾ ਇਹੋ ਹਾਲ ਹੈ।	Every one is alike.

A. DRILLS

1 Repetition Drill

ਮੈਨੂੰ ਕਿਨ੍ਹਾਂ ਨੇ ਬੁਲਾਇਆ ਹੈ।	ਤੁਸੀਂ ਮੇਰਾ ਇੰਤਜ਼ਾਰ ਕਰੋ।
ਤੁਹਾਨੂੰ ਪ੍ਰਿੰਸੀਪਲ ਸਾਹਿਬ ਨੇ ਬੁਲਾਇਆ ਹੈ।	ਠੀਕ ਹੈ ਮੈਂ ਲਾਇਬਰੇਰੀ ਵਿੱਚ ਇੰਤਜ਼ਾਰ ਕਰਾਂਗਾ।
ਕਿਉਂ ਬੁਲਾਇਆ ਹੈ।	ਤੁਸੀਂ ਜਲਦੀ ਆ ਜਾਣਾ।
ਮੈਨੂੰ ਕੀ ਪਤਾ ਹੈ ?	ਕੀ ਗੱਲ ਹੈ ਤਸੀਂ ਬੜੀ ਜਲਦੀ ਵਾਪਸ ਆਗਏ ਹੋ ?
ਜਾਓਗੇ ਤਾਂ ਪਤਾ ਚਲ ਜਾਏਗਾ।	ਪ੍ਰਿੰਸੀਪਲ ਸਾਹਿਬ ਨਹੀਂ ਮਿਲੇ ਉਹ ਬਾਹਰ ਗਏ ਹੋਏ ਹਨ।
ਠੀਕ ਹੈ। ਮੈਂ ਹੁਣੇ ਆਇਆ।	
ਮੈਂ ਸੋਫ਼ਾ ਝਾੜ ਦਿੱਤਾ ਹੈ।	

2 Build up Drill

1	2
ਕਰਦਾ ਹਾਂ।	ਕੀਤੀ ਹੈ।
ਕੰਮ ਕਰਦਾ ਹਾਂ।	ਗੱਲ ਕੀਤੀ ਹੈ।
ਪਿਤਾ ਜੀ ਹੁਣੇ ਕੰਮ ਕਰਦਾ ਹਾਂ।	ਰਾਮ ਨਾਲ ਗੱਲ ਕੀਤੀ ਹੈ।
ਪਿਤਾ ਜੀ ਮੈਂ ਹੁਣੇ ਕੰਮ ਕਰਦਾ ਹਾਂ।	ਸ਼ਾਮ ਨੇ ਰਾਮ ਨਾਲ ਗੱਲ ਕੀਤੀ ਹੈ।

3 Substitution Drill

1 ਕਮਲਾ ਨੇ ਪਾਠ ਪੜ੍ਹਿਆ। (ਪੜ੍ਹ)
(ਲਿਖ)
(ਸੁਣਾ)
(ਯਾਦ ਕਰ)

2 ਸ਼ਰਮਾ ਅਜੇ ਨਹੀਂ ਪੜ੍ਹ ਰਿਹਾ। (ਪੜ੍ਹ)
(ਲਿਖ)
(ਆ)
(ਖੇਡ)

4 Response Drill

ਕਮਲਾ ਨੇ ਕੀ ਖਾਧਾ ਹੈ ? (ਰੋਟੀ)

ਕਮਲਾ ਨੇ ਰੋਟੀ ਖਾਧੀ ਹੈ।

(1) ਰਾਮ ਨੇ ਕੀ ਪੀਤਾ ਹੈ ? (ਚਾਹ)
(2) ਉਹਨੇ ਕੀ ਪੜ੍ਹਿਆ ਹੈ ? (ਨਾਵਲ)
(3) ਤੁਸੀਂ ਕੀ ਲਿਖਿਆ ਹੈ ? (ਕਵਿਤਾ)
(4) ਉਨ੍ਹਾਂ ਨੇ ਕੀ ਸੁਣਾਇਆ ਹੈ ? (ਗਾਣਾ)
(5) ਤੁਸੀਂ ਕੀ ਲਿਆਏ ਹੋ ? (ਅੰਬ)

B. EXERCISES

1. Change the form of the verbs given in brackets in past participle appropriately and fill up the b lanks.

(1) ਸ਼ਰਮਾ ਅੱਜ ਸਵੇਰੇ ਬਹੁਤ ਜਲਦੀ..... (ਉਠ)
(2) ਰਵੀ ਨੇ ਬਾਰੀਆਂ..... (ਖੋਲ੍ਹ)
(3) ਬਿਮਲਾ ਮੀਂਹ ਵਿਚ..... (ਭਿੱਜ ਜਾ)
(4) ਸ਼ਰਮਾ ਬਹੁਤ.....(ਖੇਡ)
(5) ਲੱਛਮੀ ਬਹੁਤ..... (ਰੋ)
(6) ਉਹਨੇ ਦੋ ਪਾਠ.....(ਪੜ੍ਹ)
(7) ਉਨ੍ਹਾਂ ਨੇ ਸੁਹਣੀਆਂ ਕਵਿਤਾਵਾਂ..... (ਸੁਣਾ)
(8) ਅਸੀਂ ਅੱਜ ..... (ਆ)

2 Answer the following questions.

(1) ਤੁਸੀਂ ਇੱਥੇ ਕਦੋਂ ਆਏ ਸੀ ?
(2) ਤੁਸੀਂ ਕਿੰਨੇ ਵਜੇ ਸਾਡੇ ਘਰ ਆਓਗੇ ?
(3) ਤੁਹਾਡਾ ਘਰ ਕਿਹੋ ਜਿਹਾ ਹੈ ?
(4) ਤੁਸੀਂ ਕਿੱਥੇ ਜਾ ਰਹੇ ਹੋ ?
(5) ਤੁਸੀਂ ਪਿਕਚਰ ਵੇਖਦੇ ਹੋ ?
(6) ਤੁਸੀਂ ਕਿਹੜੀ ਫਿਲਮ ਵੇਖੀ ਹੈ ?

3 Change the following verb forms into (1) past participle (ii) future affirmative and write sentences with pronouns as subjects.

ਬੁਲਾ, ਮਿਲ, ਉੱਠ, ਆ, ਲਿਖ, ਭਿੱਜ, ਜਾ, ਖੇਡ

4 Change the following sentences as per the model given below.

Model 1

ਮੈਂ ਇਕ ਪੈਨਸਿਲ ਲਈ ਹੈ।
ਮੈਂ ਦੋ ਪੈਨਸਿਲਾਂ ਲਈਆਂ ਹਨ।

(1) ਅਸੀਂ ਇੱਕ ਸਾੜ੍ਹੀ ਖਰੀਦੀ ਹੈ।
(2) ਤੁਸੀਂ ਇੱਕ ਕਿਤਾਬ ਪੜ੍ਹੀ ਹੈ।
(3) ਤੂੰ ਇੱਕ ਚਿੱਠੀ ਲਿਖੀ ਹੈ।
(4) ਉਹਨੇ ਇੱਕ ਕਵਿਤਾ ਸੁਣਾਈ।

Model 2

ਉਨ੍ਹਾਂ ਨੇ ਇੱਕ ਅੰਬ ਖਾਧਾ ਹੈ।
ਉਨ੍ਹਾਂ ਨੇ ਚਾਰ ਅੰਬ ਖਾਧੇ ਹਨ।

(1) ਮੈਂ ਇੱਕ ਕੇਲਾ ਖਾਧਾ ਹੈ।
(2) ਅਸੀਂ ਇੱਕ ਕਮਰਾ ਕਿਰਾਏ ਤੇ ਲਿਆ ਹੈ।
(3) ਤੁਸੀਂ ਇਹ ਖਤ ਪੜ੍ਹਿਆ ਹੈ।
(4) ਉਨ੍ਹਾਂ ਨੇ ਇਹ ਇੱਕ ਪਾਠ ਨਹੀਂ ਯਾਦ ਕੀਤਾ।

Model 3

ਮੈਂ ਅੱਜ ਸਕੂਲ ਨਹੀਂ ਗਿਆ।
ਅਸੀਂ ਅੱਜ ਸਕੂਲ ਨਹੀਂ ਗਏ।

(1) ਮੈਂ ਅੱਜ ਤੁਹਾਡੇ ਘਰ ਆਇਆ।
(2) ਤੂੰ ਕੱਲ੍ਹ ਮੇਰੇ ਘਰ ਨਹੀਂ ਗਿਆ।
(3) ਉਹ ਅੱਜ ਬਹੁਤ ਰੋਇਆ।
(4) ਮੈਂ ਕਲਾਸ ਵਿਚ ਬਿਲਕੁਲ ਨਹੀਂ ਹੱਸਿਆ।

Model 4

ਉਹ ਅੱਜ ਕਿੱਥੇ ਗਈ ਹੈ ?
ਉਹ ਅੱਜ ਕਿੱਥੇ ਗਈਆਂ ਹਨ ?

(1) ਮੈਂ ਬਜਾਰ ਗਈ ਸੀ।
(2) ਤੂੰ ਅਜ ਕਿਉਂ ਰੋਈ ਹੈਂ ?
(3) ਉਹ ਤਾਂ ਬਿਲਕੁਲ ਨਹੀਂ ਹੱਸੀ।
(4) ਮੈਂ ਤਾਂ ਬਿਲਕੁਲ ਨਹੀਂ ਸੀ ਰੋਈ।

C. VOCABULARY

ਝਾੜੂ	'broom'	ਉੱਚੀ ਆਵਾਜ਼	'loudly'
ਵਿਹੜਾ	'compound'	ਆਪੇ	'yourself
ਝਾੜਨਾ	'to clean'	ਝਾੜੂ ਲਗਾਉਣਾ/ਲਾਉਣਾ	'to sweep'
ਤੁਰਨਾ	'to walk'	ਝਾੜੂ ਫੇਰ ਲੈਣਾ	'to sweep'
ਅਜੇ	'yet, still'	ਸੋਫਾ	'sofa'
ਸ਼ੁਰੂ ਤੋਂ	'from the beginning'	ਨਾਵਲ	'novel'
ਛੱਡ ਆਉਣਾ	'to leave'	ਨਨਾਣ	'sister-in-law, husband's sister'
ਅਵਾਜ਼ ਮਾਰ ਲੈਣਾ	'to call'	ਮਾਈ	'Maid servant
ਟਾਈਮ	'time'	ਤੰਗ ਕਰਨਾ	'to give trouble'

UNIT XV

Lesson 65

Enquiring about Railway station

1 ਕਈ ਵਾਰੀ ਅਜਨਬੀਆਂ ਵਾਸਤੇ ਰੇਲਵੇ ਸਟੇਸ਼ਨ ਵਰਗੀਆਂ ਥਾਵਾਂ ਲੱਭ ਸੱਕਣੀਆਂ ਮੁਸ਼ਕਿਲ ਹੁੰਦੀਆਂ ਹਨ। ਸ੍ਰੀ ਪ੍ਰੇਮ ਭਾਟੀਆ, ਗੌਰਮਿੰਟ ਮੈਡੀਕਲ ਕਾਲਿਜ ਇੱਕ ਸੈਮੀਨਾਰ ਵਿੱਚ ਭਾਗ ਲੈਣ ਲਈ ਆਇਆ ਸੀ। ਉਹ ਰੇਲਵੇ ਸਟੇਸ਼ਨ ਜਾਣਾ ਚਾਹੁੰਦਾ ਸੀ। ਉਸ ਕੋਲ ਚੁੱਕ ਕੇ ਤੁਰਨ ਲਈ ਬਹੁਤਾ ਭਾਰ ਨਹੀਂ। ਉਹਨੇ ਪੈਦਲ ਤੁਰਨ ਦਾ ਫੈਸਲਾ ਕੀਤਾ ਅਤੇ ਰਸਤੇ ਵਿਚ ਕਈ ਥਾਵਾਂ ਵੇਖਣ ਦਾ ਪ੍ਰੋਗਰਾਮ ਬਣਾਇਆ। ਉਹਨੇ ਰੇਲਵੇ ਸਟੇਸ਼ਨ ਤਕ ਰਸਤੇ ਦਾ ਅੰਦਾਜ਼ਾ ਲਾ ਲੈਣਾ ਚਾਇਆ। ਉਹਨੇ ਸੜਕ ਉੱਤੇ ਇੱਕ ਆਦਮੀ ਕੋਲ ਪਹੁੰਚ ਕੇ ਪੁੱਛਿਆ :

Sometimes it is difficult for a stranger to locate places like a railway station. Mr. Prem Bhatia had come to Patiala to attend a seminar at Govt. Medical College. He wanted to go to the railway station. He did not have too many things to carry. He decided to walk and planned to see various places on the way. He thought of having an idea of the way to the railway station. He approached a man on the road and asked him.

ਪ੍ਰੇਮ : ਜੀ ਮੈਂ ਸਟੇਸ਼ਨ ਜਾਣਾ ਹੈ	I want to go to railway station.
ਉ : ਹਾਂ, ਸਿੱਧੇ ਹੀ ਚਲੇ ਜਾਓ।	Yes (please) go straight.
ਪ੍ਰੇਮ : ਕਿੰਨੀ ਕੁ ਦੂਰ ਹੈ ?	How far it is from here?
ਉ : ਮੀਲ ਕੁ ਤਾਂ ਜ਼ਰੂਰ ਹੋਵੇਗਾ।	It must be about a mile.
ਪ੍ਰੇਮ : ਕੀ ਬਿਲਕੁਲ ਸਿੱਧਾ ਹੀ ਹੈ ?	Is it straight ahead?
ਉ : ਤੁਸੀਂ ਚੌਕ ਤਕ ਸਿੱਧੇ ਹੀ ਤੁਰੀ ਜਾਵੋ ਅਗੇਂ ਸੱਜੇ ਹੱਥ ਮੁੜ ਕੇ ਕਿਸੇ ਨੂੰ ਪੁੱਛ ਲੈਣਾ।	You continue walking upto chowk straight. After turning to the right, you can ask some one.
ਪ੍ਰੇਮ : ਬਹੁਤ ਅੱਛਾ ਜੀ।	That is alright.

2 ਉਹ ਮਾਲ ਰੋਡ ਉੱਤੇ 'ਕੇਂਦਰੀ ਲਾਇਬਰੇਰੀ' ਤੱਕ ਪਹੁੰਚ ਗਿਆ। ਸਟੇਸ਼ਨ ਨੂੰ ਜਾਂਦੇ ਰਸਤੇ ਬਾਰੇ ਪੱਕਾ ਕਰ ਲੈਣ ਲਈ ਉਹਨੇ ਇੱਕ ਹੋਰ ਆਦਮੀ ਤੋਂ ਪੁੱਛਿਆ :	He reached the Central Library on the Mall. To be sure of the way, he asked another person about the way to the station.
ਪ੍ਰੇਮ : ਭਾਈ ਸਾਹਿਬ, ਸਟੇਸ਼ਨ ਲਈ ਇਹੋ ਰਸਤਾ ਹੈ ?	Brother! Does this road lead to the station?
ਅ : ਹਾਂ ਜੀ। ਤੇ ਸਿੱਧੇ ਹੀ ਤੁਰੇ ਜਾਵੋ, ਸਾਹਮਣੇ ਸਟੇਸ਼ਨ ਹੈ।	Yes, walk ahead on the road. The Railway Station is ahead.
ਪ੍ਰੇਮ : ਸ਼ੁਕਰੀਆ।	Thanks.

A. DRILLS

1 Repetition Drill

ਤੁਸੀਂ ਕਿੱਥੇ ਜਾਣਾ ਹੈ ?	ਕਿੰਨੀ ਕੁ ਦੂਰ ਹੈ ?
ਜੀ ਮੈਂ ਸਟੇਸ਼ਨ ਤੇ ਜਾਣਾ ਹੈ।	ਮੀਲ ਕੁ ਤਾਂ ਜ਼ਰੂਰ ਹੋਵੇਗਾ।
ਸਟੇਸ਼ਨ ਕਿੱਥੇ ਹੈ ?	ਮੈਂ ਪੈਦਲ ਜਾ ਸੱਕਦਾ ਹਾਂ ?
ਸਿੱਧੇ ਹੀ ਚਲੇ ਜਾਓ।	ਬਿਲਕੁਲ ਸਟੇਸ਼ਨ ਜ਼ਿਆਦਾ ਦੂਰ ਨਹੀਂ ਹੈ।

2 Substitution Drill

1 ਭਾਈ ਸਾਹਿਬ ਸਟੇਸ਼ਨ ਜਾਣ ਲਈ ਇਹੋ ਰਸਤਾ ਹੈ ?	2 ਮੈਂ ਸਟੇਸ਼ਨ ਜਾਣਾ ਹੈ। (ਮੈਂ)
(ਇਹੋ)	(ਅਸੀਂ)
(ਉਹੋ)	(ਤੁਸੀਂ)
(ਇੱਧਰੋਂ)	(ਮੁੰਡੇ ਨੇ)
(ਉੱਧਰੋਂ)	(ਮੁੰਡਿਆਂ ਨੇ)
(ਕਿਧਰੋਂ)	

3 Response Drill

Model

ਸਟੇਸ਼ਨ ਕਿੰਨੀ ਕੁ ਦੂਰ ਹੈ ? (ਦੋ ਮੀਲ)
ਸਟੇਸ਼ਨ ਦੋ ਮੀਲ ਦੂਰ ਹੈ।

(1) ਸਟੇਸ਼ਨ ਦਾ ਰਸਤਾ ਕਿਹੜਾ ਹੈ ? (ਬਿਲਕੁਲ ਸਿੱਧਾ)
(2) ਸ਼ਹਿਰ ਤੋਂ ਯੂਨੀਵਰਸਿਟੀ ਕਿੰਨੀ ਕੁ ਦੂਰ ਹੈ ? (ਛੇ ਕਿਲੋਮੀਟਰ)
(3) ਤੁਹਾਡਾ ਸ਼ਹਿਰ ਪਟਿਆਲੇ ਤੋਂ ਕਿੰਨੀ ਦੂਰ ਹੈ? (ਚਾਲੀ ਮੀਲ)
(4) ਤੁਹਾਡੇ ਸ਼ਹਿਰ ਤੋਂ ਪਟਿਆਲੇ ਤੱਕ ਕਿੰਨਾ ਸਮਾਂ ਲਗਦਾ ਹੈ ? (ਦੋ ਘੰਟੇ)
(5) ਤੁਹਾਡਾ ਘਰ ਸਟੇਸ਼ਨ ਤੋਂ ਕਿੰਨੀ ਦੂਰ ਹੈ ? (ਥੋੜੀ ਦੂਰ)

B. EXERCISES

1 Fill up the blanks with appropriate words.

(1) .....ਸਟੇਸ਼ਨ ਜਾਣਾ ਹੈ।
(2) ਸਟੇਸ਼ਨ.. .....ਦੂਰ ਹੈ ?
(3) ਤੁਸੀਂ.....ਸਿੱਧੇ ਹੀ ਤੁਰੋ .....। ਅੱਗੇ .....ਹੱਥ ਮੁੜ.....ਕਿਸੇ.....ਪੁੱਛ..... ।
(4) ਭਾਈ ਸਾਹਿਬ, ਸਟੇਸ਼ਨ.....ਰਸਤਾ ਹੈ ?
(5) ਉਹ ਰੇਲਵੇ ਸਟੇਸ਼ਨ ਤੱਕ ਰਸਤੇ ਦਾ.....ਲਾ ਲੈਣਾ..... ।
(6) ਅਜਨਬੀ.....ਰੇਲਵੇ ਸਟੇਸ਼ਨ... ... ਪੁੱਛ .. ..ਹੈ ।

2 Write down the past participle (Masc. Singular) forms of the following verbs and use them in your own sentences.

ਪਹੁੰਚਣਾ, ਪੁੱਛਣਾ, ਲੱਭਣਾ, ਹੋਣਾ, ਚੁੱਕਣਾ, ਤੁਰਨਾ, ਫੈਸਲਾ ਕਰਨਾ, ਵੇਖਣਾ, ਬਣਾਉਣਾ, ਚਾਹੁਣਾ, ਜਾਣਾ, ਪਹੁੰਚ ਜਾਣਾ ।

3. Write down the present participle (Masc. Singular) forms of the following verbs and use them in your own sentences.

ਆਉਣਾ, ਵੇਖਣਾ, ਜਾਣਾ, ਚਲਣਾ, ਪੁੱਛ ਲੈਣਾ, ਚੱਕਣਾ, ਲੱਭਣਾ, ਤੁਰਨਾ

4 Change the present indefinite tense forms of the following sentences into (1) future affirmative tense and (2) past indefinite tense.

(1) ਉਹ ਰੇਲਵੇ ਸਟੇਸ਼ਨ ਜਾਣਾ ਚਾਹੁੰਦਾ ਹੈ।
(2) ਉਹ ਆਦਮੀ ਕੋਲੋਂ ਪੁੱਛਦਾ ਹੈ।
(3) ਉਹ ਪ੍ਰੋਗਰਾਮ ਬਣਾਉਂਦਾ ਹੈ।
(5) ਉਹ ਲਾਇਬਰੇਰੀ ਤਕ ਪਹੁੰਚ ਜਾਂਦਾ ਹੈ।

C. VOCABULARY

ਕਈ ਵਾਰੀ	'some times'	ਇਹੋ	'this one'
ਵਰਗਾ	'like'	ਭਾਰ	'weight'
ਲੱਭਣਾ	'to find, to locate'	ਉਹੋ	'that one'
ਚੱਕਣਾ	'to carry'	ਅਜਨਬੀ	'stranger'
ਅੰਦਾਜ਼ਾ ਲਾ ਲੈਣਾ	'to have an idea'	ਭਾਗ ਲੈਣਾ	'to attend'
ਚੌਕ	'chowk'	ਫੈਸਲਾ ਕਰਨਾ	'to decide'
ਰੇਲਵੇ ਸਟੇਸ਼ਨ	'Railway Station'	ਸੜਕ	'road'
ਸੈਮੀਨਾਰ	'seminar'	ਆਦਮੀ	'man'
ਪਕਾ ਕਰ ਲੈਣਾ	'to be sure'	ਕੇਂਦਰੀ	'central'
ਭਾਈ	'brother, person'	ਸ਼ੁਕਰੀਆ	'thanks'

UNIT XV

Lesson 66

About watches

ਸੁਰਜੀਤ : ਤੁਹਾਡੀ ਘੜੀ ਬਹੁਤ ਸੁਹਣੀ ਹੈ। ਕੀ ਨਵੀਂ ਖਰੀਦੀ ਹੈ ?	Your watch is very beautiful. Have you bought a new one?
ਗੁਰਨਾਮ : ਹਾਂ ਕੱਲ੍ਹ ਹੀ ਖਰੀਦੀ ਹੈ।	Yes, I bought it only yesterday.
ਸੁਰਜੀਤ : ਪਰ ਇਹ ਤਾਂ ਅੱਧਾ ਘੰਟਾ ਅੱਗੇ ਹੈ। ਕੀ ਇਹ ਠੀਕ ਨਹੀਂ ਚਲ ਰਹੀ ?	But it is fast by half an hour. Doesn't it show right time?
ਗੁਰਨਾਮ : ਕੱਲ੍ਹ ਤਾਂ ਠੀਕ ਸੀ। ਪਤਾ ਨਹੀਂ ਅੱਜ ਕੀ ਹੋ ਗਿਆ ਹੈ। ਦੁਕਾਨਦਾਰ ਨੂੰ ਵਿਖਾਵਾਂਗਾ।	Yesterday it was alright. I don't know what happened today. I will show it to the shopkeeper.
ਸੁਰਜੀਤ : ਮੇਰੀ ਘੜੀ ਵੀ ਦਿਨ ਵਿੱਚ ਪਿੱਛੇ ਹੋ ਜਾਂਦੀ ਹੈ ਪੰਦਰਾਂ ਮਿੰਟ। ਮੈਂ ਵੀ ਤੇਰੇ ਨਾਲ ਚਲਾਂਗਾ ਆਪਣੀ ਘੜੀ ਵਿਖਾਉਣ।	My watch also moves slow by fifteen minutes a day. I will also go with you to get my watch checked.
ਗੁਰਨਾਮ : ਸਾਡੇ ਦਫ਼ਤਰ ਦੀ ਘੜੀ ਤਾਂ ਹਮੇਸ਼ਾ ਠੀਕ ਚਲਦੀ ਹੈ। ਉਹ ਬਹੁਤ ਪੁਰਾਣੀ ਹੈ ਪਰ ਕਦੇ ਅੱਗੇ ਪਿੱਛੇ ਨਹੀਂ ਹੁੰਦੀ।	The clock of our office shows always right time. It is very old but it is neither fast nor slow.
ਸੁਰਜੀਤ : ਅੱਜ ਕੱਲ੍ਹ ਚੰਗੀਆਂ ਘੜੀਆਂ ਨਹੀਂ ਬਣਦੀਆਂ ਹਨ। ਜਲਦੀ ਖਰਾਬ ਹੋ ਜਾਂਦੀਆਂ ਹਨ।	Good watches are not made now a days. They go out of order soon.
ਗੁਰਨਾਮ : ਇਹ ਗੱਲ ਨਹੀਂ ਅੱਜ ਕੱਲ੍ਹ ਭਾਰਤ ਵਿੱਚ ਵੀ ਬਹੁਤ ਚੰਗੀਆਂ ਘੜੀਆਂ ਬਣਾਈਆਂ ਜਾਂਦੀਆਂ ਹਨ। ਬੇਸ਼ਕ ਉਨ੍ਹਾਂ ਦੀ ਕੀਮਤ ਜ਼ਿਆਦਾ ਹੈ। ਇੱਥੋਂ ਤਾਂ ਘੜੀਆਂ ਵਿਦੇਸ਼ਾਂ ਵਿਚ ਵੀ ਭੇਜੀਆਂ ਜਾਂਦੀਆਂ ਹਨ।	This is not the thing. Different types of watches are manufactured in India these days. Of course they are expensive watches, they are exported to different countries as well.

ਸੁਰਜੀਤ : ਮੇਰਾ ਭਰਾ ਦਸ ਸਾਲ ਪਹਿਲਾਂ ਇੱਕ ਅਲਾਰਮ ਘੜੀ ਲਿਆਇਆ ਸੀ । ਉਹ ਘੜੀ ਬਿਲਕੁਲ ਖਰਾਬ ਨਹੀਂ ਹੋਈ। ਉਹੋ ਜਹੀ ਘੜੀ ਇੱਥੇ ਕਿੱਥੇ ਮਿਲਣੀ ਹੈ ।

My brother brought an Alarm Clock ten years ago. That watch has never been out of order.

It is not possible to get such a type of good watch.

ਗੁਰਨਾਮ : ਇੱਥੇ ਸਭ ਤਰ੍ਹਾਂ ਦੀਆਂ ਘੜੀਆਂ ਮਿਲਦੀਆਂ ਹਨ । ਤੁਸੀਂ ਮੇਰੇ ਨਾਲ ਚਲੋ ਮੈਂ ਤੁਹਾਨੂੰ ਵਿਖਾਵਾਂਗਾ ।

All types of watches are available here. You accompany me to the market I will show you.

ਸੁਰਜੀਤ : ਅੱਛਾ ਜੀ ਮੈਂ ਵੇਖਾਂਗਾ । ਮੈਂ ਆਪਣੀ ਭੈਣ ਲਈ ਇਕ ਘੜੀ ਖਰੀਦਾਂਗਾ ।

Alright I will see. I will buy a watch for my sister.

ਗੁਰਨਾਮ : ਤੁਸੀਂ ਐਚ. ਐਮ. ਟੀ. ਦੀ ਘੜੀ ਖਰੀਦੋ । ਇਸ ਕੰਪਨੀ ਨੇ ਬਹੁਤ ਸੁਹਣੀਆਂ ਘੜੀਆਂ ਬਣਾਈਆਂ ਹਨ। ਕੀਮਤ ਵੀ ਜ਼ਿਆਦਾ ਨਹੀਂ।

You should purchase an H.M.T. watch. This company has manufactured so many good watches. They are not expensive.

ਸੁਰਜੀਤ : ਠੀਕ ਹੈ, ਮੈਂ ਤੁਹਾਡੇ ਨਾਲ ਚਲਾਂਗਾ । Alright, I will go with you.

A. DRILLS

1 Repetition Drill

ਮੇਰੇ ਕੋਲ ਇੱਕ ਪੁਰਾਣੀ ਘੜੀ ਸੀ । ਉਹ ਮੇਰੇ ਪਿੱਤਾ ਜੀਨੇ ਮੈਨੂੰ ਦਿੱਤੀ ਸੀ । ਘੜੀ ਬਹੁਤ ਸੁਹਣੀ ਸੀ। ਉਹ ਕਦੇ ਵੀ ਅੱਗੇ ਪਿੱਛੇ ਨਹੀਂ ਸੀ ਹੁੰਦੀ । ਇਕ ਵਾਰੀ ਇਹ ਪਾਣੀ ਵਿੱਚ ਡਿੱਗ ਪਈ ਫਿਰ ਵੀ ਠੀਕ ਚਲਦੀ ਰਹੀ। ਉਸਦਾ ਸ਼ੀਸ਼ਾ ਟੁੱਟ ਗਿਆ। ਇੱਥੇ ਉਸਦਾ ਸ਼ੀਸ਼ਾ ਨਹੀਂ ਮਿਲਿਆ। ਉਹ ਪਈ ਹੋਈ ਹੈ। ਮੈਂ ਹੁਣ ਨਵੀਂ ਘੜੀ ਖਰੀਦੀ ਹੈ। ਇਸ ਦਾ ਡਿਜ਼ਾਇਨ ਤਾਂ ਸੋਹਣਾ ਹੈ ਪਰ ਕਦੇ ਕਦੇ ਰੁੱਕ ਜਾਂਦੀ ਹੈ।

2 Response Drill

Model

ਤੁਸੀਂ ਕੀ ਖਰੀਦਿਆ ਹੈ ? (ਨਵੀਂ ਘੜੀ)
ਮੈਂ ਨਵੀਂ ਘੜੀ ਖਰੀਦੀ ਹੈ।

(1) ਉਹਨੇ ਕੀ ਖਰੀਦਿਆ ਹੈ ? (ਪੁਰਾਣੀ ਘੜੀ)
(2) ਤੁਸੀਂ ਕੀ ਲਿਆ ਹੈ ? (ਨਵਾਂ ਪੈਨ)
(3) ਉਨ੍ਹਾਂ ਨੇ ਕੀ ਲਿਖਿਆ ਹੈ ? (ਲੇਖ)
(4) ਤੁਸੀਂ ਅੱਜ ਕੀ ਪੜ੍ਹਿਆ ਹੈ ? (ਨਾਵਲ)
(5) ਉਹਨੇ ਕੀ ਵੇਚਿਆ ਹੈ ? (ਸਕੂਟਰ)

3 Transformation Drill

Model 1

ਮੈਂ ਇਕ ਪੈਨ ਲਿਆ ਹੈ।
ਮੈਂ ਦੋ ਪੈਨ ਲਏ ਹਨ।

(1) ਮੈਂ ਇਕ ਕੋਟ ਲਿਆ ਹੈ।
(2) ਮੈਂ ਇਕ ਕੁੜਤਾ ਖਰੀਦਿਆ ਹੈ।
(3) ਉਹਨੇ ਇਕ ਬਸਤਾ ਲਿਆ ਹੈ।
(4) ਉਨ੍ਹਾਂ ਨੇ ਇਕ ਪੱਖਾ ਖਰੀਦਿਆ ਹੈ।

Model 2

ਮੈਂ ਇਕ ਕਮੀਜ਼ ਖਰੀਦੀ ਹੈ।
ਮੈਂ ਤਿੰਨ ਕਮੀਜ਼ਾਂ ਖਰੀਦੀਆਂ ਹਨ।

(1) ਮੈਂ ਇਕ ਸਾੜ੍ਹੀ ਖਰੀਦੀ ਹੈ।
(2) ਉਹਨੇ ਇਕ ਪੱਗ ਲਈ ਹੈ।
(3) ਉਨ੍ਹਾਂ ਨੇ ਇੱਕ ਘੜੀ ਖਰੀਦੀ ਹੈ।
(4) ਤੁਸੀਂ ਇਹ ਕਿਤਾਬ ਪੜ੍ਹੀ ਹੈ।

B. EXERCISES

1. Fill in the blanks.

(1) ਮੇਰੀ ਘੜੀ ਹਮੇਸ਼ਾ ਅੱਗੇ..... ।
(2) ਤੁਹਾਡੀ ਘੜੀ ਹਮੇਸ਼ਾ ਪਿੱਛੇ..... ।
(3) ਉਹ ਦੀ ਘੜੀ ਅੱਗੇ .....ਹੈ।
(4) ਮੇਰੀ ਘੜੀ ਪਿਛੇ ਹੋ..... ।
(5) ਤੁਹਾਡੀ ਘੜੀ.....ਸੁਹਣੀ ਹੈ ।
(6) ਤੁਹਾਡੀ ਘੜੀ.....ਖਰਾਬ ਹੋ ਜਾਂਦੀ ਹੈ।
(7) ਇਹ ਕਿਹੋ.....ਘੜੀ ਹੈ ?
(8) ਮੈਂ ਵੀ ਦੁਕਾਨਦਾਰ ਨੂੰ..... ।
(9) ਮੈਂ ਵੀ ਤੁਹਾਡੇ ਨਾਲ ..... ।
(10) ਮੇਰੀ ਘੜੀ ਪੰਦਰਾਂ.....,ਅੱਗੇ ਹੈ।
(11) ਉਹਦੀ ਘੜੀ ਅੱਧਾ.....ਪਿੱਛੇ ਹੈ।
(12) ਮੈਂ ਇਹ ਘੜੀ ਨਵੀਂ.....ਹੈ।

2. Write answers to the following questions.

(1) ਤੁਹਾਡੀ ਘੜੀ ਠੀਕ ਹੈ ?
(2) ਤੁਹਾਡੀ ਘੜੀ ਵਿੱਚ ਕਿੰਨੇ ਵਜੇ ਹਨ ?
(3) ਉਹ ਦੀ ਘੜੀ ਠੀਕ ਚਲ ਰਹੀ ਹੈ ?
(4) ਕਿੰਨੇ ਮਿੰਟ ਪਿੱਛੇ ਹੋ ਜਾਂਦੀ ਹੈ ?
(5) ਕੀ ਇਹ ਘੜੀ ਅੱਗੇ ਹੋ ਜਾਂਦੀ ਹੈ ?
(6) ਤੁਸੀ ਪੁਰਾਣੀ ਘੜੀ ਵੇਚ ਦਿੱਤੀ ਹੈ ?
(7) ਤੁਸੀਂ ਨਵੀਂ ਘੜੀ ਕਦੋਂ ਖਰੀਦੀ ਹੈ ?

3. Match the following and write the sentences.

	A	B	C	
(1)	ਇਹ ਪਰਾਣੀ	ਘੜੀ	ਹੈ	( )
(2)	ਉਹ ਨਵੀਂ	ਪੈਨ	ਹੈ	( )
(3)	ਮੈਂ ਨਵੀਂ	ਪੈਨ	ਖਰੀਦਿਆ ਹੈ	( )
(4)	ਉਹਨੇ ਨਵਾਂ	ਘੜੀ	ਖਰੀਦੀ ਹੈ	( )
(5)	ਉਨ੍ਹਾਂ ਨੇ ਨਵੀਆਂ	ਕੁੜਤੇ	ਖਰੀਦੇ ਹਨ	( )
(6)	ਉਨ੍ਹਾਂ ਨੇ ਨਵੇਂ	ਸਾੜ੍ਹੀਆਂ	ਖਰੀਦੀਆਂ ਹਨ	( )

C. VOCABULARY

ਅੱਧਾ ਘੰਟਾ	'half an hour'	ਵਿਦੇਸ਼	'foreign country'
ਵੇਚਣਾ	'to sell'	ਅਲਾਰਮ ਘੜੀ	'Alarm clock'
ਅੱਗੇ ਹੋ ਜਾਣਾ	'to go ahead, to be fast'	ਬੇਸ਼ਕ	'of course'
ਪਿੱਛੇ ਹੋ ਜਾਣਾ	'to go behind' to be slow'	ਟੁੱਟ ਜਾਣਾ	'to break'
ਲੇਖ	'essay'	ਡਿਜ਼ਾਇਨ	'design'

D. NOTES

1. In these lessons past participle forms of transitive verbs are introduced. The past participle form is inflected for gender and number. The productive pattern use past tense suffix-ਇਆ which is added to the stem before gender, number suffixes in masculine singular. Elsewhere ਇ is dropped and the gender and number suffixes are added to the stem like regular adjective inflection of—a ending adjectives.

Verb Stems	Masculine		Feminine	
	Sg.	Pl.	Sg.	Pl.
ਪੜ੍ਹ 'read'	ਪੜ੍ਹਿਆ	ਪੜ੍ਹੇ	ਪੜ੍ਹੀ	ਪੜ੍ਹੀਆਂ
ਲਖ 'write'	ਲਿਖਿਆ	ਲਿਖੇ	ਲਿਖੀ	ਲਿਖੀਆਂ

2. Past participle form of transitive verbs agree in gender and number with the object. The subject is in oblique case followed by ਨੇ post position Ist person and 2nd person pronouns do not take ਨੇ in Punjabi. They remain same. The 1st person plural and 2nd person plural pronouns have agent case forms ਅਸਾਂ and ਤੁਸਾਂ. But al the nouns and 3rd person pronouns occur in oblique case followed by ਨੇ

ਮੰਡੇ ਨੇ ਪਾਠ ਪੜ੍ਹਿਆ।	They boy read the lesson.
ਮੁੰਡਿਆਂ ਨੇ ਕਿਤਾਬ ਪੜ੍ਹੀ।	The boys read the book.
ਮੈਂ ਚਿੱਠੀ ਲਿਖੀ।	I wrote a letter.
ਉਨ੍ਹਾਂ ਨੇ ਕਹਾਣੀਆਂ ਸੁਣੀਆਂ।	They heard the stories.

3. When the object is followed by ਨੂੰ, the verb remains unchanged in third person masculine singular.

ਮੈਂ ਕਿਤਾਬਾਂ ਅਲਮਾਰੀ ਵਿੱਚ ਰੱਖੀਆਂ ਹਨ। I have kept the books in the almirah.

ਮੈਂ ਕਿਤਾਬਾਂ ਨੂੰ ਅਲਮਾਰੀ ਵਿਚ ਰੱਖਿਆ ਹੈ। I have kept the books in the al irah.

In case there are two objects, the one followed by ਨੂੰ is indirect object and the other is direct object. The past participle form agrees with the direct object in gender and number. If there is no object, the verb will remain in third person masculine singular.

ਉਹਨੇ ਕੁੜੀ ਨੂੰ ਕਿਤਾਬ ਦਿੱਤੀ।	He gave a book to the girl.
ਉਹਨੇ ਕੁੜੀ ਨੂੰ ਵੇਖਿਆ।	He saw the girl.
ਉਹਨੇ ਕੀ ਕਿਹਾ ਹੈ ?	What he said ?
ਤੁਸੀਂ ਵੇਖਿਆ ਹੈ ?	Have you seen ?

4. A number of verbs have irregular past participles. These must be learnt. Some of such past participles are listed below.

PAST PARTICIPLE

Verb Stems		Masculine		Feminine	
		Sg.	Pl.	Sg.	Pl.
ਪੀ	'drink'	ਪੀਤਾ	ਪੀਤੇ	ਪੀਤੀ	ਪੀਤੀਆਂ
ਧੋ	'wash'	ਧੋਤਾ	ਧੋਤੇ	ਧੋਤੀ	ਧੋਤੀਆਂ
ਸੀਉਂ	'sew'	ਸੀਤਾ	ਸੀਤੇ	ਸੀਤੀ	ਸੀਤੀਆਂ
ਦੇ	'give'	ਦਿੱਤਾ	ਦਿੱਤੇ	ਦਿੱਤੀ	ਦਿੱਤੀਆਂ
ਲੈ	'take'	ਲਿਆ	ਲਏ	ਲਈ	ਲਈਆਂ
ਬੰਨ੍ਹ	'tie'	ਬੱਧਾ	ਬੱਧੇ	ਬੱਧੀ	ਬੱਧੀਆਂ
ਖਾ	'eat'	ਖਾਧਾ	ਖਾਧੇ	ਖਾਧੀ	ਖਾਧੀਆਂ
ਕਰ	'do'	ਕੀਤਾ	ਕੀਤੇ	ਕੀਤੀ	ਕੀਤੀਆਂ

ਐ ending verbs stems drop ਐ before ਇਆ

ਲੈ...	ਲਿਆ	ਲਏ
	ਲਈ	ਲਈਆਂ

The imperfect past tense of transitive verbs is formed by using the past participle with the present auxiliary which agrees with the object in person and number.

ਮੈਂ ਕਿਤਾਬ ਪੜ੍ਹੀ ਹੈ।	I have read the book.
ਅਸੀਂ ਦੋ ਪਾਠ ਪੜ੍ਹੇ ਹਨ।	We have read two lesson.

In the negative, the auxiliary may be omitted as in the indefinite tense.

ਮੈਂ ਕਿਤਾਬ ਨਹੀਂ ਪੜ੍ਹੀ	I have not read the book.

6. The perfect past tense of transitive verbs is formed by using the past participle form with the past auxiliary.

ਮੈਂ ਕਿਤਾਬ ਪੜ੍ਹੀ ਸੀ।	I had read the book.
ਮੈਂ ਦੋ ਅੰਬ ਖਾਧੇ ਸਨ।	I had eaten two mangoes.

In the negative, the auxiliary precedes the verb.

ਮੈਂ ਕਿਤਾਬ ਨਹੀਂ ਸੀ ਪੜ੍ਹੀ।	I had not read the book.
ਮੈਂ ਦੋ ਅੰਬ ਨਹੀਂ ਸਨ ਖਾਧੇ।	I had not eaten two mangoes.

UNIT XV **Lesson 67**

A Review Lesson

1. ਮੈਂ ਅੱਜ ਇੱਕ ਪਾਠ ਪੜ੍ਹਿਆ।	Today I read one lesson.
ਅਸੀਂ ਅੱਜ ਇੱਕ ਪੈਨ ਖਰੀਦਿਆ ਹੈ।	Today we have purchased one pen.
ਤੂੰ ਮੇਰਾ ਕੰਮ ਕੀਤਾ ਹੈ ?	Have you done my work ?
ਤੁਸੀਂ ਰਾਮ ਨੂੰ ਪੱਖਾ ਦਿੱਤਾ ਹੈ ?	Have you given the fan to Ram ?
ਉਹਨੇ ਇਕ ਨਵਾਂ ਸੂਟ ਲਿਆ ਹੈ।	He/she has taken a new suit.
ਉਨ੍ਹਾਂ ਨੇ ਆਪਣਾ ਘਰ ਬਣਾਇਆ ਹੈ।	They have made their own house.
ਮੁੰਡੇ ਨੇ ਤੁਹਾਡਾ ਕੰਮ ਨਹੀਂ ਕੀਤਾ।	The boy has not done your work.
ਇਨ੍ਹਾਂ ਮੁੰਡਿਆਂ ਨੇ ਸਾਡਾ ਕੰਮ ਕਰ ਦਿੱਤਾ ਹੈ।	These boys have done our work
ਕੁੜੀ ਨੇ ਖ਼ਤ ਲਿਖਿਆ ਹੈ।	The girl has written a letter.
2. ਇਸ ਮੁੰਡੇ ਨੇ ਚਾਰ ਪੈਨ ਖਰੀਦੇ ਹਨ।	This boy has bought four pens.
ਮੈਂ ਅੱਜ ਅੱਠ ਫੁਲਕੇ ਖਾਧੇ ਹਨ।	I have eaten eight chappatis.
ਤੁਸੀਂ ਕਿੰਨੇ ਸੂਟ ਲਏ ਹਨ ?	How many suits have you taken ?
ਉਹਨੇ ਅੱਜ ਬਹੁਤ ਕੰਮ ਕੀਤੇ ਹਨ।	Today he has done too many things.
ਉਨ੍ਹਾਂ ਮੁੰਡਿਆਂ ਨੇ ਸਾਡੇ ਸਾਰੇ ਕੰਮ ਕਰ ਦਿੱਤੇ ਹਨ।	Those boys have done all our works.
ਤੂੰ ਕਿਸ ਨੂੰ ਪੱਖੇ ਦਿੱਤੇ ਹਨ ?	To whom hav e you given fans ?
ਅਸੀਂ ਅੱਜ ਚਾਰ ਪਾਠ ਪੜ੍ਹੇ ਹਨ।	Today we have read four lessons.
ਕੁੜੀਆਂ ਨੇ ਖ਼ਤ ਲਿਖੇ ਹਨ।	The girls have written letters.

3. ਮੈਂ ਇੱਕ ਕਾਪੀ ਖਰੀਦੀ ਹੈ।	I have purchased a copy.
ਉਨ੍ਹਾਂ ਨੇ ਇਕੋ ਚਿੱਠੀ ਲਿਖੀ ਹੈ।	They have written only one letter.
ਅਸੀਂ ਤੁਹਾਡੀ ਗੱਲ ਨਹੀਂ ਕੀਤੀ।	We didn't talk about you.
ਤੁਸੀਂ ਚਾਹ ਨਹੀਂ ਪੀਤੀ ?	Didn't you drink tea ?
ਉਹਨੇ ਮੈਨੂੰ ਕਾਪੀ ਨਹੀਂ ਦਿੱਤੀ।	He has not given me the note-book.
ਕੁੜੀਆਂ ਨੇ ਰੋਟੀ ਨਹੀਂ ਸੀ ਖਾਧੀ।	The girls have not eaten the food.
4. ਤੁਸੀਂ ਕਿੰਨੀਆਂ ਬੋਤਲਾਂ ਪੀਤੀਆਂ ਹਨ ?	How many bottles have you drunk ?
ਮੈਂ ਚਾਰ ਕਾਪੀਆਂ ਲਈਆਂ ਹਨ।	I have taken four note-books.
ਅਸੀਂ ਕਾਪੀਆਂ ਖਰੀਦੀਆਂ ਹਨ।	We have bought note-books.
ਤੂੰ ਉਹਨੂੰ ਪੈਨਸਿਲਾਂ ਕਿਉਂ ਨਹੀਂ ਸਨ ਦਿੱਤੀਆਂ ?	Why had not you given him the pencils ?
ਉਹਨੇ ਮੇਰੀਆਂ ਬਹੁਤ ਗੱਲਾਂ ਕੀਤੀਆਂ ਹਨ।	He has talked about me too much.
ਉਨ੍ਹਾਂ ਨੇ ਤੁਹਾਡੀਆਂ ਬਹੁਤ ਸ਼ਿਕਾਇਤਾਂ ਕੀਤੀਆਂ ਹਨ।	They have made so many complaints about you.
ਮੈਂ ਪੰਜਾਬੀ ਦੀਆਂ ਬਹੁਤ ਕਿਤਾਬਾਂ ਪੜ੍ਹੀਆਂ ਹਨ।	I have read many Punjabi books.
5. ਮੈਂ ਅੱਜ ਬਜ਼ਾਰ ਵਿੱਚ ਇੱਕ ਬਹੁਤ ਸੁਹਣੀ ਕੁੜੀ ਨੂੰ ਵੇਖਿਆ ਹੈ।	Today I have seen a very beautiful girl in the bazar.
ਤੁਸੀਂ ਰਾਮ ਨੂੰ ਕੀ ਦਿੱਤਾ ਹੈ ?	What have you given to Ram ?
ਉਹਨੇ ਮੁੰਡਿਆਂ ਨੂੰ ਬਹੁਤ ਡਾਂਟਿਆ।	He abused the boys too much.
ਮਾਂ ਨੇ ਬੱਚੇ ਨੂੰ ਕਿਹਾ ਕਿ ਬੈਠ ਕੇ ਪੜ੍ਹਿਆ ਕਰੇ।	The mother told the boy that he should sit and read.
ਪਿਓ ਨੇ ਕੁੜੀਆਂ ਨੂੰ ਬਹੁਤ ਸਮਝਾਇਆ ਪਰ ਉਹ ਨਾ ਮੰਨ੍ਹੀਆਂ।	The father advised the girls but they did not listen.
ਤੁਹਾਡੀ ਗੱਲ ਨੂੰ ਮੈਂ ਸੁਣ ਲਿਆ ਹੈ।	I have heard your talk.

A. EXERCISES

1. Write answers to the following questions.

(1) ਤੁਸੀਂ ਅੱਜ ਕਿਹੜਾ ਪਾਠ ਪੜ੍ਹਿਆ ਹੈ ?

(2) ਤੁਸੀਂ ਮੇਰਾ ਕੰਮ ਕੀਤਾ ਹੈ ਕਿ ਨਹੀਂ ?

(3) ਤੁਸੀਂ ਨਾਸ਼ਤੇ ਵਿੱਚ ਅੱਜ ਕੀ ਖਾਧਾ ਹੈ ?

(4) ਉਹ ਨੇ ਹਾਲੀ ਚਾਹ ਪੀਤੀ ਹੈ ਕਿ ਨਹੀਂ ?
(5) ਉਹਨੇ ਕਿਸ ਦਾ ਸਵੈਟਰ ਬਣਾਇਆ ਹੈ ?
(6) ਉਨ੍ਹਾਂ ਨੇ ਕਿੰਨੇ ਨਾਵਲ ਲਿਖੇ ਹਨ ?
(7) ਇਨ੍ਹਾਂ ਮੁੰਡਿਆਂ ਨੇ ਤੁਹਾਨੂੰ ਕੀ ਕਿਹਾ ਹੈ ?
(8) ਇਸ ਮੁੰਡੇ ਨੇ ਕਿੰਨੇ ਪੈਨ ਲਏ ਹਨ ?
(9) ਤੂੰ ਮੇਰੀ ਗੱਲ ਸੁਣ ਲਈ ਹੈ ?
(10) ਤੂੰ ਏਥੇ ਕਿੰਨੀਆਂ ਪਿਕਚਰਾਂ ਵੇਖੀਆਂ ਹਨ ?

2. Transform the following affirmative sentences into negative sentences.

(1) ਮੈਂ ਚਾਹ ਪੀਤੀ ਹੈ।
(2) ਉਨ੍ਹਾਂ ਮੁੰਡਿਆਂ ਨੇ ਸਾਡੇ ਨਾਲ ਖਾਣਾ ਖਾਧਾ ਹੈ।
(3) ਕੁੜੀ ਨੇ ਖ਼ਤ ਲਿਖਿਆ।
(4) ਮੈਂ ਇਹ ਕਿਤਾਬ ਪੜ੍ਹੀ ਹੈ।
(5) ਉਹਨੇ ਮੁੰਡੇ ਨੂੰ ਬਹੁਤ ਡਾਂਟਿਆ।
(6) ਮੈਂ ਉਹਦੇ ਨਾਲ ਗੱਲ ਕੀਤੀ ਹੈ।
(7) ਉਹਨੇ ਮੈਨੂੰ ਕਾਪੀ ਦਿੱਤੀ ਸੀ।
(8) ਅਸੀਂ ਤੁਹਾਡੀਆਂ ਗੱਲਾਂ ਕੀਤੀਆਂ ਸਨ।
(9) ਮੈਂ ਚਾਰ ਕਾਪੀਆਂ ਲਈਆਂ ਸਨ।
(10) ਤੁਸੀਂ ਅੱਜ ਚਾਰ ਪਾਠ ਪੜ੍ਹੇ ਹਨ।

3. Change the form of the verbs given in brackets appropriately into past participle and fill up the blanks.

(1) ਮੈਂ ਅੱਜ ਇੱਕ ਚਿੱਠੀ—(ਲਿਖ—)
(2) ਤੁਸੀਂ ਅੱਜ ਕੀ—ਹੈ ? (ਪੜ੍ਹ—)
(3) ਅਸੀਂ ਕੱਲ੍ਹ ਇੱਕ ਨਵਾਂ ਸੂਟ—ਹੈ। (ਲੈ—)
(4) ਮੈਂ ਚਾਰ ਪੈਨਸਿਲਾਂ—ਹਨ। (ਖਰੀਦ—)
(5) ਉਹਨੇ ਅੱਜ ਖਾਣਾ ਨਹੀਂ—(ਖਾ—)
(6) ਉਨ੍ਹਾਂ ਨੇ ਮੈਨੂੰ ਪੱਖਾ—ਹੈ (ਦੇ—)
(7) ਤੁਸੀਂ ਮੇਰਾ ਕੰਮ—ਹੈ (ਕਰ—) ਕਿ ਨਹੀਂ
(8) ਮੈਂ ਤੁਹਾਡੀ ਕੋਈ ਗੱਲ—ਨਹੀਂ (ਕਰ—)
(9) ਤੂੰ ਕਿਸ ਨੂੰ ਪੱਖੇ—ਹਨ। (ਦੇ—)
(10) ਤੁਸੀਂ ਅੱਜ ਕਿੰਨੇ ਪਰੌਂਠੇ—ਹਨ। (ਖਾ—)

4. Transform the following sentences in future tense, present continuous tense and present indefinite tense.

(1) ਮੈਂ ਇਕ ਕਾਪੀ ਖਰੀਦੀ ਹੈ।
(2) ਅਸੀਂ ਨਵਾਂ ਸੂਟ ਲਿਆ ਹੈ।
(3) ਮੁੰਡੇ ਨੇ ਇੱਕ ਪੈਨ ਖਰੀਦਿਆ ਹੈ।
(4) ਇਸ ਕੁੜੀ ਨੇ ਨਵੀਂ ਸਾੜ੍ਹੀ ਲਈ ਹੈ।
(5) ਮੁੰਡਿਆਂ ਨੇ ਇੱਕ ਪਿਕਚਰ ਵੇਖੀ ਹੈ।
(6) ਉਹਨੇ ਤੁਹਾਡੀ ਗੱਲ ਨਹੀਂ ਕੀਤੀ।
(7) ਉਹਨੇ ਇੱਕ ਚਿੱਠੀ ਲਿਖੀ ਹੈ।
(8) ਮੈਂ ਇੱਕ ਕੇਲਾ ਖਾਧਾ ਹੈ।
(9) ਮੈਂ ਮੁੰਡੇ ਨੂੰ ਮਾਰਿਆ ਹੈ।
(10) ਉਹਨੇ ਪੰਜਾਬੀ ਦੀ ਇੱਕ ਕਿਤਾਬ ਪੜ੍ਹੀ ਹੈ।
(11) ਮੈਂ ਅੱਜ ਇੱਕ ਪਾਠ ਯਾਦ ਕੀਤਾ ਹੈ।
(12) ਤੁਸੀਂ ਮੇਰੀ ਸ਼ਿਕਾਇਤ ਕੀਤੀ ਹੈ।
(13) ਮੇਰਾ ਕੰਮ ਉਹਨੇ ਨਹੀਂ ਕੀਤਾ।
(14) ਮੈਂ ਪੰਜਾਬ ਦਾ ਇੱਕ ਸ਼ਹਿਰ ਵੇਖਿਆ ਹੈ ।
(15) ਮੈਂ ਅੱਜ ਪੰਜਾਬੀ ਦਾ ਇੱਕ ਗਾਣਾ ਸੁਣਿਆ ਹੈ।

C. VOCABULARY

ਸ਼ਿਕਾਇਤਾਂ	'complaints'
ਡਾਟਣਾ	'to abuse'
ਸਮਝਾਉਣਾ	'to advice'
ਮੰਨਣਾ	'to agree'

UNIT XVI **Lesson 68**

Darbar Sahib

ਜਗਜੀਤ : ਇਹ ਦਰਬਾਰ ਸਾਹਿਬ ਹੈ। ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਤਾਂ ਲੋਕੀ ਦੂਰ ਦੂਰ ਤੋਂ ਆਉਂਦੇ ਹਨ।	This is Darbar Sahib. Peop come from far off places to visit the Darbar Sahib.
ਮੂਰਤੀ : ਇਹਦੇ ਸੁਨਹਿਰੀ ਗੁੰਬਦ ਬਹੁਤ ਸੁਹਣੇ ਲਗਦੇ ਹਨ।	Its golden domes are very beautiful.
ਜਗਜੀਤ : ਜੀ ਇਨ੍ਹਾਂ ਦਾ ਪਰਛਾਵਾਂ ਵੀ ਸਰੋਵਰ ਵਿੱਚ ਬਹੁਤ ਸੁਹਣਾ ਲਗਦਾ ਹੈ।	Yes, their reflection in the pond is also very beautiful.
ਮੂਰਤੀ : ਇਹ ਕਦੋਂ ਬਣਿਆ ਸੀ ਤੇ ਕਿਨ੍ਹਾਂ ਨੇ ਬਣਵਾਇਆ ਸੀ ?	When was this temple constructed and who got this built ?
ਜਗਜੀਤ : ਚਾਰ ਸੌ ਸਾਲ ਹੋਏ ਇਸ ਦੀ ਨੀਂਹ ਮੀਆਂ ਮੀਰ ਨੇ ਰੱਖੀ ਸੀ। ਉਸ ਸਮੇਂ ਗੁਰੂ ਰਾਮ ਦਾਸ ਜੀ ਚੌਥੇ ਗੁਰੂ ਸਨ। ਸੋਨੇ ਦਾ ਕੰਮ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਇਆ ਸੀ।	Its foundation was laid by Mian Meer four hundred years ago. Guru Ram Das was the fourth Guru at that time. The golden part of it was built by Maharaja Ranjit Singh.
ਮੂਰਤੀ : ਇਹਨੂੰ ਹਰਿਮੰਦਰ ਜੀ ਵੀ ਕਹਿੰਦੇ ਹਨ ?	It is called Harimandir also ?
ਜਗਜੀਤ : ਜੀ। ਆਓ ਅੰਦਰ ਚੱਲੀਏ।	Yes. Let us go in.
ਮੂਰਤੀ : ਇਹ ਕੀ ਗਾ ਰਹੇ ਹਨ ?	What are they singing ?
ਜਗਜੀਤ : ਇਹ ਕੀਰਤਨ ਕਰ ਰਹੇ ਹਨ। ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਗਾ ਰਹੇ ਹਨ।	They are doing Kirtan : They are singing Shabads of Guru Granth Sahib.

ਮੂਰਤੀ : ਥੋੜੀ ਦੇਰ ਏਥੇ ਬੈਠਾਂਗੇ ਤੇ ਕੀਰਤਨ ਸੁਣਾਂਗੇ। We shall sit here for a while and listen to the kirtan.

ਜਗਜੀਤ : ਹਾਂ ਜੀ। ਜ਼ਰੂਰ ਸੁਣੋ। ਬੜਾ ਆਨੰਦ ਆਉਂਦਾ ਹੈ। ਇਹ ਬਹੁਤ ਚੰਗੇ ਗਾਂਗੀ ਨੇ। ਮੈਂ ਤੁਹਾਨੂੰ ਆਪਣੇ ਟੇਪ ਰਿਕਾਰਡ ਤੇ ਕੀਰਤਨ ਸੁਣਾਵਾਂਗਾ। Yes. Please dolisten. It gives one great pleasure. They are very good singers. I will make you listen my tape recorder.

ਮੂਰਤੀ : ਅਸੀਂ ਸਰੋਵਰ ਵਿਚ ਇਸ਼ਨਾਨ ਵੀ ਕਰਾਂਗੇ। We shall take bath in the pond.

ਜਗਜੀਤ : ਠੀਕ ਹੈ। ਪਰ ਪਹਿਲਾਂ ਮੇਰੇ ਨਾਲ ਏਧਰ ਆਓ। ਪ੍ਰਸ਼ਾਦ ਲਓ। Alright. Please come with me this side first. Have prasad.

ਮੂਰਤੀ : ਅੱਛਾ ਜੀ। Alright.

ਜਗਜੀਤ : ਦਰਬਾਰ ਸਾਹਿਬ ਪਸੰਦ ਆਇਆ ? Did you like Darbar Sahib ?

ਮੂਰਤੀ : ਹਾਂ ਜੀ ਬਹੁਤ। ਮੈਂ ਤਾਂ ਜਿੰਨੇ ਦਿਨ ਅੰਮ੍ਰਿਤ-ਸਰ ਵਿੱਚ ਹਾਂ ਇੱਥੇ ਰੋਜ਼ ਆਇਆ ਕਰਾਂਗਾ। Yes, (I liked it) very much. I shall come here daily as long as I am n Amritsar.

ਜਗਜੀਤ : ਤੁਸੀਂ ਲੰਗਰ ਵੀ ਜ਼ਰੂਰ ਛੱਕਣਾ। You must eat in *langaer*.

A. DRILLS

1. Repetition Drill

ਦਰਬਾਰ ਸਾਹਿਬ ਕਿੰਨ੍ਹਾਂ ਨੇ ਬਣਵਾਇਆ ਸੀ ?
ਲੰਗਰ ਵਿੱਚ ਖਾਣਾ ਬੜੇ ਪਿਆਰ ਨਾਲ ਖੁਆਉਂਦੇ ਹਨ।
ਸਰੋਵਰ ਦੀ ਸਫਾਈ ਕਰਵਾਉਂਦੇ ਹਨ ?
ਮੈਂ ਰਾਮ ਤੋਂ ਚਿੱਠੀ ਲਿਖਵਾਈ ਹੈ।
ਕੱਲ੍ਹ ਮੈਂ ਤੁਹਾਡੇ ਕੋਲੋਂ ਕਿਤਾਬ ਪੜ੍ਹ ਵਾਵਾਂਗਾ।
ਕੋਈ ਚੰਗੀ ਜਹੀ ਕੀਰਤਨ ਦੀ ਟੇਪ ਸੁਣਵਾਓ।
ਛਬੀਲ ਤੇ ਠੰਡਾ ਪਾਣੀ ਪਿਲਾਉਂਦੇ ਹਨ।
ਇਹ ਗੰਦ ਬਾਹਰ ਸੁਟਵਾ ਦਿਓ।
ਅਸੀਂ ਨੌਕਰ ਤੋਂ ਕਪੜੇ ਧੁਆਉਂਦੇ ਹਾਂ।
ਪ੍ਰੈਸ ਕਰਵਾਉਂਦੇ ਹਾਂ।

2. Substitution Drill

ਇਹ ਕਮਰਾ ਮੈਂ ਬਣਵਾਇਆ ਹੈ। (ਬਣਵਾ--)
(ਸਾਫ ਕਰਵਾ--)
(ਧੁਆ--)
(ਸਜਵਾ--)

2. ਉਹਨੇ ਬੱਚੇ ਨੂੰ ਰੋਟੀ ਖੁਆਈ ਹੈ।(ਰੋਟੀ ਖੁਆ--)
(ਪਾਣੀ ਪਿਲਾ--)
(ਮਿਠਿਆਈ ਦੁਆ--)
(ਚਿੱਠੀ ਲਿਖਵਾ--)

3. Transformation Drill

ਉਹ ਮੇਰਾ ਕੰਮ ਨਹੀਂ ਕਰਵਾਉਂਦਾ।
ਉਹ ਮੇਰਾ ਕੰਮ ਨਹੀਂ ਕਰਵਾਉਂਦੀ।

(1) ਉਹ ਮੈਨੂੰ ਰੋਟੀ ਨਹੀਂ ਖੁਆਉਂਦਾ।
(2) ਮੈਂ ਹੁਣੇ ਤੈਨੂੰ ਦੁਆਈ ਪਿਲਾਉਂਦਾ ਹਾਂ।
(3) ਉਹ ਮੇਰਾ ਕਮਰਾ ਕਿਉਂ ਧੁਆਉਂਦਾ ਹੈ ?
(4) ਉਹ ਮੇਰੇ ਲਈ ਘਰ ਬਣਵਾਏਗਾ।
(5) ਉਹ ਮੇਰਾ ਕਮਰਾ ਸਜਵਾਏਗਾ।
(6) ਮੈਂ ਤੈਨੂੰ ਮਾਰ ਪੁਆਵਾਂਗਾ।
(7) ਉਹ ਬੱਚੇ ਨੂੰ ਰੋਟੀ ਖੁਆ ਰਿਹਾ ਹੈ।
(8) ਮੈਂ ਬੱਚੇ ਨੂੰ ਦੁੱਧ ਪਿਲਾ ਰਿਹਾ ਹਾਂ।

B. EXERCISES

1. Choose either ਨੂੰ or ਤੋਂ appropriately and fill up the blanks.

(1) ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਤਾਂ ਲੋਕ ਦੂਰ ਦੂਰ-- ਆਉਂਦੇ ਹਨ।
(2) ਅਸੀਂ ਦਰਬਾਰ ਸਾਹਿਬ---ਆ ਰਹੇ ਹਾਂ:
(3) ਰਾਮ--ਦਰਬਾਰ ਸਾਹਿਬ ਵਿਖਾ ਲਿਆ।
(4) ਇਹ ਪੁਸਤਕ ਮੈਂ ਅੰਮ੍ਰਿਤਸਰ --ਮੰਗਵਾਈ ਸੀ।
(5) ਉਹ ਬੱਚੇ --ਰੋਟੀ ਖੁਆ ਰਿਹਾ ਹੈ।
(6) ਮੈਂ ਕਮਰੇ --ਸਾਫ਼ ਕਰਵਾ ਰਿਹਾ ਹਾਂ।
(7) ਉਹ ਨੇ ਬੱਚੇ--ਚਿੱਠੀ ਲਿਖਵਾਈ।
(8) ਮੈਂ ਕੁੜੀ--ਪੈਨਸਿਲ ਦਵਾਈ ਹੈ।

2. Write answers to the following questions.

(1) ਦਰਬਾਰ ਸਾਹਿਬ ਦੀ ਨੀਂਹ ਕਿੰਨ੍ਹਾਂ ਨੇ ਰੱਖੀ ਸੀ ?
(2) ਦਰਬਾਰ ਸਾਹਿਬ ਕਦੋਂ ਬਣਿਆ ?
(3) ਕੀ ਤੁਸੀਂ ਸਾਨੂੰ ਅੰਮ੍ਰਿਤਸਰ ਵਿਖਾਓਗੇ ?
(4) ਤੁਸੀਂ ਅੰਮ੍ਰਿਤਸਰ ਤੋਂ ਕੀ ਮੰਗਵਾਓਗੇ ?
(5) ਤੁਸੀਂ ਸਾਨੂੰ ਕੀ ਪਿਲਾਓਗੇ ?
(6) ਤੁਸੀਂ ਬੱਚਿਆਂ ਨੂੰ ਕਿਹੜਾ ਪਾਠ ਲਿਖਾਓਗੇ ?
(7) ਹਰਿਮੰਦਰ ਸਾਹਿਬ ਦਾ ਸੋਨੇ ਦਾ ਕੰਮ ਕਿਨ੍ਹਾਂ ਨੇ ਕਰਵਾਇਆ ਸੀ ?

3. Use the following words in your own sentences.

ਪਰਛਾਵਾਂ, ਸੁਨਹਿਰੀ, ਦਰਸ਼ਨ, ਪਹਿਲਾਂ, ਪਹਿਲਾ, ਚੌਥਾ, ਜਿੰਨੇ, ਰਾਗੀ, ਅਨੰਦ, ਪਸੰਦ, ਬਣਵਾਉਣਾ, ਕਰਵਾਉਣਾ, ਰਖਵਾਉਣਾ, ਸੁਟਾਉਣਾ, ਸੁਣਵਾਉਣਾ ਬਿਠਾਉਣਾ।

C. VOCABULARY

ਦਰਬਾਰ ਫਾਹਿਬ	'Golden Temple' (It is a first historical Gurudwara of Sikhs, located at Amritsar).
ਪਰਛਾਵਾਂ	'reflection'
ਬਣਨਾ	'constructed
ਨੀਂਹ	'foundation stone'
ਸੋਨਾ	'gold'
ਹਰਿਮੰਦਰ ਜੀ	'Golden Temple'
ਆਨੰਦ	'pleasure, happiness'
ਛੱਕਣਾ	'to eat'
ਗੁਰੂ ਗ੍ਰੰਥ ਸਾਹਿਬ	'Guru Granth Sahib'
ਸ਼ਬਦ	'Shabd of Guru Granth Sahib'
ਬਿਠਾਉਣਾ	'to make one sit'
ਛੱਕਾਉਣਾ	'to make one eat'
ਧੁਆਉਣਾ	'to make one wash'
ਲੋਕੀਂ	'people'
ਛਬੀਲ	'*chabil*'
ਗੰਦ	'garbage'
ਸੁਟਵਾਉਣਾ	'to cause to through'
ਦਰਸ਼ਨ ਕਰਨਾ	'to have glimpse'
ਸੁਨਹਿਰੀ	'golden'
ਗੁੰਬਦ	'dome(s)'
ਸਰੋਵਰ	'pond'
ਕਰਵਾਉਣਾ	'to cause to do'
ਕੀਰਤਨ	'reciting of Holy Shabds of Guru Granth Sahib'
ਰਾਗੀ	'singer(s)'
ਪ੍ਰਸ਼ਾਦ	'*Prashad*'
ਲੰਗਰ	'community kitchen' (food served at Gurdwara)
ਦੂਰ ਦੂਰ ਤੋਂ	'from far off places'
ਸਜਾਉਣਾ	'to decorate'
ਖਵਾਉਣਾ/ਖੁਆਉਣਾ	'to make one eat'
ਪਿਲਾਉਣਾ	'to make one drink'
ਦੁਆਉਣਾ	'to make some one give'
ਮਾਰ ਪਵਾਉਣਾ	'to cause to beat somcone'
ਕਿਨ੍ਹਾਂ	'who'
ਬਣਵਾਉਣਾ	'to cause to make'
ਮੰਗਵਾਉਣਾ	'to cause to get'

UNIT XVI

Lesson 69

About a house

ਸ਼ਰਮਾ : ਤੁਸੀਂ ਐਨਕ ਕਦਾਂ ਤੋਂ ਲਗਵਾਈ ਹੈ । ਮੈਂ ਤਾਂ ਤੁਹਾਨੂੰ ਪਹਿਲੀ ਵਾਰੀ ਅੱਜ ਐਨਕ ਲਗਾਏ ਵੇਖਿਆ ਹੈ ।

How long have you been wearing glasses ? I see you wearing glasses for the first time.

ਭਾਰਤੀ : ਮੈਂ ਇਹ ਐਨਕ ਥੋੜੇ ਦਿਨ ਪਹਿਲੇ ਬਣਵਾਈ ਹੈ। ਕੀ ਤੁਹਾਡੇ ਪਾਸੇ ਕੋਈ ਘਰ ਖਾਲ਼ੀ ਹੈ ?

I got my glasses made only a few days back. Is there any house vacant in your locality ¿

ਸ਼ਰਮਾ : ਕਿਉਂ ?

Why ?

ਭਾਰਤੀ : ਮੈਨੂੰ ਚਾਹੀਦਾ ਹੈ ।

I want it.

ਸ਼ਰਮਾ : ਤੁਹਾਡਾ ਘਰ ਤਾਂ ਚੰਗਾ ਹੈ।

Your house is a good one.

ਭਾਰਤੀ : ਘਰ ਤਾਂ ਵੱਡਾ ਹੈ ਪਰ ਉੱਥੇ ਰਹਿਣਾ ਮੁਸ਼ਕਿਲ ਹੋ ਗਿਆ ਹੈ।

The house is big, but it has become difficult for us to live in that house.

ਸ਼ਰਮਾ : ਕੀ ਤੁਹਾਡਾ ਮਕਾਨ ਮਾਲਕ ਚੰਗਾ ਨਹੀਂ ?

Is your landlord not a good person ?

ਭਾਰਤੀ : ਮਕਾਨ ਮਾਲਕ ਤਾਂ ਚੰਗਾ ਹੈ। ਘਰ ਵਿੱਚ ਹਨੇਰਾ ਘੁੱਪ ਰਹਿੰਦਾ ਹੈ। ਹਰ ਵਕਤ ਬੱਤੀ ਜਗਾਉਣੀ ਪੈਂਦੀ ਹੈ। ਇਹੀ ਨਹੀਂ ਮੈਨੂੰ ਦਫ਼ਤਰ ਤੋਂ ਵੀ ਦੂਰ ਹੈ। ਮੈਨੂੰ ਆਉਣ ਜਾਣ ਵਿੱਚ ਬਹੁਤ ਮੁਸ਼ਕਿਲ ਹੁੰਦੀ ਹੈ।

The landlord is good. Inside the house it is very dark. We have to keep the light on all the time. Not only this, it is also far off from the office. I find it very difficult to go to office and come back.

ਸ਼ਰਮਾ : ਤੁਹਾਡੇ ਪਾਸੇ ਤੋਂ ਸਾਡੇ ਪਾਸੇ ਕਿਰਾਏ ਜ਼ਿਆਦਾ ਹਨ ।

The house rent is higher in our locality than in yours.

ਭਾਰਤੀ : ਫਿਰ ਕੀ ? ਘਰ ਸਾਡੇ ਪਾਸੇ ਤੋਂ ਤੁਹਾਡੇ ਪਾਸੇ ਜ਼ਿਆਦਾ ਚੰਗੇ ਹਨ। ਵੱਡੇ ਵੀ ਹਨ। ਕੀ ਤੁਹਾਡਾ ਮਕਾਨ ਮਾਲਕ ਚੰਗਾ ਆਦਮੀ ਹੈ।

So what ? The houses in your locality are better than in our locality. They are also spacious. Is your landlord good ?

ਸ਼ਰਮਾ : ਹਾਂ। ਸਾਡੇ ਪਾਸੇ ਸਭ ਲੋਕ ਚੰਗੇ ਹਨ। ਕੋਈ ਵੀ ਮਾੜਾ ਨਹੀਂ। ਮੇਰੇ ਘਰ ਦੇ ਕੋਲ ਇੱਕ ਘਰ ਖਾਲੀ ਹੈ। ਮੇਰੇ ਨਾਲ ਆਉ ਮੈਂ ਵਿਖਾ ਦਿੰਦਾ ਹਾਂ।

Yes. All the people in our locality are good. None is bad. There is a house vacant near my house. Come with me. I will show it to you.

ਭਾਰਤੀ : ਮੇਰੇ ਕੋਲ ਹੁਣ ਵਕਤ ਨਹੀਂ। ਮੈਨੂੰ ਪਤਾ ਨਹੀਂ ਇਸ ਵਕਤ ਬਸ ਵੀ ਮਿਲਦੀ ਹੈ ਕਿ ਨਹੀਂ। ਮੇਰੇ ਭਰਾ ਨੇ ਕੱਲ੍ਹ ਉਸ ਪਾਸੇ ਆਉਣਾ ਹੈ। ਉਸ ਨੂੰ ਕੁਝ ਕੰਮ ਹੈ ਉੱਧਰ। ਤੁਸੀਂ ਉਸਨੂੰ ਵਿਖਾ ਦੇਣਾ।

I don't have (enough) time (at my disposal) now. I don't know whether there is a bus at this time or not. My brother has to visit that locality tomorrow. He has some work there. You show it to him.

ਸ਼ਰਮਾ : ਠੀਕ ਹੈ।

Alright.

A. DRILLS

1. Repetition Drill

ਸਰਲਾ ਤੈਨੂੰ ਫੁੱਲ ਲਾਉਣਾ ਪਸੰਦ ਹੈ।
ਮੇਰੇ ਮੁੰਡੇ ਨੂੰ ਐਨਕ ਲਗੀ ਹੋਈ ਹੈ।
ਮੈਂ ਅੱਜ ਐਨਕ ਨਹੀਂ ਲਗਾਈ।
ਤੁਸੀਂ ਨਵੀਂ ਨਵੀਂ ਐਨਕ ਲਗਵਾਈ ਹੈ।
ਤੁਹਾਨੂੰ ਆਪਣੀ ਕਿਤਾਬ ਵੇਖਣੀ ਚਾਹੀਦੀ ਹੈ।
ਮਿਹਮਾਨਾਂ ਨੂੰ ਪਿਆਉਣ ਲਈ ਪਾਣੀ ਭਰਵਾ ਲਓ।
ਥੋੜੀ ਬਰਫ਼ ਵੀ ਮੰਗਵਾ ਲਓ।
ਚਾਹ ਵੀ ਬਣਵਾਉਣੀ ਹੈ।
ਬਿਸਕੁਟ ਵੀ ਮੰਗਵਾਉਣੇ ਹਨ।
ਤੁਸੀਂ ਗੁਲਦਸਤਾ ਬਣਵਾਉਣ ਲਈ ਫੁੱਲ ਤੁੜਵਾਓ।
ਕਮਰਾ ਸਜਵਾਉਣਾ ਹੈ।
ਕੁਰਸੀਆਂ, ਮੇਜ਼ ਬਾਹਰ ਕੱਢਵਾ ਕੇ ਕਮਰਾ ਸਾਫ਼ ਕਰਵਾਓ।
ਫਿਰ ਸਮਾਨ ਅੰਦਰ ਲਗਵਾਓ।
ਅੱਛਾਂ ਜੀ ਪਹਿਲੇ ਕਮਰਾ ਧੁਆਉਂਦੇ ਹਾਂ।
ਫਿਰ ਸਮਾਨ ਲਗਵਾਵਾਂਗੇ।
ਤੁਸੀਂ ਫਿਕਰ ਨਾ ਕਰੋ। ਸਭ ਇੰਤਜ਼ਾਮ ਕਰਵਾ ਲਵਾਂਗੇ।

2. Build up and Expansion Drill

1. ਮੁਸ਼ਕਿਲ ਹੈ।
ਬਹੁਤ ਮੁਸ਼ਕਿਲ ਹੈ।
ਜਾਣਾ ਬਹੁਤ ਮੁਸ਼ਕਿਲ ਹੈ।
ਆਉਣਾ ਜਾਣਾ ਬਹੁਤ ਮੁਸ਼ਕਿਲ ਹੈ।
ਘਰ ਤੋਂ ਦਫ਼ਤਰ ਆਉਣਾ ਜਾਣਾ ਬਹੁਤ ਮੁਸ਼ਕਿਲ ਹੈ।

2. ਜਗਾਉਂਣੀ ਪੈਂਦੀ ਹੈ।
ਬੱਤੀ ਜਗਾਉਣੀ ਪੈਂਦੀ ਹੈ।
ਹਮੇਸ਼ਾਂ ਬੱਤੀ ਜਗਾਉਣੀ ਪੈਂਦੀ ਹੈ।
ਕਮਰੇ ਵਿੱਚ ਹਮੇਸ਼ਾਂ ਬੱਤੀ ਜਗਾਉਣੀ ਪੈਂਦੀ ਹੈ।

3. ਚੰਗੀਆਂ ਹਨ।
ਕਿਤਾਬਾਂ ਚੰਗੀਆਂ ਹਨ।
ਤੁਹਾਡੀਆਂ ਕਿਤਾਬਾਂ ਚੰਗੀਆਂ ਹਨ।
ਸਾਡੀਆਂ ਕਿਤਾਬਾਂ ਤੋਂ ਤੁਹਾਡੀਆਂ ਕਿਤਾਬਾਂ ਚੰਗੀਆਂ ਹਨ।

3. Substitution Drill

1. ਇੱਥੇ ਬੱਚੇ ਨੂੰ ਖਾਣਾ ਖੁਆਉਣਾ ਠੀਕ ਨਹੀਂ।
(ਖਾਣਾ ਖੁਆ ---)
(ਸੰਵਾ---)
(ਬਿਠਾ---)
(ਖਿਡਾ---)

ਮੇਰੀ ਕਿਤਾਬ ਤੋਂ ਤੁਹਾਡੀ ਕਿਤਾਬ ਵੱਡੀ ਹੈ।
(ਨਵੀਂ)
(ਚੰਗੀ)
(ਮਹਿੰਗੀ)
(ਸਸਤੀ)

4. Response Drill

(1) ਤੁਸੀਂ ਬੱਚੇ ਨੂੰ ਕੀ ਖੁਆ ਰਹੇ ਹੋ ? (ਰੋਟੀ)
(2) ਤੁਸੀਂ ਕੀ ਬਣਵਾ ਰਹੇ ਹੋ ?(ਐਨਕ)
(3) ਤੁਸੀਂ ਕਮਰੇ ਵਿੱਚ ਕੀ ਕਰ ਰਹੇ ਹੋ ? (ਬੱਚੇ ਨੂੰ ਸੰਵਾ)
(4) ਤੁਸੀਂ ਨੌਕਰਾਣੀ ਤੋਂ ਕੀ ਕਰਵਾ ਰਹੇ ਹੋ ? (ਸਫ਼ਾਈ) ਕਰਵਾ)
(5) ਤੁਸੀਂ ਕਪੜੇ ਕਿਸ ਤੋਂ ਧੁਆਉਂਦੇ ਹੋ ? (ਧੋਬੀ ਤੋਂ)

B. EXERCISES

1. Change the verb forms given in brackets to infinitive and fill up the blanks,

Model

ਰਵੀ ਨੂੰ ਕਿਤਾਬ--(ਦੇ) ਠੀਕ ਨਹੀਂ ?
ਰਵੀ ਨੂੰ ਕਿਤਾਬ ਦੇਣਾ ਠੀਕ ਨਹੀਂ।

(1) ਇਹ ਕੰਮ--(ਕਰ) ਬਹੁਤ ਮੁਸ਼ਕਿਲ ਹੈ।
(2) ਦਿਨ ਵੇਲੇ--(ਸੌਂ) ਠੀਕ ਨਹੀਂ ਹੈ।
(3) ਉੱਥੇ --(ਬੈਠ) ਨਹੀਂ ਚਾਹੀਦਾ।
(4) ਬਸ ਵਿੱਚ--(ਪੱੜ) ਨਹੀਂ ਚਾਹੀਦਾ।
(5) ਉਹ ਐਨਕ ਨਹੀਂ--(ਲਾ) ਚਾਹੁੰਦਾ ਹੈ।
(6) ਧੁੱਪ ਵਿੱਚ ਤੁਹਾਡੇ ਘਰ--(ਆ) ਬਹੁਤ ਮੁਸ਼ਕਿਲ ਹੈ।

2. Change the following verb forms to present participle (Fem. Singular) and use them in sentences,

Model

ਪੜ੍ਹਾ-- ਪੜ੍ਹਾਉਂਦੀ : ਮਾਂ ਬੱਚੇ ਨੂੰ ਪੜ੍ਹਾਉਂਦੀ ਹੈ।

ਖੁਆ, ਪਿਲਾ, ਸੰਵਾ, ਜਗਾ, ਮੰਗਾ, ਪਕਾ, ਵਿਖਾ, ਬਣਾ।

3. Change the following verb forms to past participle (Masc. Singular) and use them in sentences :

Model

ਚੜ੍ਹਾ--ਚੜ੍ਹਾਇਆ:-- ਕੁਲੀ ਨੇ ਸਮਾਨ ਗੱਡੀ ਵਿੱਚ ਚੜ੍ਹਾਇਆ।

ਬਣਵਾ, ਪਕਵਾ, ਖੁਆ ਦਿਵਾ, ਚਕਾ, ਲਭਾ, ਵਿਖਾ, ਲਗਵਾ

4. Fill up the blanks with appropriate words.

(1) ਤੁਹਾਡੇ ਪਾਸੇ--ਸਾਡੇ ਪਾਸੇ ਕਿਰਾਇਆ-- ਹੈ।
(2) ਮੇਰੇ --ਸੀਤਾ ਹੈ।
(3) ਮੈਂ--ਤੁਹਾਨੂੰ--ਵਾਰੀ ਅੱਜ ਐਨਕ ਲਗਾਏ --ਹੈ।
(4) ਮੈਂ ਪਿਛਲੇ--ਦਿਨਾਂ--ਐਨਕ ਲਾਉਣੀ-- ਕੀਤੀ ਹੈ।
(5) ਤੁਹਾਡੇ ਪਾਸੇ--ਕਵਾਟਰ--ਹੈ।
(6) ਮੈਨੂੰ--ਚਾਹੀਦੀ ਹੈ ।
(7) ਸਾਡੇ ਪਾਸੇ--ਲੋਕ ਚੰਗੇ ਹਨ।
(8) ਹਰ ਵਕਤ ਬੱਤੀ--ਪੈਂਦੀ ਹੈ।

C. VOCABULARY

ਕਦੋਂ ਤੋਂ	'since when'	ਪਕਵਾਉਣਾ	'cause to get cook'
ਲਗਾਉਣਾ	'cause to apply'	ਵੱਧ	'more'
ਲਗਵਾਉਣਾ	'cause to apply'	ਸਸਤਾ	'cheap'
ਖਾਲ੍ਹੀ	'vacant'	ਵਿਖਾ ਦੇਣਾਂ	'to show'
ਹਨੇਰਾ	'entirely dark'	ਫੁੱਲ ਲਾਉਣਾ	'to have flower'
ਮਾੜਾ	'bad'	ਨਾਲੋਂ	'from'
ਸੰਵਾਉਣਾ	'cause to get sleep'	ਮੰਗਾਉਣਾ	'cause to ask for'
ਖਿਡਾਉਣਾ	'caus e to get play'	ਲੱਭਾਉਣਾ	'cause to get find'
ਮਕਾਨ ਮਾਲਕ	'landlord'	ਮਿਹਮਾਨ	'guest'
ਬੱਤੀ ਜਗਾਉਣਾ	'to put the light on'	ਭਰਵਾ ਲੈਣਾ	'to get filled'
ਕਵਾਟਰ	'quarter'		

In lessons 68 and 69 causative constructions are introduced. There are two types of causative in Punjabi : causal I and causal II Some verb stems may have both forms and others only one. In general, causal I is formed by adding ਆ and the causal II by adding —ਵਾ. Some verb stems do not have causal forms, others have only one of the two. A small number of verb stems have both the causal forms. When only one causal form occurs, its meaning is normally 'to cause to do', the action designated by the primary stem. When both causal forms occur, the causal I indicates the meaning 'to cause to do oneself' and causal II 'to cause someone to do'.

ਬਣ— ਬਣਾ— ਬਣਵਾ—	
ਬਣ	'to make'
ਬਣਾ	'cause to make'
ਬਣਵਾ	'cause to get make'
ਲੱਭ	'to find'
ਲਭਾ	'to cause to find'
ਲਭਵਾ	'to cause make find'
ਧੋ	'to wash'
ਧੁਆ	'cause to wash'
ਖਾ	'to eat'
ਖੁਆ	'cause to eat'
ਪੈ—ਪੈਣਾ	'to lie-down'
ਪਾ—ਪਾਉਣਾ	'to put down'
ਪਵਾ—ਪਵਾਉਣਾ	'cause to put down.'

Causal forms of verbs are inflceted just as other verb stems.

In monosyllabic stems with final ੀ the vowel becomes ਿ in the causal I. No verbs of this type have causal II forms.

ਪੀ—ਪੀਣਾ	'to drink'
or ਪਿਆ–ਪਿਆਉਣਾ	'to cause to drink'
ਪਿਲਾ–ਪਿਲਾਉਣਾ	

In stems ending in other vowels, the vowel or vowel sequence becomes–ਅ. only causal II forms occur.

ਖਾ–ਖਾਣਾ	'to eat'
ਖਵਾ–ਖਵਾਉਣਾ	'to cause to eat'
ਸਿਊ–ਸਿਊਣਾ	'to sew'
ਸਵਾ–ਸਵਾਉਣਾ	'to cause to sew'

–ਵਾ and–ਉਅ are in free variation

ਖਵਾ– ਖੁਆ	'to cause to feed'

The stress (or tone), shifts on to the second syllable in causal verbs. The high tone becomes low. A long vowel in the simple verb is shortened in the causal construction.

The actual meaning of verbs in–ਆand–ਵdepends on whether the root is transitive or intransitive. The following patterns occur:—

ਟੁੱਟ	'break'	(intransitive short vowel)
ਤੋੜ	'break'	transitive (long vowel)
ਤੁੜਾ, ਤੁੜਵਾ	'have broken'	
ਬਣ	'be made, become'	'intransitive'
ਬਣਾ	'make'	transitive in ਆ causal in—ਵਾ
ਬਣਵਾ	'have made'	
ਪੜ੍ਹ	'read'	transitive
ਪੜ੍ਹਾ	'make read' teach	causal in—ਆ
ਪੜ੍ਹਵਾ	'have taught'	causal II—ਵਾ

UNIT XVII — Lesson 7

Buying a sweater

ਨਾਇਕ: ਗੁਰਨਾਮ, ਮੈਂ ਨਵਾਂ ਸਵੈਟਰ ਲਿਆਇਆ ਹਾਂ।	Gurnam: I have brought a new sweater.
ਗੁਰਨਾਮ : ਵਿਖਾਓ ਕਿਹੋ ਜਿਹਾ ਸਵੈਟਰ ਲਿਆਏ ਹੋ ?	Show me. Which sweater you have brought ?
ਨਾਇਕ: ਵੇਖੋ। ਸੁਹਣਾ ਹੈ ਨਾਂ ?	See. Isn't it beautiful ?
ਗੁਰਨਾਮ : ਵਾਕੇਈ ਬਹੁਤ ਸੁਹਣਾ ਹੈ। ਬਿਸਵਾਲ ਜਿਹੜਾ ਸਵੈਟਰ ਲਿਆਇਆ ਹੈ ਉਸ ਤੋਂ ਤਾਂ ਬਹੁਤ ਚੰਗਾ ਹੈ।	It is, indeed, very beautiful. It is more beautiful than the one Biswal brought.
ਨਾਇਕ : ਮੈਨੂੰ ਇਹ ਸਵੈਟਰ ਸਭ ਨਾਲੋਂ ਚੰਗਾ ਲੱਗਾ ਹੈ।	I consider this sweater best of all.
ਗੁਰਨਾਮ : ਤੁਸੀਂ ਰਾਵਤ ਦਾ ਸਵੈਟਰ ਵੇਖਿਆ ਹੈ ?	Have you seen Rawat's sweater ?
ਨਾਇਕ : ਉਹਦਾ ਸਵੈਟਰ ਮੇਰੇ ਸਵੈਟਰ ਤੋਂ ਚੰਗਾ ਨਹੀਂ।	His sweater is not better than mine.
ਗੁਰਨਾਮ : ਉਹ ਤਾਂ ਠੀਕ ਹੈ। ਪੈਸੇ ਵੀ ਤਾਂ ਤੁਸੀਂ ਉਹਦੇ ਤੋਂ ਜ਼ਿਆਦਾ ਖਰਚੇ ਹੋਣਗੇ।	That is right. You must have spent more money than he did.
ਨਾਇਕ : ਹਾਂ, ਉਹਦੇ ਸਵੈਟਰ ਤੋਂ ਮੇਰੇ ਸਵੈਟਰ ਦੀ ਕੀਮਤ ਪੰਜਾਹ ਰੁਪਏ ਜ਼ਿਆਦਾ ਹੈ।	Yes, the cost of my sweater is fifty rupees more than his.
ਗੁਰਨਾਮ : ਪਰ ਉਹਦੇ ਸਵੈਟਰ ਦਾ ਰੰਗ ਸਭ ਤੋਂ ਸੁਹਣਾ ਹੈ।	But the colour of his sweater is the best.
ਨਾਇਕ : ਇਹਦੇ ਵਿੱਚ ਤਾਂ ਕੋਈ ਸ਼ੱਕ ਨਹੀਂ। ਉਹਦੀ ਚੋਣ ਬਹੁਤ ਵਧੀਆ ਹੈ।	There is no doubt about it. His choice is excellant.

ਗੁਰਨਾਮ : ਇਹ ਕਮੀਜ਼ ਦਾ ਕਪੜਾ ਵੀ ਬੜਾ ਸੁਹਣਾ ਹੈ। ਇਹ ਕਿਸ ਦੇ ਲਈ ਲਿਆਏ ਹੋ ?

This piece of cloth for shirt is also very nice. who did you bring it for ?

ਨਾਇਕ : ਇਹ ਮੈਂ ਆਪਣੇ ਵੱਡੇ ਭਰਾ ਜੀ ਲਈ ਲਿਆ-ਇਆ ਹਾਂ। ਉਹ ਮੈਨੂੰ ਸਭ ਤੋਂ ਜ਼ਿਆਦਾ ਪਿਆਰ ਕਰਦੇ ਹਨ। ਇਸ ਲਈ ਉਨ੍ਹਾਂ ਲਈ ਕੁਝ ਲਿਆਉਣਾ ਮੈਨੂੰ ਬਹੁਤ ਚੰਗਾ ਲਗਦਾ ਹੈ।

I have brought it for my elder brother. He loves me most of all. Therefore, I like to bring something for him.

ਗੁਰਨਾਮ : ਤੁਹਾਡਾ ਵੱਡੇ ਤੋਂ ਛੋਟਾ ਭਰਾ ਅੱਜ ਕੱਲ ਕੀ ਕਰਦਾ ਹੈ ?

What does your brother, who is younger to your elder brother, do now a days.

ਸ਼ੀਲਾ : ਉਹ ਲੁਧਿਆਣਾ ਐਗਰੀਕਲਚਰਲ ਯੂਨੀਵਰ-ਸਿਟੀ ਵਿੱਚ ਪੜ੍ਹ ਰਿਹਾ ਹੈ।

He is studying at the Agricultural University, Ludhiana.

ਗੁਰਨਾਮ : ਮੈਨੂੰ ਪਤਾ ਹੀ ਨਹੀਂ ਸੀ।

I did not know that.

A. DRILLS

1. Repetition Drill

ਮੇਰਾ ਪੈਨ ਤੇਰੇ ਪੈਨ ਤੋਂ ਚੰਗਾ ਹੈ।
ਉਹਦਾ ਘਰ ਸਾਡੇ ਘਰ ਤੋਂ ਵੱਡਾ ਨਹੀਂ।
ਉਨ੍ਹਾਂ ਦਾ ਕਮਰਾ ਤੁਹਾਡੇ ਕਮਰੇ ਤੋਂ ਸਾਫ਼ ਰਹਿੰਦਾ ਹੈ।
ਤੁਹਾਡੇ ਕਮਰਿਆਂ ਤੋਂ ਉਨ੍ਹਾਂ ਦੇ ਕਮਰੇ ਹਵਾਦਾਰ ਹਨ।
ਤੇਰੀ ਘੜੀ ਤੋਂ ਉਹਦੀ ਘੜੀ ਘਟੀਆ ਹੈ।
ਤੁਹਾਡੀਆਂ ਸਾੜ੍ਹੀਆਂ ਤੋਂ ਮੇਰੀਆਂ ਸਾੜ੍ਹੀਆਂ ਸੁਹਣੀਆਂ ਹਨ।
ਉਹਦੀ ਘੜੀ ਸਭ ਤੋਂ ਵਧੀਆ ਹੈ।
ਮੇਰਾ ਘਰ ਸਭ ਤੋਂ ਸੁਹਣਾ ਹੈ।
ਉਹਦਾ ਵੱਡਾ ਭਰਾ ਸਭ ਤੋਂ ਲਾਇਕ ਹੈ।

2. Substitution Drill

1. ਮੇਰੀ ਸਾੜ੍ਹੀ ਸਭ ਨਾਲੋਂ (ਤੋਂ) ਸੁਹਣੀ ਹੈ। (ਸੁਹਣੀ)
(ਮਹਿੰਗੀ)
(ਸਸਤੀ)
(ਵੱਧੀਆ)

2. ਮੇਰੀ ਘੜੀ ਤੇਰੀ ਘੜੀ ਤੋਂ ਚੰਗੀ ਹੈ। (ਘੜੀ)
(ਕਿਤਾਬ)
(ਕਲਮ)
(ਕਾਪੀ)

3. ਮੇਰਾ ਭਰਾ ਉਹਦੇ ਭਰਾ ਤੋਂ ਛੋਟਾ ਹੈ। (ਛੋਟਾ)
(ਵੱਡਾ)
(ਲਾਇਕ)
ਮਿਹਨਤੀ)

3. Response Drill

Model

ਕੀ ਇਹ ਤੁਹਾਡੇ ਤੋਂ ਵੱਡਾ ਹੈ ? (ਹਾਂ ਜੀ)
ਹਾਂ ਜੀ ਉਹ ਮੇਰੇ ਤੋਂ ਵੱਡਾ ਹੈ।

(1) ਕੀ ਇਸ ਤੋਂ ਛੋਟਾ ਹੋਰ ਵੀ ਤੁਹਾਡਾ ਭਰਾ ਹੈ ? (ਨਹੀਂ ਜੀ)
(2) ਕੀ ਤੁਸੀਂ ਰਾਮ ਤੋਂ ਵੱਡੇ ਹੋ ? (ਹਾਂ ਜੀ)
(3) ਸਭ ਤੋਂ ਵੱਡਾ ਸਿਨਮਾ ਹਾਲ ਕਿਹੜਾ ਹੈ ? (ਫੂਲ)
(4) ਤੁਹਾਡਾ ਘਰ ਮੇਰੇ ਘਰ ਤੋਂ ਵੱਡਾ ਹੈ ? (ਹਾਂ ਜੀ)
(5) ਤੁਹਾਡਾ ਕਮਰਾ ਉਨ੍ਹਾਂ ਕਮਰਿਆਂ ਤੋਂ ਹਵਾਦਾਰ ਹੈ ? (ਹਾਂ ਜੀ)
(6) ਰਾਮ ਦਾ ਕੈਮਰਾ ਮੇਰੇ ਕੈਮਰੇ ਤੋਂ ਮਹਿੰਗਾ ਹੈ ? (ਨਹੀਂ ਜੀ)
(7) ਤੁਸੀਂ ਸਭ ਤੋਂ ਛੋਟੇ ਹੋ ? (ਨਹੀਂ ਜੀ)
(8) ਕੀ ਤੁਸੀਂ ਸਭ ਤੋਂ ਵੱਡੇ ਹੋ ? (ਹਾਂ ਜੀ)
(9) ਇਹ ਸਾੜ੍ਹੀ ਉਸ ਸਾੜ੍ਹੀ ਤੋਂ ਸਸਤੀ ਹੈ ? (ਨਹੀਂ ਜੀ)

4. Transformation Drill

ਉਹ ਕਿਹੋ ਜਿਹੀ ਸਾੜ੍ਹੀ ਲਿਆਈ ਹੈ ?
ਉਹ ਕਿਹੋ ਜਿਹੀਆਂ ਸਾੜ੍ਹੀਆਂ ਲਿਆਈ ਹੈ ?

(1) ਉਹ ਕਿਹੋ ਜਿਹੀ ਕਮੀਜ਼ ਲਿਆਈ ਹੈ ?
(2) ਉਹ ਕਿਹੋ ਜਿਹੀ ਘੜੀ ਲਿਆਈ ਹੈ ?
(3) ਉਹ ਕਿਹੋ ਜਿਹੀ ਕਿਤਾਬ ਲਿਆਇਆ ਹੈ ?
(4) ਉਹ ਕਿਹੋ ਜਿਹਾ ਪੈਨ ਲਿਆਈ ਹੈ ?
(5) ਉਹ ਕਿਹੋ ਜਿਹਾ ਕੈਮਰਾ ਲਿਆਇਆ ਹੈ ?
(6) ਉਹ ਕਿਹੋ ਜਿਹਾ ਪੱਖਾ ਲਿਆਈ ਹੈ ?

B. EXERCISES

1. Fill up the blanks with Punjabi equivalents.

(1) ਮੇਰਾ ਕਮਰਾ ਤੇਰੇ ਕਮਰੇ ਤੋਂ---ਹੈ। (large)
(2) ਉਹਦੀ ਕਮੀਜ਼ ਤੇਰੀ ਕਮੀਜ਼ ਤੋਂ--- ਹੈ। (beautiful)
(3) ਤੁਹਾਡਾ ਘਰ ਉਨ੍ਹਾਂ ਦੇ ਘਰ ਤੋਂ--- ਹੈ। (nice)
(4) ਮੇਰਾ ਭਰਾ ਤੇਰੇ ਭਰਾ ਤੋਂ--- ਹੈ (young)
(5) ਤੁਹਾਡਾ ਘਰ--- ਹੈ ? (which one)
(6) ਮੇਰੀ ਘੜੀ ਤੁਹਾਡੀ ਘੜੀ ਨਾਲੋਂ---ਹੈ। (costly)
(7) ਮੇਰਾ ਘਰ---ਨੇੜੇ ਹੈ। (from here)
(8) ਉਹ---ਵੱਡਾ ਹੈ। (eldest)
(9) ਇਹ ਕਿਤਾਬ ---ਚੰਗੀ ਹੈ। (than that)
(10) ਤੁਹਾਡੇ ਹੋਸਟਲ ਵਿੱਚ ਕੋਈ ਕਮਰਾ---ਹੈ ? (vacant)

2. Use the following words into your own sentences.

ਸਭ ਤੋਂ, ਖਰਚਣਾ, ਲਿਆਇਆ, ਨੂੰ, ਤੋਂ, ਵਿਖਾਈ, ਵਧੀਆ ਘੱਟ, ਘਟੀਆ, ਸੁਹਣੇ ਕੀਮਤ, ਵੇਖੇ, ਲਈਆਂ, ਆਏ, ਗਈ।

3. Write answers to the following questions.

(1) ਅੱਜ ਕੱਲ੍ਹ ਤੁਹਾਡਾ ਵੱਡਾ ਭਰਾ ਕੀ ਕਰਦਾ ਹੈ ?
(2) ਤੁਸੀਂ ਦਿੱਲੀ ਤੋਂ ਕੀ ਲਿਆਏ ਹੋ ?
(3) ਇਹ ਕਿਤਾਬ ਕਿਹੋ ਜਿਹੀ ਹੈ ?
(4) ਕੀ ਉਹਦਾ ਭਰਾ ਸਭ ਤੋਂ ਲਾਇਕ ਹੈ ?
(5) ਇਹ ਸਾੜ੍ਹੀ ਕਿੰਨੇ ਦੀ ਖਰੀਦੀ ਹੈ ?
(6) ਉਹਦੀ ਕਮੀਜ਼ ਦਾ ਰੰਗ ਕਿਹੋ ਜਿਹਾ ਹੈ ?
(7) ਤੈਨੂੰ ਕਿਹੋ ਜਿਹਾ ਕਮਰਾ ਚਾਹੀਦਾ ਹੈ ?
(8) ਕੀ ਤੁਸੀਂ ਆਪਣੀ ਭੈਣ ਲਈ ਵੀ ਕੁਝ ਲਿਆਏ ਹੋ ?

C. VOCABURALY

ਸਭ ਨਾਲੋਂ	'than all	ਵਾਕੇਈ	'indeed'
ਉਸ ਤੋਂ	'than that	ਪ੍ਰਿੰਟ	'print
ਸ਼ਕ	'doubt	ਚੋਣ	'selection
ਵਧੀਆ	'excellent	ਪਿਆਰ ਕਰਨਾ	'to love
ਚੰਗਾ ਲਗਣਾ	'to like'	ਘਟੀਆ	'inferior'
ਕੈਮਰਾ	'camera'	ਲਾਇਕ	'intelligent'
ਖਰਚਣਾ	'to spend'	ਮਿਹਨਤੀ	'hard worker'

D. NOTES

In this lesson comparative degree and superlative degree constructions have been introduced. The post position ਤੋਂ/ਨਾਲੋਂ is used to compare the two objects. The post position ਤੋਂ/ਨਾਲੋਂ is used with ਸਭ to show the superlative degree.

ਮੇਰਾ ਘਰ ਸੁਹਣਾ ਹੈ।	My house is beautiful.
ਮੇਰਾ ਘਰ ਤੇਰੇ ਘਰ ਤੋਂ ਸੁਹਣਾ ਹੈ।	My house is more beautiful than your house.
ਮੇਰਾ ਘਰ ਸਭ ਤੋਂ ਸੁਹਣਾ ਹੈ।	My house is most beautiful.

UNIT XVIII — Lesson 71

A conversation between friends

ਰਾਮ : ਕੀ ਹਾਲ ਹੈ ਤੇਰਾ ਹੁਣ ?

How are you now ?

ਸ਼ਾਮ : ਤਬੀਅਤ ਤਾਂ ਕਝ ਠੀਕ ਹੈ, ਪਰ ਭੁੱਖ ਨਹੀਂ ਲਗਦੀ। ਮੈਥੋਂ ਕੁਝ ਨਹੀਂ ਖਾਧਾ ਜਾਂਦਾ ।

I am feeling a little better but I am not feeling hungry. I cannot eat anything.

ਰਾਮ : ਤੁਸੀਂ ਫੱਲ ਲੈ ਲਿਆ ਕਰੋ। ਥੋੜ੍ਹਾ ਤੁਰਿਆ ਫਿਰਿਆ ਕਰੋ। ਘਰ ਵਿੱਚ ਬੈਠੇ ਰਹਿਣ ਨਾਲ ਵੀ ਭੂੱਖ ਨਹੀਂ ਲਗਦੀ। ਹੌਲੀ ਹੌਲੀ ਸਭ ਠੀਕ ਹੋ ਜਾਏਗਾ ।

You should take fruits. You must move around little bit in the house. You don't feel hungry due to sitting at one place. It will be alright slowly

ਸ਼ਾਮ : ਪਰ ਕੀ ਕਰਾਂ ? ਲੱਤਾਂ ਵਿਚ ਏਨਾ ਦਰਦ ਹੈ ਕਿ ਤੁਰਿਆ ਵੀ ਨਹੀਂ ਜਾਂਦਾ ।

What shall I do ? I have so much pain in the legs that I cannot walk even.

ਰਾਮ : ਨੀਂਦ ਠੀਕ ਆਉਂਦੀ ਹੈ ?

Do you get good sleep?

ਸ਼ਾਮ : ਛਡੋ ਜੀ। ਜੇ ਨੀਂਦ ਈ ਠੀਕ ਆਉਂਦੀ ਹੁੰਦੀ ਤਾਂ ਫਿਰ ਰੋਣਾ ਕਾਹਦਾ ਸੀ । ਮੰਨੋਗੇ ਨਹੀਂ, ਕਲ੍ਹ ਤਾਂ ਸਾਰੀ ਰਾਤ ਮੈਥੋਂ ਸੁੱਤਾ ਨਹੀਂ ਗਿਆ ਦਰਦ ਨਾਲ ।

Leave it. If I could sleep well everything would have been alright. You will not believe that due to pain I could not sleep during the whole night yesterday.

ਰਾਮ : ਠੰਢ ਬਹੁਤ ਹੈ। ਜਰਾ ਧੁੱਪ ਨਿਕਲੇਗੀ ਤਾਂ ਦਰਦ ਵਿੱਚ ਫਰਕ ਪੈ ਜਾਏਗਾ। ਜੇ ਤੁਸੀਂ ਉਸ ਦਿਨ ਮੇਰੀ ਗੱਲ ਮੰਨ੍ਹ ਲੈਂਦੇ ਤਾਂ ਤੁਹਾਡਾ ਇਹ ਹਾਲ ਨਾ ਹੁੰਦਾ।

It is very cold. When the sun gets warm, the pain will also become less. If you had taken my advice on that day, you wouldn't have suffered like this.

ਸ਼ਾਮ : ਹਾਂ ਇਹ ਤਾਂ ਠੀਕ ਹੈ ਪਰ ਹੁਣ ਕੀ ਹੋ ਸਕਦਾ ਹੈ ?

Yes, it is true, but what can be done now ?

ਰਾਮ : ਅੱਛਾ ਹੁਣ ਮੈਂ ਚਲਦਾ ਹਾਂ, ਫਿਰ ਆਵਾਂਗਾ। O.K. I will go now, I will come again.

ਸ਼ਾਮ : ਜੇ ਤੁਸੀਂ ਇੱਥੇ ਰੁੱਕ ਜਾਂਦੇ ਤਾਂ ਚੰਗਾ ਰਹਿੰਦਾ; If you could stay here it would have been better.

ਰਾਮ : ਨਹੀਂ, ਰਹਿਣਾ ਤਾਂ ਮੁਸ਼ਕਿਲ ਹੈ। ਕੱਲ੍ਹ ਦਫ਼ਤਰ ਜਾਣਾ ਹੈ। ਜੇ ਕੱਲ੍ਹ ਛੁੱਟੀ ਹੁੰਦੀ ਤਾਂ ਜ਼ਰੂਰ ਰੁੱਕ ਜਾਂਦਾ। No. It is difficult to stay. I have to go to office tomorrow. Had been a holiday tomorrow I would have stayed.

ਸ਼ਾਮ : ਕੋਈ ਗੱਲ ਨਹੀਂ। ਫਿਰ ਜਲਦੀ ਆਉਣਾ ਤੇ ਰਹਿਣ ਦਾ ਪ੍ਰੋਗਰਾਮ ਬਣਾ ਕੇ ਆਉਣਾ। ਤੁਹਾਡੇ ਆਉਣ ਨਾਲ ਬੜਾ ਹੌਂਸਲਾ ਮਿਲ ਜਾਂਦਾ ਹੈ। It doesn't matter. Come soon again and plan to stay here. Your visit is a great encouragement to me.

ਰਾਮ : ਅੱਛਾ ਮੈਂ ਚਲਦਾਹਾਂ। ਆਪਣਾ ਖਿਆਲ ਰਖੀਂ। Alright. I will leave now. Take care of your self.

A. DRILLS

1. Repetition Drill

ਏਥੇ ਪੰਜਾਬੀ ਪੜ੍ਹਾਈ ਜਾਂਦੀ ਹੈ।
ਸਾਨੂੰ ਪੰਜਾਬੀ ਪੜ੍ਹਨੀ, ਲਿਖਣੀ ਤੇ ਬੋਲਣੀ ਸਿਖਾਈ ਜਾਂਦੀ ਹੈ।
ਮੈਥੋਂ ਬੱਚਾ ਚੁਕਿਆ ਨਹੀਂ ਜਾਂਦਾ।
ਉਸ ਤੋਂ ਇਹ ਕੰਮ ਨਹੀਂ ਕੀਤਾ ਗਿਆ।
ਅਜ ਮੇਰੇ ਤੋਂ ਸਵੇਰੇ ਉਠਿਆ ਨਹੀਂ ਗਿਆ।
ਤੇਰੇ ਤੋਂ ਇਹ ਕੰਮ ਕੀਤਾ ਜਾਏਗਾ ?
ਜੇ ਉਹ ਆ ਜਾਂਦਾ ਤਾਂ ਮੈਂ ਵੀ ਇੱਥੇ ਰਹਿ ਜਾਂਦਾ।
ਜੇ ਤੂੰ ਦਵਾਈ ਲੈ ਲੈਂਦਾ ਤਾਂ ਹੁਣ ਤਕ ਠੀਕ ਹੋ ਜਾਂਦਾ।
ਜੇ ਤੁਸੀਂ ਪੜ੍ਹਾਈ ਕਰਦੇ ਤਾਂ ਫੇਲ੍ਹ ਨਾ ਹੁੰਦੇ।
ਜੇ ਮੈਂ ਤੁਹਾਡੇ ਘਰ ਆ ਜਾਂਦੀ ਤਾਂ ਮੇਰੀ ਭੈਣ ਮੈਨੂੰ ਨਾ ਮਿਲਦੀ।
ਸਾਰਿਆਂ ਨੂੰ ਚਿੱਠੀਆਂ ਭੇਜ ਦਿੱਤੀਆਂ ਗਈਆਂ ਨੇ।
ਸਾਨੂੰ ਹਰ ਸਾਲ ਵਰਦੀ ਦਿੱਤੀ ਜਾਂਦੀ ਹੈ।

2. Substitution Drill.

1. ਮੈਥੋਂ ਸਵੇਰੇ ਉਠਿਆ ਨਹੀਂ ਗਿਆ। (ਮੈਥੋਂ)
(ਸਾਥੋਂ)
(ਉਸਤੋਂ)
(ਉਨ੍ਹਾਂ ਤੋਂ)
(ਮੁੰਡੇ ਤੋਂ)
(ਕੁੜੀ ਤੋਂ)

2. ਉਸ ਤੋਂ ਰੋਟੀ ਨਹੀਂ ਖਾਧੀ ਗਈ। (ਰੋਟੀ ਖਾਧੀ)
(ਚਾਹ...ਪੀ...)
(ਲੱਸੀ...ਰਿੜਕ...)
(ਰੋਟੀ...,ਬਣਾ...)
(ਗੱਲ...ਕਰ...)

3. ਮੈਥੋਂ ਖਾਣਾ ਨਹੀਂ ਖਾਧਾ ਗਿਆ। (ਖਾਣਾ...ਖਾਧਾ)
(ਪਰੌਂਠਾ...ਬਣਾ...)
(ਪਜਾਮਾ...ਸੀ...)
(ਕੰਮ...ਕਰ...)
(ਪਾਠ... ਪੜ੍ਹ)

3. Transformation Drill.

Model

ਮੈਥੋਂ ਪਰੌਂਠਾ ਨਹੀਂ ਬਣਾਇਆ ਗਿਆ।
ਮੈਥੋਂ ਪਰੌਂਠੇ ਨਹੀਂ ਬਣਾਏ ਗਏ।

(1) ਸਾਥੋਂ ਤੁਹਾਡਾ ਕੰਮ ਨਹੀਂ ਕੀਤਾ ਗਿਆ।
(2) ਮੈਥੋਂ ਇਹ ਪਾਠ ਨਹੀਂ ਪੜ੍ਹਿਆ ਗਿਆ।
(3) ਉਸਤੋਂ ਚਿੱਠੀ ਨਹੀਂ ਲਿਖੀ ਗਈ।
(4) ਮੇਰੇ ਤੋਂ ਕਵਿਤਾ ਨਹੀਂ ਲਿਖੀ ਜਾਂਦੀ।
(5) ਉਨ੍ਹਾਂ ਤੋਂ ਪਜਾਮਾ ਨਹੀਂ ਸੀਤਾ ਗਿਆ।
(6) ਤੇਰੇ ਤੋਂ ਗੱਲ ਨਹੀਂ ਕੀਤੀ ਜਾਂਦੀ।
(7) ਸਾਡੇ ਤੋਂ ਗਾਣਾ ਨਹੀਂ ਗਾਇਆ ਜਾਵੇਗਾ।
(8) ਤੁਹਾਥੋਂ ਇਹ ਕੰਮ ਕੀਤਾ ਜਾਏਗਾ।

B. EXERCISES

1. Substitute the following words/pharases in the following sentences and rewrite the sentences.

1. ਮੈਥੋਂ ਸਾਰੀ ਰਾਤ ਸੁੱਤਾ ਨਹੀਂ ਗਿਆ (ਸਾਰੀ ਰਾਮ)
(ਪੂਰਾ ਹਫ਼ਤਾ)
(ਰਾਤ ਭਰ)

2. ਚਲੀਏ ਚਾਹ ਪੀਤੀ ਜਾਏ। (ਚਾਹ ਪੀਤੀ ਜਾਏ)
(ਕੋਈ ਪਿਕਚਰ ਵੇਖੀ ਜਾਏ)
(ਕਿਤੇ ਬਾਹਰ ਖਾਣਾ ਖਾਧਾ ਜਾਏ)

3. ਮੈਥੋਂ ਸਿਰ ਦਰਦ ਦੇ ਕਾਰਨ ਬੋਲਿਆ ਨਹੀਂ ਜਾਂਦਾ।
(ਬੋਲਿਆ ਨਹੀਂ ਜਾਂਦਾ)
(ਬੈਠਿਆ ਨਹੀਂ ਜਾਂਦਾ)
(ਉਠਿਆ ਵੀ ਨਹੀਂ ਜਾਂਦਾ)

2. Write down the past participle mascular singular and plural form of the following verbs and use them in your own sentences.

ਲਿਆਉਣਾ, ਪੜ੍ਹਾਉਣਾ, ਲਿਖਾਉਣਾ, ਬਣਾਉਣਾ, ਉਠਾਉਣਾ, ਸਿਖਾਉਣਾ

3. Transform the following sentences into future and past indefinite as per the model given below.

Model : 1

ਏਥੇ ਪੰਜਾਬੀ ਪੜ੍ਹਾਈ ਜਾਂਦੀ ਹੈ।
ਏਥੇ ਪੰਜਾਬੀ ਪੜ੍ਹਾਈ ਜਾਏਗੀ ।
ਏਥੇ ਪੰਜਾਬੀ ਪੜ੍ਹਾਈ ਗਈ।

(1) ਮੈਥੋਂ ਬੱਚਾ ਚੁੱਕਿਆ ਨਹੀਂ ਜਾਂਦਾ।
(2) ਮੇਰੇ ਤੋਂ ਕਵਿਤਾ ਨਹੀਂ ਪੜ੍ਹੀ ਜਾਂਦੀ।
(3) ਉਸ ਤੋਂ ਪਾਠ ਨਹੀਂ ਲਿਖਿਆ ਜਾਂਦਾ।
(4) ਤੇਰੇ ਤੋਂ ਕੰਮ ਕੀਤਾ ਜਾਂਦਾ ਹੈ ?
(5) ਉਨ੍ਹਾਂ ਤੋਂ ਉਠਿਆ ਨਹੀਂ ਜਾਂਦਾ।

4. Write down the present participle feminine singular and plural forms of the followihg verbs and use them in your own sentences.

ਭਿੱਜਣਾ, ਦੇਣਾ, ਕਰਾਉਣਾ, ਮਿਲਣਾ, ਲੈਣਾ, ਕਹਿਣਾ

C. VOCABULARY

ਮੈਥੋਂ	from me'
ਲੱਤ	'leg' (f)
ਨੀਂਦ	'sleep'
ਧੁੱਪ	'sunlight'
ਫਰਕ ਪੈ ਜਾਣਾ	'to become less'
ਹੌਂਸਲਾ	'encouragement'
ਵਰਦੀ	'uniform'
ਸਾਥੋਂ	from us'
ਲੱਸੀ ਰਿੜਕਣਾ	'to make butter milk'
ਪਜਾਮਾ	'trouser'
ਤਹਾਥੋਂ	'from you'
ਤੈਥੋਂ	'from you'
ਰਾਤ ਭਰ	'whole night'

D. NOTES

1. In this lesson passive forms are introduced. Passive is formed by adding verb forms of ਜਾ verb in all aspects and moods to the main verb in perfective (past participle form) such as ਕੀਤਾ and ਵੇਖਿਆ But the past participle of main verb and ਜਾ inflect for number and gender and have agreement with the direct object. If the object is indirect, it is followed by ਨੂੰ post position, the main verb and ਜਾ are always masculine singular

ਬੱਚੇ ਸਕੂਲ ਵਿੱਚ ਠਹਿਰਾਏ ਗਏ ।	The children caused to stay in the school.
ਬੱਚਿਆਂ ਨੂੰ ਸਕੂਲ ਵਿੱਚ ਠਹਿਰਾਇਆ ਗਿਆ ਹੈ ।	The children have been caused to stay in the school

The passive can be used for showing inability. These types of sentences have subject followed by ਤੋਂ post position and the verb is preceded by ਨਹੀਂ.

ਮੈਥੋਂ ਸੁੱਤਾ ਨਹੀਂ ਗਿਆ ।	I did not sleep.
ਉਹਦੇ ਤੋਂ ਰੋਟੀ ਨਹੀਂ ਖਾਧੀ ਜਾਏਗੀ ।	He would not be able to eat food.
ਤੁਹਾਡੇ ਤੋਂ ਅੰਬ ਵੀ ਨਹੀਂ ਖਾਧਾ ਜਾਂਦਾ ।	You cannot even eat the mango

2. If the verb is intransitive it is always masculine singular. Past subjunctive conditional sentences are formed by using the present participle forms of verbs without auxiliary verb and negative particle used is ਨਾ The present participle forms of verbs agree with the subject in gender and number. Conditional particles ਜੇ ਤਾਂ are used to express the conditioning between the two.

ਜੇ ਉਹ ਆ ਜਾਂਦਾ ਤਾਂ ਠੀਕ ਰਹਿੰਦਾ	If he would have come it would have been alright.
ਜੇ ਤੂੰ ਦਵਾਈ ਖਾ ਲੈਂਦੀ ਤਾਂ ਬੀਮਾਰ ਨਾ ਹੁੰਦੀ।	If you had taken the medicine you would have not fallen sick.
ਜੇ ਤੁਸੀਂ ਸਾਡੀ ਗੱਲ ਮੰਨ ਜਾਂਦੇ ਤਾਂ ਤੁਹਾਡਾ ਇਹ ਹਾਲ ਨਾ ਹੁੰਦਾ।	If you had listened to us then this would have not happened to you.

UNIT XVIII — Lesson 72

Orange vendor

1. ਇਹ ਪਟਿਆਲੇ ਸ਼ਹਿਰ ਦਾ ਬੱਸ-ਅੱਡਾ ਹੈ। ਬੱਸਾਂ ਤੋਂ ਕਈ ਲੋਕ ਉਤਰਦੇ ਅਤੇ ਕਈ ਚੜ੍ਹਦੇ ਹਨ। ਬੱਸ-ਅੱਡੇ ਦੇ ਬਾਹਰ ਸੜਕ ਉੱਤੇ ਫਲਾਂ ਵਾਲਿਆਂ ਦੀਆਂ ਰੇਹੜੀਆਂ ਲੱਗੀਆਂ ਹੋਈਆਂ ਹਨ। ਇੱਕ ਆਦਮੀ ਇੱਕ ਸੰਤਰਿਆਂ ਵਾਲੇ ਦੀ ਰੇੜ੍ਹੀ ਵੱਲ ਆ ਰਿਹਾ ਹੈ। ਰੇੜ੍ਹੀ ਕੋਲ ਪਹੁੰਚ ਕੇ ਉਹ ਰੇੜ੍ਹੀ ਵਾਲੇ ਪਾਸੋਂ ਪੁੱਛਦਾ ਹੈ :—

This is the city bus-stand of Patiala. Many people are getting down from the buses and are going in them. Outside the bus-stand, on the road are the movable shops of the orange vendors. One man is moving towards the shop of the orange vendor. Having reached the shop, he asks the vendor :—

ਗਾਹਕ : ਭਾਈ ਸੰਤਰੇ ਕੀ ਭਾਅ ਲਾਏ ਨੇ ?

Brother, what is the rate of the orange ?

ਰੇੜ੍ਹੀ ਵਾਲਾ : ਚਾਰ ਰੁਪੈ ਦਰਜਨ ਜੀ।

Four rupees a dozen, Sir.

ਗਾਹਕ : ਬੜੇ ਮਹਿੰਗੇ ਲਾਏ ਨੇ ?

These are very costly.

ਰੇੜ੍ਹੀ ਵਾਲਾ : ਇਹ ਨਾਗਪੂਰੀ ਸੰਤਰਾ ਹੈ ਜੀ।

This is Nagpuri Orange Sir.

ਗਾਹਕ : ਨਾਗਪੁਰੀ ਤੇ ਦੂਜੇ ਸੰਤਰੇ ਦੀ ਸਾਨੂੰ ਕੀ ਪਛਾਣ ਹੈ ?

How can we recognize/know/tell the difference between Nagpuri and other oranges ?

ਰੇੜ੍ਹੀ ਵਾਲਾ : ਲਓ ਜੀ, ਨਾਗਪੁਰੀ ਸੰਤਰਾ ਬੜਾ ਮਿੱਠਾ ਹੁੰਦਾ ਹੈ।

Sir, Nagpuri orange is very sweet always.

ਗਾਹਕ : ਤਿੰਨ ਰਪਏ ਦਰਜਨ ਲਾ ਲੈ।

Then charge three rupees a dozen.

ਰੇੜ੍ਹੀ ਵਾਲਾ : ਨਹੀਂ ਜੀ ਘੱਟ ਵੱਧ ਨਹੀਂ ਹੋਣਾ।

No sir, the rate cannot be reduced.

ਗਾਹਕ : ਚੰਗਾ ਭਾਈ ਤੇਰੀ ਮਰਜੀ।

O.K. as you like.

2. ਏਨੀਂ ਕਹਿ ਕੇ ਉਹ ਭਾਈ ਰੇੜ੍ਹੀ ਦੇ ਕੋਲੋਂ ਤੁਰ ਪੈਂਦਾ ਹੈ। ਉਹ ਥੋੜੀ ਦੂਰ ਹੀ ਜਾਂਦਾ ਹੈ ਕਿ ਰੇੜ੍ਹੀਵਾਲਾ ਉਸ ਨੂੰ ਮਗਰੋਂ ਆਵਾਜ਼ ਮਾਰਦਾ ਹੈ।

Having said so he walks away from the vendor. This customer moves only a little away from the vendor. The vendor shouts at him from behind.

ਰੇੜ੍ਹੀ ਵਾਲਾ : ਸਰਦਾਰ ਜੀ, ਤੁਹਾਨੂੰ ਪੌਣੇ ਚਾਰ ਲਗਾ ਦਿੰਦੇ ਹਾਂ।

Sir, we will charge you quarter to four O.K.

ਗਾਹਕ : ਸਾਢੇ ਤਿੰਨ ਲਗਾ।

Take three fifty.

ਰੇੜ੍ਹੀ ਵਾਲਾ : ਦੱਸੋ ਕਿੰਨੇ ਦਰਜਨ ਪਾਵਾਂ।

(Tell) How many dozens should I put.

ਗਾਹਕ : ਦੋ ਦਰਜਨ। ਆਹ ਲੈ ਸੱਤ ਰਪਏ।

Two dozens.
Take these seven rupees.

ਰੇੜ੍ਹੀ ਵਾਲਾ : ਸ਼ੁਕਰੀਆ।

Thank you.

A. DRILLS

1. Repetition Drill

ਕਲਾਸ ਲੱਗੀ ਹੋਈ ਹੈ।
ਅੱਜ ਦਫਤਰ ਲਗਿਆ ਹੋਇਆ ਹੈ।
ਸਾਹਮਣੇ ਬੱਸ ਲੱਗੀ ਹੋਈ ਹੈ।
ਟਿਕਟ ਵਾਲੀ ਬਾਰੀ ਤੇ ਲੰਬੀ ਲਾਈਨ ਲੱਗੀ ਹੋਈ ਹੈ।
ਗੱਡੀ ਪਲੇਟ ਫਾਰਮ ਤੇ ਲੱਗੀ ਹੋਈ ਹੈ।
ਭਾਈ ਸੰਤਰੇ ਚਾਰ ਰੁਪਏ ਦਰਜਨ ਲਗਾ।

2. Substitution Drill

1. ਨਾਗਪੁਰੀ ਸੰਤਰਾ ਚਾਰ ਰੁਪੈ ਦਰਜਨ ਹੈ। (ਚਾਰ ਰੁਪੈ)
(ਪੌਣੇ ਪੰਜ ਰੁਪਏ)
(ਸਵਾ ਛੇ ਰੁਪੈ)
(ਸਾਢੇ ਚਾਰ ਰੁਪੈ)

2. ਕੇਲੇ ਦੋ ਰੁਪਏ ਦਰਜਨ ਹਨ। (ਦੋ ਰੁਪੈ)
(ਡੇੜ੍ਹ ਰੁਪੈ)
(ਢਾਈ ਰੁਪੈ)
(ਸਵਾ ਦੋ ਰੁਪੈ)

3. Response Drill

(1) ਰੇੜ੍ਹੀਆਂ ਕਿੱਥੇ ਲੱਗੀਆਂ ਹੋਈਆਂ ਹਨ ?
(2) ਭਾਈ ਨੇ ਸੰਤਰੇ ਕੀ ਭਾਲ ਲਾਏ ਨੇ ?
(3) ਆਦਮੀ ਰੇੜ੍ਹੀ ਵਾਲੇ ਪਾਸੋਂ ਕੀ ਪੁੱਛਦਾ ਹੈ ?
(4) ਦੱਸੋ ਕਿੰਨੇ ਦਰਜਨ ਪਾਵਾਂ ?
(5) ਰੇੜ੍ਹੀ ਵਾਲਾ ਆਦਮੀ ਨੂੰ ਮਗਰੋਂ ਅਵਾਜ਼ ਮਾਰ ਕੇ ਕੀ ਕਹਿੰਦਾ ਹੈ ?

B. EXERCISES

1. Fill up the blanks with appropriate words.

(1) ਇਹ ਨਾਗਪੁਰੀ.....ਹੈ ਜੀ ।
(2) ਨਾਗਪੁਰੀ ਤੇ.....ਸੰਤਰੇ.....ਸਾਨੂੰ ਕੀ.....
(3) ਨਹੀਂ ਜੀ ਘੱਟ.....ਨਹੀਂ ਹੋਣਾ
(4) ਉਹ ਭਾਈ ਰੇੜ੍ਹੀ ਵਾਲੇ.....ਤੁਰ ਪੈਂਦਾ ਹੈ
(5) ਰੇੜ੍ਹੀ.....,ਪਹੁੰਚ ਕੇ ਉਹ ਰੇੜ੍ਹੀ ਵਾਲੇ.....ਪੁੱਛਦਾ ਹੈ।
(6) ਰੇੜ੍ਹੀ ਵਾਲਾ ਉਸ ਨੂੰ .....ਅਵਾਜ਼ ਮਾਰਦਾ ਹੈ।
(7) ਦਸੋ.....ਦਰਜਨ.....
(8) ਆਹ ਲੈ.....ਰੁਪੈ ।
(9) ਤੁਹਾਨੂੰ.....ਚਾਰ ਲਗਾ ਦਿੰਦੇ.....
(10) ਨਾਗਪੁਰੀ ਸੰਤਰਾ ਬੜਾ.....ਹੁੰਦਾ ਹੈ।
(11) ਇਕ ਆਦਮੀ.....ਵਾਲੇ ਦੀ ਰੇੜ੍ਹੀ..... ਆ ਰਿਹਾ ਹੈ ।
(12) ਸੜਕ ਉਤੇ ਫੱਲਾਂ.....ਦੀਆਂ..... ਲਗੀਆਂ ਹੋਈਆਂ ਹਨ ।

2. Write down the answers of the following questions.

(1) ਭਾਈ ਨੇ ਸੰਤਰੇ ਕੀ ਭਾਅ ਲਾਏ ਨੇ ?
(2) ਭਾਈ ਸਰਦਾਰ ਜੀ ਨੂੰ ਸੰਤਰੇ ਕੀ ਭਾਅ ਦਿੰਦਾ ਹੈ ?
(3) ਸਰਦਾਰ ਜੀ ਕਿੰਨੇ ਦਰਜਨ ਸੰਤਰੇ ਲੈਂਦੇ ਹਨ ।
(4) ਸਰਦਾਰ ਜੀ ਕਿੰਨੇ ਰੁਪੈ ਭਾਈ ਨੂੰ ਦਿੰਦੇ ਹਨ।
(5) ਕੀ ਨਾਗਪੁਰੀ ਸੰਤਰਾ ਮਿੱਠਾ ਹੁੰਦਾ ਹੈ ?
(6) ਤੁਹਾਨੂੰ ਨਾਗਪੁਰੀ ਸੰਤਰੇ ਦੀ ਪਛਾਣ ਹੈ ?
(7) ਕੀ ਤੁਹਾਨੂੰ ਸੰਤਰੇ ਚੰਗੇ ਗਲਦੇ ਹਨ ?
(8) ਤੁਹਾਡੇ ਪ੍ਰਾਂਤ ਵਿਚ ਸੰਤਰਾ ਬਹੁਤ ਮਿਲਦਾ ਹੈ ਜਾਂ ਘੱਟ ।

3. Write down the Punjabi equivalents of the following figures and use them in your own sentences.

R.s 3.50 P.
Rs. 1.50 P.
Rs. 2.50 P.
Rs. 2.25 P.
Rs. 3.75 P.
Rs. 4.50 P.
Rs. 6.25 P.
Rs. 5.75 P.

C. VOCABULARY

ਰੇੜ੍ਹੀ	'movable shop, cart'
ਦਰਜਨ	'dozen'
ਸੰਤਰਿਆਂ ਵਾਲੇ ਦੀ	'to orange seller man'
ਮਰਜ਼ੀ	'liking'
ਮਗਰੋਂ	'from behind'
ਪਾਉਣਾ	'to put'
ਨਾਗਪੁਰੀ	'quality of Nagpur city'
ਫਲਾਂ ਵਾਲਿਆਂ	'fruit vendors'
ਪਾਸੋਂ,	'from'
ਪਛਾਣਨਾ	'to recognize'
ਪੌਣੇ ਚਾਰ ਰੁਪੈ	'Rs. 3.75 P.'
ਸਾਢੇ ਤਿੰਨ ਰੁਪਏ	'Rs. 3.50 P.'
ਢਾਈ ਰੁਪੈ	'Rs 2.50 P.'
ਡੇੜ੍ਹ ਰੁਪੈ	'Rs. 1.50 P.'
ਸਵਾ ਛੇ ਰੁਪੈ	'Rs. 6.25 P.'

UNIT XIX **Lesson 73**

Mr. Sinha

ਸ਼ਰਮਾ : ਰਵੀ ਤੁਸੀਂ ਕਿੱਥੇ ਜਾ ਰਹੇਹੋ ?	Ravi, where are you going ?
ਰਵੀ : ਮੈਂ ਸਿਨੇਹਾ ਸਾਹਿਬ ਦੇ ਘਰ ਜਾ ਰਿਹਾ ਹਾਂ। ਉਹ ਆਪਣੇ ਕਾਲਜ ਦੇ ਪ੍ਰਿੰਸੀਪਲ ਬਣ ਗਏ ਹਨ। ਤੁਹਾਨੂੰ ਪਤਾ ਹੈ ?	I am going to Mr. Sinha's house. He is appointed as the Principal of your college. Do you know,
ਰਵੀ : ਅੱਛਾ ?	Is it ?
ਰਵੀ : ਤੁਹਾਨੂੰ ਇਹ ਖਬਰ ਪਤਾ ਨਹੀਂ।	You don't know this.
ਸ਼ਰਮਾ : ਮੈਨੂੰ ਤਾਂ ਕੁਝ ਵੀ ਪਤਾ ਨਹੀਂ। ਮੈਂ ਤਾਂ ਪਿਛਲੇ ਹਫਤੇ ਵੀ ਉਨ੍ਹਾਂ ਦੇ ਘਰ ਗਿਆ ਸੀ।	I do not know anything. I had been to his house last week too.
ਰਵੀ : ਮੈਨੂੰ ਤਾਂ ਮੋਹਨ ਨੇ ਕੱਲ੍ਹ ਦੱਸਿਆ ਹੈ।	Mohan told me yesterday.
ਸ਼ਰਮਾ : ਮੋਹਨ ਕੌਣ ਹੈ।	Who is Mohan ?
ਰਵੀ : ਤੁਸੀਂ ਮੋਹਨ ਨੂੰ ਨਹੀਂ ਜਾਣਦੇ ?	Don't you know Mohan ?
ਸ਼ਰਮਾ : ਉਹ. ਮੈਂ ਜਾਣਦਾ ਹਾਂ। ਭੁਲ ਗਿਆ ਸੀ। ਉਹ ਸਿਨੇਹਾ ਜੀ ਦਾ ਪੁੱਤਰ ਹੈ ਨਾ, ਸਿਨੇਹਾ ਜੀ ਦੇ ਬੱਚਿਆਂ ਨੂੰ ਪੰਜਾਬੀ ਚੰਗੀ ਤਰ੍ਹਾਂ ਆਉਂਦੀ ਹੈ। ਉਨ੍ਹਾਂ ਨੂੰ ਖੁਦ ਨੂੰ ਨਹੀਂ ਆਉਂਦੀ।	Oh ! I know him. I forgot it. He is Mr. Sinha's son, is not he ? Mr. Sinha's children know Punjabi very well. He does not know it himself.
ਰਵੀ : ਮੋਹਨ ਬੜੇ ਅੱਛੇ ਪੰਜਾਬੀ ਗਾਣੇ ਜਾਣਦਾ ਹੈ। ਪਰ ਉਸਨੂੰ ਅਸਾਮੀ ਗਾਣੇ ਨਹੀਂ ਆਉਂਦੇ।	Mohan knows Punjabi songs very well. But he does not know Assamese songs.

ਸ਼ਰਮਾ : ਉਨ੍ਹਾਂ ਦੀ ਛੋਟੀ ਕੁੜੀ ਨੂੰ ਤਾਂ ਅਸਾਮੀ ਬਿਲਕੁਲ ਨਹੀਂ ਆਉਂਦੀ ।	His younger daughter does not know Assamese at all.
ਰਵੀ : ਬਸ ਦਾ ਟਾਈਮ ਹੋ ਰਿਹਾ ਹੈ। ਤੁਸੀਂ ਦਸਿਆ ਸੀ ਕਿ ਤੁਹਾਨੂੰ ਤਰੱਕੀ ਮਿਲਣ ਵਾਲੀ ਹੈ। ਮਿਲੀ ਕਿ ਨਹੀਂ ?	It's time for the bus. You told me that you would get promotion. Did you get it or not ?
ਸ਼ਰਮਾ : ਜੇ ਮੈਂ ਇਸ ਸਾਲ ਡਿਪਾਰਟਮੈਂਟ ਦਾ ਟੈਸਟ ਪਾਸ ਕਰ ਲਿਆ, ਤਾਂ ਮਿਲੇਗੀ ।	If I pass the departmental test this year, I will get it.
ਰਵੀ : ਢਿਲ ਨਾ ਕਰੋ। ਕੰਪੀਟੀਸ਼ਨ ਦਿਨੋ ਦਿਨ ਵਧ ਰਿਹਾ ਹੈ। ਇਹ ਟੈਸਟ ਸਭ ਜਲਦੀ ਪਾਸ ਕਰ ਲਉ।	Don't delay. Competition is becoming tough day by day. pass such tests soon.
ਸ਼ਰਮਾ : ਔਹ ਵੇਖੋ ਦੋ ਬੱਸਾਂ ਇਕੱਠੀਆਂ ਆ ਰਹੀਆਂ ਹਨ।	See there. Two buses are arriving together.
ਰਵੀ : ਹਾਂ ਜਦੋਂ ਬੱਸਾਂ ਆਉਂਦੀਆਂ ਹਨ ਤਾਂ ਇਕੱਠੀਆਂ ਹੀ ਆਉਂਦੀਆਂ ਹਨ। ਨਹੀਂ ਤਾਂ ਕੋਈ ਬੱਸ ਨਹੀਂ ਆਉਂਦੀ ।	Yes, when ever the buses come, they come together. Otherwise no bus comes at all.

A. DRILLS

1. Repetition Drill

ਤੁਹਾਨੂੰ ਸਕੂਟਰ ਚਲਾਉਣਾ ਆਉਂਦਾ ਹੈ ?	ਠੀਕ ਹੈ। ਮੈਂ ਉਹਦੇ ਕੋਲੋਂ ਸਕੂਟਰ ਚਲਾਉਣਾ ਸਿੱਖਾਂਗਾ ।
ਮੈਨੂੰ ਸਕੂਟਰ ਚਲਾਉਣਾ ਨਹੀਂ ਆਉਂਦਾ ।	ਤੁਹਾਨੂੰ ਪੰਜਾਬੀ ਆਉਂਦੀ ਹੈ ?
ਮੈਨੂੰ ਸਾਈਕਲ ਚਲਾਉਣੀ ਆਉਂਦੀ ਹੈ ।	ਹਾਂ ਜੀ, ਮੈਨੂੰ ਪੰਜਾਬੀ ਚੰਗੀ ਤਰ੍ਹਾਂ ਆਉਂਦੀ ਹੈ।
ਕੀ ਤਹਾਨੂੰ ਸਕੂਟਰ ਚਲਾਉਣਾ ਆਉਂਦਾ ਹੈ ?	ਫਿਰ ਤਾਂ ਤੁਹਾਨੂੰ ਪੰਜਾਬੀ ਗਾਣੇ ਵੀ ਆਉਂਦੇ ਹੋਣਗੇ ।
ਨਹੀਂ, ਮੈਨੂੰ ਵੀ ਨਹੀਂ ਆਉਂਦਾ।	ਹਾਂ ਮੈਨੂੰ ਪੰਜਾਬੀ ਗਾਣੇ ਆਉਂਦੇ ਹਨ।
ਮੈਂ ਸਕੂਟਰ ਚਲਾਉਣਾ ਸਿਖਣਾ ਚਾਹੁੰਦਾ ਹਾਂ।	ਤੁਸੀਂ ਪੰਜਾਬੀ ਬੋਲਣੀ ਜਾਣਦੇ ਹੋ ?
ਇਸ ਲਈ ਪੁੱਛ ਰਿਹਾ ਹਾਂ।	ਨਹੀਂ ਜੀ ਮੈਂ ਪੰਜਾਬੀ ਬੋਲਣੀ ਨਹੀਂ ਜਾਣਦਾ।
ਮੇਰੇ ਛੋਟੇ ਭਰਾ ਨੂੰ ਆਉਂਦਾ ਹੈ।	ਪੜ੍ਹਨੀ ਲਿਖਣੀ ਜਾਣਦਾ ਹਾਂ।
ਉਹ ਤੈਨੂੰ ਸਿੱਖਾ ਦੇਵੇਗਾ ।	

2. Substitution Drill

1 ਸੁਰਜੀਤ ਦੋ ਮਹੀਨਿਆਂ ਲਈ ਪ੍ਰਿੰਸੀਪਲ ਬਣਿਆ ਹੈ। (ਸੁਰਜੀਤ)
(ਉਹ)
(ਮੈਂ)
(ਤੁਸੀਂ)
(ਇੰਦਰਾ)

2 ਉਹ ਪ੍ਰਿੰਸੀਪਲ ਬਣੇਗਾ। (ਉਹ)
(ਮੈਂ)
(ਤੂੰ)
(ਤੁਸੀਂ)
(ਅਰਚਨਾ ਤੇ ਅਨੁ ਰਾਧਾ)

3 ਬਸ ਦਾ ਟਾਈਮ ਹੋ ਗਿਆ ਹੈ। (ਬਸ)
(ਗੱਡੀ)
(ਕਾਲਜ)
(ਦਫ਼ਤਰ)

4 ਮੈਨੂੰ ਗਾਣੇ ਆਉਂਦੇ ਹਨ। (ਗਾਣੇ)
(ਪੰਜਾਬੀ ਦੇ ਗਾਣੇ)
(ਹਿੰਦੀ ਦੇ ਗੀਤ)
(ਅੰਗਰੇਜ਼ੀ ਦੇ ਗਾਣੇ)

5 ਉਹ ਤਸਵੀਰ ਬਣਾਉਣਾ ਜਾਣਦੀ ਹੈ। (ਉਹ)
(ਮੈਂ)
(ਅਸੀਂ)
(ਤੂੰ)
(ਤੁਸੀਂ)
(ਉਹ)

6 ਮੈਨੂੰ ਸਕੂਟਰ ਚਲਾਉਣਾ ਆਉਂਦਾ ਹੈ। (ਮੈਨੂੰ)
(ਸਾਨੂੰ)
(ਉਹਨੂੰ)
(ਉਨ੍ਹਾਂ ਨੂੰ)
(ਤੈਨੂੰ)
(ਤੁਹਾਨੂੰ)

3. Transformation Drill

Model 1

ਮੈਨੂੰ ਪੰਜਾਬੀ ਆਉਂਦੀ ਹੈ।
ਮੈਨੂੰ ਪੰਜਾਬੀ ਨਹੀਂ ਆਉਂਦੀ।

(1) ਮੈਨੂੰ ਕਵਿਤਾ ਆਉਂਦੀ ਹੈ।
(2) ਰਵੀ ਨੂੰ ਕਹਾਣੀਆਂ ਆਉਂਦੀਆਂ ਹਨ।
(3) ਸੁਰਜੀਤ ਨੂੰ ਹਿੰਦੀ ਆਉਂਦੀ ਹੈ।

Model 2

ਸੰਤੋਸ਼ ਦੀ ਅੱਜ ਚਿੱਠੀ ਆਈ ਹੈ।
ਸੰਤੋਸ਼ ਨੇ ਸਮਝਿਆ ਕਿ ਅੱਜ ਉਹਦੀ ਚਿੱਠੀ ਆਈ ਹੈ।

(1) ਸ਼ੀਲਾ ਦਾ ਅੱਜ ਪਾਰਸਲ ਆਇਆ ਹੈ।
(2) ਸਤੀਸ਼ ਦੇ ਕੋਲ ਰੁਪਏ ਹਨ।
(3) ਭਾਰਤੀ ਦੇ ਚੰਗੇ ਨੰਬਰ ਆਉਣਗੇ।

B. EXERCISES

1. Answer the following questions.

(1) ਤੁਹਾਨੂੰ ਤਰਨਾ ਆਉਂਦਾ ਹੈ ?
(2) ਤੁਹਾਨੂੰ ਪੰਜਾਬੀ ਬੋਲਣੀ ਆਉਂਦੀ ਹੈ ?
(3) ਕੀ ਸਿਨੇਹਾ ਜੀ ਨੂੰ ਪੰਜਾਬੀ ਆਉਂਦੀ ਹੈ ?
(4) ਕੀ ਉਨ੍ਹਾਂ ਦੇ ਬੱਚਿਆਂ ਨੂੰ ਪੰਜਾਬੀ ਆਉਂਦੀ ਹੈ ?
(5) ਉਹਨੂੰ ਸਕੂਟਰ ਚਲਾਉਣਾ ਆਉਂਦਾ ਹੈ ?
(6) ਤੁਹਾਨੂੰ ਸਵੈਟਰ ਉਣਨਾ ਆਉਂਦਾ ਹੈ ?
(7) ਤੁਹਾਨੂੰ ਖਾਣਾ ਪਕਾਉਣਾ ਆਉਂਦਾ ਹੈ ?
(8) ਕੀ ਸ਼ਰਮਾ ਜੀ ਨੂੰ ਗਾਣਾ ਗਾਣਾ ਆਉਂਦਾ ਹੈ ?

2. Fill up the blanks with appropriate post positions.

(1) ਰਵੀ.....ਤੇਲਗੂ ਨਹੀਂ ਆਉਂਦੀ ।
(2) ਬਸ.....ਟਾਇਮ ਹੋ ਗਿਆ ਹੈ।
(3) ਮੋਹਨ.....ਤਿੰਨ ਪੱਤਰ ਹਨ ।
(4) ਇਹ ਮਨੋਹਰ.....ਕਿਤਾਬਾਂ ਹਨ ।
(5) ਤੁਸੀਂ ਬਸ.....ਆਏ ਹੋ ?
(6) ਅਲਮਾਰੀ.....ਕਿਤਾਬਾਂ ਰੱਖ ਦਿਓ।
(7) ਟ੍ਰੰਕ.....ਕਮੀਜ਼ ਕੱਢ ਦੇ ।
(8) ਮੇਰੇ.. ...ਦਸ ਰੁਪਏ ਹਨ ।
(9) ਉਹ ਤੁਹਾਡੇ.....ਚਲੇਗਾ ।
(10) ਉਹ ਮੇਰੇ .....ਪੰਜ ਰੁਪੈ ਲੈ ਗਿਆ ਹੈ।

3. Transform the following sentences from affirmative to negative.

1. ਮੈਨੂੰ ਖਾਣਾ ਬਣਾਉਣਾ ਆਉਂਦਾ ਹੈ।
2. ਉਹਨੂੰ ਗਊ ਦੀ ਧਾਰ ਕੱਢਣੀ ਆਉਂਦੀ ਹੈ।
3. ਤੁਹਾਨੂੰ ਹਲ ਵਾਹੁਣਾ ਆਉਂਦਾ ਹੈ।
4. ਉਹਨੂੰ ਪੰਜਾਬੀ ਬੋਲਣੀ ਆਉਂਦੀ ਹੈ।
5. ਮੈਂ ਪੰਜਾਬੀ ਲਿਖਣੀ ਜਾਣਦੀ ਹਾਂ।
6. ਅਸੀਂ ਪੰਜਾਬੀ ਪੜ੍ਹਨੀ ਜਾਣਦੇ ਹਾਂ।

4. Use the following words/phrases in your own sentences.

ਪਤਾ, ਪੱਤਾ, ਪਿੱਛਲਾ ਹਵਤਾ, ਖ਼ਬਰ, ਦੰਗੀਤਰ੍ਹਾਂ, ਬਿਲਕੁਲ, ਤਰੱਕੀ ਮਿਲਣਾ, ਇਕੱਠੀ, ਢਿੱਲ ਕਰਨਾ, ਢਿੱਲਾ, ਢੜਣਾ।

5. Change the following verb forms to present participle and use them in sentences.

ਜਾ , ਬਣ ਜਾਣਾ, ਦੱਸਣਾ, ਆਉਣਾ, ਜਾਣਨਾ, ਗਾਣਾ ਆਉਣਾ, ਤਰੱਕੀ ਮਿਲਣਾ, ਤਰੱਕੀ ਹੋਣਾ, ਤਰੱਕੀ ਹੋ ਜਾਣਾ, ਪਾਸ ਕਰ ਲੈਣਾ, ਪਾਸ ਕਰਨਾ, ਮਿਲਣਾ, ਰਹਿਣਾ, ਕਹਿਣਾ ।

6. Change the following verb forms to past participle and use them in sentences.

ਕਰਨਾ, ਖਾਣਾ, ਪੀਣਾ, ਲੈਣਾ, ਸੌਣਾ, ਜਾਣਾ, ਆਉਣਾ, ਲਿਖਣਾ, ਹੱਸਣਾ, ਰੋਣਾ, ਪਾਉਣਾ, ਵੇਖਣਾ, ਵਿਖਾਉਣਾ, ਪੜ੍ਹਾਉਣਾ, ਕਰਾਉਣਾ, ਲਿਆਉਣਾ, ਭੁੱਲ ਜਾਣਾ, ਰਹਿਣਾ, ਕਹਿਣਾ।

VACABULARY

ਬਣ ਜਾਣਾ	'to become'	ਤਸਵੀਰ ਬਣਾਉਣਾ	'to draw a picture'
ਜਾਣਨਾ	'to know'	ਉਣਨਾ	'to knit'
ਖਬਰ	'news'	ਤਰੱਕੀ ਮਿਲਣੀ	'to get promotion'
ਸਮਝਣਾ	'to understand'	ਪਾਸ ਕਰ ਲੈਣਾ	't clear'
ਢਿੱਲ ਕਰਨਾ	'to delay'	ਹੋੜ (ਮੁਕਾਬਲਾ) ਕੰਪੀਟੀਸ਼ਨ	'competition'
ਦਿਨੋ ਦਿਨ	'day by day'		
ਹੱਲ ਵਾਹੁਣਾ	ploughing a field'	ਢੂੰਡਣਾ	'to find'
ਗਊ ਦੀ ਧਾਰ ਕਢਣੀ	'milking of cow'	ਤਰਨਾ	swimming'
		ਭਾਸ਼ਣ ਦੇਣਾ	'to deliver a speech'

D. NOTES

In this lesson the use of infinitive form as a noun (nominal element) with the verb ਆਉਣਾ and ਜਾਣਨਾ has been used in the sense of 'to know the skill of'. When infinitive form of intransitive verbs is used it always remains masculine singular form but infinitive form of transitive verbs agree with the noun occurring as object and also with the verb ਆਉਣਾ in gender and number. The subject is in dative case when it occurs with present participle form of ਆਉਣਾ

ਮੈਨੂੰ ਤਰਨਾ ਆਉਂਦਾ ਹੈ।	I know how to swim.
ਸਾਨੂੰ ਪੰਜਾਬੀ ਪੜ੍ਹਨੀ ਆਉਂਦੀ ਹੈ।	We know how to read Punjabi.

2. With ਜਾਣਨਾ the subject is in direct case and present participle from of ਜਾਣਨਾ agrees with the subject in gender and number.

ਮੈਂ ਤਰਨਾ ਜਾਣਦਾ ਹਾਂ।	I know swimming.
ਮੈਂ ਪੰਜਾਬੀ ਪੜ੍ਹਨੀ ਜਾਣਦੀ ਹਾਂ	I know how to read Punjab i

ਚੰਗੀ ਤਰਾਂ 'well, nicely' is an adverb of manner. It qualifies the verb.

ਮੈਂ ਪੰਜਾਬੀ ਚੰਗੀ ਤਰ੍ਹਾਂ ਜਾਣਦਾ ਹਾਂ।	I know Punjabi, quite well.
ਮੈਨੂੰ ਪੰਜਾਬੀ ਚੰਗੀ ਤਰ੍ਹਾਂ ਆਉਂਦੀ ਹੈ।	I k now Punjabi well.

UNIT XIX **Lesson 74**

Do you like this ?

ਕਮਲਾ : ਬਿਮਲਾ ਤੁਹਾਨੂੰ ਇਹ ਸ਼ਾਲ ਪਸੰਦ ਹੈ ?	Bimla, do you like this shawl?
ਬਿਮਲਾ : ਹਾਂ ਮੈਨੂੰ ਇਹ ਸ਼ਾਲ ਪਸੰਦ ਹੈ, ਤੁਸੀਂ ਮੈਨੂੰ ਕਿਉਂ ਪੁੱਛ ਰਹੇ ਹੋ ?	Yes, I like this shawl. Why do you ask me ?
ਕਮਲਾ : ਕਿਉਂਕਿ ਮੈਂ ਇਹ ਸ਼ਾਲ ਤੁਹਾਨੂੰ ਦੇਣਾ ਚਾਹੁੰਦੀ ਹਾਂ ।	Because I want to give this shawl to you.
ਬਿਮਲਾ : ਤੁਸੀਂ ਮੈਨੂੰ ਦੇਣਾ ਚਾਹੁੰਦੇ ਹੋ । ਕਿਉਂ ?	You want to give it to me, Why ?
ਕਮਲਾ : ਮੈਂ ਦਿੱਲੀ ਤੋਂ ਤੁਹਾਡੇ ਲਈ ਲਿਆਈ ਹਾਂ ।	I have brought it for you from Delhi.
ਬਿਮਲਾ : ਕੋਈ ਕਾਰਨ ਤਾਂ ਹੋਣਾ ਚਾਹੀਦਾ ਹੈ ।	There should be some reason
ਕਮਲਾ : ਹਾਂ, ਮੇਰੀ ਪਿਛਲੇ ਮਹੀਨੇ ਤੋਂ ਤਨਖਾਹ ਵੱਧ ਗਈ ਹੈ ।	Yes, my pay has increased since last month.
ਬਿਮਲਾ : ਇਹ ਤਾਂ ਬੜੀ ਖੁਸ਼ੀ ਦੀ ਗੱਲ ਹੈ । ਦਿੱਲੀ ਤੋਂ ਤਸੀਂ ਹੋਰ ਕੀ ਲਿਆਏ ਹੋ ?	It is a matter of great pleasure What else have you brought from Delhi ?
ਕਮਲਾ : ਦੋ ਮੇਜ਼ਪੋਸ਼ ਤੇ ਇੱਕ ਚਾਦਰ ।	Two table covers and one bed sheet.
ਬਿਮਲਾ : ਇਹ ਮੇਜ਼ ਪੋਸ਼ ਤਾਂ ਮੈਨੂੰ ਬਹੁਤ ਹੀ ਪਸੰਦ ਹਨ ।	I like these table covers very much.
ਕਮਲਾ : ਚਾਦਰ ਪਸੰਦ ਨਹੀਂ ?	Don't you like bed sheet ?
ਬਿਮਲਾ : ਮੈਨੂੰ ਚਾਦਰ ਦਾ ਕਪੜਾ ਪਸੰਦ ਹੈ ਪਰ ਇਹਦਾ ਰੰਗ ਪਸੰਦ ਨਹੀਂ ।	I like the cloth of the bed sheet but I don't like its colour.

ਕਮਲਾ : ਹੋਰ ਕੋਈ ਰੰਗ ਚੰਗਾ ਨਹੀਂ ਮਿਲਿਆ ਸੋ ਮੈਂ ਇਹੋ ਲੈ ਲਈ।	There was no better colour except this. So I took this one.
ਬਿਮਲਾ : ਹੋਰ ਵੀ ਕੁੱਝ ਲਿਆਏ ਹੋ ?	Have you brought something else ?
ਕਮਲਾ : ਹਾਂ, ਬੱਚਿਆਂ ਲਈ ਕੁੜਤੇ ਲਿਆਈ ਹਾਂ। ਰਮਾ ਨੂੰ ਤਾਂ ਕੁੜਤਾ ਠੀਕ ਆਇਆ ਹੈ ਪਰ ਕਾਕੇ ਨੂੰ ਢਿੱਲਾ ਹੈ।	Yes I have brought *kurtas* for children. The size of *kurtas* are alright for Rama but it is too big for Kaka.
ਬਿਮਲਾ : ਤਾਂ ਫਿਰ ਉਹ ਕੁੜਤਾ ਮੇਰੇ ਬੱਚੇ ਨੂੰ ਦੇ ਦਿਓ ਉਹਦੀ ਸਿਹਤ ਇਹਦੇ ਤੋਂ ਚੰਗੀ ਹੈ। ਉਹਨੂੰ ਪੂਰਾ ਆ ਜਾਏਗਾ।	Then give that *kurta* to my child. His health is better than hir . It will fit him.
ਕਮਲਾ : ਠੀਕ ਹੈ, ਤੁਸੀਂ ਲੈ ਲਓ।	Alright you take it.

A. DRILLS

1. Repetition Drill

ਤੁਹਾਨੂੰ ਇਹ ਸਾੜ੍ਹੀ ਪਸੰਦ ਹੈ ?
ਮੈਨੂੰ ਤਾਂ ਇਹ ਸਾਰੀਆਂ ਸਾੜ੍ਹੀਆਂ ਪਸੰਦ ਹਨ।
ਮੈਨੂੰ ਇਹ ਕੁੜਤੇ ਬਹੁਤ ਪਸੰਦ ਹਨ।
ਹਾਂ ਮੈਨੂੰ ਵੀ ਇਹ ਹਰਾ ਕੁੜਤਾ ਪਸੰਦ ਹੈ।
ਪਰ ਹਾਲੇ ਮੈਨੂੰ ਹੋਰ ਕੁੜਤੇ ਚਾਹੀਦੇ ਨਹੀਂ।
ਮੇਰੇ ਕੋਲ ਬਹੁਤ ਕੁੜਤੇ ਹਨ।
ਰਾਮ ਨੂੰ ਇਹ ਸਵੈਟਰ ਬਹੁਤ ਪਸੰਦ ਹਨ।
ਤੁਸੀਂ ਮਸ਼ੀਨ ਤੇ ਬਣਵਾ ਲਓ।

2. Substitution Drill

1. ਮੈਨੂੰ ਇਹ ਸਾੜ੍ਹੀ ਪਸੰਦ ਹੈ। (ਸਾੜ੍ਹੀ)
(ਚਾਦਰ)
(ਕਪੜਾ)
(ਕੁੜਤਾ)

2. ਸਾਨੂੰ ਇਹ ਕਿਤਾਬਾਂ ਪਸੰਦ ਹਨ (ਕਿਤਾਬਾਂ)
(ਸਾੜ੍ਹੀਆਂ)
(ਮੇਜ਼ਪੋਸ਼)
(ਚਾਦਰਾਂ)

3. ਮੈਨੂੰ ਇਕ ਨਵੀਂ ਸਾੜ੍ਹੀ ਚਾਹੀਦੀ ਹੈ। (ਮੈਨੂੰ)
(ਸਾਨੂੰ)
(ਉਹਨੂੰ)
(ਉਨ੍ਹਾਂ ਨੂੰ)

4 ਤੈਨੂੰ ਕਿੰਨੀਆਂ ਕਿਤਾਬਾਂ ਚਾਹੀਦੀਆਂ ਹਨ ?
(ਕਿਤਾਬਾਂ)
(ਕਾਪੀਆਂ)
(ਕਮੀਜ਼ਾਂ)
(ਸਾੜ੍ਹੀਆਂ)

5. ਮੇਰੀ ਕਿਤਾਬ ਤੇਰੀ ਕਿਤਾਬ ਤੋਂ ਸਾਫ਼ ਹੈ।
(ਮੇਰੀ ਕਿਤਾਬ)
(ਮੇਰੀ ਕਾਪੀ)
(ਮੇਰੀ ਸਾੜ੍ਹੀ)

6. ਮੇਰਾ ਬਸਤਾ ਉਹਦੇ ਬਸਤੇ ਤੋਂ ਚੰਗਾ ਹੈ।
(ਮੇਰਾ ਬਸਤਾ)
(ਮੇਰਾ ਘਰ)
(ਮੇਰਾ ਕਮਰਾ)

7 ਮੇਰੇ ਭਰਾ ਤੇਰਿਆਂ ਭਰਾਵਾਂ ਤੋਂ ਛੋਟੇ ਹਨ।
(ਮੇਰੇ ਭਰਾ)
(ਮੇਚੇ ਬੱਚੇ)
(ਮੇਰੇ ਕਮਰੇ)

8. ਮੇਰੀਆਂ ਭੈਣਾਂ ਉਹਦੀਆਂ ਭੈਣਾਂ ਤੋਂ ਵੱਡੀਆਂ ਹਨ।
(ਮੇਰੀਆਂ ਭੈਣਾਂ)
(ਤੇਰੀਆਂ ਬਾਰੀਆਂ)
(ਤੁਹਾਡੀਆਂ ਕੁਰਸੀਆਂ)

3. Transformation Drill

Model

ਮੈਨੂੰ ਇਹ ਚਾਦਰ ਪਸੰਦ ਹੈ।
ਮੈਨੂੰ ਇਹ ਚਾਦਰ ਪਸੰਦ ਨਹੀਂ।

(1) ਮੈਨੂੰ ਸਾੜ੍ਹੀ ਚਾਹੀਦੀ ਹੈ।
(2) ਤੈਨੂੰ ਇਹ ਸਾੜ੍ਹੀ ਪਸੰਦ ਹੈ ?
(3) ਉਹਨੂੰ ਇਹ ਕੁੜਤਾ ਪਸੰਦ ਹੈ।
(4) ਮੈਂ ਇਹ ਸਾੜ੍ਹੀ ਉਹਨੂੰ ਦੇਣਾ ਚਾਹੁੰਦੀ ਹਾਂ।
(5) ਤੁਸੀਂ ਮੈਨੂੰ ਇਹ ਸਾੜ੍ਹੀ ਦਿਓਗੇ ?
(6) ਮੈਨੂੰ ਇਹਦਾ ਰੰਗ ਪਸੰਦ ਹੈ।
(7) ਉਹ ਦੇਰ ਨਾਲ ਆਏਗਾ।
(8) ਮੈਨੂੰ ਇਹ ਸਾੜ੍ਹੀ ਮੇਰੀ ਭੈਣ ਨੇ ਦਿੱਤੀ ਹੈ।
(9) ਤੁਸੀਂ ਹੋਸਟਲ ਵਿੱਚ ਰਹਿੰਦੇ ਹੋ ?
(10) ਉਹ ਅੱਜ ਪਿਕਚਰ ਵਿਖਾਏਗੀ।

B. EXERCISES

1. Change the following sentences into future tense, past indefinite tense and present perfect tense as per the model sentences given below.

Model

ਮੈਂ ਰੋਟੀ ਖਾਂਦਾ ਹਾਂ।
1. ਮੈਂ ਰੋਟੀ ਖਾਵਾਂਗਾ।
2. ਮੈਂ ਰੋਟੀ ਖਾਧੀ।
3. ਮੈਂ ਰੋਟੀ ਖਾਧੀ ਹੈ।

1. ਉਹ ਦੁੱਧ ਪੀਂਦਾ ਹੈ।
2. ਉਹ ਕੰਮ ਕਰਦੇ ਹਨ।
3. ਤੂੰ ਪੜ੍ਹਦਾ ਹੈਂ।
4. ਤੁਸੀਂ ਸਾੜ੍ਹੀ ਲੈਂਦੇ ਹੋ।
5. ਅਸੀਂ ਘਰ ਜਾਂਦੇ ਹਾਂ।
6. ਅਸੀਂ ਕਵਿਤਾ ਲਿਖਦੀਆਂ ਹਾਂ।
7 ਮੈਂ ਪਾਠ ਪੜ੍ਹਦੀ ਹਾਂ।
8. ਉਹ ਸਾਡੇ ਘਰ ਆਉਂਦੀ ਹੈ।

2. Fill up the blanks with appropriate words

(1) ਮੈਂ ਇਹ ਸਾੜ੍ਹੀ ਲੈਣਾ ਚਾਹੁੰਦੀ--
(2) ਮੈਨੂੰ ਇਹ ਕਿਤਾਬ ਚਾਹੀਦੀ --
(3) ਅਸੀਂ ਇਹ ਚਾਦਰ ਲਿਆਏ-- ਤੁਹਾਨੂੰ ਪਸੰਦ--
(4) --ਇਹ ਚਾਦਰ ਪਸੰਦ--।
(5) ਤੂੰ ਮੈਨੂੰ --ਪੁੱਛ ਰਹੀ-- ?
(6) ਤੁਸੀਂ --ਰਹਿੰਦੇ --?
(7) ਮੈਨੂੰ ਚਾਦਰ--ਕਪੜਾ ਬਹੁਤ --
(8) ਤੈਨੂੰ ਇਸ ਸਾੜ੍ਹੀ--ਰੰਗ ਪਸੰਦ ਹੈ।
(9) ਇਹ ਰਾਮ--ਕੁੜਤੇ--।
(10) ਮੈਂ ਦਿੱਲੀ--ਤੇਰੇ--ਲਿਆਇਆ--।
(11) ਸਾਨੂੰ ਕਾਪੀਆਂ ਨਹੀਂ--
(12) ਉਹਨੂੰ ਦੋ ਪੈਨ-- ਹਨ।
(13) ਉਹਨੇ ਰੋਟੀ--ਹੈ ਕਿ ਨਹੀਂ।
(14) ਉਨ੍ਹਾਂ ਨੇ ਸਿਰਫ਼ ਦੁੱਧ--ਹੈ।
(15) ਮੈਂ ਤਾਂ ਹੁਣੇ ਹੀ ਆਇਆ--

3. Coose either ਨਹੀਂ or ਨਾ appropriately and fill up the blanks.

(1) ਤੁਸੀਂ ਅੱਜ ਘਰ—ਜਾਓ ।
(2) ਤੁਸੀਂ ਰੋਜ਼ ਘਰ—ਜਾਂਦੇ ?
(3) ਉਹ ਸਾਡੇ ਨਾਲ— ਜਾਵੇ
(4) ਉਹ ਘਰ —ਜਾ ਰਿਹਾ ।
(5) ਉਹਨੇ ਅੱਜ ਰੋਟੀ—ਖਾਧੀ ।
(6) ਉਹ ਚਾਹ—ਪੀਏਗਾ ।
(7) ਮੈਨੂੰ ਕੁਝ —ਚਾਹੀਦਾ ।
(8) ਉਹ ਸਾਡੇ ਘਰ ਕਦੇ—ਆਇਆ ।
(9) —ਉਹ ਆਇਆ ਹੈ—ਉਹ ਆਏਗਾ ।
(10) ਉਹ ਇੱਥੇ—ਰਹਿੰਦਾ ।
(11) ਇਸ ਗਰਮੀਆਂ ਵਿੱਚ ਅਸੀਂ ਕਿੱਤੇ —ਜਾ ਰਹੇ ।
(12) ਸਾਨੂੰ ਛੁੱਟੀਆਂ—ਹੁੰਦੀਆਂ ।
(13) ਤੂੰ ਬਾਹਰ—ਜਾਈਂ ਗਰਮੀ ਹੈ ।
(14) ਤੁਸੀਂ ਸਾਡੇ ਘਰ—ਆਇਓ ।
(15) ਮੈਂ ਅੱਜ ਸਕੂਲ—ਜਾਵਾਂ ।
(16) ਮੈਨੂੰ ਇਹ ਸਾੜ੍ਹੀ ਪਸੰਦ—

4. Changet he following verb forms to past participle (Fem. Singular) and use them in your own sentences.

ਚਾਹ, ਦੇ, ਪੁਛ, ਲਿਆ, ਲੈ, ਕਰ, ਜਾ, ਆ, ਪੜ੍ਹ, ਲਿਖ

C. VOCABULARY

ਕਿਉਂਕਿ	'because'	ਤਨਖਾਹ	'pay'
ਵੱਧ ਜਾਣਾ	'increase'	ਹੋਰ	'more'
ਮੇਜ਼ਪੋਸ਼	'table cover'	ਚਾਦਰ	'bed cover'
ਕਾਰਨ	'reason'	ਸ਼ਾਲ	'shawl'
ਖੁਸ਼ੀ ਦੀ ਗੱਲ	matter of happiness'	ਸੋ	'So'
ਢਿੱਲਾ	'loose'		

D. NOTES

In this lesson constructions which use ਪਸੰਦ have been introduced. In this construction the auxiliary verb agrees with the ob ject in number and ਪਸੰਦ remains unchanged. The subject is in dative case, i.e followed by ਨੂੰ post position.

ਮੈਨੂੰ ਸਾੜ੍ਹੀ ਪਸੰਦ ਹੈ । 'I like Sari'.

ਸਾਨੂੰ ਇਹ ਸ਼ਾਲਾਂ ਪਸੰਦ ਹਨ । 'We like these shawls'.

UNIT XX *What are reading while eating ?* Lesson 75

ਸੁਰਜੀਤ : ਤੁਸੀਂ ਕਿਹੜੀ ਕਿਤਾਬ ਪੜ੍ਹ ਰਹੇ ਹੋ ? ਕੀ ਤੁਹਾਨੂੰ ਸੁਣਾਈ ਨਹੀਂ ਦਿੰਦਾ ? ਰੋਟੀ ਖਾਂਦਿਆਂ ਤੁਸੀਂ ਕੀ ਪੜ੍ਹ ਰਹੇ ਹੋ ?	Which book are you reading? Don't you listen ? What are you reading while eating?
ਪ੍ਰੇਮ : ਮੈਂ ਰੋਟੀ ਖਾਂਦਿਆਂ ਨਹੀਂ ਪੜ੍ਹ ਰਿਹਾ । ਮੈਂ ਤਾਂ ਪੜ੍ਹਦਿਆਂ ਪੜ੍ਹਦਿਆਂ ਰੋਟੀ ਖਾ ਰਿਹਾ ਹਾਂ ।	I am not reading while eating. Rather I am eating while reading.
ਸੁਰਜੀਤ : ਦੋਵੇਂ ਇੱਕੋ ਗੱਲਾਂ ਹਨ । ਖਾਣਾ ਖਾਂਦਿਆਂ ਨਾਵਲ ਨਹੀਂ ਪੜ੍ਹੀਦਾ ।	Both are the same. One should n't read the novel when one eats.
ਪ੍ਰੇਮ : ਕਿਉਂ ?	Why ?
ਸੁਰਜੀਤ : ਖਾਣਾ ਖਾਂਦਿਆਂ ਨਾਵਲ ਪੜ੍ਹਨਾ ਠੀਕ ਨਹੀਂ ।	It is not good to read a novel while eating.
ਪ੍ਰੇਮ : ਇਹ ਨਾਵਲ ਨਹੀਂ । ਕੀ ਤੁਹਾਨੂੰ ਠੀਕ ਤਰ੍ਹਾਂ ਨਹੀਂ ਦਿੱਸ ਰਿਹਾ ?	This is not a novel. Can't you see properly ?
ਸੁਰਜੀਤ : ਮੈਨੂੰ ਠੀਕ ਦਿੱਸ ਰਿਹਾ ਹੈ । ਇਹ ਨਾਵਲ ਹੈ ਤੁਸੀਂ ਝੂਠ ਬੋਲ ਰਹੇ ਹੋ ।	I can see, You are reading a novel. You are telling a lie.
ਪ੍ਰੇਮ : ਉੱਚਾ ਬੋਲੋ ਤੁਸੀਂ ਕੀ ਕਹਿ ਰਹੇ ਹੋ ? ਸੁਣਾਈ ਨਹੀਂ ਦੇ ਰਿਹਾ ।	Speak bit loudly. It is not audible.
ਸੁਰਜੀਤ : ਮੈਂ ਉੱਚਾ ਹੀ ਬੋਲ ਰਿਹਾ ਹਾਂ । ਮੇਰੀਆਂ ਗੱਲਾਂ ਸਾਰੇ ਸੁਣ ਰਹੇ ਹਨ । ਤੁਸੀਂ ਨਾਵਲ ਪੜ੍ਹ ਰਹੇ ਹੋ । ਇਸ ਲਈ ਤੁਸੀਂ ਨਹੀਂ ਸੁਣ ਰਹੇ । ਤੁਸੀਂ ਪਹਿਲੇ ਉਹ ਨਾਵਲ ਬੰਦ ਕਰੋ, ਖਾਣਾ ਖਾਓ ਤੇ ਫਿਰ ਨਾਵਲ ਪੜ੍ਹਨਾ । ਤੁਸੀਂ ਬੰਦ ਕਰਦੇ ਹੋ ਕਿ ਨਹੀਂ । ਤੁਸੀਂ ਕੀ ਸੋਚ ਰਹੇ ਹੋ ?	I am talking loudly. Every body is hearing me. Since you are reading a novel. That's why you are not listening to me. You stop reading that novel first. Take your food first and then read novel. Please will you stop reading or not ? What are you thinking about ?

ਪ੍ਰੇਮ : ਮੈਂ ਕੁੱਝ ਨਹੀਂ ਸੋਚ ਰਿਹਾ। — I am thinking about nothing.

ਸੁਰਜੀਤ : ਠੀਕ ਹੈ ਪਹਿਲੇ ਮੈਨੂੰ ਇਹ ਦੱਸੋ ਤੁਸੀਂ ਸ਼ਾਮੀ ਕਿੱਥੇ ਜਾ ਰਹੇ ਹੋ ? — Alright, first tell me where are you going this evening ?

ਪ੍ਰੇਮ : ਮੈਂ ਕਿੱਧਰੇ ਨਹੀਂ ਜਾ ਰਿਹਾ। — I am going no where.

A. DRILLS

1. Repetition Drill

ਉਹਨੂੰ ਕਿਤਾਬ ਫੜਦਿਆਂ ਹੀ ਨੀਂਦ ਆ ਜਾਂਦੀ ਹੈ।
ਮੇਰੇ ਇੱਥੇ ਪਹੁੰਚਦਿਆਂ ਹੀ ਉਹ ਚਲਾ ਗਿਆ।
ਮੈਂ ਤਾਂ ਸਵੇਰ ਦਾ ਕੰਮ ਕਰਦਿਆਂ ਕਰਦਿਆਂ ਥੱਕ ਗਿਆ ਹਾਂ।
ਤੁਸੀਂ ਆਉਂਦਿਆਂ ਸਾਰ ਬੱਚਿਆਂ ਨੂੰ ਗੁੱਸੇ ਕਿਉਂ ਹੋਣ ਲਗ ਜਾਂਦੇ ਹੋ ?
ਹੱਸਦਿਆਂ ਹੱਸਦਿਆਂ ਉਹਦੇ ਢਿੱਡ ਵਿੱਚ ਪੀੜ ਹੋਣ ਲਗੀ।
ਇੱਥੇ ਰਹਿੰਦਿਆਂ ਮੈਨੂੰ ਚਾਰ ਵਰ੍ਹੇ ਹੋ ਗਏ ਨੇ।

2 Build up and Expansion Drill

1. ਪੜ੍ਹ ਰਹੇ ਹੋ ?
ਕਿਤਾਬ ਪੜ੍ਹ ਰਹੇ ਹੋ ?
ਕਿਹੜੀ ਕਿਤਾਬ ਪੜ੍ਹ ਰਹੇ ਹੋ ?
ਤੁਸੀਂ ਕਿਹੜੀ ਕਿਤਾਬ ਪੜ੍ਹ ਰਹੇ ਹੋ ?
ਰਵੀ ਤੁਸੀਂ ਕਿਹੜੀ ਕਿਤਾਬ ਪੜ੍ਹ ਰਹੇ ਹੋ ?

2. ਗੱਲ ਕਰ ਰਿਹਾ ਹੈ।
ਲਿਖਦਿਆਂ ਗੱਲ ਕਰ ਰਿਹਾ ਹੈ।
ਚਿੱਠੀ ਲਿਖਦਿਆਂ ਗੱਲ ਕਰ ਰਿਹਾ ਹੈ।
ਉਹ ਚਿੱਠੀ ਲਿਖਦਿਆਂ ਗੱਲ ਕਰ ਰਿਹਾ ਹੈ।
ਉਹ ਚਿੱਠੀ ਲਿਖਦਿਆਂ ਲਿਖਦਿਆਂ ਵੀ ਗੱਲ ਕਰ ਰਿਹਾ ਹੈ।

3 Substitution Drill

1. ਕੰਮ ਕਰਦਿਆਂ ਗੱਲਾਂ ਨਹੀਂ ਕਰੀਦੀਆਂ। (ਕੰਮ ਕਰ--)
(ਕਿਤਾਬ ਪੜ੍ਹ--)
(ਖਾਣਾ ਖਾ--)

2. ਉਹ ਮੇਰੇ ਆਉਂਦਿਆਂ ਹੀ ਚਲਾ ਗਿਆ। (ਆ--)
(ਪਹੁੰਚ--)
(ਜਾ--)

3. ਨੌਕਰ ਰੋਟੀ ਪਕਾਉਂਦਿਆਂ ਸਾਰ ਹੀ ਚਲਾ ਗਿਆ ਸੀ। (ਰੋਟੀ ਪਕਾ--)
(ਕੰਮ ਖ਼ਤਮ ਕਰ--)
(ਸਫ਼ਾਈ ਦਾ ਕੰਮ ਮੁਕਾ--)

4. ਮੈਂ ਇੱਥੇ ਰਹਿੰਦਿਆਂ ਰਹਿੰਦਿਆਂ ਥੱਕ ਗਿਆ ਹਾਂ। (ਰਹਿੰ--ਰਹਿੰ--)
(ਆ--ਆ --)
(ਕਪੜੇ ਧੋ--ਧੋ--)

4 Response Drill

Model

ਕੀ ਰਵੀ ਖਾਣਾ ਖਾ ਰਿਹਾ ਹੈ ਜਾਂ ਗੱਲ ਕਰ ਰਿਹਾ ਹੈ ?

ਰਵੀ ਖਾਣਾ ਖਾਂਦਿਆਂ ਗੱਲ ਕਰ ਰਿਹਾ ਹੈ।

(1) ਕੀ ਸਰਲਾ ਨਾਟਕ ਵੇਖ ਰਹੀ ਹੈ ਜਾਂ ਚਾਹ ਪੀ ਰਹੀ ਹੈ ?
(2) ਕੀਤੁਸੀਂ ਰੇਡੀਓ ਸੁਣ ਰਹੇ ਹੋ ਜਾਂ ਕਿਤਾਬ ਪੜ੍ਹ ਰਹੇ ਹੋ ?
(3) ਕੀ ਪਵਨ ਘਰ ਆ ਰਿਹਾ ਹੈ ਜਾਂ ਮੋਹਨ ਨਾਲ ਗੱਲ ਕਰ ਰਿਹਾ ਹੈ ?
(4) ਕੀ ਉਹ ਕਿਤਾਬ ਪੜ੍ਹ ਰਹੀ ਹੈ ਜਾਂ ਰੋਟੀ ਖਾ ਰਹੀ ਹੈ ?

5 Transformation Drill

Model

ਮੈਂ ਤੁਹਾਡੇ ਗਾਣੇ ਨੂੰ ਸੁਣ ਰਿਹਾ ਹਾਂ।

ਤੁਹਾਡਾ ਗਾਣਾ ਮੈਨੂੰ ਸੁਣਾਈ ਦੇ ਰਿਹਾ ਹੈ।

(1) ਮੈਂ ਰਵੀ ਨੂੰ ਵੇਖ ਰਿਹਾ ਹਾਂ।
(2) ਮੈਂ ਤੁਹਾਡੀ ਗੱਲ ਨੂੰ ਸੁਣ ਰਿਹਾ ਹਾਂ।
(3) ਮੈਂ ਤੁਹਾਡੀ ਤਸਵੀਰ ਨੂੰ ਵੇਖ ਰਿਹਾ ਹਾਂ।
(4) ਮੈਂ ਤੁਹਾਡੀ ਕਿਤਾਬ ਵੇਖ ਰਿਹਾ ਹਾਂ।

B. EXERCISES

1 Change the form of the words given in brackets appropriately and fill up the blanks.

(1) ਕੁੜੀ ਕੰਮ--ਹੀ ਚਲੀ ਗਈ ਸੀ। (ਕਰ--)
(2) ਤੁਹਾਨੂੰ ਰੋਟੀ--ਹੀ ਨੀਂਦ ਆਉਣ ਲਗ ਜਾਂਦੀ ਹੈ। (ਖਾ--)
(3) ਮੈਨੂੰ ਰਸਤੇ ਵਿੱਚ--ਦੇਰ ਹੋ ਗਈ ਹੈ। (ਆ--)
(4) ਮੇਰੇ ਸਟੇਸ਼ਨ ਤੇ--ਸਾਰ ਹੀ ਗੱਡੀ ਦਲ ਪਈ। (ਪਹੁੰਚ)
(5) ਮੈਂ ਤਾਂ ਕਪੜੇ--ਥੱਕ ਜਾਂਦੀ ਹਾਂ। (ਧੋ--)
(6) ਸਾਡੇ--ਚੋਰ ਭੱਜ ਗਿਆ। (ਵੇਖ--ਵੇਖ--)
(7) ਸ਼ੀਲਾ ਨੇ ਅੱਜ ਬਹੁਤ ਕਪੜੇ--ਹਨ। (ਧੋ--)
(8) ਕੀ ਤੁਸੀਂ ਆਪਣਾ ਖਾਣਾ ਆਪ--ਹੋ ? (ਬਣਾ--)
(9) ਤੁਹਾਨੂੰ ਕੀ--ਹੈ ? (ਚਾਹ--)
(10) ਅਸੀਂ ਬਹੁਤ ਮਿਹਨਤ ਕਰਨਾ--ਹਾਂ। (ਚਾਹ--)

2 Change the following sentences as per the model given below.

Model

ਮੈਂ ਸੋਚ ਰਿਹਾ ਹਾਂ। ਲਿੱਖ ਰਿਹਾ ਹਾਂ।

ਮੈਂ ਸੋਚਦਿਆਂ ਲਿੱਖ ਰਿਹਾ ਹਾਂ।

(1) ਰਵੀ ਸਕੂਲ ਜਾ ਰਿਹਾ ਹੈ। ਗੋਪੀ ਨਾਲ ਗੱਲ ਕਰ ਰਿਹਾ ਹੈ।

(2) ਕਮਲੇਸ਼ ਅੰਬ ਖਾ ਰਹੀ ਹੈ। ਪਾਠ ਪੜ੍ਹ ਰਹੀ ਹੈ।

(3) ਸੁਨੀਤਾ ਅਧਿਆਪਕ ਜੀ ਨੂੰ ਵੇਖ ਰਹੀ ਹੈ। ਪਾਠ ਸੁਣ ਰਹੀ ਹੈ।

(4) ਪਰਕਾਸ਼ ਕਿਤਾਬ ਪੜ੍ਹ ਰਿਹਾ ਹੈ। ਚਾਹ ਪੀ ਰਿਹਾ ਹੈ।

3 Answer the following questions.

(1) ਉਹ ਕਿਤਾਬ ਪੜ੍ਹਦਿਆਂ ਕੀ ਕਰ ਰਿਹਾ ਹੈ ?

(2) ਤੁਸੀਂ ਘਰ ਆਉਂਦਿਆਂ ਆਉਂਦਿਆਂ ਕਿੱਥੇ ਚਲੇ ਗਏ ਸੀ ?

(3) ਕੀ ਨੌਕਰ ਰੋਟੀ ਬਣਾਉਂਦਿਆਂ ਸਾਰ ਹੀ ਚਲਾ ਗਿਆ ਸੀ ?

(4) ਕੀ ਤੁਹਾਨੂੰ ਪੜ੍ਹਾਈ ਖਤਮ ਹੁੰਦਿਆਂ ਹੀ ਨੌਕਰੀ ਮਿਲ ਗਈ ਸੀ ?

(5) ਕੀ ਤੁਹਾਨੂੰ ਉੱਥੇ ਜਾਂਦਿਆਂ ਹੀ ਮਕਾਨ ਮਿਲ ਜਾਏਗਾ ?

4 Fill up the blanks with appropriate words.

(1) ਉਹ ਕੀ ਪੜ੍ਹ ਰਹੀ-- ?

(2) ਮੈਂ ਤਾਂ--ਹੀ ਬੋਲ ਰਹੀ--

(3) ਤੁਸੀਂ --ਬੋਲ ਰਹੇ-- ?

(4) ਪਹਿਲੇ ਖਾਣਾ ਖਾਓ ਤੇ ਫਿਰ ਨਾਵਲ --

(5) ਮੈਂ--ਨਹੀਂ ਸੋਚ ਰਹੀ।

(6) --ਗੱਲਾਂ ਸਾਰੇ--ਰਹੇ ਹਨ।

(7) ਖਾਣਾ--ਨਾਵਲ ਨਹੀਂ--।

(8) ਮੈਂ ਸ਼ਾਮੀਂ--ਨਹੀਂ ਜਾ ਰਹੀ।

(9) ਮੈਨੂੰ--ਨਹੀਂ ਦਿੰਦਾ।

(10) ਮੈਂ ਕਿਤਾਬ ਹੱਥ ਵਿੱਚ--ਹੀ ਸੌਂ ਜਾਂਦੀ --।

C. VOCABULARY

ਸੁਣਾਈ ਦੇਣਾ	'to listen'	ਖਾਂਦਿਆਂ	'while eating'
ਪੜ੍ਹਦਿਆਂ ਪੜ੍ਹਦਿਆਂ	'while reading'		(present perfect
ਠੀਕ ਤਰ੍ਹਾਂ	'properly'		form of verb)
ਝੂਠ ਬੋਲਣਾ	'to tell a lie'	ਇਕੋ ਗੱਲਾਂ ਹਨ	'are same'
ਕਿੱਧਰੇ ਨਹੀਂ	'not any where'	ਦਿਸਣਾ	'to be seen'
ਸਾਰ	'emphatic particle'	ਉੱਚਾ ਬੋਲਣਾ	'to speak loud'
ਆਉਂਦਿਆਂ ਸਾਰ	'as soon as came'	ਥੱਕ ਜਾਣਾ	'to get tired'
ਖ਼ਤਮ ਕਰਨਾ	'to finish'	ਮੁਕਾਉਣਾ	'to finish'
		ਨੌਕਰੀ	'service'

UNIT : XX **Lesson : 76**

Invitation for Dinner

ਸੁਸ਼ੀਲਾ : ਮੈਂ ਨਾਸ਼ਤੇ ਲਈ ਪਕੌੜੇ ਬਣਾਉਂਦੀ ਹਾਂ। ਖਾ ਕੇ ਜਾਣਾ।	I am preparing *pakoras*, for breakfast, have them first and then go.
ਸ਼ਤੀਸ਼ : ਮੈਨੂੰ ਜਲਦੀ ਹੈ ਮੈਂ ਪਕੌੜਿਆਂ ਦੀ ਇੰਤਜ਼ਾਰ ਨਹੀਂ ਕਰ ਸਕਦਾ।	I am in hurry. I cannot wait for *pakoras*.
ਸੁਸ਼ੀਲਾ : ਮੈਂ ਤੁਹਾਨੂੰ ਬਿਨਾਂ ਪਕੌੜੇ ਖਾਧਿਆਂ ਨਹੀਂ ਜਾਣ ਦੇਣਾ। ਅੱਜ ਤਾਂ ਤੁਹਾਨੂੰ ਰਾਤੀਂ ਵੀ ਆਉਣਾ ਪਵੇਗਾ। ਸਾਡੇ ਘਰ ਰਾਤ ਦਾ ਖਾਣਾ ਖਾਣਾ ਹੈ।	I will not allow you to go without eating *pakoras*. Today you have to come at night also. You will have a dinner at our home.
ਸਤੀਸ਼ : ਅੱਜ ਕੀ ਗੱਲ ਹੈ। ਸਵੇਰੇ ਸਵੇਰੇ ਪਕੌੜੇ ਬਣਾ ਰਹੇ ਹੋ ਰਾਤ ਨੂੰ ਖਾਣੇ ਤੇ ਵੀ ਬੁਲਾ ਰਹੇ ਹੋ।	What is the matter today ? You are preparing *pakoras* in the early morning and inviting me at the dinner also.
ਸੁਸ਼ੀਲਾ : ਤੁਹਾਨੂੰ ਪਤਾ ਨਹੀਂ। ਅੱਜ ਰਮੇਸ਼ ਦਾ ਜਨਮ ਦਿਨ ਹੈ। ਦਫ਼ਤਰ ਤੋਂ ਵਾਪਸ ਆਉਂਦਿਆਂ ਹੀ ਇੱਥੇ ਆ ਜਾਣਾ।	Don't you know. It is Ramesh's birthday to day. You come here as soon as you return from the office
ਸਤੀਸ਼ : ਮੈਂ ਤਾਂ ਭੁੱਲ ਹੀ ਗਿਆ ਸੀ। ਬਜਾਰੋਂ ਕੁਝ ਲਿਆਉਣਾ ਹੋਵੇ ਤਾਂ ਦਸ ਦਿਓ ਦਫ਼ਤਰ ਤੋਂ ਆਉਂਦਿਆਂ ਆਉਂਦਿਆਂ ਲੈ ਆਵਾਂਗਾ।	I had forgotten altogether. If you want me to bring something from the market I will bring while coming back from the office.
ਸੁਸ਼ੀਲਾ : ਤੁਸੀਂ ਆਪ ਆ ਜਾਣਾ। ਚੀਜ਼ ਕੋਈ ਨਹੀਂ ਚਾਹੀਦੀ।	You come. I don't need any thing.

ਸਤੀਸ਼ : ਪਕੌੜੇ ਕਿਸ ਦੇ ਬਣਾਏ ਹਨ ?	Of what have you prepared *pakoras*.
ਸੁਸ਼ੀਲਾ : ਗੋਭੀ ਤੇ ਪਨੀਰ ਦੇ ਬਣਾਏ ਹਨ।	I have prepared *pakoras* of cauliflower and cheese.
ਸਤੀਸ਼ : ਇਕ ਦੋ ਦੇ ਦਿਓ ਜ਼ਿਆਦਾ ਨਹੀਂ ਖਾਣੇ। ਤੁਸੀਂ ਜ਼ਿਆਦਾ ਕਰਾਰੇ ਕਰ ਰਹੇ ਹੋ।	Give me one or two. I don't want to eat more. You are making them more crisp.
ਸੁਸ਼ੀਲਾ : ਕੜਾਹੀ ਬਹੁਤ ਗਰਮ ਹੈ। ਤੇਲ ਸੜ ਰਿਹਾ ਹੈ।	The pan is very hot. The oil is overboilded.
ਸਤੀਸ਼ : ਲੂਣ ਘੱਟ ਪਾਇਆ ਹੈ। ਮਿਰਚ ਤਾਂ ਠੀਕ ਹੈ। ਲੂਣ ਥੋੜ੍ਹਾ ਹੋਰ ਪਾ ਲਓ। ਰਾਤ ਦੇ ਖਾਣੇ ਵਿੱਚ ਕੀ ਕੀ ਬਣਾਓਗੇ ?	You have put less salt Chilly is alright You mix a little more salt. What will you prepare for dinner ?
ਸੁਸ਼ੀਲਾ : ਹਾਲੇ ਤੇ ਕੁਝ ਸੋਚਿਆ ਨਹੀਂ। ਜੋ ਤੁਸੀਂ ਕਹੋ ਬਣਾ ਦਿਆਂਗੀ।	I haven't thought yet. Whatever you ask, I will prepare.
ਸਤੀਸ਼ : ਵਧੀਆ ਜਿਹਾ ਮਟਰ ਪੁਲਾਓ ਤੇ ਦਹੀਂ ਭੱਲੇ ਜ਼ਰੂਰ ਬਣਾਉਣਾ। ਤੁਹਾਡੇ ਹੱਥ ਦੇ ਬਣਾਏ ਭੱਲੇ ਖਾਧੇ ਬਹੁਤ ਚਿਰ ਹੋ ਗਿਆ ਹੈ।	Please prepare a nice peas rice *pulao* and curd *bhale*. It is since long I haven't eaten *bhale* made by you.
ਸੁਸ਼ੀਲਾ : ਠੀਕ ਹੈ। ਜ਼ਰੂਰ ਬਣਾਵਾਂਗੀ। ਖੀਰ ਵੀ ਤੁਹਾਨੂੰ ਪਸੰਦ ਹੈ। ਉਹ ਵੀ ਬਣਾਵਾਂਗੀ। ਤੁਸੀਂ ਘਰ ਪਹੁੰਚਦਿਆਂ ਹੀ ਜਲਦੀ ਆ ਜਾਣਾ।	Alright, I will prepare definitely. I will prepare *khir* also. You like it. You come here as soon as you reach home.
ਸਤੀਸ਼ : ਅੱਛਾ ਹੁਣ ਮੈਂ ਚਲਦਾ ਹਾਂ। ਅੱਗੇ ਹੀ ਦੇਰ ਹੋ ਗਈ ਹੈ।	Alright, I will go now. It is already late

A. DRILLS

1 Repetition Drill

ਪਕੌੜੇ ਇਵੇਂ ਨਹੀਂ ਤਲੀਦੇ।
ਬੱਚਿਓ, ਝੂਠ ਨਹੀਂ ਬੋਲੀਦਾ।
ਉਹ ਰੋਟੀ ਖਾ ਕੇ ਗਿਆ ਹੈ।
ਮੈਂ ਆਪਣਾ ਕੰਮ ਖ਼ਤਮ ਕਰਕੇ ਹੀ ਸੌਂਵਾਂਗਾ।
ਉਹ ਆਪਣਾ ਕੰਮ ਪੂਰਾ ਕਰਦਿਆਂ ਸਾਰ ਹੀ ਚਲਾ ਜਾਂਦਾ ਹੈ।
ਤੁਸੀਂ ਚਾਹ ਪੀ ਕੇ ਜਾਣਾ।
ਨਹੀਂ ਚਾਹ ਦੀ ਤਾਂ ਕੋਈ ਲੋੜ ਨਹੀਂ।
ਬਿਨਾਂ ਕੰਮ ਕੀਤਿਆਂ ਗੁਜ਼ਾਰਾ ਨਹੀਂ ਹੁੰਦਾ।
ਮੈਨੂੰ ਪਕੌੜੇ ਖਾਧਿਆਂ ਕਈ ਮਹੀਨੇ ਹੋ ਗਏ ਹਨ।
ਤੁਹਾਨੂੰ ਇੱਥੇ ਆਇਆਂ ਕਿੰਨਾਂ ਚਿਰ ਹੋਇਆ ਹੈ।
ਤੁਹਾਡੇ ਬਿਨਾਂ ਗਿਆਂ ਕੰਮ ਨਹੀਂ ਹੋਣਾ।
ਤੁਸੀਂ ਬਿਨਾਂ ਪੜ੍ਹਿਆਂ ਪਾਸ ਨਹੀਂ ਹੋ ਸਕਦੇ।
ਕਿਤਾਬ ਪੜ੍ਹੱਦਆਂ ਪੜ੍ਹਦਿਆਂ ਪਤਾ ਨਹੀਂ ਮੇਰੀਆਂ ਅੱਖਾਂ ਨੂੰ ਕੀ ਹੋ ਗਿਆ ਹੈ ?
ਮੈਂ ਹੁਣੇ ਖਾਣਾ ਖਾ ਕੇ ਆਈ ਹਾਂ।

2 Substitution Drill

1. ਰੋਟੀ ਖਾ ਕੇ ਜਾਣਾ। (ਰੋਟੀ ਖਾ ਕੇ)
(ਚਾਹ ਪੀ ਕੇ)
(ਦੁੱਧ ਲਿਆ ਕੇ)
(ਸਬਜ਼ੀ ਦੇ ਕੇ)

2. ਉਹ ਸਬਜ਼ੀ ਦਿੰਦਿਆਂ ਹੀ ਚਲਾ ਗਿਆ ਸੀ।
(ਦੇ--)
(ਲੈ--)
(ਵੇਚ--)
(ਖਰੀਦ--)

3. ਜੇ ਤੁਸੀਂ ਕਿਤਾਬਾਂ ਘਰ ਰਖ ਕੇ ਜਾਓਗੇ ਤਾਂ ਮੈਂ ਵੀ ਰੱਖ ਜਾਵਾਂਗਾ। (ਕਿਤਾਬਾਂ ਘਰ ਰੱਖ)
(ਕਾਰ ਲੈ)
(ਸਮਾਨ ਵੇਚ)

3 Response Dr ll

(1) ਤੁਸੀਂ ਨਾਸ਼ਤੇ ਲਈ ਕੀ ਬਣਾ ਰਹੇ ਹੋ ? (ਪਕੌੜੇ)
(2) ਤੁਸੀਂ ਕੱਲ੍ਹ ਕੀ ਬਣਾਓਗੇ ? (ਪੂਰੀ ਛੋਲੇ)
(3) ਕੀ ਤੁਹਾਨੂੰ ਖਾਣਾ ਬਣਾਉਣਾ ਆਉਂਦਾ ਹੈ । (ਹਾਂ ਜੀ)
(4) ਤੁਹਾਨੂੰ ਪਕੌੜੇ ਬਣਾਉਂਣੇ ਆਉਂਦੇ ਹਨ ? (ਹਾਂ ਜੀ)
(5) ਤੁਸੀਂ ਦੁਕਾਨਦਾਰ ਦੇ ਕਿੰਨੇ ਪੈਸੇ ਦੇਣੇ ਹਨ ? (ਦੋ ਰੁਪਏ)
(6) ਕੀ ਤੁਹਾਨੂੰ ਪਕੌੜੇ ਚੰਗੇ ਲਗਦੇ ਹਨ ? (ਹਾਂ ਜੀ)
(7) ਵੇਸਣ ਕਿਹੜੀ ਦਾਲ ਦਾ ਬਣਦਾ ਹੈ ? (ਚਨੇ ਦੀ ਦਾਲ)
(8) ਤੁਹਾਡੇ ਕੋਲ ਪੰਜ ਰੁਪਏ ਦੀ ਭਾਨ ਹੈ ? (ਨਹੀਂ ਜੀ)

B. EXERCISES

1. Fill up the b'anks wilth appropriate words.

(1) ਮੈਂ ਇੱਕ ਕਿਤਾਬ---ਹਾਂ ।
(2) ਉਹ ਇੱਕ ਕਵਿਤਾ--- ।
(3) ਉਹ ਅੱਜ ਘਰ ਨਹੀਂ--- ।
(4) ਕੀ ਉਹ ਝੂਠ ---ਹੈ ।
(5) ਉਹ---ਪਾਠ ਯਾਦ--- ਹਨ ।
(6) ਕੀ ਉਸਨੇ ਝੂਠ---ਹੈ ?
(7) ਕੀ ਤੁਸੀਂ ਖ਼ਤ ਲਿਖ---ਸੀ ?
(8) ਦੂਜੀ ਦੁਕਾਨ---ਤੁਰਾ ਲਈਂ ।
(9) ਮੈਂ---ਮਾਤਾ ਪਿਤਾ ਦਾ ਆਦਰ ਕਰਦਾ---
(10) ਉਹ ਇਹ ਕਿਤਾਬ ਨਹੀਂ--- ਗਾ ।
(11) ਉਹ ਇਸ ਵਕਤ ਖਾਣਾ ਖਾ ਰਿਹਾ--- ਗਾ ।
(12) ਉਹ ਤੁਹਾਡੀ ਉਡੀਕ ਕਰ ਰਹੇ---ਗੇ ।
(13) ਤੇ ਬਾਕੀ ਪੈਸਿਆਂ---ਵੇਸਣ ਲੈ ਆਈਂ ।
(14) ਸਵੇਰੇ ਦੋ ਰੁਪਏ---ਸਬਜ਼ੀਆਂ ਖਰੀਦੀਆਂ ---
(15) ਉਸ ਦੁਕਾਨ ਵਾਲੇ- - ਪੰਜ ਰੁਪਏ ਦੀ ਭਾਨ ---ਦੇਣੀ ।

2 Change the following present perfect tense forms in to (i) present indefinite (ii) present indefinite negative (iii) future affirmative (iv) present continuous.

(1) ਮੈਂ ਰੋਟੀ ਖਾ ਲਈ ਹੈ।
(2) ਉਹਨੇ ਕਿਤਾਬ ਪੜ੍ਹੀ ਹੈ।
(3) ਉਨ੍ਹਾਂ ਨੇ ਖ਼ਤ ਲਿਖਿਆ ਹੈ।
(4) ਅਸੀਂ ਪ੍ਰੀਖਿਆ ਦਿੱਤੀ ਹੈ।

3. Change the form of the words given in brackets appropriately and fill up the blanks.

(1)--(ਮੈਂ) ਕਾਪੀ ਚਾਹੀਦੀ ਹੈ।
(2)-- (ਉਹ) ਅੰਬ ਨਹੀਂ ਖਾਧਾ।
(3) --(ਅਸੀਂ) ਅੰਬ ਚਾਹੀਦੇ ਹਨ।
(4) --(ਉਹ) ਘਰ ਜਾਣਾ ਹੈ।
(5) --(ਤੁਸੀਂ) ਸਕੂਟਰ ਚਲਾਉਣਾ ਆਉਂਦਾ ਹੈ ?
(6) --(ਤੂੰ) ਕੀ ਚਾਹੀਦਾ ਹੈ ?
(7) ਕੀ--(ਉਹ) ਰੋਟੀ ਪਕਾਉਣੀ ਨਹੀਂ ਆਉਂਦੀ।
(8) ਕੀ--(ਉਹ) ਤੁਹਾਨੂੰ ਚਿੱਠੀ ਲਿਖੀ ਹੈ?
(9) --(ਉਹ) ਅੱਜ ਰੋਟੀ ਨਾ ਦੇਣਾ ਸਿਰਫ਼ ਦੁੱਧ ਦੇਣਾ।
(10) -(ਉਹ) ਅੱਜ ਪਿਕਚਰ ਵੇਖਣੀ ਹੈ।

4. Fill up the blanks with appropriate words.

(1) --ਸਬਜ਼ੀ ਕੱਟਾਂਗੇ।
(2)--ਪਕੌੜੇ ਤਲਾਂਗਾ।
(3) --ਕੀ ਬਣਾਓਗੇ ?
(4) --ਸਬਜ਼ੀ ਕੱਟੀਏ ?
(5) --ਅੰਬ ਕੱਟਾਂ ?
(6) --ਬਜ਼ਾਰ ਜਾਵੇ।
(7) --ਫ਼ਲ ਲਿਆਉਣਗੇ।
(8) --ਹੁਣ ਜਾਓ।
(9) --ਅੱਜ ਬਾਹਰ ਨਾ ਜਾਈਂ ਤੈਨੂੰ ਬੁਖ਼ਾਰ ਹੈ।
(10) --ਅੱਜ ਸਾਡੇ ਘਰ ਜ਼ਰੂਰ ਆਇਓ।
(11) --ਕੀ ਪੀਏਂਗੀ ?
(12) --ਕੀ ਲਏਂਗੀ ?
(13) --ਕਾਕਾ ਅੰਦਰ ਬੈਠ।
(14) ਬੱਚਿਓ,--ਸ਼ੋਰ ਨਾ ਕਰੋ।

5. Change the following nouns in singular oblique case and plural oblique case and use them in sentences.

ਪੱਖਾ, ਕਮਰਾ, ਬਾਰੀ, ਹੱਥ, ਅੰਬ, ਬੱਚਾ, ਕੁੜੀ, ਮੁੰਡਾ, ਪਕੌੜਾ, ਕਿਤਾਬ, ਨਾਸ਼ਤਾ, ਪੈਸਾ।

6. Use the following words/phrases in your own sentences.

ਭਾਂਨ, ਬਣਾਉਣਾ, ਤਲਣਾ, ਸੇਕਣਾ, ਸੜਨਾ, ਸਾੜ ਦੇਣਾ, ਦੁਕਾਨ ਤੋਂ ਤੁੜਾ ਲੈਣਾ, ਤੋੜ ਦੇਣਾ, ਬਾਕੀ।

C. VOCABULARY

ਖਾ ਕੇ ਜਾਣਾ	'go after eating'	ਗੋਭੀ	'cauli flower'
ਤਲਣਾ	'to fry'	ਪ੍ਰੀਖਿਆ	'examination'
ਤੇਲ	'oil'	ਖੀਰ	'kheer'
ਜ਼ਿਆਦਾ ਕਰਾਰੇ ਕਰਨਾ	'to fry more'	ਭੱਲੇ	'*bhalle*'
		ਦਹੀ	'curd'
ਕੜਾਹੀ	'pan'	ਪੁਲਾਓ	'pulao'
ਬਿਨਾਂ ਖਾਧਿਆਂ	'without eating'	ਬਹੁਤ ਚਿਰ	'since long'
ਤਲੀਦੇ	'to fry' (optative from of)	ਗੁਜ਼ਾਰਾ ਹੋਣਾ	'to pullon'
		ਵੇਸਣ	'gram flour'
ਸੜਨਾ	'to burn'	ਭਾਨ	'change'
ਪਨੀਰ	'cheese'	ਤੋੜ ਦੇਣਾ	'to give change'
ਤੁੜਾ ਲੈਣਾ	'to get change'	ਦਾਲ	'pulse'
ਲੂਣ	'salt'	ਚਨੇ ਦੀ ਦਾਲ	'gram pulse'
ਮਿਰਚ	'chilly'		

UNIT XX — Lesson 77

I have been here since last eight months,

ਮਨੋਹਰ : ਆਓ ਮਿਸਟਰ ਪਾਂਡਾ, ਇੱਥੇ ਇਸ ਕੁਰਸੀ ਤੇ ਬੈਠੋ।	Come in, Mr. Panda, please sit on this chair.
ਪਾਂਡਾ : ਕੋਈ ਗੱਲ ਨਹੀਂ ਮੈਂ ਇਸ ਮੰਜੇ ਤੇ ਬੈਠਾਂਗਾ।	Don't worry. I will sit on this cot.
ਮਨੋਹਰ ਤੁਸੀਂ ਸੁਸਤ ਕਿਉਂ ਲੱਗ ਰਹੇ ਹੋ ? ਕੀ ਤੁਹਾਡੀ ਸਿਹਤ ਠੀਕ ਨਹੀਂ ?	Why do you look weak ? Are not you well ?
ਪਾਂਡਾ : ਨਹੀਂ ਮੈਨੂੰ ਪਿਛਲੇ ਕੁਝ ਦਿਨਾਂ ਤੋਂ ਸਿਰ ਪੀੜ ਹੈ।	No. I am suffering from headache since last few days.
ਮਨੋਹਰ : ਤੁਸੀਂ ਕੋਈ ਦਵਾਈ ਲਈ ਹੈ ?	Have you taken any medicine ?
ਪਾਂਡਾ ਦਵਾਈ ਲੈਂਦਿਆਂ ਤਾਂ ਕਈ ਦਿਨ ਹੋ ਗਏ ਹਨ ਕੋਈ ਫ਼ਰਕ ਨਹੀਂ ਪਿਆ ਤੁਹਾਨੂੰ ਇਸ ਘਰ ਵਿਚ ਰਹਿੰਦਿਆਂ ਕਿੰਨਾਂ ਚਿਰ ਹੋਇਆ ਹੈ ?	I have been taking medicine for many days. But there has been no relief. How long have you been living in this house ?
ਮਨੋਹਰ : ਮੈਂ ਚਾਰ ਮਹੀਨਿਆਂ ਤੋਂ ਰਹਿ ਰਿਹਾ ਹਾਂ।	I have been living here for the last four months.
ਪਾਂਡਾ : ਮੈਨੂੰ ਇੱਥੇ ਆਇਆਂ ਅੱਠ ਮਹੀਨੇ ਹੋ ਗਏ ਹਨ। ਕੋਈ ਚੰਗਾ ਘਰ ਨਹੀਂ ਲੱਭਿਆ।	I have been here since last eight months. I could not find a good house.
ਮਨੋਹਰ : ਤੁਸੀਂ ਮੈਨੂੰ ਦਸਿਆ ਹੁੰਦਾ ਮੈਂ ਲੱਭ ਦਿੰਦਾ।	Had you told me, I would have found one.
ਪਾਂਡਾ : ਤੁਹਾਡਾ ਬੱਚਾ ਕਿੱਥੇ ਹੈ ? ਕੀ ਸੌਂ ਗਿਆ ਹੈ ?	Where is your son ? Has he slept ?

ਮਨੋਹਰ : ਨਹੀਂ ਉਹ ਦੁੱਧ ਪੀ ਰਿਹਾ ਹੈ। ਸਰਲਾ ਕਾਕੇ ਨੂੰ ਏਥੇ ਲੈ ਆਓ।

No. He is drinking milk. Sarla, bring him over here.

ਪਾਂਡਾ : ਕੀ ਇਹ ਖੜ੍ਹਾ ਹੁੰਦਾ ਹੈ ?

Can he stand on his legs ?

ਮਨੋਹਰ : ਹਾਂ ਅੱਜ ਕਲ੍ਹ ਖੜ੍ਹਾ ਹੋਣਾ ਸ਼ੁਰੂ ਕੀਤਾ ਹੈ। ਤੁਸੀਂ ਡਾ: ਸ਼ਰਮਾ ਨੂੰ ਵਿਖਾਉ। ਉਹ ਬਹੁਤ ਸਿਆਣਾ ਡਾਕਟਰ ਹੈ। ਮੈਨੂੰ ਵੀ ਬਹੁਤ ਸਿਰ ਪੀੜ ਰਹਿੰਦੀ ਸੀ। ਉਹਦੀ ਦਵਾਈ ਨਾਲ ਠੀਕ ਹੋ ਗਈ ਸੀ।

Yes, he has started standing only, recently. You consult Dr. Sharma. He is a very good doctor. I used to have severe headache. His medicine had cured it.

ਪਾਂਡਾ : ਅੱਛਾ ਕੱਲ੍ਹ ਹੀ ਉਹਨੂੰ ਵਿਖਾਵਾਂਗਾ।

Alright, I will consult him tomorrow definitely.

A. DRILLS

1. Repetition Drill

ਰਵੀ : ਸਰਲਾ ਉਸ ਕੁਰਸੀ ਤੇ ਬੈਠੇਗੀ। ਤੂੰ ਇਸ ਕੁਰਸੀ ਤੇ ਬੈਠ।

ਮੋਹਨ : ਵਿਵੇਕ ਉਹ ਪੈਨ ਲਏਗਾ। ਤੂੰ ਇਹ ਪੈਨ ਲੈ।

ਸਰਲਾ : ਇੰਦਰਾ ਰੋਟੀ ਖਾਏਗੀ। ਤੁਸੀਂ ਵੀ ਖਾਓ।

ਕਮਲਾ : ਬਿਮਲਾ ਹੁਣ ਸੰਵੇਗੀ। ਤੂੰ ਵੀ ਸੌਂ ਜਾ।

ਸ਼ਰਮਾ : ਰਾਮ ਚਾਹ ਪੀਵੇਗਾ। ਤੁਸੀਂ ਵੀ ਪੀਓ।

ਮੋਹਨ : ਤੁਸੀਂ ਡਾ: ਸ਼ਰਮਾ ਨੂੰ ਵਿਖਾਓ।

ਰਵੀ : ਵਿਖਾਵਾਂਗਾ।

2. Build up and Expansion Drill

1. ਪੀੜ ਹੈ।
ਢਿੱਡ ਵਿੱਚ ਪੀੜ ਹੈ।
ਥੋੜੇ ਦਿਨਾਂ ਤੋਂ ਢਿੱਡ ਵਿੱਚ ਪੀੜ ਹੈ।
ਉਹਨੂੰ ਥੋੜੇ ਦਿਨਾਂ ਤੋਂ ਢਿੱਡ ਵਿੱਚ ਪੀੜ ਹੈ।

2. ਪੜ੍ਹਾਂਗਾ।
ਕਿਤਾਬਾਂ ਪੜ੍ਹਾਂਗਾ।
ਪੰਜਾਬੀ ਦੀਆਂ ਕਿਤਾਬਾਂ ਪੜ੍ਹਾਂਗਾ।
ਅੱਜ ਪੰਜਾਬੀ ਦੀਆਂ ਕਿਤਾਬਾਂ ਪੜ੍ਹਾਂਗਾ।
ਮੈਂ ਅੱਜ ਪੰਜਾਬੀ ਦੀਆਂ ਕਿਤਾਬਾਂ ਪੜ੍ਹਾਂਗਾ।

3. Substitution Drill

1. ਰਵੀ ਏਥੇ ਐਨਕ ਵੇਖੇਗਾ। (ਰਵੀ)
(ਮੈਂ)
(ਅਸੀਂ)
(ਤੁਸੀਂ)

2. ਉਹਨੂੰ ਇੱਥੇ ਰਹਿੰਦਿਆਂ ਕਿੰਨਾਂ ਚਿਰ ਹੋਇਆ ਹੈ ? (ਰਹਿੰਦਿਆਂ)
(ਪੜ੍ਹ---)
(ਉਡੀਕ---)
(ਕੰਮ ਕਰ---)

4. Response Drill

Model

ਤੁਹਾਡੀਆਂ ਕਿਤਾਬਾਂ ਕਿੱਥੇ ਹਨ ? (ਰਾਮ)

ਮੇਰੀਆਂ ਕਿਤਾਬਾਂ ਰਾਮ ਕੋਲ ਹਨ।

(1) ਮੇਰੇ ਪੈਨ ਕਿੱਥੇ ਹਨ ? (ਅਲਮਾਰੀ)

(2) ਸਾਡੀਆਂ ਤਸਵੀਰਾਂ ਕਿੱਥੇ ਹਨ ? (ਦਰਾਜ)

(3) ਤੁਸੀਂ ਕਿੱਥੇ ਬੈਠੋਗੇ ? (ਇੱਥੇ)

(4) ਤੁਸੀਂ ਕਿੱਥੇ ਪੜੋਗੇ ? (ਕਮਰਾ)

(5) ਤੂੰ ਕਿੱਥੇ ਜਾਏਂਗਾ ? (ਘਰ)

(6) ਤੁਸੀਂ ਕਿੱਥੇ ਰਹੋਗੇ ? (ਹੋਸਟਲ)

(7) ਤੂੰ ਕਿੱਥੇ ਖੇਡੇਂਗਾ ? (ਸਕੂਲ)

B. EXERCISES

1. Answer the following questions.

(1) ਕੀ ਉਹ ਰੋਟੀ ਬਿਨਾਂ ਖਾਧਿਆਂ ਚਲਾ ਗਿਆ ਹੈ ?

(2) ਕੀ ਨੌਕਰ ਕੰਮ ਖ਼ਤਮ ਕਰਦਿਆਂ ਹੀ ਚਲਾ ਗਿਆ ਸੀ ?

(3) ਕੀ ਰਾਮ ਰੋਟੀ ਖਾ ਕੇ ਗਿਆ ਹੈ ?

(4) ਉਹ ਬਿਨਾਂ ਕੰਮ ਖਤਮ ਕੀਤਿਆਂ ਕਿਉਂ ਚਲਾ ਗਿਆ ਹੈ ?

(5) ਉਹ ਦਵਾਈ ਲੈ ਕੇ ਕਿੱਥੇ ਗਿਆ ਹੈ ?

2. Choose either ਕਿੰਨੀ/ਕਿੰਨੀਆਂ or ਕੁਝ/ਕਿੰਨੇ appropriately and fill up the blanks.

(1) ਇਹ..... ...ਖੰਡ ਹੈ ?

(2) ਇਹ.....ਕਿਤਾਬਾਂ ਹਨ ?

(3) ..... ਕਿਤਾਬਾਂ ਤੁਹਾਡੀਆਂ ਹਨ ?

(4) ...,.. ...ਬੱਸ ਦਾ ਸਫਰ ਹੈ ?

(5) .....ਗੱਡੀ ਦਾ ਸਫਰ ਹੈ ?

(6) ਤੁਹਾਡੇ ਕੋਲ..... ਰੁਪਏ ਹਨ ?

(7) ਉਹਦੇ ਕੋਲ..... ਪੈਨ ਹਨ ?

3. Answer the following questions using the words given in the brackets

(1) ਰਾਮ ਨੇ ਖਾਣਾ ਖਾ ਕੇ ਕੀ ਕੀਤਾ ? (ਬਜ਼ਾਰ)

(2) ਰਾਮ ਖਾਣਾ ਖਾਂਦਿਆਂ ਹੀ ਕਿੱਥੇ ਚਲਾ ਗਿਆ ? (ਸਕੂਲ)

(3) ਤੁਸੀਂ ਖਾਣਾ ਖਾਂਦਿਆਂ ਖਾਂਦਿਆਂ ਕੀ ਕਰਦੇ ਹੋ ? (ਗੱਲਾਂ ਕਰ...)

(4) ਉਹ ਖਾਣਾ ਬਣਾਉਂਦਿਆਂ ਬਣਾਉਂਦਿਆ ਕੀ ਕਰ ਰਹੀ ਹੈ ? (ਗਾਣਾ ਗਾ...)

(5) ਤੁਸੀਂ ਬਿਸਤਰ ਤੇ ਲੇਟਿਆਂ ਕੀ ਕਰ ਰਹੇ ਹੋ ? (ਕਿਤਾਬ ਪੜ੍ਹ...)

4. Change the following future tense forms into present indefinite tense, present continuous tense and present perfect tense as per the model given below :

Model

ਮੈਂ ਰੋਟੀ ਖਾਵਾਂਗਾ ।

(1) ਮੈਂ ਰੋਟੀ ਖਾਂਦਾ ਹਾਂ ।

(2) ਮੈਂ ਰੋਟੀ ਖਾ ਰਿਹਾ ਹਾਂ ।

(3) ਮੈਂ ਰੋਟੀ ਖਾਧੀ ਹੈ ।

(1) ਮੈਂ ਪਾਣੀ ਪੀਵਾਂਗਾ ।

(2) ਤੂੰ ਕੀ ਕਰੇਂਗੀ ?

(3) ਤੁਸੀਂ ਕਿਤਾਬ ਪੜ੍ਹੋਗੇ ?

(4) ਅਸੀਂ ਉਹਦੇ ਘਰ ਜਾਵਾਂਗੇ ।

(5) ਉਹ ਕਿੱਥੇ ਰਹਿਣਗੇ ?

(6) ਮੈਂ ਕੰਮ ਕਰਾਂਗਾ ।

5. Change the following affirmative sentences into negative sentences.

(1) ਮੈਂ ਅੱਜ ਤੁਹਾਡੇ ਘਰ ਰੋਟੀ ਖਾਵਾਂਗਾ।

(2) ਅਸੀਂ ਹੋਸਟਲ ਵਿਚ ਰਹਿੰਦੇ ਹਾਂ।

(3) ਤੁਸੀਂ ਦੁਪਹਿਰ ਦਾ ਖਾਣਾ ਕੈਨਟੀਨ ਤੇ ਖਾਧਾ ਸੀ ?

(4) ਉਹ ਕੱਲ੍ਹ ਬਜਾਰ ਜਾਣਗੇ।

(5) ਅਸੀਂ ਅੱਜ ਬਜ਼ਾਰ ਜਾਈਏ।

(6) ਉਹ ਘਰ ਜਾ ਰਹੇ ਹਨ।

(7) ਮੈਂ ਕਿਤਾਬ ਸਾਰੀ ਪੜ੍ਹੀ ਹੈ।

(8) ਉਨ੍ਹਾਂ ਨੇ ਸਾਡਾ ਕੰਮ ਕੀਤਾ ਸੀ।

(9) ਤੁਸੀਂ ਘਰ ਜਾਓ ।

(10) ਮੈਂ ਬਜਾਰ ਗਿਆ ਸਾਂ ।

(11) ਉਹ ਤੁਹਾਡੇ ਘਰ ਰਹੀ ?

(12) ਉਹ ਕਲ੍ਹ ਸਾਡੇ ਘਰ ਰਹੇ ਹਨ ?

C. VOCABULARY

ਕਾਕਾ	'name given to small child'
ਰਹਿੰਦਿਆਂ	'staying'
ਲੇਟਣਾ	'to liedown'
ਖੜ੍ਹਾ ਹੋਣਾ	'to stand up'
ਫਰਕ	'difference'
ਬਿਸਤਰ	'bed'
ਫਰਕ ਪੈਣਾ	'to get relief'
ਠੀਕ ਹੋ ਜਾਣਾ	'to become alright
ਕਿੰਨਾ ਚਿਰ	'how long'

D. NOTES

1. In these lessons subordinate verbal phrases have been introduced. Subordinate verbal phrases precede the main verbal phrases and can be distinguished by using a different set of markers. There are three common ones are. The present perfect, the psat perfect and the base stem plus ਕੇ

2. The present perfective form of verb is formed by adding ਦਿਆਂ and ਅੰਦਿਆਂ to consonantal and vowal ending verb roots respectively. This form does not change for gender and number.

Verb Stem	Present Perfect Form
ਪੜ੍ਹ	ਪੜ੍ਹਦਿਆਂ
ਲਿਖ	ਲਿਖਦਿਆਂ
ਆ	ਆਉਂਦਿਆਂ
ਰਹਿ	ਰਹਿੰਦਿਆਂ
ਜਾ	ਜਾਂਦਿਆਂ

1 ਮੈਨੂੰ ਇੱਥੇ ਰਹਿੰਦਿਆਂ ਚਾਰ ਮਹੀਨੇ ਹੋ ਗਏ ਹਨ।	I have been living here since last four months.
2 ਮੈਂ ਪੜ੍ਹਤਿਆਂ ਪੜ੍ਹਦਿਆਂ ਸੌਂ ਗਿਆ।	I slept while reading.
3 ਨੌਕਰ ਰੋਟੀ ਬਣਾਉਂਦਾ ਹੀ ਚਲਾ ਗਿਆ।	The servant left after cooking the food.
4 ਉਹ ਕੰਮ ਖਤਮ ਕਰਦਿਆਂ ਸਾਰ ਹੀ ਚਲੀ ਜਾਂਦੀ ਹੈ।	She leaves as soon as she finishes her work.

Present perfect may be iterated for emphasis, see example two. The emphatic particle ਹੀ/ਈ is added to give the meaning 'as soon as'. ਸਾਰ is an emphatic parcticle. It can be used also or it can be followed by ਹੀ also.

3. The past perfect form of the verb is formed by adding ਦਿਆਂ to the past stem. This form does not change for gender and number.

ਬਿਨਾਂ ਰੋਟੀ ਖਾਧਿਆਂ ਕੰਮ ਨਹੀਂ ਚਲਣਾ।	It will not go on without eating food.
ਤੁਹਾਡੇ ਬਿਨਾਂ ਗਿਆਂ ਕੰਮ ਨਹੀਂ ਹੋਣਾ।	The work will not be done without your presence.
ਉਹ ਬਿਨਾਂ ਬੋਲਿਆਂ ਚਲਾ ਗਿਆ।	He left without talking.

4. The base stem plus/ਕੇ/

ਉਹ ਰੋਟੀ ਖਾਕੇ ਚਲਾ ਗਿਆ ਹੈ।	He has left after eating food.
ਮੈਂ ਕੰਮ ਕਰਕੇ ਆਵਾਂਗੀ।	I will come after finishing the work.

The masculine plural form of present participle and past participle is used in free variation without change in gender and number with present perfective and past perfective form.

ਉਹ ਬਿਨਾਂ ਕੰਮ ਕੀਤਿਆਂ ਚਲਾ ਗਿਆ। ਉਹ ਬਿਨਾਂ ਕੰਮ ਕੀਤੇ ਚਲਾ ਗਿਆ।	He left without finishing the work.
ਉਹ ਕੰਮ ਕਰਦਿਆਂ ਕਰਦਿਆਂ ਥੱਕ ਗਈ ਹੈ। ਉਹ ਕੰਮ ਕਰਦੇ ਕਰਦੇ ਥੱਕ ਗਈ ਹੈ।	She has got tired while working.

UNIT XX Lesson 78

A Review Lesson

1. ਨੌਕਰ ਰੋਟੀ ਪਕਾਉਂਦਿਆਂ ਹੀ ਚਲਾ ਜਾਂਦਾ ਹੈ। Just after cooking food, the servant leaves.

ਮੈਂ ਕਿਤਾਬ ਹੱਥ ਵਿਚ ਫੜਦਿਆਂ ਹੀ ਸੌਂ ਜਾਂਦੀ ਹਾਂ। As soon as I take the book in my hand I get sleep.

ਉਹਨੂੰ ਘਰ ਪਹੁੰਚਦਿਆਂ ਸਾਰ ਹੀ ਝਿੜਕਾਂ ਪੈਣਗੀਆਂ As soon as he will reach home, he will get abuses.

ਸਾਨੂੰ ਇੱਥੇ ਰਹਿੰਦਿਆਂ ਨੂੰ ਚਾਰ ਮਹੀਨੇ ਹੋ ਗਏ ਹਨ। Since last four months we have been staying here.

2. ਮੈਂ ਕਪੜੇ ਧੋਂਦਿਆਂ ਧੋਂਦਿਆਂ ਥੱਕ ਗਈ ਹਾਂ। While washing clothes I have got tired.

ਤੁਸੀਂ ਸਾਰਾ ਦਿਨ ਕੰਮ ਕਰਦਿਆਂ ਕਰਦਿਆਂ ਥੱਕਦੇ ਨਹੀਂ। You do not get tired while working whole day.

ਲਿਖਦਿਆਂ ਲਿਖਦਿਆਂ ਮੇਰੇ ਹੱਥ ਥੱਕ ਗਏ ਹਨ। While writing my hands have got tired.

3. ਬਿਨਾਂ ਕੰਮ ਕੀਤਿਆਂ ਰੋਟੀ ਨਹੀਂ ਮਿਲਦੀ। Without doing work you don't get food.

ਮੈਨੂੰ ਉਹਦੇ ਘਰ ਗਿਆਂ ਮੁੱਦਤਾਂ ਹੋ ਗਈਆਂ ਹਨ। Since long I have gone to his home.

ਬਿਨਾਂ ਰੋਟੀ ਖਾਧਿਆਂ ਉਹ ਚਲਾ ਗਿਆ। He left without taking meals.

ਬਿਨਾਂ ਕਪੜੇ ਧੋਤਿਆਂ ਗੁਜ਼ਾਰਾ ਨਹੀਂ ਹੁੰਦਾ। Without washing clothes you can not pull on

4. ਤੁਸੀਂ ਰੋਟੀ ਖਾ ਕੇ ਜਾਣਾ। — You go after eating food.

ਮੈਂ ਕਿਤਾਬ ਪੜ੍ਹ ਕੇ ਸੰਵਾਂਗੀ। — I will sleep after reading the book.

ਅਸੀਂ ਸਕੂਲੋਂ ਆਕੇ ਬਜਾਰ ਜਾਵਾਂਗੇ। — We will go to bazar after returning from the school.

ਉਹ ਚਿੱਠੀ ਲਿਖ ਕੇ ਰੱਖ ਗਿਆ ਹੈ। — He has kept the letter after writing it.

A. EXERCISES

1. Change the form of the words given in brackets appropriately and fill up the blanks.

(1) ਉਹ ਕਪੜੇ.....ਥੱਕ ਗਈ ਹੈ। (ਧੋ...ਧੋ...)
(2) ਤੁਹਾਨੂੰ ਕਿਤਾਬ ਹੱਥ ਵਿਚ.....ਹੀ ਨੀਂਦ ਆਉਣ ਲਗਦੀ ਹੈ। (ਫੜ...)
(3) ਮੈਨੂੰ.....ਦੇਰ ਹੋ ਗਈ ਹੈ। (ਆ...ਆ...)
(4) ਉਹ.....ਕੇ ਚਲਾ ਗਿਆ ਹੈ। (ਖਾ...)
(5) ਉਹ ਰੋਟੀ ਬਿਨਾਂ.....ਚਲਾ ਗਿਆ ਹੈ। (ਖਾ...)
(6) ਉਹ ਰੋਟੀ..... ਸਾਰ ਹੀ ਚਲੀ ਗਈ ਸੀ । (ਪਕਾ...)
(7) ਮੈਂ ਕੰਮ.....ਕੇ ਆਵਾਂਗਾ। (ਕਰ...)
(8) ਬਿਨਾਂ ਕੰਮ.....ਪੈਸੇ ਨਹੀਂ ਮਿਲਦੇ (ਕਰ..)
(9) ਮੈਨੂੰ ਇੱਥੇ.....ਦੋ ਮਹੀਨੇ ਹੋ ਗਏ ਹਨ (ਆ....)
(10) ਤੁਹਾਨੂੰ ਇੱਥੇ.....ਕਿੰਨੇ ਸਾਲ ਹੋ ਗਏ ਹਨ। (ਰਹਿ..)

2. Answer the following questions.

(1) ਕੀ ਤੁਹਾਨੂੰ ਪੜ੍ਹਾਈ ਕਰਦਿਆਂ ਸਾਰ ਨੌਕਰੀ ਮਿਲ ਜਾਏਗੀ ?
(2) ਕੀ ਤੁਹਾਡੇ ਉੱਥੇ ਪਹੁੰਚਦਿਆਂ ਹੀ ਗੱਡੀ ਆ ਗਈ ਸੀ ?
(3) ਉਹ ਕਿਤਾਬ ਪੜ੍ਹਦਿਆਂ ਕੀ ਕਰ ਰਿਹਾ ਹੈ ?
(4) ਕੀ ਉਹ ਰੋਟੀ ਪਕਾਂਦਿਆਂ ਹੀ ਚਲੀ ਗਈ ਸੀ ?
(5) ਤੁਹਾਨੂੰ ਇੱਥੇ ਰਹਿੰਦਿਆਂ ਕਿੰਨਾ ਚਿਰ ਹੋ ਗਿਆਂ ਹੈ।
(6) ਕੀ ਉਹ ਰੋਟੀ ਖਾ ਕੇ ਗਿਆ ਹੈ ?
(7) ਤੁਸੀਂ ਉਹਨੂੰ ਰੋਟੀ ਬਿਨਾਂ ਖਾਧਿਆ ਕਿਉਂ ਜਾਣ ਦਿੱਤਾ ਹੈ ?
(8) ਤੁਹਾਨੂੰ ਇੱਥੇ ਆਇਆਂ ਕਿੰਨੇ ਮਹੀਨੇ ਹੋ ਗਏ ਹਨ ?
(9) ਤੁਸੀਂ ਪਾਠ ਪੜ੍ਹਕੇ ਕਿਉਂ ਨਹੀਂ ਆਏ ?
(10) ਕੀ ਤੁਸੀਂ ਕੰਮ ਕਰਕੇ ਆਏ ਹੋ ?

3. Write down the present perfactive from the following verbs and use them in your own sentences.

ਖਾ, ਪੀ, ਲੈ, ਪੜ੍ਹ, ਕਰ ਲਿਖ ।

4. Write downthe past perfective form of the following verbs and use them in your own sentences.

ਖਾ..., ਜਾ..., ਆ..., ਕਰ..., ਧੋ..., ਪੜ੍ਹ..,

C. VOCABULARY

ਝਿੜਕਾਂ ਪੈਣੀਆਂ	'to get abuses'
ਮੱਦਤਾਂ	'since long'

UNIT XXI — Lesson 79

Talk about study

ਰਾਮ : ਤੁਸੀਂ ਖਾਣਾ ਖਾ ਚੁੱਕੇ ਹੋ ?	Have you finished eating your food ?
ਸੁਰਜੀਤ : ਹਾਂ ਜੀ ਖਾ ਚੱਕਾ ਹਾਂ। ਕੀ ਗੱਲ ਹੈ ?	Yes, I have finished my food. What is the matter ?
ਰਾਮ : ਮੈਂ ਸੈਰ ਕਰਨ ਜਾਣ ਲੱਗਾ ਹਾਂ। ਸੋਚਿਆ ਤੁਹਾਨੂੰ ਵੀ ਬੁਲਾ ਲਵਾਂ।	I am going to have a walk. I thought, I would call you also.
ਸੁਰਜੀਤ : ਮੇਰਾ ਤਾਂ ਸਿਰ ਦੁਖ ਰਿਹਾ ਹੈ। ਮੈਂ ਤਾਂ ਸੌਂਣ ਲੱਗਾ ਹਾਂ।	I am having a headache. I am going to sleep.
ਰਾਮ : ਕੀ ਤੁਸੀਂ ਉਹ ਨਾਵਲ ਪੜ੍ਹ ਚੁੱਕੇ ਹੋ ਜੋ ਕਲ੍ਹ ਕਲਾਸ ਵਿੱਚ ਪੜ੍ਹਾਇਆ ਜਾਣਾ ਹੈ ?	Have you read that novel which is going to be taught in the class ?
ਸੁਰਜੀਤ : ਹਾਂ ਮੈਂ ਉਹ ਨਾਵਲ ਪੜ੍ਹ ਚੁੱਕਾ ਹਾਂ।	Yes, I have finished reading that novel.
ਰਾਮ : ਕੀ ਤੁਸੀਂ ਅੱਜ ਰਾਤ ਲਈ ਉਹ ਨਾਵਲ ਦੇ ਸੱਕਦੇ ਹੋ ? ਮੇਰਾ ਨਾਵਲ ਗੁਆਚ ਗਿਆ ਹੈ।	Can you give me that novel for to night ? My copy has been lost.
ਸੁਰਜੀਤ : ਲੈ ਲਓ ਪਰ ਕਲ੍ਹ ਕਲਾਸ ਵਿੱਚ ਜ਼ਰੂਰ ਲੈ ਆਉਣਾ।	Take it. But you must bring it to the class.
ਰਾਮ : ਕੀ ਤੁਸੀਂ ਕਹਾਣੀ ਦਾ ਉਦੇਸ਼ ਲਿਖ ਚੁੱਕੇ ਹੋ ?	Have you written the aim of the story ?
ਸੁਰਜੀਤ : ਉਹ ਮੈਂ ਨਹੀਂ ਲਿਖਿਆ। ਜਦੋਂ ਵੀ ਮੈਂ ਕੰਮ ਕਰਨ ਲਗਦਾ ਹਾਂ ਕੋਈ ਨਾ ਕੋਈ ਆ ਜਾਂਦਾ ਹੈ।	That I haven't written. Whenever I start doing work some one comes.

ਰਾਮ : ਜਦੋਂ ਤੁਸੀਂ ਲਿਖ ਚੁੱਕਣਾ ਤਾਂ ਮੈਨੂੰ ਜ਼ਰੂਰ ਵਿਖਾਉਣਾ।

When you finish writing then please you must show me.

ਸੁਰਜੀਤ : ਠੀਕ ਹੈ। ਵੇਖ ਲੈਣਾ। ਪਰ ਨਕਲ ਕਰਨ ਲਈ ਨਹੀਂ ਦੇ ਸਕਾਂਗਾ। ਜੇ ਇਕੋ ਜਿਹਾ ਹੋ ਜਾਏਗਾ। ਤਾਂ ਨੰਬਰਾਂ ਵਿੱਚ ਫਰਕ ਪੈ ਜਾਏਗਾ।

Alright. You can see. But I will not be able to give you for copying. If it is the same, it will make difference in marking.

ਰਾਮ : ਫਿਕਰ ਨਹੀਂ ਕਰੋ। ਨੰਬਰਾਂ ਵਿੱਚ ਫਰਕ ਨਹੀਂ ਪਏਗਾ। ਮੈਂ ਆਪਣਾ ਹੀ ਲਿਖਾਂਗਾ।

Don't worry. It will not maey any difference in marking. I will write according to my style.

A. DRILLS

1. Repetition Drill

ਮੈਂ ਖਾਣਾ ਖਾ ਚੁੱਕਾ ਹਾਂ।
ਤੂੰ ਪਾਣੀ ਪੀ ਚੁੱਕਾ ਹੈਂ।
ਉਹ ਪਾਠ ਪੜ੍ਹ ਚੁੱਕਾ ਹੈ।
ਅਸੀਂ ਵਾਰੀ ਲੈ ਚੁੱਕੇ ਹਾਂ।
ਤੁਸੀਂ ਪਾਠ ਲਿਖ ਚੁੱਕੇ ਹੋ ?
ਉਹ/ਮੁੰਡੇ ਚਾਹ ਪੀ ਚੁੱਕੇ ਹਨ।
ਮੈਂ ਤੁਹਾਡਾ ਹੀ ਕੰਮ ਕਰਨ ਲੱਗਾ ਹਾਂ।
ਤੁਸੀਂ ਕੀ ਖਾਣ ਲੱਗੇ ਹੋ ?
ਉਹ ਪਾਠ ਪੜ੍ਹਨ ਲੱਗਾ ਹੈ।
ਉਹ ਚਿੱਠੀਆਂ ਲਿਖਣ ਲੱਗੇ ਹਨ।
ਉਹ ਕੰਮ ਕਰਨ ਲੱਗੀ ਹੈ।
ਉਹ ਕੀ ਸਿਉਣ ਲੱਗੀਆਂ ਹਨ।
ਉਹ ਬਜਾਰ ਜਾਣ ਲੱਗੇ ਸਨ।

ਇਹ ਕੁੜੀ ਵਾਰੀ ਲੈ ਚੁੱਕੀ ਹੈ।
ਮੈਂ ਪਾਠ ਪੜ੍ਹ ਚੁੱਕੀ ਹਾਂ।
ਤੁਸੀਂ ਚਿਠੀਆਂ ਲਿਖ ਚੁੱਕੀਆਂ ਹੋ ?
ਅਸੀਂ ਕੰਮ ਖਤਮ ਕਰ ਚੁੱਕੀਆਂ ਹਾਂ।
ਤੂੰ ਕਪੜੇ ਧੋ ਚੁੱਕੀ ਹੈਂ ?
ਜਦੋਂ ਉਹ ਆਈ ਮੈਂ ਕੰਮ ਕਰ ਚੁੱਕਾ ਸਾਂ।
ਜਦੋਂ ਵੀ ਮੈਂ ਕੰਮ ਕਰਨ ਲਗਦੀ ਹਾਂ ਕੋਈ ਨਾ ਕੋਈ ਆ ਜਾਂਦਾ ਹੈ। ਮੈਂ ਇਹ ਕੰਮ ਨਹੀਂ ਕਰ ਸੱਕਦਾ।
ਤੁਸੀਂ ਇਹ ਕੰਮ ਕਰ ਸੱਕੋਗੇ ?
ਉਹ ਮੇਰਾ ਇਕ ਛੋਟਾ ਜਿਹਾ ਕੰਮ ਨਹੀਂ ਕਰ ਸੱਕਿਆ/ਸੱਕਾ।
ਤੁਹਾਡਾ ਕੰਮ ਕੀ ਕਰੇਗਾ ?
ਮੈਂ ਤੁਹਾਡੇ ਨਾਲ ਜਾ ਸੱਕਦੀ ਹਾਂ।

2. Transformation Drill

Model 1

1 ਮੈਂ ਖਾਣਾ ਖਾ ਚੁੱਕਾ ਹਾਂ।
ਮੈਂ ਖਾਣਾ ਖਾ ਚੁੱਕੀ ਹਾਂ।
(1) ਮੈਂ ਕੰਮ ਕਰ ਚੁੱਕਾ ਹਾਂ।
(2) ਮੈਂ ਕਪੜੇ ਧੋ ਚੁੱਕਾ ਹਾਂ।
(3) ਅਸੀਂ ਸਫਾਈ ਕਰ ਚੁੱਕੇ ਹਾਂ।
(4) ਤੁਸੀਂ ਇਹ ਨਾਵਲ ਪੜ੍ਹ ਚੁੱਕੇ ਹੋ।
(5) ਉਹ ਚਿੱਠੀ ਲਿਖ ਚੁੱਕੇ ਹਨ।

Model 2

2 ਮੈਂ ਬਾਹਰ ਜਾਣ ਲੱਗਾ ਹਾਂ।
ਮੈਂ ਬਾਹਰ ਜਾਣ ਲੱਗੀ ਹਾਂ।
(1) ਮੈਂ ਕੰਮ ਕਰਨ ਲੱਗਾ ਹਾਂ।
(2) ਮੈਂ ਸੌਂਣ ਲੱਗਾ ਹਾਂ।
(3) ਉਹ ਪੜ੍ਹਨ ਲੱਗਾ ਹੈ।
(4) ਅਸੀਂ ਰੋਟੀ ਖਾਣ ਲੱਗੇ ਹਾਂ।
(5) ਤਸੀਂ ਚਿੱਠੀ ਲਿਖਣ ਲੱਗੇ ਹੋ।

3. Response Drill

Model

ਕੀ ਤੁਸੀਂ ਖਾਣਾ ਖਾ ਚੁੱਕੇ ਹੋ ? (ਹਾਂ ਜੀ)
ਹਾਂ ਜੀ ਮੈਂ ਖਾਣਾ ਖਾ ਚੁੱਕਾ ਹਾਂ।

(1) ਕੀ ਤੁਸੀਂ ਨਾਵਲ ਪੜ੍ਹ ਚੁੱਕੇ ਹੋ ? (ਹਾਂ ਜੀ)
(2) ਕੀ ਉਹ ਬਜ਼ਾਰ ਜਾਣ ਲੱਗਾ ਹੈ ? (ਨਹੀਂ ਜੀ)
(3) ਕੀ ਤੂੰ ਕੰਮ ਕਰ ਚੁੱਕਾ ਹੈਂ ? (ਹਾਂ ਜੀ)
(4) ਕੀ ਤੁਸੀਂ ਖਾਣਾ ਖਾਣ ਲੱਗੇ ਹੋ ? (ਹਾਂ ਜੀ)
(5) ਕੀ ਤੁਸੀਂ ਉਹ ਪਿਕਚਰ ਵੇਖ ਚੁੱਕੇ ਹੋ ? (ਨਹੀਂ ਜੀ)
(6) ਕੀ ਸ਼ੀਲਾ ਪੜ੍ਹਨ ਲੱਗੀ ਹੈ ? (ਨਹੀਂ ਜੀ)

B. EXERCISES

1. Fill in the blanks with appropriate words.

(1) ਮੈਂ ਪਾਠ ਪੜ੍ਹ ਚੁੱਕਾ.....
(2) ਅਸੀਂ ਖਾਣਾ ਖਾਣ ਲੱਗੇ.....,...
(3) ਉਹ ਪਾਠ ਲਿਖਣ ਲੱਗੀਆਂ.....
(4) ਕੁੜੀ ਕੰਮ ਕਰਨ.....ਹੈ।
(5) ਅਸੀਂ ਖਾਣਾ ਖਾ ਚੁੱਕੇ.....
(6) .....ਚਾਹ ਪੀ ਚੁੱਕਾ ਹੈ।
(7) ਮੁੰਡੇ ਪਾਠ ਲਿਖ ਚੁੱਕੇ .....
(8) ਤੁਸੀਂ ਚਿੱਠੀ ਲਿਖ ਚੁੱਕੇ.....
(9) ਕੁੜੀਆਂ ਕੰਮ ਖਤਮ ਕਰ.....ਹਨ।
(10) ਕੁੜੀ ਕਪੜੇ ਧੋਣ.....,... ਹੈ।
(11) ਮੁੰਡੇ ਬਜ਼ਾਰ ਜਾਣ ..... ਹਨ।
(12) ਮੈਂ ਪੰਜਾਬੀ ਬੋਲ ਸੱਕਦਾ.....
(13) ਤੁਸੀਂ ਪੰਜਾਬੀ ਲਿਖ ਸੱਕਦੇ.....
(14) ਜਦੋਂ ਉਹ ਆਈ ਮੈਂ ਕੰਮ ਕਰ.....ਸਾਂ।

2. Transform the following sentences as per the model given below.

Model

ਮੈਂ ਖਾਣਾ ਖਾਧਾ ਹੈ।
ਮੈਂ ਖਾਣਾ ਖਾ ਚੁੱਕਾ ਹਾਂ।

(1) ਅਸੀਂ ਰੋਟੀ ਪਕਾਈ ਹੈ।
(2) ਤੁਸੀਂ ਕਪੜੇ ਧੋਤੇ ਹਨ।
(3) ਤੂੰ ਪਾਠ ਪੜ੍ਹਿਆ ਹੈ।
(4) ਰਾਮ ਨੇ ਕਮਰਾ ਸਾਫ਼ ਕੀਤਾ ਹੈ।
(5) ਉਨ੍ਹਾਂ ਨੇ ਚਿੱਠੀ ਲਿਖੀ ਹੈ।
(6) ਮੈਂ ਪਾਠ ਯਾਦ ਕੀਤਾ ਹੈ।
(7) ਸ਼ੀਲਾ ਨੇ ਸਾੜ੍ਹੀਆਂ ਤਹਿ ਕੀਤੀਆਂ ਹਨ।
(8) ਤੁਸੀਂ ਸਮਾਨ ਖਰੀਦਿਆ ਹੈ।

3. Transform the following sentences into indefinite tense, past perfect tense and future tense.

(1) ਮੈਂ ਖਾਣਾ ਬਣਾ ਸੱਕਦੀ ਹਾਂ।
(2) ਉਹ ਕਪੜੇ ਸੀ ਸੱਕਦੇ ਹਨ।
(3) ਤੂੰ ਪੰਜਾਬੀ ਚੰਗੀ ਤਰ੍ਹਾਂ ਲਿਖ ਸੱਕਦੀ ਹੈਂ ?
(4) ਮੈਂ ਪੰਜਾਬੀ ਚੰਗੀ ਤਰ੍ਹਾਂ ਪੜ੍ਹ ਸੱਕਦਾ ਹਾਂ।
(5) ਉਹ ਪੰਜਾਬੀ ਬੋਲ ਸੱਕਦਾ ਹੈ।
(6) ਤੁਸੀਂ ਮੇਰਾ ਕੰਮ ਕਰ ਸੱਕਦੇ ਹੋ ?
(7) ਅਸੀਂ ਬਜਾਰ ਤੁਹਾਡੇ ਨਾਲ ਅੱਜ ਨਹੀਂ ਜਾ ਸੱਕਦੇ।
(8) ਤੂੰ ਉਹਦਾ ਕੰਮ ਕਰ ਸੱਕਦਾ ਹੈਂ ?
(9) ਉਹ ਤੁਹਾਡਾ ਕੰਮ ਨਹੀਂ ਕਰ ਸੱਕਦੀ।
(10) ਇਹ ਕੁੜੀਆਂ ਤੁਹਾਡੇ ਨਾਲ ਨਹੀਂ ਜਾ ਸੱਕਦੀਆਂ।
(11) ਮੈਂ ਪੰਜਾਬੀ ਲਿਖ ਸੱਕਦਾ ਹਾਂ।
(12) ਤੂੰ ਪੰਜਾਬੀ ਪੜ੍ਹ ਸੱਕਦੀ ਹੈਂ ?

4. Transform the following affirmative sentences into negative sentences.

(1) ਮੈਂ ਖਾਣਾ ਖਾ ਚੁੱਕਾ ਹਾਂ।
(2) ਤੁਸੀਂ ਖਾਣਾ ਖਾਣ ਲੱਗੇ ਹੋ ?
(3) ਉਹ ਸੌਂਣ ਲੱਗਾ ਹੈ।
(4) ਉਹ ਜਾ ਸੱਕਦਾ ਹੈ।
(5) ਮੈਂ ਕੰਮ ਕਰ ਸੱਕਦਾ ਹਾਂ।
(6) ਤੁਸੀਂ ਇਹ ਕੰਮ ਕਰ ਸੱਕੋਗੇ ?
(7) ਅਸੀਂ ਖੇਡ ਚੁੱਕੇ ਹਾਂ।
(8) ਤੂੰ ਇਹ ਨਾਵਲ ਪੜ੍ਹ ਚੁੱਕਾ ਹੈਂ ?

C. VOCABULARY

ਗੁਆਚ ਜਾਣਾ	'to get lost'
ਉਦੇਸ਼	'aim'
ਨਕਲ ਕਰਨਾ	'to copy'
ਇਕੋ ਜਿਹਾ	'alike'
ਵਾਰੀ	'run'
ਤਹਿ ਕਰਨਾ	'to fold'

UNIT XXI

Lesson 80

I have to walk

ਰਾਮ : ਤੁਹਾਡਾ ਸਕੂਲ ਤੁਹਾਡੇ ਘਰ ਤੋਂ ਕਿੰਨੀ ਦੂਰ ਹੈ? How far is your school from your home ?

ਸੁਰਜੀਤ : ਮੇਰਾ ਸਕੂਲ ਅੱਠ ਕਿਲੋਮੀਟਰ ਦੂਰ ਹੈ। ਬਸ ਤੇ ਜਾਂਦਾ ਹਾਂ। ਪਰ ਬਸ ਸਿਰਫ ਵੱਡੀ ਸੜਕ ਤੱਕ ਜਾਂਦੀ ਹੈ। ਅਗੋਂ ਦੋ ਕਿਲੋ ਮੀਟਰ ਤੁਰ ਕੇ ਜਾਣਾ ਪੈਂਦਾ ਹੈ।

My school is eight kilo meter. away. I go by bus. But the bus goes upto main road. Afterwards I have to walk two kilo meters.

ਰਾਮ : ਤਾਂ ਤੇ ਫਿਰ ਮੀਂਹ, ਗਰਮੀ ਵਿਚ ਬਹੁਤ ਦਿੱਕਤ ਹੁੰਦੀ ਹੋਵੇਗੀ। ਤੁਸੀਂ ਉੱਥੇ ਹੀ ਕਮਰਾ ਕਿਉਂ ਨਹੀਂ ਲੈ ਲੈਂਦੇ।

Then it would be quite diff icult in rain or summer. Why don't you take room there itself ?

ਸੁਰਜੀਤ : ਉੱਥੇ ਰਹਿਣਾ ਤਾਂ ਮੁਮਕਿਨ ਨਹੀਂ ਇਸ ਲਈ ਆਉਣਾ ਜਾਣਾ ਤਾਂ ਪਏਗਾ ਹੀ। ਹੁਣ ਤਾਂ ਆਦਤ ਪੈ ਗਈ ਹੈ। ਫਰਕ ਨਹੀਂ ਪੈਂਦਾ।

It is not possible to stay there. There fore I will have to come and go. Now it has become the habit. It hardly matters.

ਰਾਮ : ਤੁਸੀਂ ਇਸ ਸਨਿਚਰਵਾਰ ਲੁਧਿਆਣੇ ਜਾ ਰਹੇ ਹੋ ? Are you going to Ludhiana this Saturday ?

ਸੁਰਜੀਤ : ਹਾਂ ਜਾ ਤਾਂ ਰਿਹਾ ਹਾਂ ? ਕੀ ਗੱਲ ਹੈ ? Yes of course I am going. What is the matter ?

ਰਾਮ : ਤੁਹਾਨੂੰ ਮੇਰਾ ਇਕ ਕੰਮ ਕਰਨਾ ਪਏਗਾ। You will have to do a work for me ?

ਸੁਰਜੀਤ : ਕੀ ਕੰਮ ਹੈ ? What is the work ?

ਰਾਮ : ਮੇਰੇ ਲਈ ਇਕ ਕੰਬਲ ਲਿਆਉਣਾ ਪਵੇਗਾ। You will have to bring a blanket for me.

ਸ੍ਰੀ ਰਜੀਤ: ਇਹ ਵੀ ਕੋਈ ਕੰਮ ਹੈ ? ਜ਼ਰੂਰ ਲਿਆਵਾਂਗਾ ਪਰ ਰੁਪਏ ਪਹਿਲੇ ਦੇਣੇ ਪੈਣਗੇ । ਮੇਰੇ ਕੋਲ ਪੈਸੇ ਘੱਟ ਹਨ ।

It is nothing. I will bring it definitely. But you have to give money before hand. I have got les money with me.

ਰਾਮ: ਉਹ ਤੁਸੀਂ ਭਾਵੇਂ ਹੁਣੇ ਲੈ ਲਓ ।

That you can take right now.

A. DRILLS

1. Repetition Drill

ਭਾਵੇਂ ਉਹ ਆਵੇ ਜਾਂ ਨਾ ਆਵੇ ਤੁਹਾਨੂੰ ਜ਼ਰੂਰ ਆਉਣਾ ਪਏਗਾ ।
ਮੈਨੂੰ ਹਰ ਵਾਰੀ ਆਉਣਾ ਪੈਂਦਾ ਹੈ।
ਤੁਹਾਨੂੰ ਸਾਡੇ ਨਾਲ ਚਾਹ ਪੀਣੀ ਪਏਗੀ ।
ਵਿਆਹ ਵਿੱਚ ਨਵੇਂ ਕਪੜੇ ਸੁਆਉਣੇ ਪੈਂਦੇ ਹਨ।
ਇਸ ਲਈ ਮੈਨੂੰ ਪੈਸੇ ਹੁਦਾਰ ਲੈਣੇ ਪਏ ।
ਤੁਹਾਨੂੰ ਉੱਥੇ ਕਿੰਨੇ ਵਜੇ ਤਕ ਰਹਿਣਾ ਪੈਂਦਾ ਹੈ ?
ਸਾਨੂੰ ਸਾਢੇ ਚਾਰ ਵਜੇ ਤਕ ਰਹਿਣਾ ਪੈਂਦਾ ਹੈ।
ਕੱਲ੍ਹ ਤੁਹਾਨੂੰ ਜਲਦੀ ਆਉਣਾ ਪਏਗਾ ।

2. Substitution Drill

1 ਮੈਨੂੰ ਘਰ ਜਾਣਾ ਪਏਗਾ । (ਜਾ...)
(ਆ...)
(ਬੈਠ...)
(ਰਹਿ...)

2 ਸਾਨੂੰ ਰੋਟੀ ਖਾਣੀ ਪਏਗੀ। (ਖਾ...)
(ਪਕਾ..)
(ਬਣਾ...)
(ਲਿਆ..)

3. Transformation Drill

Model 1

ਮੈਨੂੰ ਕਾਪੀ ਖਰੀਦਣੀ ਪਏਗੀ ।
ਮੈਨੂੰ ਕਾਪੀਆਂ ਖਰੀਦਣੀਆਂ ਪੈਣਗੀਆਂ ।

(1) ਸਾਨੂੰ ਕਿਤਾਬ ਲੈਣੀ ਪਏਗੀ ।
(2) ਤੁਹਾਨੂੰ ਪੈਨਸਿਲ ਲਿਆਉਣੀ ਪਵੇਗੀ ।
(3) ਉਹ ਨੂੰ ਰੋਟੀ ਪਕਾਉਣੀ ਪਏਗੀ।

Model 2

ਮੈਨੂੰ ਸਾਰਾ ਕੰਮ ਕਰਨਾ ਪੈਂਦਾ ਹੈ।
ਮੈਨੂੰ ਸਾਰੇ ਕੰਮ ਕਰਨੇ ਪੈਂਦੇ ਹਨ ।

(1) ਸਾਨੂੰ ਪਾਠ ਪੜ੍ਹਨਾ ਪੈਂਦਾ ਹੈ।
(2) ਤੁਹਾਨੂੰ ਕਮਰਾ ਧੋਣਾ ਪੈਂਦਾ ਹੈ।
(3) ਉਹਨੂੰ ਖਤ ਲਿਖਣਾ ਪੈਂਦਾ ਹੈ ।

Model 3

ਮੈਨੂੰ ਕੰਬਲ ਲਿਆਉਣਾ ਪਿਆ ।
ਮੈਨੂੰ ਕੰਬਲ ਲਿਆਉਣੇ ਪਏ ।

(1) ਸਾਨੂੰ ਪੱਖਾ ਖਰੀਦਣਾ ਪਿਆ।
(2) ਉਹਨੂੰ ਸਵੈਟਰ ਬਣਵਾਉਣਾ ਪਿਆ।
(3) ਉਹਨਾਂ ਨੂੰ ਕਮਰਾ ਖਾਲੀ ਕਰਨਾ ਪਿਆ ।

B. EXERCISES

1. Change the following predicative phrases into past indefinite tense and future tense as per the model given below

Model

ਖਾਣਾ ਖਾਣਾ ਪੈਂਦਾ ਹੈ।

(1) ਖਾਣਾ ਖਾਣਾ ਪਿਆ।
(2) ਖਾਣਾ ਖਾਣਾ ਪਏਗਾ।

(1) ਕੰਮ ਕਰਨਾ ਪੈਂਦਾ ਹੈ।
(2) ਗਰਮੀ ਵਿੱਚ ਪੱਖਾ ਖਰੀਦਣਾ ਪੈਂਦਾ ਹੈ।
(3) ਕੰਮ ਕਰਨ ਲਈ ਕਾਪੀ ਲੈਣੀ ਪੈਂਦੀ ਹੈ।
(4) ਪੈਨਸਿਲ ਦੇਣੀ ਪੈਂਦੀ ਹੈ।
(5) ਕੰਬਲ ਬਣਵਾਉਣਾ ਪੈਂਦਾ ਹੈ।
(6) ਕਮਰਾ ਖਾਲ੍ਹੀ ਕਰਨਾ ਪੈਂਦਾ ਹੈ।
(7) ਕਮਰੇ ਧੋਣੇ ਪੈਂਦੇ ਹਨ।
(8) ਰੋਟੀ ਪਕਾਉਣੀ ਪੈਂਦੀ ਹੈ।
(9) ਗੱਲਾਂ ਸੁਣਨੀਆਂ ਪੈਂਦੀਆਂ ਹਨ।
(10) ਕਮੀਜ਼ ਦੇਣੀ ਪੈਂਦੀ ਹੈ।

2. Fill up the blanks with appropriate words.

(1) ਮੈਨੂੰ ਘਰ.....ਪਏਗਾ।
(2) ਤਹਾਨੂੰ ਇਹ ਕੰਮ.....ਪਏਗਾ।
(3) ਸਾਨੂੰ ਸਵੈਟਰ.....,ਪਏਗਾ।
(4) ਉਹਨੂੰ ਸਾੜ੍ਹੀ.....ਪਏਗੀ।
(5) ਉਨ੍ਹਾਂ ਨੂੰ.....ਦੱਸਣੀ ਪਏਗੀ।
(6) ਮੈਨੂੰ ਘਰ ਜਲਦੀ.....ਪੈਂਦਾ ਹੈ।
(7) ਤੁਹਾਨੂੰ ਕਿੰਨੇ ਵਜੇ ਜਾਣਾ.....।
(8) ਉਹਨੂੰ ਪਾਠ ਯਾਦ ਕਰਨਾ.....।
(9) ਤੈਨੂੰ ਚਾਹ.....ਪਏਗੀ।
(10) ਤੁਹਾਨੂੰ ਰੋਟੀਆਂ ਪਕਾਉਣੀਆਂ.....।

3. Use the following verbs into present indefinite tense, past indefinite and future tense.

ਜਾਣਾ ਪੈਣਾ, ਕਰਨਾ ਪੈਣਾ, ਲੈਣਾ ਪੈਣਾ ਆਉਣਾ ਪੈਣਾ, ਦੇਣਾ ਪੈਣਾ, ਖਰੀਦਣਾ ਪੈਣਾ, ਖਾਣਾ ਪੈਣਾ, ਪੀਣਾ ਪੈਣਾ, ਵੇਚਣਾ ਪੈਣਾ, ਧੋਣਾ ਪੈਣਾ।

C. VOCABULARY

ਹੁਦਾਰ	'loan'
ਕੰਬਲ	'blanket'
ਜਾਣਾ ਪੈਣਾ	'have to go
ਦਿੱਕਤ ਹੋਣਾ	'to be difficult'
ਭਾਵੇਂ	'though, whether'

D. NOTES

1. The ਪੈਣਾ verb is used for obligation or compulsion. The subject is in dative case followed by ਨੂੰ post position. This agrees with the object in gender and number. It can occur in all aspects, tenses and moods.

ਮੈਨੂੰ ਗੱਡੀ ਤੇ ਜਾਣਾ ਪਿਆ।	I had to go on the train
ਮੈਨੂੰ ਇਹ ਕਿਤਾਬ ਖਰੀਦਣੀ ਪਈ।	I had to buy this book.
ਸਾਨੂੰ ਪੈਦਲ ਜਾਣਾ ਪੈਂਦਾ ਹੈ।	We have to go on foot.

Infinitive form of intransitive verb remains unchanged i.e. always in masculine. The forms of ਪੈਣਾ verb are also unchanged i.e. it is in masculine singular. Infinitive form of transitive verb agrees with the object. The verb root plus ਪੈ- means 'to start.' The subject will be in direct case and the forms of ਪ will agree with the subject in gender and number.

ਉਹ ਤੁਰ ਪਿਆ।	He started walking.
ਉਹ ਤੁਰ ਪੈਂਦੀ ਹੈ।	She starts walking.

2. ਚੁੱਕ 'to finish', 'complete' is a type of model verb which has no exact equivalent in English neither structurally nor sementically. It shows completion of action. It agrees with the subject in gender and number

ਮੈਂ ਖਾਣਾ ਖਾ ਚੁੱਕਾ/ਚੁੱਕਿਆ ਹਾਂ।	I have finished eating food.
ਅਸੀਂ ਇਹ ਪਿਕਚਰ ਵੇਖ ਚੁੱਕੇ ਹਾਂ।	We have seen this picture.

In a construction with ਹੋ 'to be' the forms of ਚੁੱਕ agree with object such as ਕੰਮ, ਗੱਲ etc.

ਮੇਰਾ ਕੰਮ ਹੋ ਚੁੱਕਿਆ ਹੈ।	My work has been finished.
ਮੇਰੀ ਗੱਲ ਪੂਰੀ ਹੋ ਚੁੱਕੀ ਹੈ।	My talk has been finished.

3. ਸੱਕ- is an equivalent of English auxiliary 'can'. It occurs with verbs like ਬੋਲ- ਲਿਖ- ਜਾ- in root form always. The forms of ਸੱਕ- agree with the subject in gender and number. It conjugates like a verb in habitual perfective and future aspects.

ਮੈਂ ਪੰਜਾਬੀ ਬੋਲ ਸੱਕਦੀ ਹਾਂ।	I can speak Punjabi.
ਮੈਂ ਉੱਥੇ ਨਹੀਂ ਜਾ ਸੱਕਿਆ।	I could not go there.
ਉਹ ਤੁਹਾਡੇ ਘਰ ਨਹੀਂ ਆ ਸੱਕੇਗਾ।	He will not be able to come to your home.

4. The ਲੱਗਣਾ verb can be used as any other main verb but shades of meaning—change depending upon the construction and contexts involved. When it occurs with conditional infinitive form it means 'going to start'.

ਮੈਂ ਖਾਣਾ ਖਾਣ ਲੱਗਾ ਹਾਂ।	I am going to start eating food.

The forms of ਲੱਗ agree witht he subject in gender and number. The examples of other uses are as follows

ਏਥੋਂ ਦਿੱਲੀ ਜਾਣ ਵਿੱਚ ਤਿੰਨ ਘੰਟੇ ਲੱਗਦੇ ਹਨ।	It takes three hours from here to go to Delhi.
ਉਹਦੀ ਨੌਕਰੀ ਲੱਗ ਗਈ ਹੈ।	He has got the job.
ਕਿਹੜੀ ਪਿਕਚਰ ਲੱਗੀ ਹੋਈ ਹੈ ?	Which picture is going on ?
ਇਸ ਕੋਟ ਨੂੰ ਕਿੰਨਾ ਕਪੜਾ ਲੱਗਾ ਹੈ।	How much cloth have been used for this coat ?
ਕੀ ਤੁਹਾਨੂੰ ਠੰਢ ਨਹੀਂ ਲੱਗੇਗੀ ?	Will you not feel cold ?
ਮੈਨੂੰ ਭੁੱਖ ਲੱਗੀ ਹੈ।	I am feeling hungry.

UNIT XXI **Lesson 81**

In the market

1 ਗਰਮੀ ਅਰੰਭ ਹੋ ਰਹੀ ਹੈ। ਇੱਕ ਭੱਦਰ ਪੁਰਸ਼ ਪਟਿਆਲੇ ਦੇ ਅਦਾਲਤ ਬਜ਼ਾਰ ਵਿਚ ਘੁੰਮ ਰਿਹਾ ਹੈ। ਉਹ ਇਸ ਸਹਿਰ ਵਿਚ ਨਵਾਂ ਨਵਾਂ ਆਇਆ ਹੈ। ਉਸ ਨੇ ਆਪਣੀ ਭੈਣ ਦੇ ਘਰ ਜਾਣਾ ਹੈ। ਉਹ ਸੋਚਦਾ ਹੈ ਕਿ ਉਹ ਕੁਝ ਅੰਬ ਜ਼ਰੂਰ ਖਰੀਦ ਲਵੇ ਕਿਉਂਕਿ ਭੈਣ ਦੇ ਘਰ ਖਾਲੀ ਹੱਥ ਜਾਣਾ ਸ਼ੋਭਾ ਨਹੀਂ ਦਿੰਦਾ। ਉਹਨੇ ਇੱਕ ਸਰਦਾਰ ਜੀ ਹੁਰਾਂ ਕੋਲ ਪਹੁੰਚ ਕੇ ਉਨ੍ਹਾਂ ਤੋਂ ਪੁੱਛਿਆ :	It is beginning of the summer. One gentle man is moving in Adalt Bazar of Patiala. He is new to the city. He wants to visit his sister. He must buy some mangoes. He feels because it doe s not look nice to visit a sister empty handed. He approached a Sikh gentleman and asked him.
ੳ : ਸਰਦਾਰ ਜੀ, ਏਥੇ ਕੋਈ ਨੇੜੇ ਤੇੜੇ ਫੱਲਾਂ ਦੀ ਦੁਕਾਨ ਹੈ ?	Sardarji, is there any fruit shop nearby ?
ਅ: ਹਾਂ ਜੀ ਹੈ। ਦਸ ਕਦਮ ਚਲ ਕੇ, ਸੱਜੇ ਹੱਥ ਮੁੜ ਜਾਣਾ, ਉੱਥੇ ਚੌਂਕ ਵਿਚ ਫੱਲਾਂ ਦੀਆਂ ਬੜੀਆਂ ਰੇੜ੍ਹੀਆਂ ਹਨ ਤੇ ਨਾਲ ਹੀ ਇਕ ਦੁਕਾਨ ਵੀ ਹੈ।	Yes, there is, after walking ten steps, take a turn to the right hand. There are many fruit carts and there is a shop also in the chowk.
ੳ : ਬਹੁਤ ਅੱਛਾ ਜੀ! ਧੰਨਵਾਦ	Alright. Thanks.
ੳ : ਭਾਈ ਅੰਬ ਕੀ ਭਾਅ ਲਾਏ ?	Brother, what is the rate of the mangoes ?
ੲ : ਢਾਈ ਰੁਪੈ ਕਿਲੋ।	Rupees two fifty kg.
ੳ : ਵਾਹ ਭਾਈ! ਨਾਲ ਦੀ ਰੇਹੜੀ ਵਾਲਾ ਤਾਂ ਦੋ ਰੁਪਏ ਕਿਲੋ ਦਿੰਦਾ ਹੈ।	Why brother, that fruit cart is giving two rupees a kg.
ੲ : ਚੀਜ਼ ਚੀਜ਼ ਦਾ ਮੁੱਲ ਹੁੰਦਾ ਹੈ ਜੀ।	It is the price for a different quality.

ੳ : ਥੜਾ ਘੱਟ ਕਰ ਭਾਈ।	Reduce the price a little.
ੲ : ਲਓ ਜੀ ਤੁਹਾਨੂੰ ਸਵਾ ਦੋ ਲਗਾ ਦਿੰਦੇ ਹਾਂ।	Please have them. We will charge you Rs. two twenty-five.
ੳ : ਅੱਛਾ, ਦੋ ਕਿਲੋ ਅੰਬ ਤੋਲ ਦੇ।	Alright, weigh two kilograms.
ੲ : ਲਓ ਜੀ।	Take it.
ੳ : ਆਹ ਲੈ ਸਾਢੇ ਚਾਰ ਰੁਪਏ।	Take these four and half rupees

2. ਦੁਕਾਨਦਾਰ ਨੇ ਪੈਸੇ ਲੈ ਲਏ। ਖਰੀਦਣ ਵਾਲੇ ਭਾਈ ਨੇ ਆਪਣੇ ਮੋਢੇ ਤੋਂ ਝੋਲਾ ਲਾਹ ਕੇ ਵਿਛਾਇਆ। ਦੁਕਾਨਦਾਰ ਨੇ ਝੋਲੇ ਵਿੱਚ ਅੰਬ ਪਾਉਣ ਲਈ ਉਸਦੀ ਮਦਦ ਕੀਤੀ ਉਹ ਭੱਦਰ ਪੁਰਸ਼ ਆਪਣਾ ਝੋਲਾ ਚੱਕ ਕੇ ਆਪਣੇ ਮੋਢੇ ਉੱਤੇ ਪਾ ਕੇ ਖੁਸ਼ ਖੁਸ਼ ਤੁਰ ਪਿਆ।

The shopkeeper took the money. The gentleman took his bag off his shoulder and streched it. The shopkeeper helped him putting the mangoes into the bag. The gentleman picked up the bag and putting on his shoulder moves on happily.

A. DRILLS

1. Repetition Drill

ਉਹਨੂੰ ਚਾਰ ਕਿਲੋਮੀਟਰ ਤੁਰਨਾ ਪੈਂਦਾ ਹੈ।
ਤੁਹਾਨੂੰ ਇਹ ਕੰਮ ਕਰਨਾ ਪਏਗਾ।
ਮੈਨੂੰ ਭੁੱਖ ਨਹੀਂ ਸੀ ਫਿਰ ਵੀ ਉੱਥੇ ਖਾਣਾ ਖਾਣਾ ਪਿਆ।
ਮੈਂ ਤਾਂ ਜਲਦੀ ਹੀ ਤੁਰ ਪਿਆ ਸੀ।
ਤੁਹਾਨੂੰ ਸਾਰੀ ਗੱਲ ਸਾਨੂੰ ਦੱਸਣੀ ਪਵੇਗੀ।
ਮੈਂ ਤਾਂ ਉੱਥੋਂ ਜਲਦੀ ਜਲਦੀ ਤੁਰ ਪਈ।
ਤੁਹਾਨੂੰ ਇੱਥੇ ਕਿੰਨੇ ਵਜੇ ਆਉਣਾ ਪੈਂਦਾ ਹੈ?
ਸਾਨੂੰ ਇੱਥੇ ਦਸ ਵਜੇ ਆਉਣਾ ਪੈਂਦਾ ਹੈ।
ਇੱਥੇ ਕਿੰਨੇ ਘੰਟੇ ਬੈਠਣਾ ਪੈਂਦਾ ਹੈ?
ਸਾਢੇ ਪੰਜ ਘੰਟੇ ਰਹਿਣਾ ਪੈਂਦਾ ਹੈ?

2. Substitution Drill

1 ਸਰਦਾਰ ਜੀ ਏਥੇ ਨੇੜੇ ਤੇੜੇ ਕੋਈ ਫੱਲਾਂ ਦੀ ਦੁਕਾਨ ਹੈ?
(ਫੱਲਾਂ)
(ਸਬਜ਼ੀ)
(ਮੀਟ)
(ਚਾਹ)
(ਸਟੇਸ਼ਨਰੀ)

2 ਲਓ ਜੀ ਤੁਹਾਨੂੰ ਸਵਾ ਦੋ ਰੁਪਏ ਲਗਾ ਦਿੰਦੇ ਹਾਂ।
(ਸਵਾ ਦੋ ਰੁਪੈ)
(ਸਾਢੇ ਤਿੰਨ ਰੁਪੈ)
(ਪੌਣੇ ਚਾਰ ਰੁਪੈ)
(ਡੇੜ ਰੁਪੈ)

3. Response Drill

(1) ਅੰਬ ਕੀ ਭਾਅ ਲਾਏ ਨੇ ? (ਦੋ ਰੁਪੈ)
(2) ਭਿੰਡੀ ਕੀ ਭਾਅ ਲਾਈ ਏ ? (ਢਾਈ ਰੁਪੈ)
(3) ਘੀਆ ਕੀ ਭਾਅ ਲਾਇਆ ਏ ? (ਸਵਾ ਦੋ ਰੁਪੈ)
(4) ਮੂਲੀਆਂ ਕੀ ਭਾਅ ਲਾਈਆਂ ਨੇ ? (ਡੇੜ ਰੁਪੈ)

B. EXERCISES

1. Change the following present continuous tense forms (1) in present affirmative (2) present negative, (3) future affirmative and (4) past tense

(1) ਉਹ ਪਟਿਆਲੇ ਦੇ ਅਦਾਲਤ ਬਜ਼ਾਰ ਵਿੱਚ ਘੂੰਮ ਰਿਹਾ ਹੈ।
(2) ਉਹ ਸ਼ਹਿਰ ਵਲ ਆ ਰਿਹਾ ਹੈ।
(3) ਉਹ ਆਪਣੀ ਭੈਣ ਦੇ ਘਰ ਜਾ ਰਿਹਾ ਹੈ।
(4) ਉਹ ਇਕ ਸਰਦਾਰ ਜੀ ਕੋਲ ਪਹੁੰਚ ਕੇ ਪੁੱਛ ਰਿਹਾ ਹੈ ।
(5) ਉਹ ਆਪਣੇ ਮੋਢੇ ਤੋਂ ਝੋਲਾ ਲਾਹ ਕੇ ਵਿਛਾ ਰਿਹਾ ਹੈ ।
(6) ਦੁਕਾਨਦਾਰ ਝੋਲੇ ਵਿਚ ਅੰਬ ਪਾਉਣ ਲਈ ਉਹਦੀ ਮੱਦਦ ਕਰ ਰਿਹਾ ਹੈ।
(7) ਉਹ ਆਪਣੇ ਮੋਢੇ ਉੱਤੇ ਝੋਲਾ ਪਾ ਕੇ ਖੁਸ਼ ਖੁਸ਼ ਤੁਰ ਰਿਹਾ ਹੈ।

2. Change the following sentences as the m del given below.

Model 1

ਦੋ ਕਿਲੋ ਦੇ
ਦੋ ਕਿਲੋ ਦਿਓ ।

(1) ਆਹ ਲੈ ਸਾਢੇ ਚਾਰ ਰੁਪੈ।
(2) ਦੋ ਕਿਲੋ ਅੰਬ ਤੋਲ ਦੇ।
(3) ਥੋੜਾ ਘੱਟ ਕਰ ਭਾਈ ।
(4) ਤਿੰਨ ਰੁਪਏ ਦਸ ਪੈਸੇ ਦੇ।
(5) ਪੰਦਰਾਂ ਨੰਬਰ ਬਾਰੀ ਤੇ ਜਾਹ।
(6) ਤੂੰ ਆਪਣੀ ਕਿਤਾਬ ਪੜ੍ਹ ।
(7) ਤੂੰ ਘਰ ਜਾ।
(8) ਇੱਥੇ ਬੈਠ।

Model 2

ਸਾਡੇ ਘਰ ਜ਼ਰੂਰ ਆਈਂ
ਸਾਡੇ ਘਰ ਜਰੂਰ ਆਇਓ।

(1) ਸਾਹਮਣੇ ਪੁੱਛ-ਗਿੱਛ ਦਫਤਰ ਤੋਂ ਜ਼ਰਾ ਪੁਛੀਂ ।
(2) ਉਸ ਕੰਡਕਟਰ ਤੋਂ ਪਤਾ ਕਰੀਂ ।
(3) ਬਸ ਅੱਡੇ ਤੇ ਠੀਕ ਵਕਤ ਤੇ ਪਹੁੰਚ ਜਾਈਂ।
(4) ਤੂੰ ਏਥੇ ਹੀ ਬੈਠੀਂ।
(5) ਜ਼ਰਾ ਬਾਹਰ ਵੇਖੀਂ।
(6) ਗਰਮ ਪਾਣੀ ਨਾਲ ਨਹਾਈਂ।
(7) ਠੰਢਾ ਖਾਣਾ ਨਾ ਖਾਈਂ ।
(8) ਤੂੰ ਸਾਡੇ ਨਾਲ ਰਹੀਂ।

3. Use the following words/phrases in your own sentences.

ਰੇੜ੍ਹੀ ਵਾਲਾ, ਰੇੜ੍ਹੀਵਾਲੇ, ਰੇੜ੍ਹੀ ਵਾਲੇ ਨੂੰ, ਰੇੜ੍ਹੀ ਵਾਲਿਆਂ ਨੂੰ, ਅਰੰਭ ਹੋਣਾ, ਘੁੰਮਣਾ, ਨਵਾਂ ਨਵਾਂ, ਨਵੀਂ ਨਵੀਂ, ਨਵੇਂ ਨਵੇਂ, ਨਵੀਆਂ ਨਵੀਆਂ, ਕਿਉਂਕਿ, ਖਾਲੀ ਹੱਥ, ਮੁਲ, ਤੋਲਣਾ, ਝੋਲਾ, ਵਿਛਾਉਣਾ, ਮੋਢੇ ਤੋਂ, ਝੋਲੇ ਵਿੱਚੋਂ, ਪਾਉਣਾ, ਲੈਣਾ ।

4. Change the following sentences in future tense.

(1) ਉਹ ਜਲਦੀ ਜਲਦੀ ਤੁਰ ਪੈਂਦਾ ਹੈ।

(2) ਉਹ ਹੌਲੀ ਹੌਲੀ ਤੁਰ ਪੈਂਦੇ ਹਨ।

(3) ਉਹ ਆਪਣੇ ਘਰ ਵਲ ਤੁਰ ਪਿਆ।

(4) ਉਹ ਕਾਹਲੀ ਕਾਹਲੀ ਸਟੇਸ਼ਨ ਵੱਲ ਤੁਰ ਪਏ।

(5) ਮੈਂ ਚਾਰ ਵਜੇ ਸਕੂਲੋਂ ਤੁਰ ਪੈਂਦੀ ਹਾਂ।

(6) ਅਸੀਂ ਢਾਈ ਵਜੇ ਘਰੋਂ ਨਿਕਲ ਪਏ।

(7) ਤੁਸੀਂ ਕਿੰਨੇ ਵਜੇ ਦਫਤਰੋਂ ਚਲ ਪੈਂਦੇ ਹੋ ?

(8) ਤੁਹਾਨੂੰ ਭਰਾ ਕੋਲੋਂ ਕਿੰਨੇ ਪੈਸੇ ਲੈਣੇ ਪੈਂਦੇ ਹਨ ?

C. VACABULARY

ਅਦਾਲਤ ਬਜ਼ਾਰ	'Adalat Bazar'	ਖਾਲੀ ਹੱਥ	'without any thing' empty handed'
ਭੱਦਰ ਪੁਰਸ਼	'gentleman'	ਹੁਰਾਂ	'is a respective particle ?'
ਨਵਾਂ-ਨਵਾਂ	'new'	ਮੀਟ	'meat'
ਸੁੰਭਾ	'nice'	ਮੁਲ	'price'
ਨੇੜੇ ਤੇੜੇ	'nearby'	ਮੋਢੇ ਤੋਂ	'from the shoulder'
ਕਦਮ	'steps'	ਲਾਹੁਣਾ	'to take off'
ਘੱਟ ਕਰਨਾ	'to reduce'	ਸਟੇਸ਼ਨਰੀ	'stationery'
ਝੋਲਾ	'bag'	ਮੂਲੀਆਂ	'radish'
ਵਿਛਾਉਣਾ	'to stretch'	ਘੀਆ	'locky'
ਖੁਸ਼ ਖੁਸ਼	'happily'		
ਅਰੰਭ	'start'		

UNIT XXI

Lesson 82

At the Bus Stand

1 ਮਹਾਜਨ ਸਾਹਿਬ ਨੇ ਦਿੱਲੀ ਤੋਂ ਆਗਰੇ ਜਾਣਾ ਹੈ। ਉਹ ਆਟੋਰਿਕਸ਼ੇ ਰਾਹੀਂ ਅੰਤਰ-ਰਾਜ ਬੱਸ ਸਟੈਂਡ ਉੱਤੇ ਪਹੁੰਚਦੇ ਹਨ। ਆਟੋ ਵਾਲੇ ਨੂੰ ਪੈਸੇ ਦੇ ਕੇ ਉਹ ਬਸ ਸਟੈਂਡ ਦੇ ਅੰਦਰ ਨੂੰ ਤੁਰ ਪੈਂਦੇ ਹਨ। ਪਰ ਉਨ੍ਹਾਂ ਨੂੰ ਆਗਰੇ ਜਾਣ ਵਾਲੀਆਂ ਬੱਸਾਂ ਦੇ ਪਲੇਟ-ਫਾਰਮ ਦੇ ਨੰਬਰ ਦਾ ਨਹੀਂ ਪਤਾ। ਉਹ ਇਕ ਸਰਦਾਰ ਸਾਹਿਬ ਤਕ ਪਹੁੰਚਦੇ ਹਨ ਅਤੇ ਪੁੱਛਦੇ ਹਨ :—

Mr. Mahajan has to go to Agra from Delhi. He comes to the Inter-State Bus Stand by an auto riksha. He paid the auto-driver and walked into the stand. But he does not know the platform number for the buses to Agra. Therefore, he walked upto a Sikh gentleman and enquired.

ਮਹਾਜਨ : ਸਰਦਾਰ ਜੀ ਆਗਰੇ ਨੂੰ ਬਸ ਕਿੰਨੇ ਨੰਬਰ ਤੋਂ ਮਿਲੇਗੀ ?

Sardarji, on which platform wil I get a bus for Agra.

ਸਰਦਾਰ ਜੀ : ਸਾਹਮਣੇ ਪੁੱਛ ਗਿੱਛ ਦਫਤਰ ਤੋਂ ਪਤਾ ਕਰਨਾ ਪਏਗਾ।

Please you will have to find out from the inquiry office there in front.

ਮਹਾਜਨ : ਬਾਊ ਜੀ, ਆਗਰੇ ਨੂੰ ਬਸ ਕਿੰਨੇ ਵਜੇ ਜਾਵੇਗੀ ?

Mr. at what time the bus will go to Agra ?

ਪੁੱਛ ਗਿੱਛ ਕਲਰਕ : ਦਸ ਪੰਦਰਾਂ ਤੇ।

At ten fifteen.

ਮਹਾਜਨ : ਕਿੰਨੇ ਨੰਬਰ ਤੋਂ ?

From which platform ?

ਪੁਛ-ਗਿੱਛ ਕਲਰਕ : ਪੰਦਰਾਂ ਨੰਬਰ ਤੇ ਬਸ ਲੱਗੀ ਹੋਈ ਹੈ।

There is a bus standing at number fifteen.

ਮਹਾਜਨ : ਟਿਕਟ ਕਿੱਥੋਂ ਮਿਲੇਗੀ ?

Where from shall I get the ticket ?

ਪੁੱਛ-ਗਿੱਛ ਕਲਰਕ : ਚਾਰ ਨੰਬਰ ਬਾਰੀ ਤੋਂ।

From the window number four.

ਮਹਾਜਨ : ਬਹੁਤ ਅੱਛਾ, ਥੈਂਕ ਯੂ ।	Alright, thanks.
ਮਹਾਜਨ : ਇਕ ਟਿਕਟ ਆਗਰੇ ਦਾ ।	One ticket for Agra.
ਕੰਡਕਟਰ : ਪੰਦਰਾਂ ਰੁਪਏ ਦਸ ਪੈਸੇ ਦਿਓ ਜੀ ।	Give fifteen rupees ten paise.
ਮਹਾਜਨ : ਲਓ ਜੀ ।	Have it.
ਕੰਡਕਟਰ : ਆਹ ਰੁਪਇਆ ਲੈ ਲਵੋ ਦਸ ਪੈਸੇ ਖੁਲ੍ਹੇ ਦਿਓ ਜੀ। ਭਾਨ ਹੈ ਨਹੀਂ।	Have this rupee back and give ten paise change. I don't have the change.
ਮਹਾਜਨ : ਬਹੁਤ ਅੱਛਾ। ਆਹ ਲਓ ਦਸ ਪੈਸੇ ।	Alright, have these ten paise.
ਕੰਡਕਟਰ : ਪੰਦਰਾਂ ਨੰਬਰ ਤੇ ਚਲੇ ਜਾਓ। ਤਿਰਾਨਵੇਂ ਨੱਬੇ ਗੱਡੀ ਨੰਬਰ ਹੈ।	Go to the fifteen number platform. The bus No. is nine thousand, h[illegible] hundred nd ninety.
ਮਹਾਜਨ : ਬਹੁਤ ਅੱਛਾ ਜੀ।	Alright.

A DRILLS

1. Repetition Drill

ਆਗਰੇ ਦੀ ਬਸ ਕਿੱਥੋਂ ਜਾਏਗੀ ?
ਤੁਹਾਨੂੰ ਪੁੱਛ-ਗਿੱਛ ਦਫ਼ਤਰ ਤੋਂ ਪਤਾ ਕਰਨਾ ਪਏਗਾ।
ਚਾਰ ਨੰਬਰ ਪਲੇਟ ਫਾਰਮ ਤੇ ਬੱਸ ਲੱਗੀ ਹੋਈ ਹੈ।
ਬਸ ਵਿੱਚ ਟਿਕਟ ਲੈ ਕੇ ਬੈਠਣਾ ਪਵੇਗਾ।
ਟਿਕਟ ਕਿੱਥੋਂ ਮਿਲੇਗੀ ?
ਨਾਲ ਦੀ ਬਾਰੀ ਤੋਂ ਟਿਕਟ ਮਿਲੇਗੀ।

2. Substitution Drill

1 ਟਿਕਟ ਚਾਰ ਨੰਬਰ ਬਾਰੀ ਤੋਂ ਮਿਲੇਗੀ।	(ਚਾਰ)	2 ਤਰਵੰਜਾ ਵੀਹ ਗੱਡੀ ਨੰਬਰ ਹੈ।	(ਤਰਵੰਜਾ ਵੀਹ)
	(ਪੰਜ)		(ਚੁਰਾਨਵੇਂ ਪੱਚੀ)
	(ਛੇ)		(ਬਿਆਸੀ ਤੀਹ)
	(ਸਤਾਰਾਂ)		(ਪੰਦਰਾਂ ਚਾਲੀ)
	(ਵੀਹ)		(ਚੁਤਾਲੀ ਪੈਂਤੀ)

3. Response Drill

(1) ਬਸ ਕਿੱਥੇ ਲੱਗੀ ਹੋਈ ਹੈ ?
(2) ਬਸ ਕਿੰਨੇ ਨੰਬਰ ਪਲੇਟਫਾਰਮ ਤੋਂ ਮਿਲੇਗੀ ?
(3) ਕਿੰਨੇ ਨੰਬਰ ਤੇ ਬਸ ਲੱਗੀ ਹੋਈ ਹੈ ?
(4) ਦਿੱਲੀ ਤੋਂ ਆਗਰੇ ਦੇ ਕਿੰਨੇ ਰੁਪਏ ਲੱਗਦੇ ਹਨ ?
(5) ਦਿੱਲੀ ਤੋਂ ਆਗਰੇ ਪਹੁੰਚਣ ਵਿੱਚ ਕਿੰਨੇ ਘੰਟੇ ਲੱਗਦੇ ਹਨ ?
(6) ਟਿਕਟ ਕਿੱਥੋਂ ਮਿਲੇਗੀ ?
(7) ਬਸ ਕਿੰਨੇ ਵਜੇ ਚੱਲੇਗੀ ?
(8) ਬੱਸ ਦਾ ਕੀ ਨੰਬਰ ਹੈ।
(9) ਤੁਸੀਂ ਆਗਰੇ ਕੀ ਕਰਨ ਜਾ ਰਹੇ ਹੋ ?
(10) ਤੁਸੀਂ ਆਗਰਾ ਵੇਖਿਆ ਹੈ ?

B. EXERCISES

1. Change the following sentences in future tense, past perfect tense, present indefinite tense as per the model given below.

Model 1.

ਮੈਂ ਦਿੱਲੀ ਜਾਣਾ ਹੈ।

(1) ਮੈਂ ਦਿੱਲੀ ਜਾਵਾਂਗਾ।

(2) ਮੈਂ ਦਿੱਲੀ ਗਿਆ ਸਾਂ।

(3) ਮੈਂ ਦਿੱਲੀ ਜਾਂਦਾ ਹਾਂ।

1. ਮੈਂ ਕਿਤਾਬ ਪੜ੍ਹਨੀ ਹੈ।
2. ਉਹਨੇ ਰੋਟੀ ਖਾਣੀ ਹੈ।
3. ਉਨ੍ਹਾਂ ਨੇ ਸਾਡੇ ਘਰ ਆਉਣਾ ਹੈ।
4. ਅਸੀਂ ਕੰਮ ਕਰਨਾ ਹੈ।
5. ਤੂੰ ਕੀ ਲਿਖਣਾ ਹੈ ?
6. ਤੁਸੀਂ ਕਿੱਥੇ ਰਹਿਣਾ ਹੈ ?

2. Fill up the blanks with appropriate words.

(1) ਆਗਰੇ.....ਬਸ ਕਿੰਨੇ ਨੰਬਰ.....ਮਿਲੇਗੀ।

(2) ਦਿੱਲੀ.....ਆਗਰੇ ਪਹਿਲੀ ਬਸ ਕਿੰਨੇ ਵਜੇ ਮਿਲਦੀ.....।

(3) ਆਟੋ ਵਾਲੇ.....ਮੈਂ ਬਾਕੀ ਪੈਸੇ ਲੈਣਾ ਭੁੱਲ ਗਈ।

(4) ਆਟੋ ਵਾਲੇ.....ਤੁਹਾਡੇ.....ਜ਼ਿਆਦਾ ਪੈਸੇ ਲਏ.....

(5) ਰਿਕਸ਼ੇ ਵਾਲੇ.....ਪੈਸੇ ਦੇ ਦਿੱਤੇ ਹਨ।

(6) ਤੁਸੀਂ ਉਹਦੇ.....ਪੈਸੇ ਕਿਉਂ ਲਏ ?

(7) ਪੰਦਰਾਂ ਨੰਬਰ.....ਚਲੇ ਜਾਓ।

(8) ਚਾਰ ਨੰਬਰ ਬਾਰੀ.....ਟਿਕਟ ਮਿਲੇ.....।

(9) ਉਹ ਆਟੋ ਰਿਕਸ਼ੇ .....ਬਸ ਸਟੈਂਡ..... ਪਹੁੰਚਿਆ।

(10) ਬਸਾਂ ਬਾਰੇ ਪਤਾ ਹਮੇਸ਼ਾ ਪੁੱਛ-ਗਿੱਛ ਦਫ਼ਤਰ ਦੇ ਕਲਰਕ.....ਹੀ ਕਰਨਾ..... ਹੈ।

3. Use the following words/phrases in your own sentences.

ਖੁਲ੍ਹੇ ਪੈਸੇ, ਬਹੁਤ, ਅੰਦਰ, ਪਹੁੰਚਣਾ, ਪੁੱਛਣਾ, ਪੁੱਛ-ਗਿੱਛ ਦਫ਼ਤਰ, ਪਤਾ ਕਰਨਾ, ਬਾਰੀ, ਰਾਹੀਂ, ਚਾਹੁੰਣਾ।

4. Fill up the blanks with Punjabi equivalents.

(1) ਇਸ ਬਸ.....ਜਾਏਗੀ।	(2.30 p.m.)
(2) .....ਦਿਓ ਜੀ।	(Rs. 2.50 p.)
(3) ਸਾਡੀ ਛੁੱਟੀ.....ਵਜੇ ਹੁੰਦੀ ਹੈ।	(1. 30 p.m.)
(4) ਅਸੀਂ ਸ਼ਾਮੀ.....ਆਵਾਂਗੇ।	(4. 45 p.m.)

(5) ਮੈਂ.....ਉੱਠਦੀ ਹਾਂ । (5.45 a.m.)
(6) ਰਾਤੀਂ ਮੈਂ.....ਸੌਂ ਗਿਆ ਸੀ। (10.15 p.m.)
(7) ਤੁਸੀਂ ਅੰਬ.....ਰੁਪੈ ਲਗਾਓ। (Rs. 3.25 p.)
(8) ਅਸੀਂ ਇੱਥੇ.....ਆ ਗਏ ਸੀ। (10.30. a.m.)
(9) ਭਾਈ ਸੰਤਰੇ.....ਦਰਜਨ ਲਗਾ ਲੈ। (Rs. 3.75 p.)
(10) ਨਹੀਂ ਜੀ..... ਰੁਪੈ ਤੋਂ ਘੱਟ ਨਹੀਂ ਹੋ ਸਕਦੇ। (Rs. 4.50)

5. Change the following affirmative sentences in negative sentences.

1. ਮੈਂ ਘਰ ਜਾਵਾਂ।
2. ਅਸੀਂ ਤੁਹਾਡੇ ਨਾਲ ਆਈਏ।
3. ਮੈਂ ਜਾਣਾ ਚਾਹੁੰਦਾ ਹਾਂ।
4. ਤੁਸੀਂ ਇੱਥੇ ਰਹਿੰਦੇ ਹੋ ?
5. ਮੈਂ ਚਿੱਠੀ ਲਿਖੀ ਸੀ।
6. ਅਸੀਂ ਕੰਮ ਕਰਦੇ ਹਾਂ।
7. ਤੁਸੀਂ ਕਿਤਾਬ ਪੜ੍ਹ ਰਹੇ ਹੋ ?
8. ਉਹਨੇ ਸਾਡੇ ਨਾਲ ਆਉਣਾ ਹੈ।
9. ਮੈਨੂੰ ਕਾਪੀ ਚਾਹੀਦੀ ਹੈ।
10. ਉਹ ਘਰ ਗਏ ਹਨ ।

C. VOCABULARY

ਰਾਹੀਂ	'by'	ਪਲੇਟ ਫਾਰਮ	'platform'
ਪੁੱਛ-ਗਿੱਛ ਕਲਰਕ	'inquiry clerk'	ਖੁੱਲ੍ਹੇ ਪੈਸੇ	'change'
ਆਟੋ-ਰਿਕਸ਼ਾ	'three wheeler auto vehicle'	ਪੁੱਛ-ਗਿੱਛ ਦਫਤਰ	'inquiry office'
		ਆਗਰੇ ਨੂੰ	'to Agra'
ਐਤਰ ਰਾਜ	'interstate	ਸਰਦਾਰ ਸਾਹਿਬ	'a Sikh gentleman'
ਆਟੋ ਵਾਲਾ	'au to-driver'		

UNIT XXII **Lesson 83**

Why are you reading a book while eating ?

ਸੁਰਜੀਤ : ਤੁਸੀਂ ਰੋਟੀ ਖਾਂਦੇ ਖਾਂਦੇ ਕਿਤਾਬ ਕਿਉਂ ਪੜ੍ਹ ਰਹੇ ਹੋ ?	Why are you reading a book while eating ?
ਗੁਰਮੀਤ : ਮੇਰੀ ਆਦਤ ਹੈ : ਮੈਂ ਹਮੇਸ਼ਾ ਰੋਟੀ ਖਾਂਦਾ ਖਾਂਦਾ ਕੁਝ ਨਾ ਕੁਝ ਪੜ੍ਹਦਾ ਹਾਂ।	It is my habit, I always read some thing while eating.
ਸੁਰਜੀਤ : ਪਰ ਇਹ ਆਦਤ ਚੰਗੀ ਨਹੀਂ। ਮੇਰੀ ਛੋਟੀ ਕੁੜੀ ਰੋਟੀ ਖਾਂਦੀ ਖਾਂਦੀ ਹਮੇਸ਼ਾ ਗੱਲਾਂ ਕਰਦੀ ਹੈ। ਮੈਂ ਉਹਨੂੰ ਵੀ ਹਮੇਸ਼ਾ ਟੋਕਦਾ ਰਹਿੰਦਾ ਹਾਂ। ਖਾਣਾ ਖਾਂਦਿਆ ਹੋਰ ਕੋਈ ਵੀ ਕੰਮ ਕਰਨਾ ਠੀਕ ਨਹੀਂ।	But it is not a good habit. My younger daughter always talks while eating. I always tell her that during eating it is not good to do anything else.
ਗੁਰਮੀਤ : ਪਰ ਕਈ ਲੋਕ ਖਾਣਾ ਖਾਂਦੇ ਖਾਂਦੇ ਟੀ. ਵੀ. ਵੇਖਦੇ ਹਨ ਜਾਂ ਰੇਡੀਓ ਸੁਣਦੇ ਹਨ। ਕੀ ਇਹ ਵੀ ਠੀਕ ਨਹੀਂ ?	But some people watch T.V. or listen to Radio while eating. Is it also nnt good ?
ਸੁਰਜੀਤ : ਟੀ. ਵੀ. ਵੇਖਣਾ ਜਾਂ ਰੇਡੀਓ ਸੁਣਨਾ, ਗੱਲਾਂ ਕਰਨ ਤੇ ਕਿਤਾਬ ਪੜ੍ਹਨ ਤੋਂ ਫਰਕ ਹਨ।	To watch T.V. or to listen to Radio is different from talking and reading a book.
ਗੁਰਮੀਤ : ਤੁਸੀਂ ਕਹਿੰਦੇ ਹੋ ਤਾਂ ਮੈਂ ਰੋਟੀ ਖਾਂਦਾ ਖਾਂਦਾ ਕਿਤਾਬ ਨਹੀਂ ਪੜ੍ਹਿਆ ਕਰਾਂਗਾ।	If you say then I will not be reading a book while eating.

A. DRILLS

1. Repetition Drill

ਉਹ ਚਲਦਾ ਚਲਦਾ ਥੱਕ ਜਾਂਦਾ ਹੈ।
ਕੁੜੀ ਚਲਦੀ ਚਲਦੀ ਰੁੱਕ ਗਈ ਹੈ।
ਤੁਸੀਂ ਪੜ੍ਹਦੇ ਪੜ੍ਹਦੇ ਖਾਣਾ ਕਿਉਂ ਖਾਂਦੇ ਹੋ ?
ਉਹ ਖਾਣਾ ਖਾਂਦਾ ਗੱਲਾਂ ਕਰਦਾ ਹੈ।
ਕੁੜੀਆਂ ਗੱਲਾਂ ਕਰਦੀਆਂ ਕਰਦੀਆਂ ਚੁੱਪ ਕਰ ਗਈਆਂ।
ਅਸੀਂ ਗਾਣਾ ਗਾਉਂਦੀਆਂ ਗਾਉਂਦੀਆਂ ਥੱਕ ਗਈਆਂ।
ਮੁੰਡੇ ਗਾਣੇ ਸੁਣਦੇ ਸੁਣਦੇ ਪੜ੍ਹਦੇ ਰਹਿੰਦੇ ਹਨ।

2. Substitution Drill

1 ਉਹ ਆਉਂਦਾ ਆਉਂਦਾ ਰੁੱਕ ਗਿਆ(ਆ...ਆ...)
(ਜਾ...ਜਾ...)
(ਤੁਰ...ਤੁਰ...)
(ਖਾ...ਖਾ...)

2 ਉਹ ਹੱਸਦੀ ਹੱਸਦੀ ਚੁੱਪ ਕਰ(ਹੱਸ...ਹੱਸ...)
ਗਈ । (ਰੋ...ਰੋ...)
(ਬੋਲ...ਬੋਲ...)
(ਕਹਿ...ਕਹਿ...)

3 ਕੁੜੀਆਂ ਦੌੜਦੀਆਂ ਦੌੜਦੀਆਂ ਬੈਠ ਗਈਆਂ ।
(ਦੌੜ...ਦੌੜ...)
(ਚਲ...ਚਲ...)
(ਨੱਚ...ਨੱਚ...)
(ਟਪ...ਟਪ...)

4 ਮੁੰਡੇ ਖੇਡਦੇ ਖੇਡਦੇ ਥੱਕ
ਗਏ । (ਖੇਡ.....ਖੇਡ)
(ਨੱਸ...ਨੱਸ...)
(ਪੜ੍ਹ...ਪੜ੍ਹ...)
(ਲਿਖ...ਲਿਖ...)

3. Transformation Drill

Model 1

ਉਹ ਦੌੜਦਾ ਦੌੜਦਾ ਥੱਕ ਗਿਆ ।
ਉਹ ਦੌੜਦੇ ਦੌੜਦੇ ਥੱਕ ਗਏ ।

(1) ਵਾਜਾ ਵੱਜਦਾ ਵੱਜਦਾ ਰੁੱਕ ਗਿਆ ।
(2) ਬੱਚਾ ਕੁਦਦਾ ਕੁਦਦਾ ਬੈਠ ਗਿਆ ।
(3) ਉਹ ਅੰਦਰ ਵੜਦਾ ਵੜਦਾ ਰੁੱਕ ਜਾਂਦਾ ਹੈ ।

Model 2

ਉਹ ਗੱਡੀ ਤੇ ਚੜ੍ਹਦੀ ਚੜ੍ਹਦੀ ਰੁੱਕ ਗਈ ।
ਉਹ ਗੱਡੀ ਤੇ ਚੜ੍ਹਦੀਆਂ ਚੜ੍ਹਦੀਆਂ ਰੁੱਕ ਗਈਆਂ ।

(1) ਉਹ ਅੱਗ ਬਾਲਦੀ ਬਾਲਦੀ ਥੱਕ ਗਈ ।
(2) ਉਹ ਕੰਬਦੀ ਕੰਬਦੀ ਦੱਸਣ ਲੱਗੀ ।
(3) ਉਹ ਘਰੋਂ ਨਿਕਲਦੀ ਨਿਕਲਦੀ ਰੁੱਕ ਗਈ ।

B. EXERCISES

1. Change the following sentences into present continuous tense, future tense.

(1) ਉਹ ਰੇਡੀਓ ਸੁਣਦਾ ਸੁਣਦਾ ਪੜ੍ਹਦਾ ਹੈ ।
(2) ਉਹ ਖਾਣਾ ਖਾਂਦੀ ਖਾਂਦੀ ਗੱਲਾਂ ਕਰਦੀ ਹੈ ।
(3) ਮੈਂ ਕਿਤਾਬ ਪੜ੍ਹਦਾ ਪੜ੍ਹਦਾ ਖਾਣਾ ਖਾਂਦਾ ਹਾਂ ।
(4) ਕੁੜੀ ਕੰਬਦੀ ਕੰਬਦੀ ਗੱਲ ਦਸਦੀ ਹੈ ।
(5) ਮੁੰਡਾ ਕੁਦਦਾ ਕੁਦਦਾ ਨਹੀਂ ਥੱਕਦਾ ।
(6) ਉਹ ਚਲਦੇ ਚਲਦੇ ਨਹੀਂ ਥੱਕਦੇ ।
(7) ਉਹ ਰੋਟੀ ਪਕਾਉਂਦਾ ਪਕਾਉਂਦਾ ਰੇਡੀਓ ਸੁਣਦਾ ਹੈ ।
(8) ਮੈਂ ਰੋਟੀ ਖਾਂਦਾ ਖਾਂਦਾ ਟੀ. ਵੀ ਵੇਖਦਾ ਹਾਂ ।
(9) ਤੁਸੀਂ ਕਪੜੇ ਧੋਂਦੀਆਂ ਧੋਂਦੀਆਂ ਨਹੀਂ ਥੱਕਦੀਆਂ ।
(10) ਤੁਸੀਂ ਰਸਤੇ ਵਿੱਚ ਚਲਦੇ ਚਲਦੇ ਕਿਉਂ ਰੁੱਕਦੇ ਹੋ ?

2 Fill in the blanks with appropriate form of the words given in brackets.

(1) ਕੁੜੀ.....ਰੁੱਕ ਗਈ । (ਜਾ...ਜਾ...)
(2) ਉਹ ਖਾਣਾ.....ਗੱਲਾਂ ਕਰਦੀ ਹੈ । ਖਾ...ਖਾ...)
(3) ਉਹ ਰੇਡੀਓ.....ਕਿਤਾਬ ਪੜ੍ਹਦਾ ਹੈ । (ਸੁਣ... ਸੁਣ...)
(4) ਅਸੀਂ ਕਿਤਾਬ.....ਖਾਣਾ ਖਾਂਦੇ ਹਾਂ (ਪੜ੍ਹ...ਪੜ੍ਹ...)
(5) ਉਹ.....ਕੁਦਦਾ ਜਾਂਦਾ ਹੈ । (ਚਲ...ਚਲ...)
(6) ਕੁੜੀਆਂ.....ਚੁੱਪ ਕਰ ਗਈਆਂ । (ਹੱਸ...ਹੱਸ...)
(7) ਗੱਡੀ.....ਰੁੱਕ ਗਈ । (ਚਲ ... ਚਲ...)
(8) ਬੱਚੀ.....ਚੁੱਪ ਕਰ ਗਈ । (ਰੋ... ਰੋ...)

3. Write down the past participle form of the following verbs and use them in your own sentences.

ਰੋ....., ਹੱਸ....., ਦੌੜ....., ਸੁਣ....., ਖਾ..... ਪੀ....., ਲੈ....., ਦੇ....., ਆ....., ਜਾ.....,
ਲਿਖਵਾ....., ਪਿਲਾ.....।

4. Write down the present participle form of the following verbs and use them in your own sentences.

ਚਲ.....ਨੱਚ, ਪੜ੍ਹ....., ਲਿਖ....., ਸੌਂ....., ਕੁੱਦ....., ਰਹਿ....., ਕਹਿ..... ਰੁੱਕ.....,
ਖੁਆ.. ..., ਕਰਾ....., ਪੜ੍ਹਾ..... ।

C. VOCABULARY

ਟੋਕਣਾ	'to stop from doing something'	ਵੜਨਾ	'to enter'
ਟਪਣਾ	'to jump'	ਬਾਲਣਾ	'to burn fire'
ਵਾਜਾ	'harmonium'	ਅੱਗ	'fire'
ਵੱਜਣਾ	'to play harmonium	ਕੰਬਣਾ	'to shiver ro tremble'
ਕੁੱਦਣਾ	'to jump'	ਨਿਕਲਣਾ	'to come out'
		ਚੁੱਪ ਕਰ ਜਾਣਾ	'to become quiet'

UNIT XXII — Lesson 84

I am repairing the broken chairs.

ਰਾਮ : ਤਸੀਂ ਕੀ ਕਰ ਰਹੇ ਹੋ ?	What are you doing ?
ਗੁਰਮੀਤ : ਕੁਝ ਖਾਸ ਕੰਮ ਨਹੀਂ ਕਰ ਰਿਹਾ। ਟੁੱਟੀ ਹੋਈ ਕੁਰਸੀ ਠੀਕ ਕਰ ਰਿਹਾ ਹਾਂ	I am not doing anything special I am repairing the broken chair.
ਰਾਮ : ਤਰਖਾਣ ਤੋਂ ਠੀਕ ਕਰਾਉਣੀ ਸੀ।	You should have got repaired (it) by the carpenter.
ਗੁਰਮੀਤ : ਤਰਖਾਣ ਮਿਲਿਆ ਨਹੀਂ। ਸੋਚਿਆ ਆਪ ਹੀ ਠੀਕ ਕਰ ਲਵਾਂ। ਮੈਂ ਸਕੂਲ ਵਿੱਚ ਲਕੜੀ ਦਾ ਕੰਮ ਸਿੱਖਿਆ ਸੀ।	I didn't get the carpenter. I thought I should repair it myself. I had learnt the wooden work at school.
ਰਾਮ : ਫਿਰ ਤਾਂ ਮੇਰੀਆਂ ਵੀ ਟੁੱਟੀਆਂ ਹੋਈਆਂ ਕੁਰਸੀਆਂ ਠੀਕ ਕਰ ਦੇਣਾ।	Then you must repair my broken chairs also.
ਗਰਮੀਤ : ਠੀਕ ਹੈ ਕਿਸੇ ਛੁੱਟੀ ਵਾਲੇ ਦਿਨ ਕਰ ਦਿਆਂਗਾ। ਮੈਂ ਆਪਣੇ ਸਾਰੇ ਟੁੱਟੇ ਹੋਏ ਮੰਜੇ ਆਪ ਠੀਕ ਕੀਤੇ ਹਨ।	Alright I will repair them on some holiday. I have repaired my all broken cots myself.
ਰਾਮ : ਮੈਨੂੰ ਵੀ ਕੰਮ ਸਿਖਾ ਦੇਣਾ। ਆਪਣਾ ਟੁੱਟਿਆ ਭੱਜਿਆ ਸਮਾਨ ਹੀ ਠੀਕ ਕਰ ਲਿਆ ਕਰਾਂਗੇ। ਅੱਜ ਕਲ੍ਹ ਤਾਂ ਛੋਟੇ ਮੋਟੇ ਕੰਮ ਲਈ ਤਰਖਾਣ ਮਿਲਦੇ ਹੀ ਨਹੀਂ। ਸਭ ਕੰਮ ਥੋੜਾ ਥੋੜ੍ਹਾ ਆਉਣਾ ਚਾਹੀਦਾ ਹੈ।	You should make me learn also this work. At least we will be able to repair our broken things. Now-a-days it is very difficult to get a carpenter for small works. One should know everything a little bit.
ਗੁਰਮੀਤ : ਇਹ ਗੱਲ ਤਾਂ ਠੀਕ ਹੈ। ਘਰ ਵਿੱਚ ਕੁਝ ਨਾ ਕੁਝ ਤਾਂ ਟੁੱਟਿਆ ਭੱਜਿਆ ਹੀ ਰਹਿੰਦਾ ਹੈ। ਥੋੜਾ ਬਹੁਤਾ ਆਪ ਨੂੰ ਆਉਂਦਾ ਹੋਵੇ ਤਾਂ ਚੰਗਾ ਹੁੰਦਾ ਹੈ।	This thing is alright. In home something or the other remains broken. It is always better if someone knows a little bit of every thing.

A. DRILLS

1. Repetition Drill

ਸਾਰੀ ਵੱਢੀ ਹੋਈ ਫਸਲ ਖਰਾਬ ਹੋ ਗਈ ਹੈ।
ਤੂੰ ਸੁੱਕੇ ਹੋਏ ਕਪੜੇ ਤਹਿ ਕਰਕੇ ਅਲਮਾਰੀ ਵਿੱਚ ਰੱਖ ਦੇ।
ਤੁਸੀਂ ਮੇਰੀ ਲਿਖੀ ਹੋਈ ਕਹਾਣੀ ਛਪਵਾ ਦਿਓਗੇ ?
ਪਾਟਿਆ ਹੋਇਆ ਰੁਮਾਲ ਅਲਗ ਰੱਖ ਦਿਓ।
ਧੋਤੇ ਹੋਏ ਕਪੜੇ ਬਾਹਰ ਸੁੱਕਣੇ ਪਾ ਦਿਓ।
ਸੁੱਕਿਆ ਹੋਇਆ ਤੌਲੀਆ ਮੈਨੂੰ ਫੜਾ ਦਿਓ।
ਉਹਦੀਆਂ ਲਿਖੀਆਂ ਹੋਈਆਂ ਕਹਾਣੀਆਂ ਮੈਂ ਪੜ੍ਹੀਆਂ ਹੋਈਆਂ ਹਨ।
ਤੁਸੀਂ ਉਨ੍ਹਾਂ ਦਾ ਲਿਖਿਆ ਨਾਵਲ ਵੀ ਪੜ੍ਹਿਆ ਹੋਇਆ ਹੈ ?
ਨਹੀਂ ਉਹ ਮੈਂ ਨਹੀਂ ਪੜ੍ਹਿਆ।

2. Substitution Drill

1. ਕੱਟੀ ਹੋਈ ਸਬਜ਼ੀ ਖਰਾਬ ਹੋ ਗਈ ਹੈ।
   (ਕੱਟ...)
   (ਸੁੱਕ...)
   (ਰੱਖ...)
   (ਬੰਨ੍ਹ...)
2. ਕੱਟੇ ਹੋਏ ਸਿਓ ਨਹੀਂ ਰਖਣੇ ਚਾਹੀਦੇ।
   (ਕੱਟ...)
   (ਛਿੱਲ...)
   (ਪੱਕ...)
   (ਸੜ...)
3. ਧੋਤਾ ਹੋਇਆ ਤੌਲੀਆ ਅਲਮਾਰੀ ਵਿੱਚ ਰੱਖ ਦੇ।
   (ਤੌਲੀਆ)
   (ਰੁਮਾਲ)
   (ਦੁਪੱਟਾ)
   (ਪਜਾਮਾ
4. ਸੁੱਕੀਆਂ ਹੋਈਆਂ ਸਾੜੀਆਂ ਤਹਿ ਕਰ ਦੇ।
   (ਸਾੜ੍ਹੀਆਂ)
   (ਚੁੰਨੀਆਂ)
   (ਕਮੀਜ਼ਾਂ)
   (ਸਲਵਾਰਾਂ)

3. Transformation Drill

Model 1

ਕੱਟੀ ਹੋਈ ਸਬਜ਼ੀ ਖ਼ਰਾਬ ਹੋ ਗਈ ਹੈ।
ਕੱਟੀਆਂ ਹੋਈਆਂ ਸਬਜ਼ੀਆਂ ਖਰਾਬ ਹੋ ਗਈਆਂ ਹਨ।

(1) ਧੋਤੀ ਹੋਈ ਚੁੰਨੀ ਸੁੱਕ ਗਈ ਹੈ।
(2) ਬੰਨ੍ਹੀ ਹੋਈ ਰੱਸੀ ਖੋਲ੍ਹ ਦਿਓ।
(3) ਛਪੀ ਹੋਈ ਕਹਾਣੀ ਵਿਖਾਓ।
(4) ਆਪਣੀ ਲਿਖੀ ਕਵਿਤਾ ਸੁਣਾਓ।

Model 2

ਧੋਤਾ ਹੋਇਆ ਤੌਲੀਆ ਲੈ ਆ।
ਧੋਤੇ ਹੋਏ ਤੌਲੀਏ ਲੈ ਆ।

(1) ਕੱਟਿਆ ਹੋਇਆ ਸਿਓ ਨਾ ਰੱਖੋ।
(2) ਸੁੱਕਿਆ ਹੋਇਆ ਰੁਮਾਲ ਮੈਨੂੰ ਦੇ ਦਿਓ।
(3) ਪਾਟਿਆ ਹੋਇਆ ਕਪੜਾ ਅਲਮਾਰੀ ਵਿਚ ਨਾ ਰੱਖੋ।
(4) ਆਪਣਾ ਲਿਖਿਆ ਨਾਵਲ ਮੈਨੂੰ ਜ਼ਰੂਰ ਪੜ੍ਹਾਉਣਾ।

B. EXERCISES

1. Transform the following sentences in polite and ordinary imperative as per the model given below.

Model 1	Model 2
ਤੁਸੀਂ ਕਿਤਾਬ ਪੜ੍ਹਦੇ ਹੋ।	ਤੂੰ ਪਾਠ ਲਿਖਦਾ ਹੈਂ।
1. ਤੁਸੀਂ ਕਿਤਾਬ ਪੜ੍ਹਿਓ।	1. ਤੂੰ ਪਾਠ ਲਿਖੀਂ।
2. ਤੁਸੀਂ ਕਿਤਾਬ ਪੜ੍ਹੋ।	2. ਤੂੰ ਪਾਠ ਲਿਖ।
(1) ਤੁਸੀਂ ਕਪੜੇ ਧੋਂਦੇ ਹੋ।	(1) ਤੂੰ ਕਪੜੇ ਪਾਉਂਦਾ ਹੈਂ ?
(2) ਤੁਸੀਂ ਖਾਣਾ ਖਾਂਦੇ ਹੋ।	(2) ਤੂੰ ਕਾਪੀ ਖਰੀਦਦਾ ਹੈਂ ?
(3) ਤੁਸੀਂ ਚਾਹ ਪੀਂਦੇ ਹੋ।	(3) ਤੂੰ ਕਿਤਾਬ ਲੈਂਦਾ ਹੈਂ ?
(4) ਤੁਸੀਂ ਬਜਾਰ ਜਾਂਦੇ ਹੋ।	(4) ਤੂੰ ਮਿਠਾਈ ਦਿੰਦਾ ਹੈਂ ?

2. Fill in the blank spaces with appropriate form of the verbs given in brackets.

(1) ਆਪਣੀ.....ਕਹਾਣੀ ਮੈਨੂੰ ਵਿਖਾਉਣਾ। (ਲਿਖ...,)
(2) ਆਪਣਾ.....ਨਾਵਲ ਮੈਨੂੰ ਜ਼ਰੂਰ ਦੇਣਾ। (ਛਪ...)
(3) ਤੁਸੀਂ ਮੈਨੂੰ ਆਪਣੀ ਕੋਈ.....ਹੋਈ ਸਾੜ੍ਹੀ ਦੇ ਦਿਓ। (ਪ੍ਰੈਸ ਕਰ...)
(4) .....ਤੌਲੀਆ ਬਾਹਰੋਂ ਚੁੱਕ ਲਿਆ। (ਸੁੱਕ...)
(5) .....ਹੋਏ ਕਪੜੇ ਅਲਗ ਬੰਨ੍ਹ ਕੇ ਰੱਖ ਦੇ। (ਪਾਟ...)
(6) .....ਹੋਈਆਂ ਸਾੜ੍ਹੀਆਂ ਅਲਮਾਰੀ ਵਿੱਚ ਤਹਿ ਕਰਕੇ ਰੱਖ ਦੇ। (ਸੁੱਕ...)

3. Answer the following questions.

(1) ਕੀ ਤੁਸੀਂ ਮੈਨੂੰ ਆਪਣਾ ਲਿਖਿਆ ਹੋਇਆ ਨਾਵਲ ਵਿਖਾਓਗੇ ?
(2) ਕੀ ਤੁਹਾਡੀ ਕੋਈ ਲਿਖੀ ਕਹਾਣੀ ਛਪੀ ਵੀ ਹੈ ?
(3) ਕੀ ਤੁਸੀਂ ਧੋਤੇ ਹੋਏ ਕਪੜੇ ਪ੍ਰੈਸ ਲਈ ਦੇ ਦਿੱਤੇ ਹਨ ?
(4) ਤੁਸੀਂ ਪੁਰਾਣੇ ਪਾਟੇ ਹੋਏ ਕਪੜੇ ਕੀ ਕਰਦੇ ਹੋ ?
(5) ਸੁੱਕੇ ਤੌਲੀਏ ਨੂੰ ਕਿਉਂ ਗਿੱਲਾ ਕਰ ਰਹੇ ਹੋ ?
(6) ਪਾਟੇ ਹੋਏ ਰੁਮਾਲ ਨੂੰ ਤੁਸੀਂ ਸੁੱਟਦੇ ਕਿਉਂ ਨਹੀਂ ?

C. VOCABULARY

ਖਾਸ	'special'	ਰੁਮਾਲ	'handkerchief'
ਟੁੱਟੀ ਹੋਈ	'broken'	ਅਲਗ	'separate'
ਛੋਟੇ ਮੋਟੇ ਕੰਮ ਲਈ	'for small work'	ਤੌਲੀਆ	'towel'
ਵੱਢਣਾ	'to harvest'	ਛਿਲਣਾ	'to peal'
ਫਸਲ	'crops'	ਦੁਪੱਟਾ	'big scarf' '*dupatta*
ਸੁੱਕਣਾ	'to get dry'	ਚੁੰਨੀ	'scarf' '*chuni*'
ਛਪਵਾ ਦੇਣਾ	'to get published'	ਸਲਵਾਰ	*salwar*
ਪਾਟਿਆ ਹੋਇਆ	'torn'	ਗਿੱਲਾ ਕਰਨਾ	'*to* wet'

D. NOTES

The present participle as an adjective agrees in number and gender with the noun. ਹੋਏ or its other forms are added to verbals for emphasis only.

ਉਹ ਚਲਦੀ ਹੋਈ ਗੱਡੀ ਤੋਂ ਉਤਰਿਆ	He descended from the moving train.
ਕੁੜੀ ਰੋਟੀ ਖਾਂਦੀ ਗੱਲਾਂ ਕਰਦੀ ਹੈ।	The girl talks while eating food.

The past participle form occurs as an adjective and it agrees with the noun in gender and number.

ਲੇਟਿਆ ਹੋਇਆ ਮੁੰਡਾ ਗਾਣਾ ਗਾ ਰਿਹਾ ਹੈ।	The lied boy is singing a song.
ਉਹ ਕੁੜੀ ਲੇਟੀ ਹੋਈ ਰੋ ਰਹੀ ਹੈ।	That girl is weeping while lied on the bed.
ਟੁੱਟੀਆਂ ਹੋਈਆਂ ਕੁਰਸੀਆਂ ਬਾਹਰ ਕੱਢ ਦਿਓ।	Take out the broken chairs.
ਟੁੱਟੇ ਹੋਏ ਮੇਜ਼ ਠੀਕ ਕਰਾ ਲਓ।	Get repaired the borken tables.

The adjectives in this construction inflect for case along with the noun.

ਟੁੱਟੇ ਹੋਏ ਮੇਜ਼ ਨੂੰ ਠੀਕ ਕਰਾ ਲਓ।	Get repaired the broken table
ਲੇਟੇ ਹੋਏ ਮੁੰਡੇ ਨੂੰ ਨਾ ਉਠਾਓ।	Do not wake the lied boy.

This construction occurs only with verbs such as ਲਿਖ—ਲੇਟ, ਬਣ—ਬੈਠ, etc.

Present participle as adverbs

The present participle agrees with the subject in gender and number.

ਤੁਸੀਂ ਰਾਮ ਨੂੰ ਮਿਲਦੇ ਜਾਣਾ।	You should meet Ram.
ਤੂੰ ਘਰ ਜਾਣ ਤੋਂ ਪਹਿਲਾਂ ਮੈਨੂੰ ਮਿਲਦੀ ਜਾਈਂ।	You should meet me before going home.
ਉਹਨੂੰ ਕਹਿਣਾ ਉਹ ਮੈਨੂੰ ਨਾਲ ਘਰ ਲੈਂਦਾ ਜਾਏ।	Tell him he should take me home with him.

Past participle as adverbs

The past participle agrees with the subject in gender and number.

ਉਹ ਲੇਟੀ ਲੇਟੀ ਪੜ੍ਹ ਰਹੀ ਹੈ।	She is reading while lied on the bed.
ਉਹ ਲੇਟਿਆ ਲੇਟਿਆ ਗੱਲਾਂ ਕਰ ਰਿਹਾ ਹੈ।	He is talking while lied on the bed.

UNIT XXII

Lesson 85

A Review Lesson

1. ਧੋਤੇ ਹੋਏ ਕੱਪੜੇ ਬਾਹਰ ਸੁੱਕਣੇ ਪਾ ਦੇ।	Hang the washed clothes out side to dry.
ਆਪਣੀਆਂ ਲਿਖੀਆਂ (ਹੋਈਆਂ) ਕਵਿਤਾਵਾਂ ਮੈਨੂੰ ਜ਼ਰੂਰ ਵਿਖਾਉਣਾ।	Must show me poems written by you.
ਸੁੱਕਿਆ ਹੋਇਆ ਤੋਲੀਆ ਮੈਨੂੰ ਫੜਾ ਦਿਓ।	Give me the dried towel.
ਪਾਟੇ ਹੋਏ ਕਪੜੇ ਅਲਗ ਬੰਨ੍ਹ ਕੇ ਰੱਖ ਦੇ।	Keep the torn clothes separately.
ਮੇਰੀ ਲਿਖੀ (ਹੋਈ) ਕਹਾਣੀ ਪੜ੍ਹੋਗੇ ?	Will you read story written by me ?
2. ਮੈਂ ਚਲਦੀ ਗੱਡੀ ਤੇ ਚੜ੍ਹ ਗਿਆ।	I climbed at the moving train.
ਉਹ ਦੌੜਦੀ ਘੋੜੀ ਉੱਤੇ ਚੜ੍ਹ ਜਾਂਦਾ ਹੈ।	He can jump upon a running horse (mare).
ਤੁਸੀਂ ਉੱਡਦੇ ਪੰਛੀ ਨੂੰ ਮਾਰ ਸੱਕਦੇ ਹੋ ?	Can you shot at the flying bird ?
ਅਸੀਂ ਚਲਦੀ ਬੱਸ ਤੇ ਚੜ੍ਹ ਸੱਕਦੇ ਹਾਂ।	We can climb at the moving bus.
ਅਸੀਂ ਚਲਦੀ ਬੱਸ ਤੋਂ ਨਹੀਂ ਲਹਿ ਸੱਕਦੇ।	We can not climb down from the moving bus.
ਬੱਚਾ ਖੇਡਦਾ ਖੇਡਦਾ ਥੱਕ ਗਿਆ।	The child got tired while playing.
ਉਹ ਪੜ੍ਹਦੀ ਪੜ੍ਹਦੀ ਸੌਂ ਗਈ।	She felt asleep while reading.
ਅਸੀਂ ਜਾਂਦੇ ਜਾਂਦੇ ਰੁੱਕ ਗਏ।	We stopped when we were just about to go.
ਤੀਵੀਆਂ ਰੋਂਦੀਆਂ ਰੋਂਦੀਆਂ ਚੁੱਪ ਕਰ ਗਈਆਂ।	The women became quite while weeping.

ਤੋਤਾ ਉਡਦਾ ਉਡਦਾ ਡਿੱਗ ਪਿਆ।	The parrot fell down while flying.
ਬੱਚਾ ਰੋਂਦਾ ਰੋਂਦਾ ਚੁੱਪ ਕਰ ਗਿਆ।	The child became quite while weeping.
ਕੁੜੀ ਹੱਸਦੀ ਹੱਸਦੀ ਚੁੱਪ ਕਰ ਗਈ।	The girl became quite while laughing.
3. ਉਹਨੂੰ ਕਹਿਣਾ ਮੈਨੂੰ ਮਿਲਦਾ ਜਾਏ।	Tell him, he should meet me.
ਬਜ਼ਾਰ ਤੋਂ ਸਬਜੀ ਲੈਂਦੀ ਆਈਂ।	Please bring the vegetable from the market.
ਸਮਾਨ ਨੂੰ ਵੇਖਦੇ ਰਹਿਣਾ।	Please keep on looking at the luggage.
4. ਮੁੰਡੇ ਲੇਟੇ ਲੇਟੇ ਗੱਲਾਂ ਕਰ ਰਹੇ ਹਨ।	The boys are talking while lying.
ਕੁੜੀ ਲੇਟੀ ਲੇਟੀ ਗਾਣਾ ਗਾ ਰਹੀ ਹੈ।	The girl is singing a song while lying.
ਕੁੜੀਆਂ ਲੇਟੀਆਂ ਲੇਟੀਆਂ ਪੜ੍ਹ ਰਹੀਆਂ ਹਨ।	The girls are reading while lying
ਲੇਟੇ ਹੋਏ ਮੁੰਡੇ ਨੂੰ ਨਾ ਉਠਾਓ।	Don't disturb the lying boy.

B. EXERCISES

1 Fill in the blank spaces with appropriate form of the verb given in brackets.

(1) ਮੁੰਡਾ.....ਥੱਕ ਗਿਆ । (ਦੌੜ...ਦੌੜ...)
(2) ਕੁੜੀ.....ਰੁੱਕ ਜਾਂਦੀ ਹੈ । (ਚਲ...ਚਲ...)
(3) ਕੁੜੀਆਂ.....ਚੁੱਪ ਕਰ ਗਈਆਂ (ਹੱਸ... ਹੱਸ...)
(4) ਮੁੰਡੇ.....ਗੱਲਾਂ ਕਰਦੇ ਹਨ । (ਤੁਰ...ਤੁਰ...)
(5) .....ਕਪੜੇ ਅਲਮਾਰੀ ਵਿੱਚ ਰੱਖ ਦੇ। (ਧੋ...)
(6) .....ਤੌਲੀਆ ਮੈਨੂੰ ਕੱਢ ਦੇ । (ਧੋ...)
(7) ਮੇਰੀਆਂ.....ਕਹਾਣੀਆਂ ਬਹੁਤ ਹਨ । (ਛਪ...)
(10) ਆਪਣੀਆਂ.....ਹੋਈਆਂ ਕਵੀਤਾਵਾਂ ਮੈਨੂੰ ਵਿਖਾਉਣਾ। (ਛਪ.....)
(11) ਉਹ ਗੱਲਾਂ.....ਖਾਣਾ ਖਾਂਦਾ ਹੈ। (ਕਰ...)
(12) ਉਹ ਕਿਤਾਬ .....ਰੇਡੀਓ ਸੁਣਦੀ ਹੈ। (ਪੜ੍ਹ...)

2. Transform the following sentences into present continuous tense, future tense, past perfect tense and present indefinite tense.

1. ਮੈਂ ਇਹ ਕਿਤਾਬ ਪੜ੍ਹੀ ਹੈ।
2. ਮੈਂ ਰਾਮ ਨੂੰ ਚਿੱਠੀ ਲਿਖੀ ਹੈ।
3. ਉਹਨੇ ਨਵਾਂ ਸਵੈਟਰ ਖਰੀਦਿਆ ਹੈ।
4. ਉਨ੍ਹਾਂ ਨੇ ਨਵੇਂ ਪੱਖੇ ਲਏ ਹਨ।
5. ਅਸੀਂ ਬਹੁਤ ਚੰਗਾ ਗਾਣਾ ਸੁਣਿਆ ਹੈ।
6. ਤੁਸੀਂ ਕਿੰਨੀਆਂ ਕਹਾਣੀਆਂ ਪੜ੍ਹੀਆਂ ਹਨ ?

C. VOCABULARY

ਲਹਿਣਾ	'to descend'
ਤੋਤਾ	'parrot'

UNIT XXIII — Lesson 86

Visit to a Friend.

ਸੁਭਾਸ਼ : ਆਓ ਬੈਠੋ। ਅੱਜ ਕਿਵੇਂ ਆਏ ਹੋ ?	Please come. What brought you here today ?
ਸਤੀਸ਼ : ਤੁਹਾਡੇ ਨਾਲ ਗੱਲ ਕਰਨੀ ਹੈ।	I have to talk to you.
ਸੁਭਾਸ਼ : ਕੀ ਗੱਲ ਹੈ ?	What is the matter ?
ਸਤੀਸ਼ : ਜੇ ਤੁਹਾਨੂੰ ਇੱਕ ਕੰਮ ਦੱਸਾਂ ਕਰੋਗੇ ?	If I ask you to do something for me, will you do it ?
ਸੁਭਾਸ਼ : ਜੇ ਮੈਂ ਕਰ ਸੱਕਾਂਗਾ ਤਾਂ ਜ਼ਰੂਰ ਕਰਾਂਗਾ।	If I can do it, I will definitely do it.
ਪਹਿਲੇ ਦਸੋ ਕੀ ਪੀਓਗੇ ?	First, tell me, what would you like to drink ?
ਸਤੀਸ਼ : ਕੁਝ ਨਹੀਂ। ਪਹਿਲੇ ਤੁਸੀਂ ਮੇਰੀ ਗਲ ਸੁਣੋ ਫਿਰ ਦੇਖਾਂਗੇ ਕੀ ਪੀਣਾ ਹੈ।	Nothing at all. First you listen to me. We will see later what we have to drink.
ਸਭਾਸ਼ : ਅੱਛਾ ਤਾਂ ਫਿਰ ਦੱਸੋ।	Alright, tell me.
ਸਤੀਸ਼ : ਤੁਹਾਡੇ ਦਫ਼ਤਰ ਵਿੱਚ ਇਕ ਕਲਰਕ ਦੀ ਥਾਂ ਖਾਲ੍ਹੀ ਹੈ। ਜੇ ਮੈਂ ਦਰਖਾਸਤ ਦੇਵਾਂ ਤਾਂ ਕੀ ਮੈਨੂੰ ਪੋਸਟ ਮਿਲ ਜਾਏਗੀ।	There is a vacancy for the post of a clerk in your office. If I apply for it, will I get it.
ਸੁਭਾਸ਼ : ਤੁਸੀਂ ਅਰਜ਼ੀ ਤਾਂ ਦਿਓ। ਮੈਂ ਮੈਨੇਜਰ ਨੂੰ ਤੁਹਾਡੇ ਬਾਰੇ ਗੱਲ ਕਰਾਂਗਾ। ਉਹ ਜ਼ਰੂਰ ਮੱਦਦ ਕਰੇਗਾ। ਪਰ ਇੱਕ ਗੱਲ ਹੈ ਲਿਖਤ ਟੈਸਟ ਵਿੱਚ ਪਾਸ ਹੋਣਾ ਜ਼ਰੂਰੀ ਹੈ।	You submit an application. I will talk with our manager about you. He will definitely help. But there is one thing. It is essential to pass the written test.

ਸਤੀਸ਼ : ਟੈਸਟ ਬਾਰੇ ਪੂਰਾ ਪਤਾ ਕਰਨਾ। ਮੈਂ ਤੁਹਾਡੇ ਕੋਲ ਆਵਾਂਗਾ। ਭੁੱਲਣਾ ਨਹੀਂ।	Please find out about the test. I will come to you. Don't forget.
ਸੁਭਾਸ਼ : ਨਹੀਂ ਭੁੱਲਣਾ ਕਿਉਂ ਹੈ ? ਮੈਂ ਜ਼ਰੂਰ ਪਤਾ ਕਰਾਂਗਾ। ਤੁਸੀਂ ਕਲ੍ਹ ਕਦੋਂ ਆ ਸੱਕਦੇ ਹੋ ?	No, why should I forget it ? I will find out definitely. At what time can you come tomorrow ?
ਸਤੀਸ਼ : ਬਹੁਤ ਅਹਿਸਾਨ ਮੰਨਾਂਗਾ। ਮੈਂ ਇਸ ਵਕਤ ਬਹੁਤ ਮੁਸ਼ਕਿਲ ਵਿਚ ਹਾਂ।	I will be very grateful to you. I am in great difficulty at this moment.
ਸੁਭਾਸ਼ : ਇਹਦੇ ਵਿੱਚ ਅਹਿਸਾਨ ਵਾਲੀ ਕਿਹੜੀ ਗੱਲ ਹੈ। ਇਹ ਤਾਂ ਮੇਰਾ ਫਰਜ਼ ਹੈ।	There is nothing to feel obliged for. It is my duty.
ਸਤੀਸ਼ : ਠੀਕ ਹੈ ਕੱਲ੍ਹ ਮਿਲਾਂਗਾ।	Alright, see you tomorrow.

A. DRILLS

1. Repetition Drill

